Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067 Jassi Gill
CA DRE Lic.#01180969 CA DRE# 00966763

GILL IMMIGRATION SERVICES
REGISTERED & BONDED
FAMILY PETITION
CITIZENSHIP
INDIAN PASSPORT
POLITICAL ASYLUM
GREEN CARD
MANJIT GILL
CALL NOW: 510-888-1180
31080 UNION CITY BLVD. SUITE 201 UNION CITY, CA 94587

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 4, January 23, 2016 20451 N Plum Grove Rd., Palatine, IL 60074 Ph:847-359-0746, Fax:847-705-9388

# ਸਮੁੰਦਰ ਵਿਚ ਰੁੜ੍ਹਿਆ ਪਰਵਾਸ ਦਾ ਸੁਪਨਾ

## ਅਮਰੀਕਾ ਆ ਰਹੇ 20 ਪੰਜਾਬੀਆਂ ਦੀ ਕਿਸ਼ਤੀ ਡੁੱਬੀ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਗੈਰ-ਕਾਨੂੰਨੀ ਢੰਗ ਨਾਲ ਕਿਸ਼ਤੀ ਰਾਹੀਂ ਕੋਲੰਬੀਆ ਤੋਂ ਅਮਰੀਕਾ ਜਾ ਰਹੇ ਕੁਝ ਪੰਜਾਬੀ ਨੌਜਵਾਨ ਸਮੁੰਦਰ ਦੀਆਂ ਲਹਿਰਾਂ ਵਿਚ ਗੁਆਚ ਗਏ ਹਨ। ਪਨਾਮਾ ਦੇ ਸਮੁੰਦਰ ਵਿਚ ਡੁੱਬੀ ਕਿਸ਼ਤੀ ਵਿਚ 20 ਪੰਜਾਬੀ ਨੌਜਵਾਨਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਕਿਸ਼ਤੀ ਵਿਚ ਸਵਾਰ ਇਕ ਨੌਜਵਾਨ ਜਸਵਿੰਦਰ ਸਿੰਘ ਉਰਫ ਸੋਨੂੰ ਹੀ ਜ਼ਿੰਦਾ ਬਚ ਸਕਿਆ ਤੇ ਉਸ ਨੇ ਹੀ ਫੋਨ ਰਾਹੀਂ ਘਟਨਾ ਬਾਰੇ ਘਰ ਵਾਲਿਆਂ ਨੂੰ ਜਾਣਕਾਰੀ ਦਿੱਤੀ।




ਇਸੇ ਦੌਰਾਨ ਪੁਲਿਸ ਨੇ ਦੋ ਟਰੈਵਲ ਏਜੰਟਾਂ ਨੂੰ ਗ੍ਰਿਫਤਾਰ ਕੀਤਾ ਹੈ। ਫੜੇ ਗਏ ਟਰੈਵਲ ਏਜੰਟਾਂ ਦੀ ਪਛਾਣ ਹਰਭਜਨ ਸਿੰਘ ਵਾਸੀ ਭਟਨੂਰਾ ਲੁਬਾਣਾ ਤੇ ਕੁਲਵਿੰਦਰ ਸਿੰਘ ਮੁਲਤਾਨੀ ਵਾਸੀ ਭੋਗਪੁਰ ਵਜੋਂ ਹੋਈ ਹੈ। ਪੁਲਿਸ ਤੀਜੇ ਟਰੈਵਲ ਏਜੰਟ ਦੀ ਭਾਲ ਕਰ ਰਹੀ ਹੈ। ਇਹ ਦੋਵੇਂ ਟਰੈਵਲ ਏਜੰਟ ਉਸ ਨੂੰ ਬੰਦੇ ਇਕੱਠੇ ਕਰ ਕੇ ਦਿੰਦੇ ਸਨ। ਜ਼ਿਕਰਯੋਗ ਹੈ ਕਿ ਜੈਦਾਂ ਪਿੰਡ ਦੇ ਬਚਨ ਸਿੰਘ ਨੇ ਥਾਣਾ ਭੁਲੱਥ ਵਿਚ ਸ਼ਿਕਾਇਤ ਦਿੱਤੀ ਸੀ ਕਿ ਉਸ ਦਾ ਪੁੱਤਰ ਗੁਰਵਿੰਦਰ ਸਿੰਘ ਅਮਰੀਕਾ ਜਾ ਰਿਹਾ ਸੀ ਪਰ ਰਸਤੇ ਵਿਚ ਬੇੜੀ ਡੁੱਬ ਗਈ। ਇਸੇ ਤਰ੍ਹਾਂ ਟਾਂਡੀ ਔਲਖ ਦੇ ਬਲਵਿੰਦਰ ਸਿੰਘ ਦਾ ਪੁੱਤਰ ਗੁਰਜੀਤ ਸਿੰਘ ਵੀ ਇਸ ਹਾਦਸੇ ਵਿਚ ਡੁੱਬ ਗਿਆ ਸੀ।

ਗੁਰਵਿੰਦਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਹੈ ਕਿ ਉਨ੍ਹਾਂ ਹਰਭਜਨ ਸਿੰਘ ਵਾਸੀ ਭਟਨੂਰਾ ਤੇ ਕੁਲਵਿੰਦਰ ਸਿੰਘ ਵਾਸੀ ਭੋਗਪੁਰ ਨੂੰ ਆਪਣਾ ਲੜਕਾ ਅਮਰੀਕਾ ਭੇਜਣ ਲਈ 25 ਲੱਖ ਰੁਪਏ ਵਿਚ ਗੱਲ ਤੈਅ ਕੀਤੀ ਸੀ ਜਿਸ ਵਿਚੋਂ 10 ਲੱਖ ਰੁਪਏ ਉਨ੍ਹਾਂ ਪਹਿਲਾਂ ਦੇ ਦਿੱਤੇ ਤੇ ਬਾਕੀ 15 ਲੱਖ ਉਹ ਬਾਅਦ ਵਿਚ ਲੈ ਗਏ। ਬੀਤੀ 10 ਜਨਵਰੀ ਨੂੰ ਗੁਰਵਿੰਦਰ ਸਿੰਘ ਨੇ ਫੋਨ 'ਤੇ ਦੱਸਿਆ ਕਿ ਉਹ ਕਵਿਟੋ ਤੋਂ ਅਮਰੀਕਾ ਜਾ ਰਹੇ ਹਨ ਤੇ 10 ਦਿਨ ਬਾਅਦ ਫੋਨ ਕਰਨਗੇ। ਇਸ ਤੋਂ ਬਾਅਦ ਉਨ੍ਹਾਂ ਨੂੰ ਕੋਈ ਫੋਨ ਨਹੀਂ ਆਇਆ। ਹੁਣ ਸੋਨੂੰ ਦੇ ਪਰਿਵਾਰਕ ਮੈਂਬਰਾਂ ਤੋਂ ਹੀ ਗੁਰਵਿੰਦਰ ਸਿੰਘ ਦੇ ਕਿਸ਼ਤੀ ਹਾਦਸੇ ਬਾਰੇ ਜਾਣਕਾਰੀ ਮਿਲੀ।

ਇਸ ਹਾਦਸੇ ਨੇ 20 ਸਾਲ ਪੁਰਾਣੇ ਮਾਲਟਾ ਕਾਂਡ ਦੀ ਯਾਦ ਦਿਵਾ ਦਿੱਤੀ ਹੈ। 25 ਦਸੰਬਰ, 1996 ਨੂੰ ਜਦੋਂ ਪੂਰੀ ਦੁਨੀਆਂ ਕ੍ਰਿਸਮਸ ਦੇ ਜਸ਼ਨ ਵਿਚ ਡੁੱਬੀ ਹੋਈ ਸੀ, ਤਾਂ ਤਕਰੀਬਨ 170 ਨੌਜਵਾਨਾਂ ਦੇ ਮਾਲਟਾ ਦੇ ਸਮੁੰਦਰ ਵਿਚ ਡੁੱਬਣ ਦੀ ਖਬਰ ਆਈ ਸੀ। ਇਨ੍ਹਾਂ ਵਿਚੋਂ ਬਹੁਤੇ ਪੰਜਾਬੀ ਸਨ। ਉਸ ਸਮੇਂ ਵੀ ਪੰਜਾਬ ਵਿਚ ਬੇਰੁਜ਼ਗਾਰੀ ਤੋਂ ਪਰੇਸ਼ਾਨ ਨੌਜਵਾਨ ਚੰਗੇ ਭਵਿੱਖ ਦੀ ਉਮੀਦ ਵਿਚ ਮਾਲਟਾ ਤੋਂ ਕਿਸ਼ਤੀ ਰਾਹੀਂ ਗਰੀਸ ਜਾ ਰਹੇ ਸਨ, ਪਰ ਕਿਸ਼ਤੀ ਸਮੁੰਦਰ ਵਿਚ ਹੀ ਡੁੱਬ ਗਈ। ਅੱਜ ਤੱਕ ਇਨ੍ਹਾਂ ਨੌਜਵਾਨਾਂ ਦਾ ਕੁਝ ਵੀ ਪਤਾ ਨਹੀਂ ਲੱਗ ਸਕਿਆ।

ਲਾਪਤਾ ਨੌਜਵਾਨਾਂ ਵਿਚੋਂ ਜ਼ਿਆਦਾਤਰ ਦੋਆਬਾ ਇਲਾਕੇ ਦੇ ਸਨ। ਹਾਦਸੇ ਤੋਂ ਬਾਅਦ ਜਾਅਲੀ ਟਰੈਵਲ ਏਜੰਟਾਂ ਦੇ ਜਾਲ ਤੋਂ ਵੀ ਪਰਦਾ ਉੱਠਿਆ ਸੀ। ਜਾਂਚ ਤੋਂ ਬਾਅਦ ਇਹ ਗੱਲ ਵੀ ਸਾਹਮਣੇ ਆਈ ਸੀ ਕਿ ਏਜੰਟਾਂ ਨੇ ਕਿਸ਼ਤੀ ਜਾਣ-ਬੁੱਝ ਕੇ ਡੋਬੀ ਸੀ, ਕਿਉਂਕਿ ਗਰੀਸ ਦੀ ਸਰਹੱਦ ਉਤੇ ਚੌਕਸੀ ਜ਼ਿਆਦਾ ਹੋਣ ਕਾਰਨ ਨੌਜਵਾਨਾਂ ਦਾ ਉਥੇ ਪਹੁੰਚਣਾ ਔਖਾ ਸੀ। ਮਾਲਟਾ ਕਾਂਡ ਸਮੇਂ ਇਹ ਮਾਮਲਾ ਸੁਰਖੀਆਂ ਵਿਚ ਰਿਹਾ। ਸਰਕਾਰ ਨੇ ਕੁਝ ਟਰੈਵਲ ਏਜੰਟਾਂ ਖਿਲਾਫ ਕਾਰਵਾਈ ਵੀ ਕੀਤੀ। ਘਟਨਾ ਦੀ ਸੀ.ਬੀ.ਆਈ. ਵੱਲੋਂ ਵੀ ਜਾਂਚ ਵੀ ਹੋਈ, ਪਰ ਅਜੇ ਤੱਕ ਪੀੜਤਾਂ ਨੂੰ ਇਨਸਾਫ ਦੀ ਉਡੀਕ ਹੈ। ਭਾਰਤ ਵਿਚੋਂ ਗਏ ਤਕਰੀਬਨ 557 ਵਿਅਕਤੀ ਬੀਤੇ ਤਿੰਨ ਵਰ੍ਹਿਆਂ ਦੌਰਾਨ ਵਿਦੇਸ਼ੀ ਧਰਤੀ ਤੋਂ ਭੇਤਭਰੇ ਢੰਗ ਨਾਲ ਗੁੰਮ ਹੋਏ ਹਨ। ਇਨ੍ਹਾਂ ਵਿਚੋਂ ਬਹੁਤਿਆਂ ਦਾ ਹਾਲੇ ਤੀਕ ਕੋਈ ਥਹੁ-ਪਤਾ ਨਹੀਂ ਲੱਗ ਰਿਹਾ। ਇਨ੍ਹਾਂ ਵਿਚ ਕਈ ਪੰਜਾਬੀ ਨੌਜਵਾਨ ਹਨ।

ਪਰਵਾਸੀ ਭਾਰਤੀ ਮੰਤਰਾਲੇ ਦੇ ਤਾਜ਼ਾ ਵੇਰਵਿਆਂ ਅਨੁਸਾਰ ਸਾਲ 2015 ਵਿਚ ਵਿਦੇਸ਼ਾਂ ਵਿਚ 207 ਭਾਰਤੀ ਗੁੰਮ ਹੋਏ ਜਿਨ੍ਹਾਂ ਵਿਚੋਂ ਸਿਰਫ 58 ਹੀ ਮਿਲੇ। ਸਾਲ 2014 ਵਿਚ 387 ਭਾਰਤੀ ਗੁੰਮ ਹੋਏ ਸਨ ਜਿਨ੍ਹਾਂ ਵਿਚੋਂ 94 ਹੀ ਲੱਭੇ। ਸਾਲ 2013 ਵਿਚ 161 ਭਾਰਤੀ ਗੁੰਮ ਹੋਏ ਜਿਨ੍ਹਾਂ ਵਿਚੋਂ 46 ਹੀ ਲੱਭੇ। ਖਾੜੀ ਮੁਲਕਾਂ ਵਿਚ ਤਾਂ ਭਾਰਤੀ ਨੌਜਵਾਨਾਂ ਨੂੰ ਹਰ ਮੋੜ 'ਤੇ ਮੌਤ ਨਾਲ ਟੱਕਰ ਲੈਣੀ ਪੈਂਦੀ ਹੈ। ਬੀਤੇ ਸਮੇਂ ਦੌਰਾਨ ਸੈਂਕੜੇ ਪੰਜਾਬੀ ਨੌਜਵਾਨਾਂ ਦੀਆਂ ਲਾਸ਼ਾਂ ਵਿਦੇਸ਼ਾਂ ਵਿਚੋਂ ਵਾਪਸ ਭੇਜੀਆਂ ਗਈਆਂ। ਹੁਣ ਵੀ ਪੰਜਾਬੀ ਨੌਜਵਾਨ ਸਮੁੰਦਰੀ ਰਸਤੇ ਅਮਰੀਕਾ ਜਾ ਰਹੇ ਸਨ ਜਿਨ੍ਹਾਂ ਦੀ ਕਿਸ਼ਤੀ ਹਾਦਸੇ ਦਾ ਸ਼ਿਕਾਰ ਹੋ ਗਈ।

ਅਮਰੀਕਾ ਵਿਚ ਲੰਘੇ ਸਾਢੇ ਤਿੰਨ ਸਾਲਾਂ ਵਿਚ 1336 ਭਾਰਤੀਆਂ ਦੀ ਮੌਤ ਹੋਈ ਹੈ ਜਦਕਿ ਸਾਲ 2015 ਵਿਚ 139 ਭਾਰਤੀਆਂ ਦੀ ਮੌਤ ਹੋਈ ਹੈ। ਮੌਤ ਦੇ ਕਾਰਨ ਭਾਵੇਂ ਵੱਖੋ-ਵੱਖਰੇ ਸਨ ਪਰ ਕਈ ਲੋਕਾਂ ਦੀ ਮੌਤ ਭੇਤਭਰੇ ਢੰਗ

(ਬਾਕੀ ਸਫਾ 6 'ਤੇ)

### ਸਰਕਾਰੀ ਨੀਤੀਆਂ ਕਾਰਨ ਮਜਬੂਰੀ ਦਾ ਪਰਵਾਸ

**ਚੰਡੀਗੜ੍ਹ:** ਪੰਜਾਬ ਵਰਗੇ ਖੁਸ਼ਹਾਲ ਮੰਨੇ ਜਾਂਦੇ ਸੂਬੇ ਦੇ ਨੌਜਵਾਨਾਂ ਵੱਲੋਂ ਆਪਣੀ ਜਾਨ ਖਤਰੇ ਵਿਚ ਪਾ ਕੇ ਗੈਰਕਾਨੂੰਨੀ ਢੰਗ ਨਾਲ ਯੂਰਪੀ ਮੁਲਕਾਂ ਵਿਚ ਜਾਣ ਦਾ ਵਰਤਾਰਾ ਸਰਕਾਰ ਦੀਆਂ ਨੀਤੀਆਂ ਬਾਰੇ ਕਈ ਸਵਾਲ ਖੜ੍ਹੇ ਕਰਦਾ ਹੈ। ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਗਰੀਬੀ ਅਤੇ ਬੇਰੁਜ਼ਗਾਰੀ ਹੰਢਾ ਰਹੇ ਬਹੁ-ਗਿਣਤੀ ਨੌਜਵਾਨ ਗੈਰ-ਕਾਨੂੰਨੀ ਪਰਵਾਸ ਲਈ ਮਜਬੂਰ ਹੋ ਰਹੇ ਹਨ। ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਆਪਣੇ ਬੱਚਿਆਂ ਨੂੰ ਬਚਾਉਣ ਲਈ ਵੀ ਕੁਝ ਮਾਪੇ ਉਨ੍ਹਾਂ ਨੂੰ ਬਾਹਰਲੇ ਮੁਲਕਾਂ ਵਿਚ ਭੇਜਣ ਨੂੰ ਤਰਜੀਹ ਦੇ ਰਹੇ ਹਨ। ਸਿਆਸਤ ਅਤੇ ਰਾਜ ਪ੍ਰਬੰਧ ਵਿਚ ਧਨਾਢਾਂ ਤੇ ਬਾਹੂਬਲੀਆਂ ਦੇ ਦਾਖਲੇ ਕਾਰਨ ਅਮਨ-ਕਾਨੂੰਨ ਦੀ ਬਣੀ ਚਿੰਤਾਜਨਕ ਹਾਲਤ ਵੀ ਚੰਗੇ ਭਲੇ ਵਿਅਕਤੀਆਂ ਨੂੰ ਬਾਹਰ ਜਾਣ ਲਈ ਮਜਬੂਰ ਕਰ ਰਹੀ ਹੈ। ਪਰਵਾਸ ਪੱਖੋਂ ਪੰਜਾਬ ਦਾ ਦੋਆਬਾ ਇਲਾਕਾ ਸਭ ਤੋਂ ਅੱਗੇ ਹੈ। ਇਹ ਉਹ ਇਲਾਕੇ ਹੈ ਜਿਥੇ ਮਾਪੇ ਆਪਣੇ ਬੱਚਿਆਂ ਨੂੰ ਡਾਕਟਰ ਜਾਂ ਇੰਜਨੀਅਰ ਬਣਾਉਣ ਦੀ ਨਹੀਂ ਸੋਚਦੇ, ਸਗੋਂ ਉਨ੍ਹਾਂ ਨੂੰ ਕੈਨੇਡਾ ਜਾਂ ਅਮਰੀਕਾ ਭੇਜਣ ਦਾ ਸੁਪਨਾ ਲੈਂਦੇ ਹਨ। ਮਾਪਿਆਂ ਦੀ ਇਸ ਸੋਚ ਦਾ ਫਾਇਦਾ ਜਾਅਲੀ ਟਰੈਵਲ ਏਜੰਟ ਚੁੱਕਦੇ ਹਨ।

We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorney At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਮਾਘੀ ਮੇਲਾ: 'ਆਪ' ਦੀ ਕਾਨਫਰੰਸ ਨੇ ਸਿਰਜਿਆ ਨਵਾਂ ਸਿਆਸੀ ਮਾਹੌਲ



**ਸ੍ਰੀ ਮੁਕਤਸਰ ਸਾਹਿਬ:** ਮੁਕਤਸਰ ਵਿਖੇ ਮਾਘੀ ਦੇ ਮੇਲੇ ਉਤੇ ਸਿਆਸੀ ਕਾਨਫਰੰਸਾਂ ਵਿਚ ਆਮ ਆਦਮੀ ਪਾਰਟੀ ਦੀ ਝੰਡੀ ਨਾਲ ਪੰਜਾਬ ਦਾ ਸਿਆਸੀ ਮਾਹੌਲ ਗਰਮਾ ਗਿਆ ਹੈ। ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਨੂੰ ਇਕੱਠ ਪੱਖੋਂ ਮਾਯੂਸੀ ਦਾ ਸਾਹਮਣਾ ਹੀ ਕਰਨ ਪਿਆ। 'ਆਪ' ਦੀ ਰੈਲੀ ਵਿਚ ਨੌਜਵਾਨਾਂ ਦਾ ਉਤਸ਼ਾਹ ਅਤੇ ਗਿਣਤੀ, ਵਿਰੋਧੀਆਂ ਲਈ ਸਿਰਦਰਦੀ ਪੈਦਾ ਕਰਨ ਵਾਲੀ ਹੈ। ਥੋੜ੍ਹੇ ਸਮੇਂ ਤੋਂ ਵਜੂਦ ਵਿਚ ਆਈ ਆਮ ਆਦਮੀ ਪਾਰਟੀ ਦਾ ਸੂਬੇ ਵਿਚ ਅਜਿਹਾ ਉਭਾਰ ਜਿਥੇ ਆਮ ਲੋਕਾਂ ਵੱਲੋਂ ਬੜੀ ਦਿਲਚਸਪੀ ਨਾਲ ਦੇਖਿਆ ਜਾ ਰਿਹਾ ਹੈ, ਉਥੇ ਪੈਦਾ ਹੋਈ ਇਸ ਸਥਿਤੀ ਨੇ ਰਵਾਇਤੀ ਪਾਰਟੀਆਂ ਨੂੰ ਫਿਕਰਮੰਦ ਕਰ ਦਿੱਤਾ ਹੈ।

ਮਾਘੀ ਮੇਲੇ 'ਤੇ ਕਾਨਫਰੰਸ ਨਾਲ ਇਸ ਦਾ ਕੱਦ-ਬੁੱਤ ਹੋਰ ਵਧਿਆ ਹੈ। ਪਿਛਲੇ ਸਮੇਂ ਵਿਚ ਇਸ ਦੇ ਉਭਾਰ ਨੂੰ ਦੇਖਦਿਆਂ ਹੀ ਅਕਾਲੀ ਦਲ ਤੇ ਕਾਂਗਰਸ ਦੇ ਵੱਡੇ ਆਗੂਆਂ ਨੇ ਇਸ ਦਾ ਨੋਟਿਸ ਲੈਣਾ ਸ਼ੁਰੂ ਕੀਤਾ ਹੈ। ਇਸੇ ਲਈ ਹੀ ਉਨ੍ਹਾਂ ਨੇ ਮਾਘੀ ਦੀਆਂ ਆਪੋ-ਆਪਣੀਆਂ ਕਾਨਫਰੰਸਾਂ ਵਿਚ ਇਸ ਪਾਰਟੀ ਦੇ ਆਗੂਆਂ ਦੀ ਇਕ ਤਰ੍ਹਾਂ ਨਾਲ ਵੱਡੀ ਆਲੋਚਨਾ ਵੀ ਕੀਤੀ। ਇਸ ਨੂੰ ਦੇਖਦਿਆਂ ਆਉਣ ਵਾਲੇ ਸਮੇਂ ਵਿਚ ਸਿਆਸੀ ਮੈਦਾਨ ਦੇ ਵਧੇਰੇ ਭਖਣ ਦੀ ਸੰਭਾਵਨਾ ਬਣੀ ਨਜ਼ਰ ਆਉਂਦੀ ਹੈ। ਪਿਛਲੇ ਨੌਂ ਸਾਲ ਤੋਂ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ-ਭਾਜਪਾ ਗਠਜੋੜ ਸਰਕਾਰ ਸੂਬੇ ਦੀ ਸੱਤਾ 'ਤੇ ਹੈ।

ਸਰਕਾਰ ਆਪਣੀਆਂ ਪ੍ਰਾਪਤੀਆਂ ਜ਼ਰੂਰ ਗਿਣਾਉਂਦੀ ਹੈ, ਪਰ ਇਸ ਲੰਬੇ ਸਮੇਂ ਵਿਚ ਕਈ ਪੱਖਾਂ ਤੋਂ ਉਸ ਦੀ ਗੈਰ-ਤਸੱਲੀਬਖਸ਼ ਸਮਝੀ ਜਾਂਦੀ ਕਾਰਗੁਜ਼ਾਰੀ ਦੀ ਆਲੋਚਨਾ ਵੀ ਹੁੰਦੀ ਰਹੀ ਹੈ, ਜਿਸ ਦੀ ਸੁਰ ਹੁਣ ਵਧੇਰੇ ਉੱਚੀ ਹੋਈ ਦਿਖਾਈ ਦਿੰਦੀ ਹੈ। ਪਿਛਲੇ ਲੰਬੇ ਸਮੇਂ ਤੋਂ ਪੰਜਾਬ ਵਿਚ ਕਾਂਗਰਸ ਇਕ ਤਰ੍ਹਾਂ ਨਾਲ ਲੜਖੜਾਉਂਦੀ ਨਜ਼ਰ ਆਉਂਦੀ ਰਹੀ ਹੈ। ਇਸ ਦਾ ਵੱਡਾ ਕਾਰਨ ਇਸ ਪਾਰਟੀ ਦੇ ਸਥਾਨਕ ਆਗੂਆਂ ਦੀ ਆਪਸੀ ਖਹਿਬਾਜ਼ੀ ਹੈ। ਇਸ ਦੇ ਨਾਲ-ਨਾਲ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਵੀ ਆਪਣੀਆਂ ਸੋਚਾਂ ਤੇ ਨੀਤੀਆਂ ਕਾਰਨ ਸੂਬੇ ਦੀ ਪਾਰਟੀ ਵਿਚ ਲੰਬੇ ਸਮੇਂ ਤੱਕ ਅਨਿਸ਼ਚਿਤਤਾ ਬਣਾਈ ਰੱਖੀ ਸੀ।

ਹੁਣ ਇਕ ਵਾਰ ਫਿਰ ਕੈਪਟਨ ਅਮਰਿੰਦਰ ਸਿੰਘ ਦੇ ਪਾਰਟੀ ਪ੍ਰਧਾਨ ਬਣਨ ਤੋਂ ਬਾਅਦ ਸੂਬੇ ਦੇ ਆਗੂਆਂ ਨੇ ਆਪਸੀ ਏਕਤਾ ਦਾ ਪ੍ਰਭਾਵ ਦੇਣ ਦਾ ਯਤਨ ਕੀਤਾ ਹੈ। ਜੇਕਰ ਉਹ ਇਸ ਯਤਨ ਵਿਚ ਸਫਲ ਹੋ ਜਾਂਦੇ ਹਨ ਤਾਂ ਇਹ ਪਾਰਟੀ ਸਥਿਰ ਹੋ ਕੇ ਚੋਣ ਮੈਦਾਨ ਵਿਚ ਉਤਰਨ ਦੇ ਸਮਰਥ ਹੋ ਸਕੇਗੀ। ਆਮ ਆਦਮੀ ਪਾਰਟੀ ਨੇ ਸੂਬੇ ਵਿਚ ਕੁਝ ਸਮੇਂ ਤੋਂ ਹੀ ਪੈਰ ਪਸਾਰਨੇ ਸ਼ੁਰੂ ਕੀਤੇ ਹਨ। ਆਉਂਦੇ ਸਮੇਂ ਵਿਚ ਇਹ ਕਿਸ ਤਰ੍ਹਾਂ ਆਪਣੇ-ਆਪ ਨੂੰ ਸੰਗਠਿਤ ਕਰ ਸਕੇਗੀ, ਇਹ ਵੇਖਣ ਵਾਲੀ ਗੱਲ ਹੋਵੇਗੀ, ਕਿਉਂਕਿ ਇਸ ਦੇ ਉਭਾਰ ਤੋਂ ਕੁਝ ਸਮੇਂ ਬਾਅਦ ਹੀ ਇਸ ਦੇ ਆਗੂਆਂ ਵਿਚ ਪਿਆ ਬਖੇੜਾ ਵੱਡਾ ਨਿਰਾਸ਼ ਕਰਨ ਵਾਲਾ ਰਿਹਾ ਹੈ। ਅਜੇ ਵੀ ਇਸ ਦੇ ਕਈ ਆਗੂ ਪੰਜਾਬ ਵਿਚ ਇਕ ਦੂਜੇ ਦੇ ਸਾਹਮਣੇ ਤਲਵਾਰਾਂ ਸੂਤ ਕੇ ਖੜ੍ਹੇ ਦਿਖਾਈ ਦਿੰਦੇ ਹਨ।

## ਜਗਮੀਤ ਬਰਾੜ ਨੇ ਗਾਏ 'ਆਪ' ਦੇ ਸੋਹਲੇ

**ਚੰਡੀਗੜ੍ਹ:** ਕਾਂਗਰਸ ਦੇ ਸੀਨੀਅਰ ਲੀਡਰ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਾਬਕਾ ਮੈਂਬਰ ਜਗਮੀਤ ਸਿੰਘ ਬਰਾੜ ਨੇ ਮਾਘੀ ਮੇਲੇ ਵਿਚ ਰਿਕਾਰਡ ਇਕੱਠ ਲਈ ਆਮ ਆਦਮੀ ਪਾਰਟੀ ਦੀ ਸ਼ਲਾਘਾ ਕੀਤੀ ਹੈ। ਟਵੀਟ ਕਰ ਕੇ ਜਗਮੀਤ ਬਰਾੜ ਨੇ ਮੁਕਤਸਰ ਵਿਚ ਮਾਘੀ ਮੇਲੇ ਉਤੇ ਪਾਰਟੀ ਦੀ ਸਿਆਸੀ ਕਾਨਫਰੰਸ ਵਿਚ ਲੋਕਾਂ ਦੇ ਹਜੂਮ 'ਤੇ ਆਪਣੀ ਪ੍ਰਤੀਕ੍ਰਿਆ ਦਿੱਤੀ ਹੈ। ਬਰਾੜ ਨੇ ਟਵੀਟਰ 'ਤੇ ਲਿਖਿਆ ਕਿ'''ਆਪ' ਦੀ ਕਾਨਫਰੰਸ ਰਿਕਾਰਡ ਤੋੜ ਸੀ। ਅਜਿਹਾ ਮੁਕਤਸਰ ਵਿਚ ਕਦੇ ਨਹੀਂ ਹੋਇਆ ਕਿ ਇੰਨੀ ਵੱਡੀ ਗਿਣਤੀ ਵਿਚ ਲੋਕਾਂ ਨੇ ਪੰਜਾਬ ਜਾਂ ਭਾਰਤ ਵਿਚੋਂ ਕਿਸੇ ਲੀਡਰ ਨੂੰ ਸੁਣਿਆ ਹੋਵੇ।

## ਅਕਾਲੀ ਦਲ ਨੇ ਮੰਗਿਆ 'ਸੇਵਾ' ਲਈ ਤੀਜਾ ਮੌਕਾ



**ਸ੍ਰੀ ਮੁਕਤਸਰ ਸਾਹਿਬ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਰਵਿੰਦ ਕੇਜਰੀਵਾਲ ਤੇ ਠੰਢੀ ਸੁਰ ਵਿਚ ਨਿਸ਼ਾਨੇ ਲਾਏ ਜਦਕਿ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਤਿੱਖੇ ਸ਼ਬਦਾਂ ਨਾਲ ਹਮਲਾ ਕੀਤਾ। ਸ਼੍ਰੋਮਣੀ ਅਕਾਲੀ ਦਲ ਨੇ 'ਆਪ' ਨੂੰ ਸ਼ਹਿਰੀ ਪਾਰਟੀ ਵਜੋਂ ਪੇਸ਼ ਕਰ ਕੇ ਨਵਾਂ ਪੱਤਾ ਖੇਡਿਆ। ਮੁੱਖ ਮੰਤਰੀ ਨੇ ਆਪਣੇ ਆਪ ਨੂੰ ਜਵਾਨ ਦੱਸਦੇ ਹੋਏ ਪੰਜਾਬ ਦੇ ਲੋਕਾਂ ਤੋਂ ਤੀਸਰਾ ਮੌਕਾ ਮੰਗਿਆ ਤੇ ਵਾਅਦਾ ਕੀਤਾ ਕਿ ਉਹ ਅਗਲੀ ਪਾਰੀ ਵਿਚ ਰਾਜ ਦਾ ਇਨਕਲਾਬੀ ਵਿਕਾਸ ਕਰਨਗੇ। ਸਿਆਸੀ ਕਾਨਫਰੰਸ ਵਿਚ ਲੋਕ ਮਸਲਿਆਂ ਦੀ ਚਰਚਾ ਕਾਫੀ ਘੱਟ ਹੋਈ।

# ਜਦੋਂ ਅਕਾਲੀਆਂ ਦੀਆਂ ਬੱਸਾਂ 'ਤੇ ਆਏ ਲੋਕ 'ਆਪ' ਦੀ ਕਾਨਫਰੰਸ 'ਚ ਪੁੱਜੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਲੋਕਾਂ ਨੂੰ ਕਾਨਫਰੰਸ ਵਿਚ ਲੋਕਾਂ ਨੂੰ ਢੋਣ ਲਈ ਬੱਸ ਤੇ ਹੋਰ ਵਾਹਨਾਂ ਦਾ ਪ੍ਰਬੰਧ ਕੀਤਾ ਸੀ ਪਰ ਅਕਾਲੀ ਵਾਹਨਾਂ ਵਿਚ ਆਏ ਬਹੁਤੇ ਲੋਕਾਂ ਨੇ ਰੈਲੀ ਨੇੜਲੀ ਪਾਰਕਿੰਗ ਵਿਚ ਉਤਰਨ ਮਗਰੋਂ ਕੇਜਰੀਵਾਲ ਦੀ ਕਾਨਫਰੰਸ ਵੱਲ ਚਾਲੇ ਪਾ ਦਿੱਤੇ। ਜਦੋਂ ਸੁਖਬੀਰ ਬਾਦਲ ਤਕਰੀਬਨ ਇਕ ਵਜੇ ਸਟੇਜ 'ਤੇ ਆਏ ਤਾਂ ਉਦੋਂ ਪੰਡਾਲ ਦਾ ਇਕ ਹਿੱਸਾ ਖਾਲੀ ਪਿਆ ਸੀ। ਸੁਖਬੀਰ ਬਾਦਲ ਦੋ ਦਫਾ ਸਟੇਜ ਤੋਂ ਇਸੇ ਪਰੇਸ਼ਾਨੀ ਕਾਰਨ ਉਤਰ ਕੇ ਗਏ ਅਤੇ ਪ੍ਰਬੰਧ ਕਰਨ ਵਾਲੇ ਆਗੂਆਂ ਨੂੰ ਹਦਾਇਤਾਂ ਕਰਦੇ ਰਹੇ। ਬਾਕੀ ਪ੍ਰਮੁੱਖ ਸਿਆਸੀ ਧਿਰਾਂ ਦੇ ਮੁਕਾਬਲੇ ਬਾਦਲ ਪਰਿਵਾਰ ਆਪਣੇ ਹੀ ਜ਼ਿਲ੍ਹੇ ਵਿਚ ਵੱਡਾ ਇਕੱਠ ਕਰਨ ਵਿਚ ਫਾਡੀ ਰਹਿ ਗਿਆ। ਕਾਨਫਰੰਸ ਦੇ ਪੰਡਾਲ ਦਾ ਇਕ ਪਾਸੇ ਦਾ ਖਾਲੀ ਪਿਆ ਹਿੱਸਾ ਅਕਾਲੀ ਲੀਡਰਸ਼ਿਪ ਨੂੰ ਅਖੀਰ ਤੱਕ ਰੜਕਦਾ ਰਿਹਾ। ਸ਼੍ਰੋਮਣੀ ਅਕਾਲੀ ਦਲ ਨੇ ਤਕਰੀਬਨ 15 ਏਕੜ ਵਿਚ ਪਿੰਡ ਰੁਪਾਣਾ ਨੇੜੇ ਪੰਡਾਲ ਸਜਾਇਆ ਸੀ, ਜਿਸ ਦੇ ਛੇ ਸੈਕਟਰ ਬਣਾਏ ਗਏ ਸਨ। ਪੰਡਾਲ ਦੇ ਇਕ ਪਾਸੇ ਦੇ ਸੈਕਟਰ ਖਾਲੀ ਹੀ ਰਹਿ ਗਏ। ਪੂਰੀ ਕਾਨਫਰੰਸ ਦੌਰਾਨ ਅਕਾਲੀ ਲੀਡਰਸ਼ਿਪ ਨੂੰ ਵਾਰ-ਵਾਰ ਸਟੇਜ ਤੋਂ ਖਾਲੀ ਪੰਡਾਲ ਬਾਰੇ ਸਫਾਈ ਦੇਣੀ ਪਈ। ਪਹਿਲੀ ਵਾਰ ਹੈ ਕਿ ਅਕਾਲੀ ਮੈਨੇਜਮੈਂਟ ਆਪਣੇ ਘਰ ਵਿਚ ਹੀ ਅਸਫਲ ਹੋਈ ਹੈ।



## ਖਰਚੇ ਪੱਖੋਂ ਸਿਆਣੀ ਨਿਕਲੀ 'ਆਪ'

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਵੱਲੋਂ ਮਾਘੀ ਮੇਲੇ ਮੌਕੇ ਮੁਫਤੋ-ਮੁਫਤੀ ਸ਼੍ਰੋਮਣੀ ਅਕਾਲੀ ਦਲ ਤੋਂ ਸੱਤ ਗੁਣਾਂ ਵੱਡੀ ਰੈਲੀ ਕਰਨ ਦਾ ਦਾਅਵਾ ਕੀਤਾ ਹੈ। ਪਾਰਟੀ ਦਾ ਦਾਅਵਾ ਹੈ ਕਿ ਬਿਨਾਂ ਕੋਈ ਪੈਸਾ ਖਰਚਿਆਂ ਨਵੀਂ ਤਕਨੀਕ ਰਾਹੀਂ ਪ੍ਰਚਾਰ-ਪ੍ਰਸਾਰ ਕੀਤਾ ਗਿਆ, ਉਥੇ ਆਮ ਆਦਮੀ ਨੂੰ ਆਪਣੇ ਸਾਧਨ ਅਤੇ ਲੰਗਰ ਸਮੇਤ ਰੈਲੀ ਵਿਚ ਪੁੱਜਣ ਲਈ ਕਿਹਾ ਗਿਆ ਸੀ। ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਅੱਧੇ ਕੁ ਮਿੰਟ ਦੀ ਪੰਜਾਬੀ ਵਿਚ ਆਡੀਓ ਰਾਹੀਂ ਲੋਕਾਂ ਨੂੰ ਆਪਣੇ ਨਾਲ ਰਿਓੜੀਆਂ ਲੈ ਕੇ ਆਉਣ ਦਾ ਦਿੱਤਾ ਸੱਦਾ ਗਿਆ ਸੀ। ਰੈਲੀ ਦੇ ਮੁੱਖ ਪ੍ਰਬੰਧਕ ਤੇ ਪੰਜਾਬ ਇਕਾਈ ਨੂੰ ਜਥੇਬੰਦ ਕਰਨ ਦੀ ਭੂਮਿਕਾ ਨਿਭਾ ਰਹੇ ਦੁਰਗੇਸ਼ ਪਾਠਕ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਮੁਫਤੋ-ਮੁਫਤੀ ਸ਼੍ਰੋਮਣੀ ਅਕਾਲੀ ਦਲ ਤੋਂ ਸੱਤ ਗੁਣਾ ਵੱਡੀ ਰੈਲੀ ਕੀਤੀ ਹੈ।

## ਸੱਤ ਕਰੋੜ ਵਿਚ ਪਈਆਂ ਸਿਆਸੀ ਕਾਨਫਰੰਸਾਂ

**ਸ੍ਰੀ ਮੁਕਤਸਰ ਸਾਹਿਬ:** ਮਾਘੀ ਮੇਲੇ 'ਤੇ ਹੋਈਆਂ ਤਿੰਨ ਪ੍ਰਮੁੱਖ ਸਿਆਸੀ ਕਾਨਫਰੰਸਾਂ ਤਕਰੀਬਨ ਸੱਤ ਕਰੋੜ ਵਿਚ ਪਈਆਂ ਹਨ ਤੇ ਸਰਕਾਰੀ ਖਜ਼ਾਨੇ ਨੂੰ 35 ਲੱਖ ਦਾ ਚੂਨਾ ਲੱਗਿਆ ਹੈ। ਤਿੰਨ ਪ੍ਰਮੁੱਖ ਸਿਆਸੀ ਧਿਰਾਂ ਵੱਲੋਂ ਕਾਨਫਰੰਸਾਂ ਵਿਚ ਵੱਡੀ ਗਿਣਤੀ ਲੋਕਾਂ ਨੂੰ ਲਿਆਉਣ ਲਈ ਅੱਠ ਹਜ਼ਾਰ ਛੋਟੀਆਂ-ਵੱਡੀਆਂ ਬੱਸਾਂ ਲਈਆਂ ਗਈਆਂ ਸਨ, ਜਿਨ੍ਹਾਂ ਦਾ ਤਕਰੀਬਨ ਚਾਰ ਕਰੋੜ ਰੁਪਏ ਕਿਰਾਇਆ ਤਾਰਿਆ ਗਿਆ ਹੈ। ਕਾਨਫੰਰਸਾਂ ਵਿਚ ਤਕਰੀਬਨ ਸੱਤ ਹਜ਼ਾਰ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੇ ਮੁਲਾਜ਼ਮ ਅਤੇ ਅਫਸਰ ਤਾਇਨਾਤ ਸਨ, ਜਿਨ੍ਹਾਂ ਦੀ ਇਕ ਦਿਨ ਦੀ ਤਨਖਾਹ ਇਕ ਕਰੋੜ ਦੇ ਕਰੀਬ ਬਣਦੀ ਹੈ। ਰੈਲੀਆਂ ਦੇ ਟੈਂਟ ਅਤੇ ਸਾਊਂਡ 'ਤੇ ਵੀ ਵੱਡਾ ਖਰਚਾ ਹੋਇਆ ਹੈ। ਸਿਆਸੀ ਧਿਰਾਂ ਵੱਲੋਂ ਬੱਸਾਂ ਲਈ ਪੰਜ ਤੋਂ ਅੱਠ ਹਜ਼ਾਰ ਰੁਪਏ ਤੱਕ ਦਾ ਕਿਰਾਇਆ ਦਿੱਤਾ ਗਿਆ। ਪੁਲਿਸ ਦੀਆਂ ਗੱਡੀਆਂ ਦਾ ਤੇਲ ਖਰਚ ਵੱਖਰਾ ਹੈ। ਸੱਤ ਹਜ਼ਾਰ ਪ੍ਰਾਈਵੇਟ ਬੱਸਾਂ ਨੇ ਸਰਕਾਰੀ ਖਜ਼ਾਨੇ ਨੂੰ ਵੀ ਰਗੜਾ ਲਾਇਆ ਹੈ। ਕਿਸੇ ਵੀ ਵਾਹਨ ਵੱਲੋਂ ਸਪੈਸ਼ਲ ਪਰਮਿਟ ਨਹੀਂ ਲਿਆ ਗਿਆ ਸੀ। ਸਪੈਸ਼ਲ ਪਰਮਿਟ ਦੀ ਪ੍ਰਤੀ ਦਿਨ ਫੀਸ 300 ਰੁਪਏ ਹੈ ਅਤੇ 2.73 ਰੁਪਏ ਪ੍ਰਤੀ ਕਿਲੋਮੀਟਰ ਵੱਖਰੀ ਫੀਸ ਭਰਨੀ ਪੈਂਦੀ ਹੈ। ਤਕਰੀਬਨ 35 ਲੱਖ ਰੁਪਏ ਦੀ ਫੀਸ ਦੀ ਚੋਰੀ ਇਨ੍ਹਾਂ ਵਾਹਨਾਂ ਨਾਲ ਹੋਈ ਹੈ।

## ਕੈਪਟਨ ਵੱਲੋਂ ਪੰਜਾਬ ਦੇ ਮਸਲਿਆਂ 'ਤੇ ਕੇਜਰੀਵਾਲ ਨੂੰ ਸਵਾਲ

**ਸ੍ਰੀ ਮੁਕਤਸਰ ਸਾਹਿਬ:** ਕਾਂਗਰਸ ਦੇ ਸੂਬਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਾਨਫਰੰਸ ਵਿਚ ਸਵਾਲ ਕੀਤਾ ਕਿ ਅਰਵਿੰਦ ਕੇਜਰੀਵਾਲ ਸਪਸ਼ਟ ਕਰਨ ਕਿ ਉਹ ਦਿੱਲੀ, ਹਰਿਆਣਾ ਤੇ ਪੰਜਾਬ ਵਿਚੋਂ ਕਿਹੜੇ ਸੂਬੇ ਦੇ ਮੁੱਦਿਆਂ ਨੂੰ ਪਹਿਲ ਦੇਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦਾ ਦਰਿਆਵਾਂ ਦੇ ਪਾਣੀ, ਅਬੋਹਰ-ਫਾਜ਼ਿਲਕਾ ਅਤੇ ਹੋਰ ਕਈ ਮੁੱਦਿਆਂ ਨੂੰ ਲੈ ਕੇ ਹਰਿਆਣਾ ਤੇ ਦਿੱਲੀ ਨਾਲ ਸਿੱਧਾ ਟਕਰਾਅ ਹੈ ਅਤੇ ਕਈ ਕੇਸ ਸੁਪਰੀਮ ਕੋਰਟ ਵਿਚ ਹਨ। ਉਨ੍ਹਾਂ ਕਿਹਾ ਪੰਜਾਬ ਵਿਚ ਕੰਮ ਕਰ ਰਹੇ 'ਆਪ' ਆਗੂ ਸੰਜੇ ਸਿੰਘ, ਦੁਰਗੇਸ਼ ਪਾਠਕ ਆਦਿ ਸਾਰੇ ਗੈਰ ਪੰਜਾਬੀ ਹਨ। ਇਨ੍ਹਾਂ ਆਗੂਆਂ ਨੂੰ ਪੰਜਾਬੀ ਸਭਿਆਚਾਰ, ਲੋੜਾਂ, ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ ਬਾਰੇ ਕੁਝ ਵੀ ਪਤਾ ਨਹੀਂ ਹੈ। ਇਸ ਲਈ 'ਆਪ' ਤੋਂ ਪੰਜਾਬ ਦੇ ਭਲੇ ਦੀ ਕੋਈ ਆਸ ਨਹੀਂ ਕੀਤੀ ਜਾ ਸਕਦੀ।

# ਸਿਆਸੀ ਧਿਰਾਂ ਵੱਲੋਂ ਪੰਜਾਬੀਆਂ ਨਾਲ ਵਾਅਦਿਆਂ ਦੀ ਝੜੀ

## ਸੁਖਬੀਰ ਨੇ ਪਾਇਆ ਲੋਕਾਂ ਨੂੰ 'ਵਿਕਾਸ' ਦਾ ਵਾਸਤਾ



**ਸ੍ਰੀ ਮੁਕਤਸਰ ਸਾਹਿਬ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੱਡਾ ਐਲਾਨ ਕਰਦਿਆਂ ਕਿਹਾ ਕਿ 2017 ਵਿਚ ਦੁਬਾਰਾ ਅਕਾਲੀ-ਭਾਜਪਾ ਸਰਕਾਰ ਬਣਨ 'ਤੇ ਪੰਜਾਬ ਦੇ ਸਾਰੇ ਪਿੰਡਾਂ ਦੀਆਂ ਗਲੀਆਂ ਸੀਮੈਂਟ ਦੀਆਂ ਬਣਾ ਦਿੱਤੀਆਂ ਜਾਣਗੀਆਂ। ਪੰਜਾਬ ਵਿਚ ਇਸ ਸਮੇਂ ਵਿਕਾਸ ਦੀ ਹਨੇਰੀ ਚੱਲ ਰਹੀ ਹੈ ਤੇ ਰਾਜ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ, ਕਿਸਾਨਾਂ ਤੇ ਵਪਾਰੀਆਂ ਲਈ ਵਿਕਾਸ ਪੱਖੀ ਸਕੀਮਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਹਰੇਕ ਹਲਕੇ ਦੇ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ 30-40 ਕਰੋੜ ਜਾਰੀ ਕੀਤੇ ਜਾਣਗੇ। ਇਸ ਸਮੇਂ ਸੂਬੇ ਵਿਚ 4-6 ਮਾਰਗੀ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ ਤੇ 20000 ਕਰੋੜ ਦੀ ਲਾਗਤ ਨਾਲ ਸੂਬੇ ਦੀਆਂ ਸੜਕਾਂ ਦੀ ਕਾਇਆ-ਕਲਪ ਕਰ ਦਿੱਤੀ ਜਾਵੇਗੀ।

## ਮਾਨ ਨੇ ਅਕਾਲੀ-ਭਾਜਪਾ ਸਰਕਾਰ ਨੂੰ ਘੇਰਿਆ

**ਸ੍ਰੀ ਮੁਕਤਸਰ ਸਾਹਿਬ:** ਮਾਘੀ ਮੇਲੇ ਮੌਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਕਾਨਫਰੰਸ ਕੀਤੀ ਗਈ। ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸਜ਼ਾ ਭੁਗਤ ਚੁੱਕੇ ਕੈਦੀਆਂ ਦੀ ਰਿਹਾਈ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਗੰਭੀਰ ਨਹੀਂ ਹਨ ਅਤੇ ਭਾਜਪਾ, ਆਰ.ਐਸ.ਐਸ ਦਾ ਸਿੱਖ ਮੁੱਦਿਆਂ ਵਿਚ ਦਖਲ ਜਾਰੀ ਹੈ। ਉਨ੍ਹਾਂ ਪੰਜਾਬ ਨੂੰ ਕੰਗਾਲ ਕਰਨ ਲਈ ਅਕਾਲੀ-ਭਾਜਪਾ ਸਰਕਾਰ ਨੂੰ ਦੋਸ਼ੀ ਦੱਸਿਆ। ਸ. ਮਾਨ ਨੇ ਕਿਹਾ ਕਿ ਬਾਦਲ ਸਰਕਾਰ ਦੇ ਅੱਤਿਆਚਾਰ ਤੋਂ ਬਚਾਉਣ, ਬਰਗਾੜੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ, ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੀਆਂ ਘਟਨਾਵਾਂ ਨੂੰ ਰੋਕਣ ਤਹਿਤ 25 ਤੇ 26 ਜਨਵਰੀ ਨੂੰ ਤਰਨਤਾਰਨ ਤੋਂ ਖਡੂਰ ਸਾਹਿਬ ਤੱਕ ਮਾਰਚ ਕੀਤਾ ਜਾਵੇਗਾ।

## 'ਆਪ' ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਅਹਿਦ

**ਸ੍ਰੀ ਮੁਕਤਸਰ ਸਾਹਿਬ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮਾਘੀ ਮੇਲੇ ਮੌਕੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਾਦਲ ਸਰਕਾਰ ਨੂੰ ਚੱਲਦਾ ਕਰਕੇ 'ਆਪ' ਦੀ ਸਰਕਾਰ ਬਣਾਉਣ। ਕੇਜਰੀਵਾਲ ਨੇ ਬੜੇ ਭਾਵੁਕ ਹੋ ਕੇ ਕਿਹਾ ਕਿ ਮਿਹਨਤੀ ਸੁਭਾਅ ਵਾਲੇ ਪੰਜਾਬ ਦੇ ਲੋਕਾਂ ਨੂੰ ਮੌਜੂਦਾ ਸਰਕਾਰ ਨੇ ਖੁਦਕੁਸ਼ੀਆਂ ਦੇ ਰਾਹ ਤੋਰ ਦਿੱਤਾ ਹੈ। ਉਨ੍ਹਾਂ ਐਲਾਨ ਕੀਤਾ ਕਿ ਅਗਲੇ ਵਰ੍ਹੇ ਪੰਜਾਬ ਵਿਚ 'ਆਪ' ਦੀ ਸਰਕਾਰ ਬਣਨ 'ਤੇ ਅਕਾਲੀ-ਭਾਜਪਾ ਸਰਕਾਰ ਦੀ ਕਾਰਗੁਜ਼ਾਰੀ ਦੀ ਜਾਂਚ ਲਈ ਕਮਿਸ਼ਨ ਬਿਠਾਇਆ ਜਾਵੇਗਾ ਤੇ ਦੋਸ਼ੀ ਲੋਕਾਂ ਨੂੰ ਜੇਲ੍ਹ ਦਾ ਰਾਹ ਵਿਖਾਇਆ ਜਾਵੇਗਾ। ਕੇਜਰੀਵਾਲ ਨੇ ਕਿਹਾ ਕਿ 'ਆਪ' ਦੀ ਸਰਕਾਰ ਬਣਨ 'ਤੇ ਨਸ਼ਾ ਤਸਕਰਾਂ ਤੇ ਉਨ੍ਹਾਂ ਨੂੰ ਸਰਪ੍ਰਸਤੀ ਦੇਣ ਵਾਲੇ ਆਗੂਆਂ ਨੂੰ ਵੀ ਜੇਲ੍ਹ ਭੇਜਿਆ ਜਾਵੇਗਾ।



# Anu Attorney
# Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
*Attorney at Law*
*Licensed to practice Immigration in all 50 states.*
More than 20 year experience in US immigration & Indian law

## US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

## FAMILY LAW *(Only In WA)*

*Divorce *Annulment
*International Custody

## INCORPORATIONS *(Only In WA)*

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

---

ONE | REALTYONEGROUP AMERICAN

## ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

## ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ 'ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ
ਫੋਨ: 510-689-4625

REALTOR EQUAL HOUSING OPPORTUNITY

JAGDEV SINGH
*Realtor*
CalBre #01423409
42820 Albrae, St.,
Fremont, CA 94538

---

STATEN SOLAR
AFFORDABLE ENERGY FOR EVERYONE

# Save with Solar

## Commercial, Agricultural and Residential



For South California



Simran Deol
*Solar Engineer*
661-412-4728
661-427-0843 (fax)



# BYE BILL

## No One Can Beat Our Price Guaranteed!

Top Quality Product *20 Years Performance Guarantee *25 Years Guarantee for Panels *Free Maintenance for 20 Years *No Need to worry about increasing utility *Professional Installation *24/7 Monitoring

For North California



Balwinder Garcha
*Sales Rep Bay Area by North California*
510-468-9525

# ਤਸਕਰਾਂ ਤੇ ਸਿਆਸੀ ਗੱਠਜੋੜ ਬਾਰੇ ਵੱਡੇ ਖੁਲਾਸਿਆਂ ਦੇ ਆਸਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਐਸ.ਪੀ. ਸਲਵਿੰਦਰ ਸਿੰਘ ਤੋਂ ਪਠਾਨਕੋਟ ਅਤਿਵਾਦੀ ਹਮਲੇ ਬਾਰੇ ਕੀਤੀ ਗਈ ਤਫਤੀਸ਼ ਦੌਰਾਨ ਤਸਕਰਾਂ, ਪੁਲਿਸ ਅਤੇ ਸਿਆਸਤਦਾਨਾਂ ਵਿਚਲੇ ਗੱਠਜੋੜ ਦੇ ਬੇਪਰਦ ਹੋਣ ਦੇ ਆਸਾਰ ਬਣਦੇ ਜਾ ਰਹੇ ਹਨ। ਸੂਤਰਾਂ ਮੁਤਾਬਕ ਇੰਟੈਲੀਜੈਂਸ ਬਿਊਰੋ (ਆਈ.ਬੀ.) ਤੇ ਐਨ.ਆਈ.ਏ. ਦੇ ਅਫਸਰਾਂ ਨੇ ਸੂਬਾ ਸਰਕਾਰ ਦੇ ਵੱਡੇ ਅਧਿਕਾਰੀਆਂ ਨਾਲ ਕੁਝ ਅਜਿਹੀ ਜਾਣਕਾਰੀ ਸਾਂਝੀ ਕੀਤੀ ਹੈ ਜਿਸ ਨਾਲ ਸਰਕਾਰ ਦੀ ਸਿਰਦਰਦੀ ਵਧਣ ਦੇ ਸੰਕੇਤ ਵੀ ਦਿੱਤੇ ਗਏ ਹਨ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਕੌਮਾਂਤਰੀ ਸਰਹੱਦ 'ਤੇ ਚੌਕਸੀ ਵਰਤਣ ਲਈ ਕੇਂਦਰ ਮੂਹਰੇ ਦੁਹਾਈ ਪਾਉਣ ਨੂੰ ਸਰਕਾਰ ਦੀ ਵਧ ਰਹੀ ਸਿਰਦਰਦੀ ਦੇ ਨਜ਼ਰੀਏ ਤੋਂ ਹੀ ਦੇਖਿਆ ਜਾ ਰਿਹਾ ਹੈ। ਰੋਚਕ ਤੱਥ ਇਹ ਵੀ ਹੈ ਕਿ ਜਦੋਂ ਕਦੇ ਪੰਜਾਬ ਦੇ ਸਿਆਸਤਦਾਨਾਂ ਜਾਂ ਪੁਲਿਸ ਅਫਸਰਾਂ 'ਤੇ ਸ਼ੱਕ ਦੀ ਉਂਗਲ ਉਠਦੀ ਹੈ ਤਾਂ ਸਰਕਾਰ ਵੱਲੋਂ ਸਰਹੱਦ 'ਤੇ ਤਾਇਨਾਤ ਬਾਰਡਰ ਸਕਿਉਰਿਟੀ ਫੋਰਸ (ਬੀ.ਐਸ.ਐਫ.) ਉਤੇ ਨਿਸ਼ਾਨਾ ਸੇਧਿਆ ਜਾਂਦਾ ਹੈ। ਇਕ ਸਾਲ ਪਹਿਲਾਂ ਵੀ ਸ਼੍ਰੋਮਣੀ ਅਕਾਲੀ ਦਲ ਨੇ ਅੰਮ੍ਰਿਤਸਰ ਜ਼ਿਲ੍ਹੇ ਵਿਚ 'ਨਸ਼ੇ ਵਿਰੁੱਧ ਜਾਗਰੂਕਤਾ' ਦੇ ਬਹਾਨੇ ਬੀ.ਐਸ.ਐਫ. ਨੂੰ ਜਗਾਉਣ ਲਈ ਰੈਲੀ ਕੀਤੀ ਸੀ।

ਪਠਾਨਕੋਟ ਹਮਲੇ ਤੋਂ ਬਾਅਦ ਜਾਂਚ ਦੇ ਪਹਿਲੂਆਂ ਸਬੰਧੀ ਕੇਂਦਰੀ ਏਜੰਸੀਆਂ ਨਾਲ ਰਾਬਤਾ ਕਾਇਮ ਰੱਖਣ ਵਾਲੇ ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਸਮੇਂ ਪੰਜਾਬ ਪੁਲਿਸ ਤੇ ਸੂਬਾ ਸਰਕਾਰ ਦੀ ਭਰੋਸੇਯੋਗਤਾ ਵੀ ਦਾਅ 'ਤੇ ਲੱਗੀ ਹੋਈ ਹੈ। ਇਕ ਸੀਨੀਅਰ ਅਧਿਕਾਰੀ ਦਾ ਤਾਂ ਇਥੋਂ ਤੱਕ ਕਹਿਣਾ ਹੈ ਕਿ ਜੇਕਰ ਸਲਵਿੰਦਰ ਸਿੰਘ ਤੋਂ ਕੀਤੀ ਜਾ ਰਹੀ ਪੁੱਛਗਿੱਛ ਦੌਰਾਨ ਕੌਮਾਂਤਰੀ ਤਸਕਰਾਂ, ਪੁਲਿਸ ਅਤੇ ਸਿਆਸਤਦਾਨਾਂ ਦੇ ਗੱਠਜੋੜ ਦਾ ਭਾਂਡਾ ਭੱਜ ਗਿਆ ਤਾਂ ਪੁਲਿਸ ਦੇ ਕਈ ਅਧਿਕਾਰੀ ਤੇ ਕਈ ਸਿਆਸਤਦਾਨਾਂ ਦੇ ਚਿਹਰਿਆਂ ਤੋਂ ਨਕਾਬ ਉਤਰ ਜਾਵੇਗਾ, ਜੋ ਸਰਕਾਰ ਲਈ ਵੀ ਬਹੁਤ ਵੱਡਾ ਸੰਕਟ ਹੋਵੇਗਾ।

### ਐਸ.ਪੀ. ਸਲਵਿੰਦਰ ਸਿੰਘ ਤੋਂ ਪੁੱਛਗਿਛ ਜਾਰੀ



ਪੰਜਾਬ ਪੁਲਿਸ ਅਤੇ ਖੁਫੀਆ ਵਿੰਗ ਦੇ ਅਧਿਕਾਰੀਆਂ ਨੇ ਅਧਿਕਾਰਤ ਤੌਰ 'ਤੇ ਕੁਝ ਵੀ ਕਹਿਣ ਤੋਂ ਕਿਨਾਰਾ ਹੀ ਕਰ ਲਿਆ ਹੈ ਹਾਲਾਂਕਿ ਕੌਮੀ ਏਜੰਸੀਆਂ ਵੱਲੋਂ ਸਲਵਿੰਦਰ ਸਿੰਘ ਦੀ ਪੁੱਛਗਿੱਛ ਦੌਰਾਨ ਹੋ ਰਹੇ ਸ਼ੱਕੀ ਖੁਲਾਸਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ। ਸਲਵਿੰਦਰ ਸਿੰਘ ਦੇ ਸ਼ੱਕੀ ਬਿਆਨਾਂ ਕਾਰਨ ਐਨ.ਆਈ.ਏ. ਦਾ ਸ਼ੱਕ ਹੋਰ ਵੀ ਵਧਦਾ ਜਾ ਰਿਹਾ ਹੈ ਤੇ ਇਸ ਲਈ ਉਸ ਦਾ ਲਾਈ ਡਿਟੈਕਟਰ ਟੈਸਟ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਪੁਲਿਸ ਅਫਸਰ ਦਾ ਰਸੋਈਆ ਮਦਨ ਗੋਪਾਲ ਅਤੇ ਮਜ਼ਾਰ ਦੇ ਸੇਵਾਦਾਰ ਦੇ ਬਿਆਨ ਵੀ ਆਪਸ ਵਿਚ ਮੇਲ ਨਾ ਖਾਂਦੇ ਹੋਣ ਕਾਰਨ ਸਾਰਾ ਮਾਮਲਾ ਗੁੰਝਲਦਾਰ ਬਣਦਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿਚ ਤਾਇਨਾਤ ਪੁਲਿਸ ਅਫਸਰਾਂ ਤੇ ਸਰਹੱਦੀ ਖੇਤਰ ਦੇ ਸਿਆਸਤਦਾਨਾਂ ਦੇ ਤਸਕਰਾਂ ਨਾਲ ਸਬੰਧ ਹੋਣ ਦੀ ਗੱਲ ਕਈ ਵਾਰੀ ਉਠੀ ਹੈ। ਇਸ ਵਾਰੀ ਮਾਮਲਾ ਫਿਦਾਇਨਾਂ ਨਾਲ ਜੁੜਨ ਕਾਰਨ ਕੇਂਦਰ ਸਰਕਾਰ ਕੁਝ ਜ਼ਿਆਦਾ ਗੰਭੀਰ ਹੈ। ਪੰਜਾਬ ਪੁਲਿਸ ਦੇ ਸੀਨੀਅਰ ਅਫਸਰਾਂ ਖਾਸਕਰ ਡੀ.ਜੀ.ਪੀ. ਸੁਰੇਸ਼ ਅਰੋੜਾ ਵੱਲੋਂ ਐਸ.ਪੀ. ਸਲਵਿੰਦਰ ਸਿੰਘ ਨੂੰ ਦਿੱਤੀ 'ਕਲੀਨ ਚਿਟ' ਨੂੰ ਵੀ ਸਰਕਾਰੀ ਹਲਕਿਆਂ ਵੱਲੋਂ ਗਲਤ ਫੈਸਲਾ ਕਰਾਰ ਦਿੱਤਾ ਜਾ ਰਿਹਾ ਹੈ।

ਪੰਜਾਬ ਪੁਲਿਸ ਦੇ ਮੁਖੀ ਸੁਰੇਸ਼ ਅਰੋੜਾ ਦਾ ਕਹਿਣਾ ਹੈ ਕਿ ਜਾਂਚ ਏਜੰਸੀ ਦੇ ਅਧਿਕਾਰੀਆਂ ਵੱਲੋਂ ਪਠਾਨਕੋਟ ਘਟਨਾ ਦੀ ਜਾਂਚ ਸਬੰਧੀ ਪੰਜਾਬ ਪੁਲਿਸ ਨਾਲ ਲਗਾਤਾਰ ਰਾਬਤਾ ਬਣਾਇਆ ਹੋਇਆ ਹੈ।

ਉਨ੍ਹਾਂ ਕਿਹਾ ਕਿ ਇਹ ਮਾਮਲਾ ਬੜਾ ਸੰਵੇਦਨਸ਼ੀਲ ਤੇ ਮੁਲਕ ਦੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ, ਇਸ ਲਈ ਜਾਂਚ ਏਜੰਸੀ ਤੇ ਪੰਜਾਬ ਪੁਲਿਸ ਦਰਮਿਆਨ ਹੁੰਦੀ ਗੱਲ ਮੀਡੀਆ ਨਾਲ ਸਾਂਝੀ ਨਹੀਂ ਕੀਤੀ ਜਾ ਸਕਦੀ। ਉਧਰ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪੰਜਾਬ ਪੁਲੀਸ ਦੇ ਖੁਫੀਆ ਵਿੰਗ ਦੀ ਕਾਰਗੁਜ਼ਾਰੀ ਤੋਂ ਮਾਯੂਸ ਹਨ।

ਉਪ ਮੁੱਖ ਮੰਤਰੀ ਨੇ ਖੁਫੀਆ ਵਿੰਗ ਪ੍ਰਤੀ ਨਾਖੁਸ਼ੀ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨਾਲ ਕਰਦਿਆਂ ਇਥੋਂ ਤੱਕ ਕਹਿ ਦਿੱਤਾ ਕਿ ਸੀ.ਆਈ.ਡੀ. ਨੂੰ ਕਿਸੇ ਤਰ੍ਹਾਂ ਦੀ ਜਾਣਕਾਰੀ ਨਹੀਂ ਹੁੰਦੀ।

## ਨਸ਼ੇ ਬਦਲੇ ਸਲਵਿੰਦਰ ਸਿੰਘ ਨੂੰ ਮਿਲਦਾ ਸੀ ਸੋਨਾ?

**ਨਵੀਂ ਦਿੱਲੀ:** ਪਠਾਨਕੋਟ ਹਮਲੇ ਤੋਂ ਬਾਅਦ ਸ਼ੱਕ ਦੇ ਘੇਰੇ ਵਿਚ ਆਏ ਪੰਜਾਬ ਪੁਲਿਸ ਦੇ ਐਸ.ਪੀ. ਸਲਵਿੰਦਰ ਸਿੰਘ ਨੇ ਵੱਡਾ ਖੁਲਾਸਾ ਕੀਤਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਸਲਵਿੰਦਰ ਸਿੰਘ ਨੇ ਮੰਨਿਆ ਹੈ ਕਿ ਉਸ ਨੂੰ ਡਰਗਜ਼ ਦੀ ਹਰ ਖੇਪ ਦੇ ਬਦਲੇ ਵਿਚ ਸੋਨਾ ਅਤੇ ਹੀਰੇ ਮਿਲਦੇ ਸਨ। ਸਲਵਿੰਦਰ ਸਿੰਘ ਦਾ ਦੋਸਤ ਰਾਜੇਸ਼ ਵਰਮਾ ਇਹ ਚੈੱਕ ਕਰਦਾ ਸੀ ਕਿ ਸੋਨਾ ਅਸਲੀ ਹੈ ਜਾਂ ਨਕਲੀ। ਰਾਜੇਸ਼ ਵਰਮਾ ਦਾ ਗਹਿਣੇ ਬਣਾਉਣ ਦਾ ਕਾਰੋਬਾਰ ਹੈ, ਜਿਸ ਦਿਨ ਐਸ.ਪੀ. ਨੂੰ ਅਗਵਾ ਕੀਤਾ ਗਿਆ ਸੀ ਉਸ ਦਿਨ ਰਾਜੇਸ਼ ਵਰਮਾ ਵੀ ਸਲਵਿੰਦਰ ਸਿੰਘ ਦੇ ਨਾਲ ਸੀ। ਇਹ ਵੀ ਜਾਣਕਾਰੀ ਮਿਲੀ ਹੈ ਕਿ ਰਾਜੇਸ਼ ਹੀ ਸਲਵਿੰਦਰ ਸਿੰਘ ਦੇ ਸੋਨੇ ਨੂੰ ਆਪਣੀ ਦੁਕਾਨ ਤੋਂ ਵੇਚਦਾ ਸੀ। ਇਸ ਦੌਰਾਨ ਆਉਣ ਵਾਲੇ ਦਿਨਾਂ ਵਿਚ ਐਨ.ਆਈ.ਏ. ਰਾਜੇਸ਼ ਵਰਮਾ ਨੂੰ ਦਿੱਲੀ ਤਲਬ ਕਰ ਸਕਦੀ ਹੈ। ਸਲਵਿੰਦਰ ਸਿੰਘ ਆਪਣੇ ਲਾਂਗਰੀ ਅਤੇ ਦੋਸਤ ਰਾਜੇਸ਼ ਵਰਮਾ ਨਾਲ ਇਕ ਦਰਗਾਹ ਉਤੇ ਮੱਥਾ ਟੇਕ ਕੇ ਪਹਿਲੀ ਜਨਵਰੀ ਨੂੰ ਵਾਪਸ ਆ ਰਿਹਾ ਸੀ। ਰਸਤੇ ਵਿਚ ਉਸ ਨੂੰ ਛੇ ਪਾਕਿਸਤਾਨੀ ਦਹਿਸ਼ਤਗਰਦਾਂ ਨੇ ਅਗਵਾ ਕਰ ਲਿਆ ਸੀ।

## ਭਾਰਤ-ਪਾਕਿ ਸਰਹੱਦ ਉਤੇ ਬਣੇਗੀ ਲੇਜ਼ਰ ਕੰਧ

**ਨਵੀਂ ਦਿੱਲੀ:** ਪਠਾਨਕੋਟ ਏਅਰ ਬੇਸ 'ਤੇ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਹਰਕਤ ਵਿਚ ਆਏ ਗ੍ਰਿਹ ਮੰਤਰਾਲਾ ਨੇ ਫੈਸਲਾ ਕੀਤਾ ਹੈ ਕਿ ਭਾਰਤ-ਪਾਕਿਸਤਾਨ ਸਰਹੱਦ 'ਤੇ ਪੈਂਦੇ 40 ਤੋਂ ਵੱਧ ਦਰਿਆਈ ਖੇਤਰਾਂ ਦੀ ਛੇਤੀ ਹੀ 'ਲੇਜ਼ਰ ਵਾਲਸ' ਨਾਲ ਮੁਸਤੈਦੀ ਕੀਤੀ ਜਾਵੇਗੀ। ਇਹ ਖੇਤਰ ਕਮਜ਼ੋਰ ਵਾੜ ਰਹਿਤ ਹਿੱਸੇ ਹਨ, ਜਿਥੋਂ ਅਤਿਵਾਦੀ ਭਾਰਤ ਵਿਚ ਘੁਸਪੈਠ ਕਰਦੇ ਹਨ। ਇਸੇ ਲਈ ਪੰਜਾਬ ਦੇ ਸਾਰੇ ਦਰਿਆਈ ਖੇਤਰਾਂ ਲਈ ਇਸ ਤਕਨੀਕ ਨੂੰ ਬੀ.ਐਸ.ਐਫ. ਨੇ ਤਿਆਰ ਕੀਤਾ ਹੈ। ਇਨ੍ਹਾਂ ਲੇਜ਼ਰ ਦੀਵਾਰਾਂ ਦਾ ਮਕਸਦ ਪੂਰੀ ਤਰ੍ਹਾਂ ਨਾਲ ਅਤਿਵਾਦੀਆਂ ਨੂੰ ਭਾਰਤ ਵਿਚ ਘੁਸਪੈਠ ਕਰਨ ਤੋਂ ਰੋਕਣਾ ਹੈ। ਫਿਲਹਾਲ ਸਿਰਫ 5-6 ਅਸੁਰੱਖਿਅਤ ਵਾੜ ਰਹਿਤ ਹਿੱਸੇ ਲੇਜ਼ਰ ਦੀਵਾਰਾਂ ਨਾਲ ਸੁਰੱਖਿਅਤ ਹਨ। ਇਨ੍ਹਾਂ ਦਰਿਆਈ ਖੇਤਰਾਂ 'ਚ ਲੇਜ਼ਰ ਦੀਵਾਰ ਲਾਉਣ ਤੋਂ ਬਾਅਦ ਘੁਸਪੈਠ ਹੋਣ ਦੀ ਸੂਰਤ ਵਿਚ ਇਥੋਂ ਬਹੁਤ ਉੱਚਾ ਸਾਇਰਨ ਵੱਜੇਗਾ।

# ਗਾਇਕਾ ਮਨਪ੍ਰੀਤ ਅਖਤਰ ਨਹੀਂ ਰਹੀ

**ਪਟਿਆਲਾ:** ਪ੍ਰਸਿੱਧ ਪੰਜਾਬੀ ਗਾਇਕਾ ਮਨਪ੍ਰੀਤ ਅਖਤਰ (56) ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮਨਪ੍ਰੀਤ ਅਖਤਰ ਮਰਹੂਮ ਗਾਇਕ ਦਿਲਸ਼ਾਦ ਅਖਤਰ ਦੀ ਭੈਣ ਸੀ ਤੇ ਦਿਲਸ਼ਾਦ ਵਾਂਗ ਬੀਬੀ ਮਨਪ੍ਰੀਤ ਦੀ ਗਾਇਕੀ ਵੀ ਪੰਜਾਬੀ ਸਭਿਆਚਾਰ ਨੂੰ ਸਮਰਪਿਤ ਸੀ। ਸਾਫ-ਸੁਥਰੀ ਗਾਇਕੀ ਨਾਲ ਉਨ੍ਹਾਂ ਨੇ ਉੱਚ ਮੁਕਾਮ ਹਾਸਲ ਕੀਤਾ।



ਸ਼ਾਹਰੁਖ ਖਾਨ ਦੀ ਮੁੱਖ ਭੂਮਿਕਾ ਵਾਲੀ ਹਿੰਦੀ ਫਿਲਮ 'ਕੁਛ ਕੁਛ ਹੋਤਾ ਹੈ' ਵਿਚ ਗਾਏ ਗੀਤ 'ਤੁਝੇ ਯਾਦ ਨਾ ਮੇਰੀ ਆਈ, ਕਿਸੀ ਕੋ ਅਬ ਕਿਆ ਕਹਿਨਾ' ਨਾਲ ਮਨਪ੍ਰੀਤ ਨੂੰ ਬਹੁਤ ਮਕਬੂਲੀਅਤ ਮਿਲੀ। ਇਹ ਗਾਇਕਾ ਪੰਜਾਬ ਦੇ ਅਖਾੜਿਆਂ ਦੀ ਰਾਣੀ ਰਹੀ। ਪੰਜਾਬੀ ਫਿਲਮਾਂ ਵਿਚ ਵੀ ਪਿੱਠਵਰਤੀ ਗਾਇਕਾ ਵਜੋਂ ਮਨਪ੍ਰੀਤ ਦੇ ਕਈ ਗੀਤ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਗਏ। ਹਰਭਜਨ ਮਾਨ ਦੀਆਂ ਕਈ ਫਿਲਮਾਂ ਵਿਚ ਇਸ ਗਾਇਕਾ ਦੇ ਬੋਲ ਗੂੰਜੇ। ਗੀਤਕਾਰ ਧਰਮ ਕੰਮੇਆਣਾ ਨੇ ਪਹਿਲੀ ਵਾਰ ਮਨਪ੍ਰੀਤ ਅਖਤਰ ਦੇ ਬੋਲਾਂ ਨੂੰ ਕੈਸਿਟ ਦੇ ਰੂਪ ਵਿਚ ਲੋਕਾਂ ਸਾਹਮਣੇ ਲਿਆਂਦਾ ਸੀ। ਇਸ ਮਗਰੋਂ ਉਸ ਨੇ ਹਰ ਮੰਚ ਉਤੇ ਵਾਹ-ਵਾਹ ਖੱਟੀ। ਲਤਾ ਮੰਗੇਸ਼ਕਰ ਵੀ ਇਸ ਗਾਇਕਾ ਦੀ ਤਾਰੀਫ ਕਰਨੋਂ ਨਹੀਂ ਖੁੰਝੇ ਸਨ। ਬੀਬੀ ਅਖਤਰ ਦਾ ਪਿਛੋਕੜ ਮੁਕਤਸਰ ਨੇੜਲੇ ਪਿੰਡ ਤਖਤ ਮਲਾਣਾ ਨਾਲ ਸੀ। ਪਟਿਆਲਾ ਵਿਆਹੀ ਜਾਣ ਤੋਂ ਪਹਿਲਾਂ ਕੁਝ ਵਰ੍ਹੇ ਉਹ ਪੇਕਾ ਪਰਿਵਾਰ ਨਾਲ ਕੋਟਕਪੂਰੇ ਵੀ ਰਹੇ। ਜਾਣਕਾਰੀ ਅਨੁਸਾਰ ਮਨਪ੍ਰੀਤ ਅਖਤਰ ਨੂੰ ਦਿਲ ਦੀ ਤਕਲੀਫ ਹੋਣ ਉਤੇ ਇਥੇ ਇਕ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਹਸਪਤਾਲ ਵਿਚ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਮਨਪ੍ਰੀਤ ਅਖਤਰ ਦੇ ਵੱਡੇ ਪੁੱਤਰ ਨਾਵੇਦ ਅਖਤਰ ਦਾ ਪਹਿਲਾ ਗੀਤ ਯੂ-ਟਿਊਬ ਉਤੇ ਰਿਲੀਜ਼ ਹੋਇਆ ਸੀ। ਮਨਪ੍ਰੀਤ ਅਖਤਰ ਨੂੰ ਪੂਰਾ ਦਿਨ ਵਧਾਈਆਂ ਦੇਣ ਲਈ ਫੋਨ ਆਉਂਦੇ ਰਹੇ। ਉਹ ਵਧਾਈਆਂ ਕਬੂਲਦੀ ਅੱਧੀ ਰਾਤ ਬਾਅਦ ਸੰਸਾਰ ਨੂੰ ਅਲਵਿਦਾ ਕਹਿ ਗਈ।

## ਪੰਜਾਬਣ ਨੂੰ ਬਰਤਾਨੀਆ ਵਿਚ ਵੱਡਾ ਸਨਮਾਨ

**ਬਰਮਿੰਘਮ:** ਬਰਤਾਨੀਆ ਵਿਚ ਭਾਰਤੀ ਮੂਲ ਦੀ ਪੰਜਾਬਣ ਨੂੰ ਵੱਡਾ ਸਨਮਾਨ ਮਿਲਿਆ ਹੈ। ਢਾਈ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਬੀ.ਬੀ.ਸੀ. ਨਾਲ ਜੁੜੀ ਐਵਾਰਡ ਜੇਤੂ ਬਰਾਡਕਾਸਟਰ ਅਨੀਤਾ ਭੱਲਾ ਨੂੰ ਉਸ ਦੀਆਂ ਪ੍ਰਾਪਤੀਆਂ ਦੇ ਚੱਲਦੇ ਬਰਮਿੰਘਮ ਯੂਨੀਵਰਸਿਟੀ ਵੱਲੋਂ ਆਨਰੇਰੀ ਡਾਕਟਰੇਟ ਡਿਗਰੀ ਨਾਲ ਨਵਾਜ਼ਿਆ ਗਿਆ ਹੈ। ਅਨੀਤਾ ਭੱਲਾ ਪਿਛਲੇ 26 ਸਾਲ ਤੋਂ ਬੀ.ਬੀ.ਸੀ. ਵਿਚ ਮੀਡੀਆ ਕਰੀਅਰ ਨਾਲ ਜੁੜੀ ਹੋਈ ਹੈ। ਸਿਟੀ ਆਫ ਬਰਮਿੰਘਮ ਯੂਨੀਵਰਸਿਟੀ ਵੱਲੋਂ ਸਿਫਨੀਹਾਲ ਵਿਖੇ ਇਕ ਵਿਸ਼ੇਸ਼ ਸਮਾਗਮ ਦੌਰਾਨ ਆਨਰੇਰੀ ਡਿਗਰੀ ਦਿੱਤੀ ਗਈ। ਅਨੀਤਾ ਨੇ ਆਪਣੇ ਮੀਡੀਆ ਕਰੀਅਰ ਦੌਰਾਨ ਵੱਡੀ ਸਕਰੀਨ ਤੋਂ ਇਲਾਵਾ ਕਈ ਲਾਈਵ ਸ਼ੋਅ ਵੀ ਕੀਤੇ ਹਨ।

# ਕਿਸਾਨਾਂ ਬਾਰੇ ਕੌਮੀ ਨੀਤੀ 'ਤੇ ਹੋਵੇਗੀ ਨਜ਼ਰਸਾਨੀ

**ਨਵੀਂ ਦਿੱਲੀ:** ਦੇਸ਼ ਭਰ ਵਿਚ ਕਿਸਾਨ ਖੁਦਕੁਸ਼ੀਆਂ ਦੇ ਵਧਦੇ ਰੁਝਾਨ ਉਤੇ ਚਿੰਤਾ ਜ਼ਾਹਿਰ ਕਰਦਿਆਂ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਅੱਠ ਸਾਲ ਪੁਰਾਣੀ ਕਿਸਾਨਾਂ ਬਾਰੇ ਕੌਮੀ ਨੀਤੀ (ਐਨ.ਪੀ.ਐਫ.) ਉਤੇ ਨਵੇਂ ਸਿਰੇ ਤੋਂ ਵਿਚਾਰ ਲਈ ਮਾਹਿਰਾਂ ਦੀ ਕਮੇਟੀ ਗਠਿਤ ਕੀਤੀ ਜਾਵੇਗੀ। ਖੇਤੀਬਾੜੀ ਮੰਤਰਾਲੇ ਦਾ ਕਹਿਣਾ ਹੈ ਕਿ ਪੁਰਾਣੀ ਨੀਤੀ 'ਤੇ ਨਵੇਂ ਸਿਰੇ ਤੋਂ ਗੌਰ ਲਈ ਮਾਹਿਰਾਂ ਦੀ ਕਮੇਟੀ ਕਾਇਮ ਕਰਨ ਬਾਰੇ ਉਸ ਦਾ ਪ੍ਰਸਤਾਵ ਹੈ।

ਮੰਤਰਾਲੇ ਨੇ ਅਦਾਲਤ ਵਿਚ ਦਾਖਲ ਕੀਤੇ ਹਲਫਨਾਮੇ ਵਿਚ ਕਿਹਾ ਕਿ ਮੌਜੂਦਾ ਕੌਮੀ ਕਿਸਾਨ ਨੀਤੀ ਅੱਠ ਸਾਲ ਪੁਰਾਣੀ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕੀਤੇ ਜਾਣ ਦੀਆਂ ਖਬਰਾਂ ਮਿਲ ਰਹੀਆਂ ਹਨ। ਇਸ ਲਈ ਅਜਿਹੇ ਹਾਲਾਤ ਵਿਚ ਇਕਜੁੱਟ ਪਹੁੰਚ ਅਪਣਾਉਣ ਤੇ ਮੌਜੂਦਾ ਨੀਤੀ 'ਤੇ ਮੁੜ ਵਿਚਾਰ ਕਰਨ ਦੀ ਲੋੜ ਹੈ। ਇਸ ਮਕਸਦ ਲਈ ਸਰਕਾਰ ਜਲਦੀ ਪਹਿਲ ਕਰੇਗੀ ਤੇ ਇਕ ਕਮੇਟੀ ਕਾਇਮ ਕੀਤੀ ਜਾਵੇਗੀ। ਖੇਤੀ ਮੰਤਰਾਲੇ ਦੇ ਅੰਡਰ ਸੈਕਟਰੀ ਕਮਲ ਅਰੋੜਾ ਵੱਲੋਂ ਦਾਖਲ ਕੀਤੇ ਗਏ ਹਲਫਨਾਮੇ ਵਿਚ ਕਿਹਾ ਗਿਆ ਹੈ ਕਿ ਸਾਲ 2007 ਦੀ ਕਿਸਾਨ ਨੀਤੀ ਦੇ ਤਕਰੀਬਨ ਸਾਰੇ ਬਿੰਦੂਆਂ 'ਤੇ ਕੇਂਦਰ ਅਤੇ ਰਾਜ ਸਰਕਾਰਾਂ ਵੱਖ-ਵੱਖ ਯੋਜਨਾਵਾਂ ਰਾਹੀਂ ਅਮਲ ਕਰ ਚੁੱਕੀਆਂ ਹਨ। ਇਸ ਕਿਸਾਨ ਨੀਤੀ ਨੂੰ ਲਾਗੂ ਕਰਨ ਲਈ ਸਰਕਾਰ ਵੱਲੋਂ ਗਠਿਤ ਅੰਤਰ-ਮੰਤਰਾਲਾ ਕਮੇਟੀ ਨੇ 201 ਬਿੰਦੂਆਂ ਦੀ ਪਛਾਣ ਕਰਕੇ ਕਾਰਜ ਯੋਜਨਾ ਤਿਆਰ ਕੀਤੀ ਹੈ। ਜ਼ਿਕਰਯੋਗ ਹੈ ਕਿ ਕੌਮੀ ਕਿਸਾਨ ਨੀਤੀ 'ਤੇ ਮੁੜ ਵਿਚਾਰ ਬਾਰੇ ਆਪਣਾ ਦ੍ਰਿਸ਼ਟੀਕੋਣ ਸਪੱਸ਼ਟ ਨਾ ਕਰਨ ਲਈ ਅਦਾਲਤ ਨੇ ਪਿਛਲੇ ਸਾਲ 30 ਅਕਤੂਬਰ ਨੂੰ ਕੇਂਦਰ ਸਰਕਾਰ ਉਤੇ 25 ਹਜ਼ਾਰ ਰੁਪਏ ਜੁਰਮਾਨਾ ਠੋਕਿਆ ਸੀ।

## ਜੇਲ੍ਹ 'ਚ ਬਣੇਗਾ ਫਾਈਵ ਸਟਾਰ ਹੋਟਲ

**ਮਾਨਟੇਨੈਗਰੋ:** ਕਦੇ ਕੈਦੀਆਂ ਲਈ ਖੌਫ ਵਜੋਂ ਜਾਣੀ ਜਾਂਦੀ ਜੇਲ੍ਹ ਵਿਚ ਫਾਈਵ ਸਟਾਰ ਹੋਟਲ ਬਣੇਗਾ। ਦੂਜੇ ਵਿਸ਼ਵ ਯੁੱਧ ਦੌਰਾਨ ਟਾਰਚਰ ਕੈਂਪ ਰਹੇ ਮਾਮੂਲਾ ਆਈਲੈਂਡ ਨੂੰ ਨਵਾਂ ਰੂਪ ਦਿੱਤਾ ਜਾਵੇਗਾ। ਮਾਨਟੇਨੈਗਰੋ ਸਰਕਾਰ ਇਸ ਥਾਂ 'ਤੇ ਲਗਜ਼ਰੀ ਬੀਚ ਰਿਜ਼ੋਰਟ ਵਿਚ ਬਣਾਉਣ ਜਾ ਰਹੀ ਹੈ। ਇਥੇ ਨਾਈਟ ਕਲੱਬ, ਸਪਾਅ ਤੇ ਰੈਸਟੋਰੈਂਟ ਤੋਂ ਲੈ ਕੇ ਸਾਰੀਆਂ ਆਲੀਸ਼ਾਨ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਇਹ ਜੇਲ੍ਹ ਮਾਨਟੇਨੈਗਰੋ ਵਿਚ ਕ੍ਰੋਏਸ਼ੀਆ ਦੀ ਸਰਹੱਦ ਨੇੜੇ ਮਾਮੂਲਾ ਆਈਲੈਂਡ 'ਤੇ ਮੌਜੂਦ ਹੈ। ਇਹ ਇਕ ਕਿਲ੍ਹੇ ਵਾਂਗ ਬਣੀ ਹੋਈ ਹੈ। ਇਸ ਨੂੰ 1853 ਵਿਚ ਨੇਵੀ ਦੇ ਹਮਲੇ ਤੋਂ ਬਚਣ ਲਈ ਬਣਵਾਇਆ ਗਿਆ ਸੀ। ਫਾਸ਼ੀਵਾਦੀ ਆਗੂ ਬੈਨਿਟੋ ਮੁਸੋਲਿਨੀ ਦੇ ਸ਼ਾਸਨ ਵਿਚ ਇਟਲੀ ਦੀ ਫੌਜ ਨੇ ਇਸ ਨੂੰ ਆਪਣੇ ਕਬਜ਼ੇ 'ਚ ਲੈ ਲਿਆ ਸੀ।

ਦਰਜਨਾਂ ਕੈਦੀਆਂ ਨੇ ਇਥੇ ਤਸੀਹੇ ਝੱਲੇ। ਸਥਾਨਕ ਸਰਕਾਰ ਨੇ ਇਸ ਨੂੰ ਸੈਲਾਨੀਆਂ ਲਈ ਟੂਰਿਸਟ ਸਥਲ ਵਜੋਂ ਵਿਕਸਤ ਕਰਨ ਦਾ ਫੈਸਲਾ ਕੀਤਾ ਹੈ। ਪਿਛਲੇ ਸਾਲ ਸਵਿਟਜ਼ਰਲੈਂਡ ਦੀ ਕੰਪਨੀ ਓਰਾਸਕਾਮ ਨੇ ਇਸ ਲਈ 49 ਸਾਲਾਂ ਦੀ ਲੀਜ਼ ਡੀਲ ਸਾਈਨ ਕੀਤੀ ਹੈ। ਜਾਣਕਾਰੀ ਮੁਤਾਬਕ ਇਸ ਪ੍ਰੋਜੈਕਟ 'ਤੇ 106 ਕਰੋੜ ਰੁਪਏ ਦੀ ਲਾਗਤ ਆਵੇਗੀ। ਇਸ ਬਾਰੇ ਡੀਲ ਮਨਜ਼ੂਰ ਹੁੰਦਿਆਂ ਹੀ ਪੰਜ ਤਾਰਾ ਰਿਜ਼ੋਰਟ ਬਣਾਉਣ ਦੀ ਤਿਆਰੀ ਸ਼ੁਰੂ ਹੋ ਗਈ ਹੈ।

# ਸੁਖਬੀਰ ਬਾਦਲ ਦੀ ਸੁਰੱਖਿਆ ਐਨ.ਐਸ.ਜੀ. ਹਵਾਲੇ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਸੁਰੱਖਿਆ ਨੂੰ ਵੀ ਕੌਮੀ ਸੁਰੱਖਿਆ ਗਾਰਡ (ਐਨ.ਐਸ.ਜੀ.) ਦੇ ਬਲੈਕ ਕੈਟ ਕਮਾਂਡੋਜ਼ ਹਵਾਲੇ ਕਰਨ ਦਾ ਫੈਸਲਾ ਲਿਆ ਗਿਆ ਹੈ। ਉਪ ਮੁੱਖ ਮੰਤਰੀ ਜੋ ਇਸ ਵੇਲੇ ਸਭ ਤੋਂ ਸੁਰੱਖਿਅਤ ਵਿਅਕਤੀਆਂ ਲਈ ਜ਼ੈਡ ਪਲੱਸ ਦਰਜੇ ਦੀ ਸੁਰੱਖਿਆ 'ਚ ਸ਼ਾਮਲ ਹਨ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਾਂਗ ਉਪ ਮੁੱਖ ਮੰਤਰੀ ਨੂੰ ਐਨ.ਐਸ.ਜੀ. ਦੇ ਕਮਾਂਡੋਜ਼ ਦੀ ਸੁਰੱਖਿਆ ਨਹੀਂ ਦਿੱਤੀ ਗਈ ਸੀ ਤੇ ਉਨ੍ਹਾਂ ਦੀ ਸੁਰੱਖਿਆ ਇਸ ਵੇਲੇ ਦੂਜੀਆਂ ਨੀਮ ਫੌਜੀ ਕੇਂਦਰੀ ਸੁਰੱਖਿਆ ਏਜੰਸੀਆਂ ਦੇ ਦਸਤੇ ਕੋਲ ਹੈ, ਜਦੋਂਕਿ ਪੰਜਾਬ ਪੁਲਿਸ ਵੀ ਉਨ੍ਹਾਂ ਦੀ ਸੁਰੱਖਿਆ ਲਈ ਬਕਾਇਦਾ ਨਾਲ ਤਾਇਨਾਤ ਹੈ, ਪਰ ਬੀਤੇ ਦਿਨੀਂ ਕੇਂਦਰੀ ਗ੍ਰਿਹ ਮੰਤਰਾਲੇ ਵੱਲੋਂ ਵੱਖ-ਵੱਖ ਕੇਂਦਰੀ



ਏਜੰਸੀਆਂ ਦੀਆਂ ਰਿਪੋਰਟਾਂ ਦੇ ਅਧਾਰ 'ਤੇ ਉਪ ਮੁੱਖ ਮੰਤਰੀ ਨੂੰ ਐਨ.ਐਸ.ਜੀ. ਦੀ ਸੁਰੱਖਿਆ ਪ੍ਰਦਾਨ ਕਰਨ ਦਾ ਫੈਸਲਾ ਲਿਆ, ਕਿਉਂਕਿ ਏਜੰਸੀਆਂ ਦਾ ਕਹਿਣਾ ਸੀ ਕਿ ਆਉਂਦੀਆਂ ਆਮ ਚੋਣਾਂ ਨੂੰ ਲੈ ਕੇ ਪੰਜਾਬ 'ਚ ਮਾਹੌਲ ਫਿਰ ਗਰਮਾ ਰਿਹਾ ਹੈ, ਜਿਸ ਕਾਰਨ ਉਪ ਮੁੱਖ ਮੰਤਰੀ ਦੀ ਸੁਰੱਖਿਆ ਲਈ ਖਤਰਾ ਦੁਬਾਰਾ ਵਧ ਸਕਦਾ ਹੈ ਜਦੋਂਕਿ ਉਹ ਆਦਤਨ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ ਦੇ ਆਦੀ ਨਹੀਂ ਹਨ।

ਵਰਨਣਯੋਗ ਹੈ ਕਿ ਐਨ.ਐਸ.ਜੀ. ਦੀ ਸੁਰੱਖਿਆ ਮਿਲਣ ਤੋਂ ਬਾਅਦ ਉਪ ਮੁੱਖ ਮੰਤਰੀ ਲਈ ਆਮ ਲੋਕਾਂ ਵਿਚ ਘੁਲਣ ਮਿਲਣ 'ਤੇ ਕੁਝ ਰੋਕਾਂ ਲੱਗ ਸਕਦੀਆਂ ਹਨ ਤੇ ਉਨ੍ਹਾਂ ਲਈ ਸੁਰੱਖਿਆ ਨੂੰ ਛੱਡ ਕੇ ਜਾਣਾ ਜਾਂ ਸੁਰੱਖਿਆ ਦੀ ਰਜ਼ਾਮੰਦੀ ਤੋਂ ਬਿਨਾਂ ਵੀ ਕਿਸੇ ਪਾਸੇ ਜਾਣਾ ਅਸੰਭਵ ਬਣ ਸਕਦਾ ਹੈ। ਨਿਯਮਾਂ ਅਨੁਸਾਰ ਐਨ.ਐਸ.ਜੀ. ਵੱਲੋਂ ਸਾਰੇ ਸੁਰੱਖਿਅਤ ਵਿਅਕਤੀਆਂ ਲਈ ਹਰ ਸਮੇਂ ਅੱਠ ਤੋਂ 10 ਕਮਾਂਡੋਜ਼ ਨਾਲ ਰੱਖੇ ਜਾਂਦੇ ਹਨ ਤੇ ਉਪ ਮੁੱਖ ਮੰਤਰੀ ਦੀ ਸੁਰੱਖਿਆ ਲਈ ਵੀ ਤਕਰੀਬਨ ਕੁੱਲ ਕੋਈ 30 ਕਮਾਂਡੋਜ਼ ਤਾਇਨਾਤ ਕਰਨੇ ਪੈਣਗੇ, ਜੋ ਵੱਖ-ਵੱਖ ਸ਼ਿਫਟਾਂ ਵਿਚ ਕੰਮ ਕਰਨਗੇ। ਕਸ਼ਮੀਰ ਤੋਂ ਬਾਅਦ ਪੰਜਾਬ ਸ਼ਾਇਦ ਦੂਜਾ ਅਜਿਹਾ ਰਾਜ ਹੋਵੇਗਾ ਜਿਥੇ ਕੇਂਦਰ ਵੱਲੋਂ ਇਕ ਤੋਂ ਵੱਧ ਵਿਅਕਤੀ ਨੂੰ ਐਨ.ਐਸ.ਜੀ. ਦੀ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ।

ਕੇਂਦਰ ਵੱਲੋਂ ਹਾਲਾਂਕਿ ਕੁਝ ਸਮਾਂ ਪਹਿਲਾਂ ਫੈਸਲਾ ਲਿਆ ਗਿਆ ਸੀ ਕਿ ਐਨ.ਐਸ.ਜੀ. ਨੂੰ ਘੱਟ ਤੋਂ ਘੱਟ ਸਿਆਸੀ ਆਗੂਆਂ ਦੀ ਸੁਰੱਖਿਆ ਵਿਚ ਲਗਾਇਆ ਜਾਵੇ, ਕਿਉਂਕਿ ਉਕਤ ਸੁਰੱਖਿਆ ਏਜੰਸੀ ਵਿਸ਼ੇਸ਼ ਅਤਿਵਾਦੀ ਵਿਰੋਧੀ ਮੁਹਿੰਮਾਂ ਲਈ ਕਾਇਮ ਕੀਤੀ ਗਈ ਹੈ ਅਤੇ ਇਸ ਨੂੰ ਕਿਸੇ ਵੀ ਘਟਨਾ 'ਚ ਬੰਧਕ ਬਣਾਏ ਜਾਣ ਵਾਲੇ ਲੋਕਾਂ ਦੀ ਰਿਹਾਈ ਲਈ ਅਤੇ ਜਹਾਜ਼ ਅਗਵਾ ਵਰਗੀਆਂ ਘਟਨਾਵਾਂ ਵਿਚ ਕਾਰਵਾਈ ਲਈ ਵਿਸ਼ੇਸ਼ ਟ੍ਰੇਨਿੰਗ ਪ੍ਰਦਾਨ ਕੀਤੀ ਗਈ ਹੈ।

# ਮਨਪ੍ਰੀਤ ਬਾਦਲ ਨੇ ਆਖਰਕਾਰ ਕਾਂਗਰਸ ਦਾ ਹੱਥ ਫੜਿਆ

**ਨਵੀਂ ਦਿੱਲੀ:** ਅਕਾਲੀ-ਭਾਜਪਾ ਸਰਕਾਰ ਵਿਚ ਵਿੱਤ ਮੰਤਰੀ ਰਹੇ ਤੇ ਅੱਠ ਮਹੀਨੇ ਪਹਿਲਾਂ ਕਾਂਗਰਸ ਦੇ ਚੋਣ ਨਿਸ਼ਾਨ ਉਤੇ ਬਠਿੰਡਾ ਲੋਕ ਸਭਾ ਹਲਕੇ ਤੋਂ ਚੋਣ ਲੜਨ ਵਾਲੇ ਮਨਪ੍ਰੀਤ ਬਾਦਲ ਨੇ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦਾ ਕਾਂਗਰਸ ਵਿਚ ਰਲੇਵਾਂ ਕਰ ਦਿੱਤਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਮਨਪ੍ਰੀਤ ਨੇ ਇਹ ਰਲੇਵਾਂ ਬਗੈਰ ਸ਼ਰਤ ਕੀਤਾ ਹੈ।

ਮਨਪ੍ਰੀਤ ਇਥੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਰਿਹਾਇਸ਼ 'ਤੇ ਆਪਣੇ ਤਕਰੀਬਨ 100 ਸਮਰਥਕਾਂ ਸਮੇਤ ਕਾਂਗਰਸ ਵਿਚ ਸ਼ਾਮਲ ਹੋਏ। ਪੰਜਾਬ ਨੂੰ ਤਰੱਕੀ ਵੱਲ ਲਿਜਾਣ ਬਾਰੇ ਪੀ.ਪੀ.ਪੀ. ਦੇ 11 ਨੁਕਤੀ ਮੈਮੋਰੰਡਮ ਨੂੰ ਰਾਹੁਲ ਵੱਲੋਂ ਕਾਂਗਰਸ ਦਾ ਏਜੰਡਾ ਮੰਨਣ ਬਾਅਦ ਇਹ ਰਸਮੀ ਰਲੇਵਾਂ ਹੋਇਆ। ਕਾਂਗਰਸ ਦੇ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ ਨੇ ਮਨਪ੍ਰੀਤ ਦੇ ਕਾਂਗਰਸ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ।

ਆਮ ਆਦਮੀ ਪਾਰਟੀ (ਆਪ) ਦੀ ਚੜ੍ਹਤ ਤੇ 2017 ਵਿਧਾਨ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਵਿਰੋਧੀ ਵੋਟ ਬੈਂਕ ਨੂੰ ਵੰਡਣ ਤੋਂ ਬਚਾਉਣ ਲਈ ਕੈਪਟਨ ਅਮਰਿੰਦਰ ਨੇ ਧਰਮ ਨਿਰਪੱਖ ਪਾਰਟੀਆਂ ਨਾਲ ਹੱਥ ਮਿਲਾਉਣ ਦਾ ਸੰਕੇਤ ਦਿੰਦਿਆਂ ਕਿਹਾ ਕਿ 2012 ਚੋਣਾਂ ਅਸੀਂ ਮਹਿਜ਼ 0.1 ਫੀਸਦੀ ਵੋਟਾਂ ਦੇ ਫਰਕ ਨਾਲ ਹਾਰੇ ਸੀ।



ਅਸੀਂ ਕੱਟੜਪੰਥੀ ਅਕਾਲੀਆਂ ਤੇ ਖਾਰੂਦੀ ਆਮ ਆਦਮੀ ਪਾਰਟੀ ਨੂੰ ਥੰਮ੍ਹਣ ਲਈ ਬਸਪਾ ਅਤੇ ਖੱਬੇ ਪੱਖੀਆਂ ਸਮੇਤ ਹੋਰ ਧਰਮ ਨਿਰਪੱਖ ਪਾਰਟੀਆਂ ਨਾਲ ਗੱਠਜੋੜ ਬਾਰੇ ਗੱਲਬਾਤ ਕਰ ਰਹੇ ਹਾਂ। ਗੱਲਬਾਤ ਦੇ ਬਾਵਜੂਦ 'ਆਪ' ਵਿਚ ਸ਼ਾਮਲ ਨਾ ਹੋਣ ਬਾਰੇ ਮਨਪ੍ਰੀਤ ਨੇ ਕਿਹਾ ਕਿ ਪੰਜਾਬ ਵਿਚ ਤਬਦੀਲੀ ਲਈ 'ਆਪ' ਕੋਲ ਕੋਈ ਖਾਕਾ ਨਹੀਂ ਹੈ। ਸਾਲ 2011 ਵਿਚ ਪੀ.ਪੀ.ਪੀ. ਰਾਹੀਂ ਜੋ ਕੁਝ ਹਾਸਲ ਕਰਨ ਬਾਰੇ ਸੋਚਿਆ ਸੀ, ਅਸੀਂ ਮਹਿਸੂਸ ਕੀਤਾ ਕਿ ਉਹ ਸਭ ਹਾਸਲ ਕਰਨ ਲਈ ਕਾਂਗਰਸ ਮਜ਼ਬੂਤ ਮੰਚ ਹੈ। ਕੈਪਟਨ ਅਮਰਿੰਦਰ ਨੇ ਅਹਿਦ ਲਿਆ ਹੈ ਕਿ ਸੱਤਾ ਵਿਚ ਆਉਣ 'ਤੇ ਉਹ ਚਾਰ ਹਫਤਿਆਂ ਵਿਚ ਪੰਜਾਬ ਵਿਚੋਂ ਨਸ਼ਿਆਂ ਦੀ ਸਪਲਾਈ ਬੰਦ ਕਰ ਦੇਣਗੇ। ਇਸ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਰਾਜਸੀ ਇੱਛਾ ਸ਼ਕਤੀ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਦਾ ਮਿਲਾਪੜਾ ਸੁਭਾਅ ਵੀ ਉਨ੍ਹਾਂ ਦੇ ਕਾਂਗਰਸ ਵਿਚ ਸ਼ਾਮਲ ਹੋਣ ਦਾ ਇਕ ਕਾਰਨ ਹੈ। ਸਾਲ 2012 ਵਿਚ ਸਾਨੂੰ ਮਹਿਜ਼ ਪੰਜ ਫੀਸਦੀ ਵੋਟਾਂ ਮਿਲੀਆਂ ਸਨ, ਪਰ ਰਾਹੁਲ ਫਿਰ ਵੀ ਸਾਡੇ ਪ੍ਰਤੀ ਬੇਹੱਦ ਉਦਾਰ ਹੈ। ਉਨ੍ਹਾਂ ਨਾਲੋਂ ਤਾਂ ਪੰਜਾਬ ਦਾ ਤਹਿਸੀਲਦਾਰ ਵੀ ਆਪਣੇ ਆਪ ਨੂੰ ਉੱਚਾ ਸਮਝਦਾ ਹੈ। ਉਧਰ, ਮਨਪ੍ਰੀਤ ਬਾਦਲ ਦੇ ਕਾਂਗਰਸ ਵਿਚ ਆਉਣ ਨਾਲ ਆਲ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ ਲਈ ਚਿੰਤਾ ਖੜ੍ਹੀ ਹੋ ਗਈ ਹੈ ਕਿਉਂਕਿ ਸ੍ਰੀ ਵੜਿੰਗ ਦੇ ਹਲਕੇ ਗਿੱਦੜਬਾਹਾ ਦੀ ਸਾਬਕਾ ਅਕਾਲੀ ਆਗੂ ਚਾਰ ਵਾਰ ਨੁਮਾਇੰਦਗੀ ਕਰ ਚੁੱਕਾ ਹੈ। ਸਾਲ 2012 ਦੀਆਂ ਚੋਣਾਂ ਵਿਚ ਰਾਜਾ ਵੜਿੰਗ ਨੇ ਮਨਪ੍ਰੀਤ ਨੂੰ ਹਰਾਇਆ ਸੀ। ਜੇਕਰ ਹਾਈਕਮਾਨ ਨੇ ਮਨਪ੍ਰੀਤ ਨੂੰ ਚੋਣ ਲੜਾਉਣ ਦਾ ਫੈਸਲਾ ਕੀਤਾ ਤਾਂ ਰਾਜਾ ਵੜਿੰਗ ਨੂੰ ਇਹ ਸੀਟ ਛੱਡਣੀ ਵੀ ਪੈ ਸਕਦੀ ਹੈ।

## ਪੀ.ਪੀ.ਪੀ. ਦੇ ਤਿੰਨ ਵੱਡੇ ਆਗੂ ਕਾਂਗਰਸ ਨਾਲ ਨਾ ਰਲੇ

**ਜਲੰਧਰ:** ਮਨਪ੍ਰੀਤ ਸਿੰਘ ਬਾਦਲ ਦੇ ਕਾਂਗਰਸ ਵਿਚ ਸ਼ਾਮਲ ਹੋਣ ਨਾਲ ਉਸ ਦੇ ਕਈ ਭਰੋਸੇਯੋਗ ਸਾਥੀ ਸਾਥ ਛੱਡ ਗਏ ਹਨ। ਉਹ ਦਿੱਲੀ ਤਾਂ ਗਏ, ਪਰ ਕਾਂਗਰਸ ਵਿਚ ਸ਼ਾਮਲ ਹੋਣ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਉਨ੍ਹਾਂ ਨੂੰ ਸੋਚਣ ਦਾ ਅਜੇ ਹੋਰ ਸਮਾਂ ਚਾਹੀਦਾ ਹੈ। ਪੀ.ਪੀ.ਪੀ. ਦੇ ਮੀਤ ਪ੍ਰਧਾਨ ਤੇ ਮੁੱਖ ਬੁਲਾਰੇ ਡਾ. ਨਵਜੋਤ ਸਿੰਘ ਦਾਹੀਆ ਘਰੋਂ ਤਾਂ ਮਨਪ੍ਰੀਤ ਸਿੰਘ ਬਾਦਲ ਨਾਲ ਕਾਂਗਰਸ ਵਿਚ ਸ਼ਾਮਲ ਹੋਣ ਲਈ ਹੀ ਗਏ ਸਨ, ਪਰ ਦਿੱਲੀ ਪਹੁੰਚਦਿਆਂ-ਪਹੁੰਚਦਿਆਂ ਉਨ੍ਹਾਂ ਦਾ ਮਨ ਬਦਲ ਗਿਆ ਤੇ ਮਨਪ੍ਰੀਤ ਸਿੰਘ ਬਾਦਲ ਕੋਲੋਂ ਸੋਚਣ ਲਈ ਹੋਰ ਸਮਾਂ ਮੰਗਦਿਆਂ ਉਹ ਕਾਂਗਰਸ ਵਿਚ ਨਹੀਂ ਸ਼ਾਮਿਲ ਹੋਏ। ਇਸੇ ਤਰ੍ਹਾਂ ਪੀ.ਪੀ.ਪੀ. ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਖਹਿਰਾ ਤੇ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਰਾਜਾ ਵੀ ਕਾਂਗਰਸ ਵਿਚ ਸ਼ਾਮਲ ਨਹੀਂ ਹੋਏ। ਸਾਲ 2011 ਵਿਚ ਪੀ.ਪੀ.ਪੀ. ਬਣਾਉਣ ਵਾਲਿਆਂ ਵਿਚ ਮੋਹਰੀ ਰਹੇ ਆਗੂਆਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਪਾਰਟੀ ਦੇ ਨਾਂ 'ਤੇ ਹੀ ਚੋਣ ਫੰਡ ਇਕੱਠੇ ਕੀਤੇ ਸਨ ਤੇ ਲੋਕਾਂ ਨੂੰ ਬਦਲਵੀਂ ਰਾਜਨੀਤੀ ਲਿਆਉਣ ਦਾ ਭਰੋਸਾ ਦਿੱਤਾ ਸੀ ਜਿਸ ਕਰਕੇ ਉਹ ਉਨ੍ਹਾਂ ਨਾਲ ਸਲਾਹ ਕੀਤੇ ਬਿਨਾਂ ਉਹ ਕਾਂਗਰਸ ਵਿਚ ਸ਼ਾਮਲ ਨਹੀਂ ਹੋ ਸਕਦੇ।

### ਰਲੇਵਾਂ ਅਚਾਨਕ ਨਹੀਂ ਹੋਇਆ: ਮਨਪ੍ਰੀਤ

**ਚੰਡੀਗੜ੍ਹ:** ਪ੍ਰੈੱਸ ਕਾਨਫਰੰਸ ਦੌਰਾਨ ਮਨਪ੍ਰੀਤ ਨੇ ਕਿਹਾ ਕਿ ਇਹ ਰਲੇਵਾਂ ਅਚਾਨਕ ਨਹੀਂ ਹੋਇਆ। ਇਹ ਰਾਹੁਲ ਗਾਂਧੀ ਨਾਲ ਪਿਛਲੇ ਛੇ ਮਹੀਨਿਆਂ ਦੇ ਮੇਲ-ਜੋਲ ਦਾ ਨਤੀਜਾ ਹੈ। ਇਹ ਪੰਜਾਬ ਦੇ ਮਸਲਿਆਂ ਦੇ ਹੱਲ ਲਈ ਹੈ। ਕਾਂਗਰਸ ਮੀਤ ਪ੍ਰਧਾਨ ਨੇ ਸਾਡੇ ਏਜੰਡੇ ਨੂੰ ਆਪਣਾ ਦੱਸਿਆ ਹੈ। ਅਸੀਂ ਕਾਂਗਰਸ ਵਿਚ ਬਗੈਰ ਕਿਸੇ ਸ਼ਰਤ ਦੇ ਸ਼ਾਮਲ ਹੋਏ ਹਾਂ।

# ਤਸਾਈ ਇੰਗ-ਵੇਨ ਬਣੀ ਤਾਇਵਾਨ ਦੀ ਪਹਿਲੀ ਮਹਿਲਾ ਰਾਸ਼ਟਰਪਤੀ

**ਤਾਇਪੇ:** ਤਾਇਵਾਨ ਦੀ ਸੱਤਾਧਾਰੀ ਕੁਓਮਿਤਾਂਗ ਪਾਰਟੀ ਵੱਲੋਂ ਚੋਣਾਂ ਵਿਚ ਹਾਰ ਕਬੂਲ ਕਰ ਲੈਣ ਨਾਲ ਮੁੱਖ ਵਿਰੋਧੀ ਡੈਮੋਕਰੈਟਿਕ ਪ੍ਰੋਗਰੈਸਿਵ ਪਾਰਟੀ ਦੀ ਤਸਾਈ ਇੰਗ-ਵੇਨ ਦੇਸ਼ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਬਣੇਗੀ। ਇਸ ਦੇ ਨਾਲ ਹੀ ਚੀਨ ਨਾਲ ਤਕਰੀਬਨ ਅੱਠ ਸਾਲਾਂ ਦੇ ਸਬੰਧਾਂ ਵਾਲੇ ਸਾਸ਼ਨ ਦਾ ਅੰਤ ਹੋ ਜਾਵੇਗਾ।

ਦੇਸ਼ ਵਾਸੀਆਂ ਨੇ ਤਸਾਈ ਨੂੰ ਅੱਗੇ ਲਿਆ ਕਿ ਚੀਨ ਨੂੰ ਪਿੱਛੇ ਧੱਕ ਦਿੱਤਾ ਹੈ ਤੇ ਚੀਨ ਨਾਲ ਸਬੰਧ ਰੱਖਣ ਵਾਲੀ ਪਾਰਟੀ ਕੇ.ਐਮ.ਟੀ. ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ ਹੈ। ਕੇ.ਐਮ.ਟੀ. ਦੇ ਰਾਸ਼ਟਰਪਤੀ ਲਈ ਉਮੀਦਵਾਰ ਐਰਿਕ ਚੂ ਨੇ ਪਾਰਟੀ ਮੁੱਖ ਦਫਤਰ ਤੋਂ ਲੋਕਾਂ ਨੂੰ ਕਿਹਾ, 'ਮੈਂ ਮੁਆਫੀ ਚਾਹੁੰਦਾ ਹਾਂ ਕਿ ਅਸੀਂ ਚੋਣ ਹਾਰ ਗਏ। ਅਸੀਂ ਪੂਰੀ ਮਿਹਨਤ ਨਾਲ ਕੰਮ ਨਹੀਂ ਕਰ ਸਕੇ ਤੇ ਲੋਕਾਂ ਨੇ ਸਾਨੂੰ ਨਕਾਰ ਦਿੱਤਾ ਹੈ।' ਤਸਾਈ ਦੀ ਡੈਮੋਕਰੈਟਿਕ ਪ੍ਰੋਗਰੈਸਿਵ ਪਾਰਟੀ ਚੀਨ ਨਾਲ ਬਹੁਤੀ ਨੇੜਤਾ ਨਹੀਂ ਰੱਖਦੀ। ਕੇ.ਐਮ.ਟੀ. ਵੱਲੋਂ ਚੀਨ ਨਾਲ ਕੀਤੇ ਸਮਝੌਤੇ ਤਾਇਵਾਨ ਨੂੰ ਲਾਭ ਦੇਣ ਵਿਚ ਸਫਲ ਨਹੀਂ ਹੋਏ। ਇਸ ਕਾਰਨ ਲੋਕ ਸਰਕਾਰ ਤੋਂ ਨਾਰਾਜ਼ ਸਨ।

## ਊਧਮਪੁਰ ਨੇੜੇ ਬੱਸ ਖੱਡ 'ਚ ਡਿੱਗਣ ਕਾਰਨ 11 ਮੌਤਾਂ

**ਸ੍ਰੀਨਗਰ:** ਜੰਮੂ-ਕਸ਼ਮੀਰ ਦੇ ਊਧਮਪੁਰ ਜ਼ਿਲ੍ਹੇ ਵਿਚ ਇਕ ਬੱਸ ਦੇ ਡੂੰਘੀ ਖੱਡ ਵਿਚ ਡਿੱਗਣ ਕਾਰਨ 11 ਮੁਸਾਫਰਾਂ ਦੀ ਮੌਤ ਹੋ ਗਈ, ਜਦਕਿ 20 ਸਵਾਰੀਆਂ ਜ਼ਖਮੀ ਹੋਈਆਂ। ਬੱਸ ਵਿਚ ਤਕਰੀਬਨ 41 ਸਵਾਰੀਆਂ ਸਨ। ਊਧਮਪੁਰ ਤੋਂ ਬਸੰਤਗੜ੍ਹ ਜਾਂਦੇ ਰਾਮਨਗਰ ਦੇ ਘਈਆ ਨੇੜੇ ਬੱਸ ਡਰਾਈਵਰ ਦੇ ਕਾਬੂ ਤੋਂ ਬਾਹਰ ਹੋ ਕੇ ਖੱਡ ਵਿਚ ਜਾ ਡਿੱਗੀ। ਖਬਰ ਲੱਗਦੇ ਸਾਰ ਪੁਲਿਸ ਤੇ ਆਮ ਨਾਗਰਿਕਾਂ ਨੇ ਬਚਾਅ ਕਾਰਵਾਈ ਸ਼ੁਰੂ ਕੀਤੀ ਅਤੇ ਜ਼ਖਮੀਆਂ ਤੇ ਮ੍ਰਿਤਕਾਂ ਨੂੰ ਰਾਮਨਗਰ ਦੇ ਉਪ ਜ਼ਿਲ੍ਹਾ ਹਸਪਤਾਲ ਪਹੁੰਚਾਇਆ। ਜ਼ਿਲ੍ਹਾ ਪ੍ਰਸ਼ਾਸਨ ਊਧਮਪੁਰ ਨੇ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਲਈ ਰਾਹਤ ਦਾ ਐਲਾਨ ਕੀਤਾ ਹੈ।

# ਹਰਿਆਣਾ 'ਚ ਲਿੰਗ ਅਨੁਪਾਤ ਦਾ ਪਾੜਾ ਘਟਿਆ

**ਚੰਡੀਗੜ੍ਹ:** ਹਰਿਆਣਾ ਨੇ ਪਿਛਲੇ ਛੇ ਮਹੀਨਿਆਂ ਵਿਚ ਲਿੰਗ ਅਨੁਪਾਤ ਦੀ ਦਰ ਵਿਚ ਕਾਫੀ ਸੁਧਾਰ ਕੀਤਾ ਹੈ। ਸੂਬੇ ਵਿਚ ਕੁੜੀਆਂ ਦੀ ਗਿਣਤੀ 900 ਦਾ ਅੰਕੜਾ ਪਾਰ ਕਰ ਗਈ ਹੈ ਤੇ ਇਕ ਹਜ਼ਾਰ ਮੁੰਡਿਆਂ ਪਿੱਛੇ ਕੁੜੀਆਂ ਦੀ ਗਿਣਤੀ 903 ਪਹੁੰਚ ਗਈ ਹੈ।

ਲੜਕੇ ਤੇ ਲੜਕੀਆਂ ਦੀ ਅਨੁਪਾਤ ਦਰ ਵਿਚ ਸੁਧਾਰ ਲਿਆਉਣ ਲਈ ਸੂਬਾ ਸਰਕਾਰ ਤੇ ਖਾਸ ਕਰਕੇ ਸੂਬੇ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨੇ ਸਿਹਤ ਮੰਤਰੀ ਅਨਿਲ ਵਿੱਜ ਦੀ ਅਗਵਾਈ ਵਿਚ 'ਬੇਟੀ ਬਚਾਓ ਤੇ ਬੇਟੀ ਪੜ੍ਹਾਓ' ਮੁਹਿੰਮ ਤਹਿਤ ਕਾਫੀ ਸਖਤੀ ਕੀਤੀ ਸੀ ਤੇ ਇਸ ਸਦਕਾ ਲਿੰਗ ਦੀ ਜਾਂਚ ਕਰਨ ਵਾਲੇ ਸੈਂਟਰ ਸੂਬੇ ਵਿਚੋਂ ਬੰਦ ਹੋ ਗਏ ਸਨ ਜਾਂ ਉਨ੍ਹਾਂ ਵਿਚ ਲਿੰਗ ਜਾਂਚ ਦਾ ਕੰਮ ਬੰਦ ਹੋ ਗਿਆ ਸੀ। ਹਰਿਆਣਾ ਦੇ ਸਿਹਤ ਵਿਭਾਗ ਨੇ ਗੁਆਂਢੀ ਸੂਬਿਆਂ ਦਿੱਲੀ, ਪੰਜਾਬ, ਉਤਰ ਪ੍ਰਦੇਸ਼ ਵਿਚ ਛਾਪੇ ਮਾਰੇ ਤੇ ਲਿੰਗ ਦੀ ਜਾਂਚ ਕਰਨ ਵਾਲੇ ਡਾਕਟਰਾਂ ਦਾ ਪਿੱਛਾ ਕਰਕੇ ਉਨ੍ਹਾਂ ਨੂੰ ਸਲਾਖਾਂ ਪਿੱਛੇ ਬੰਦ ਕੀਤਾ। ਇਸ ਤੋਂ ਇਲਾਵਾ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਲਿੰਗ ਦੀ ਜਾਂਚ ਕਰਨ ਵਾਲੇ ਸੈਂਟਰਾਂ ਤੇ ਡਾਕਟਰਾਂ



ਦਾ ਪਤਾ ਦੇਣ ਵਾਲਿਆਂ ਨੂੰ ਇਕ ਲੱਖ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਤੇ ਇਸ ਸਕੀਮ ਤਹਿਤ 17 ਵਿਅਕਤੀ ਇਕ ਇਕ ਲੱਖ ਦੇ ਇਨਾਮ ਲੈ ਚੁੱਕੇ ਹਨ।

ਸੂਬੇ ਦੇ ਇਕ ਦਰਜਨ ਜ਼ਿਲ੍ਹਿਆਂ ਵਿਚ ਲਿੰਗ ਅਨੁਪਾਤ ਵਿਚ ਕਾਫੀ ਜ਼ਿਆਦਾ ਸੁਧਾਰ ਹੋਇਆ ਹੈ ਤੇ ਸਿਰਸਾ ਜ਼ਿਲ੍ਹੇ ਵਿਚ ਲੜਕੇ ਤੇ ਲੜਕੀਆਂ ਦਾ ਅਨੁਪਾਤ ਬਰਾਬਰ ਹੋ ਗਿਆ ਹੈ ਤੇ ਇਸ ਜ਼ਿਲ੍ਹੇ ਵਿਚ ਇਕ ਹਜ਼ਾਰ ਲੜਕਿਆਂ ਪਿੱਛੇ 999 ਲੜਕੀਆਂ ਹਨ। ਪੰਚਕੂਲਾ ਵਿਚ 961, ਕਰਨਾਲ 959, ਫਤਿਆਬਾਦ 952, ਗੁੜਗਾਉਂ 946, ਜੀਂਦ 940, ਰਿਵਾੜੀ 931, ਮੇਵਾਤ 923, ਮਹਿੰਦਰਗੜ੍ਹ 912 ਅਤੇ ਹਿਸਾਰ ਵਿੱਚ 906 ਹੈ। ਮੁੱਖ ਮੰਤਰੀ ਖੱਟਰ ਨੇ ਕਿਹਾ ਕਿ ਅਗਲੇ ਛੇ ਮਹੀਨਿਆਂ ਵਿਚ ਅਨੁਪਾਤ ਦਰ 950 ਪ੍ਰਾਪਤ ਕਰਨ ਦਾ ਟੀਚਾ ਰੱਖਿਆ ਗਿਆ ਹੈ ਤੇ ਇਸ ਨੂੰ ਪ੍ਰਾਪਤ ਕਰਨ ਲਈ ਜ਼ੋਰਦਾਰ ਉਪਰਾਲੇ ਕੀਤੇ ਜਾਣਗੇ। ਸਿਹਤ ਵਿਭਾਗ ਅਤੇ ਪੁਲਿਸ ਦੀ ਮਦਦ ਨਾਲ ਸਿਰਸਾ ਜ਼ਿਲ੍ਹੇ ਵਿਚ ਲਿੰਗ ਦੀ ਜਾਂਚ ਕਰਨ ਵਾਲੇ ਇਕ ਗਿਰੋਹ ਦਾ ਪਿਛਲੇ ਸਾਲ ਅਕਤੂਬਰ ਵਿਚ ਪਰਦਾਫਾਸ਼ ਕੀਤਾ ਗਿਆ ਤੇ ਇਸ ਗੋਰਖਧੰਦੇ ਵਿਚ ਸ਼ਾਮਲ 40 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਸਜ਼ਾਵਾਂ ਦਿੱਤੀਆਂ ਗਈਆਂ।

ਇਸ ਜ਼ਿਲ੍ਹੇ ਵਿਚ ਅਕਤੂਬਰ ਮਹੀਨੇ ਲਿੰਗ ਅਨੁਪਾਤ ਦਰ 978 ਸੀ, ਜਿਹੜੀ ਦਸੰਬਰ ਮਹੀਨੇ ਵਿਚ 999 ਹੋ ਗਈ। ਜਾਣਕਾਰਾਂ ਦਾ ਕਹਿਣਾ ਹੈ ਕਿ ਜੇਕਰ ਲਿੰਗ ਜਾਂਚ ਕੇਂਦਰ ਵਿਰੁੱਧ ਸਖਤੀ ਦਾ ਦੌਰ ਜਾਰੀ ਰਿਹਾ ਤਾਂ ਸੂਬੇ ਵਿਚ 950 ਦੀ ਅਨੁਪਾਤ ਦਰ ਪ੍ਰਾਪਤ ਕਰਨਾ ਔਖਾ ਕਾਰਜ ਨਹੀਂ ਹੋਵੇਗਾ।

# ਪੰਜਾਬ ਪੁਲਿਸ ਅਜੇ ਵੀ ਪੁਰਾਣੇ ਅਤੇ ਕੰਡਮ ਹਥਿਆਰਾਂ ਆਸਰੇ

**ਬਠਿੰਡਾ:** ਦਹਿਸ਼ਤੀ ਹਮਲੇ ਤੋਂ ਬਾਅਦ ਪੰਜਾਬ ਪੁਲਿਸ ਕੋਲ ਪੁਰਾਣੇ ਤੇ ਕੰਡਮ ਹਥਿਆਰਾਂ ਦਾ ਮਸਲਾ ਭਖਿਆ ਹੋਇਆ ਹੈ। ਸੁਰੱਖਿਆ ਪੱਖੋਂ ਸਭ ਤੋਂ ਮਾੜਾ ਹਾਲ ਸੂਬੇ ਦੀਆਂ ਜੇਲ੍ਹਾਂ ਦਾ ਹੈ। ਜੇਲ੍ਹਾਂ ਵਿਚ ਨਾ ਪੂਰੀ ਗਾਰਦ ਹੈ ਤੇ ਨਾ ਹੀ ਆਧੁਨਿਕ ਹਥਿਆਰ। ਵਰ੍ਹਿਆਂ ਤੋਂ ਨਵੇਂ ਹਥਿਆਰਾਂ ਦੀ ਮੰਗ ਹੋ ਰਹੀ ਹੈ, ਪਰ ਸਰਕਾਰ ਨੇ ਜੇਲ੍ਹਾਂ ਖਾਤਰ ਨਵੇਂ ਹਥਿਆਰ ਅਜੇ ਤੱਕ ਨਹੀਂ ਖਰੀਦੇ।

ਕਈ ਜੇਲ੍ਹਾਂ ਵਿਚ ਤਾਂ ਮਾਸਕਟ ਰਾਈਫਲਾਂ ਹੀ ਹਨ ਅਤੇ ਕਾਫੀ ਜੇਲ੍ਹਾਂ ਵਿਚ ਥ੍ਰੀ ਨੌਟ ਥ੍ਰੀ ਰਾਈਫਲਾਂ ਨਾਲ ਹੀ ਰਾਖੀ ਕੀਤੀ ਜਾ ਰਹੀ ਹੈ ਜੋ ਤਕਰੀਬਨ ਤਿੰਨ ਦਹਾਕੇ ਪੁਰਾਣੇ ਹਥਿਆਰ ਹਨ। ਪਠਾਨਕੋਟ ਹਮਲੇ ਮਗਰੋਂ ਜੇਲ੍ਹਾਂ ਵਿਚ ਚੌਕਸੀ ਤਾਂ ਵਧਾ ਦਿੱਤੀ ਗਈ ਹੈ, ਪਰ ਹਥਿਆਰ ਪੁਰਾਣੇ ਹੀ ਹਨ। ਜੇਲ੍ਹ ਵਿਭਾਗ ਨੇ ਸੁਰੱਖਿਆ ਲਈ ਬੈਰਕਾਂ ਵਿਚ ਸੀ.ਸੀ.ਟੀ.ਵੀ. ਕੈਮਰੇ ਲਾਉਣ ਦਾ ਫੈਸਲਾ ਕਰ ਲਿਆ ਹੈ ਪਰ ਜੇਲ੍ਹ ਵਾਰਡਨਾਂ ਦੀ ਕਮੀ ਹੈ। ਤਕਰੀਬਨ ਇਕ ਹਜ਼ਾਰ ਜੇਲ੍ਹ ਵਾਰਡਨਾਂ ਸਮੇਤ ਅਧਿਕਾਰੀਆਂ ਦੀ ਲੋੜ ਹੈ। ਵਿੱਤ ਵਿਭਾਗ ਨੇ 600 ਜੇਲ੍ਹ ਵਾਰਡਨ ਸਮੇਤ ਅਧਿਕਾਰੀ ਰੱਖਣ ਲਈ ਹਰੀ ਝੰਡੀ ਦਿੱਤੀ ਹੋਈ ਹੈ।

ਹੁਣ ਹੋਮਗਾਰਡ ਦੇ ਜਵਾਨ ਜੇਲ੍ਹਾਂ ਦੀ ਸੁਰੱਖਿਆ ਉਤੇ ਲਗਾਏ ਗਏ ਹਨ। ਜੇਲ੍ਹ ਵਿਭਾਗ ਨੇ ਪੈਸਕੋ ਤੋਂ ਵੀ ਸੁਰੱਖਿਆ ਗਾਰਦ ਲਏ ਹੋਏ ਹਨ। ਜੇਲ੍ਹਾਂ ਲਈ ਏ.ਕੇ 47 ਵੀ ਪੁਲਿਸ ਵਿਭਾਗ ਤੋਂ ਉਧਾਰ ਲਈਆਂ ਹੋਈਆਂ ਹਨ। ਅਧਿਕਾਰੀਆਂ ਕੋਲ ਜੋ ਯੂ.ਐਸ.ਏ. ਦੇ ਰਿਵਾਲਵਰ ਹੈ, ਸਿਰਫ ਉਹੀ ਚੰਗੀ ਹਾਲਤ ਵਿਚ ਹਨ।

ਅੱਧੀ ਦਰਜਨ ਜੇਲ੍ਹਾਂ ਕੋਲ ਤਾਂ ਮਾਸਕਟ ਰਾਈਫਲਾਂ ਹੀ ਹਨ ਜੋ ਬਹੁਤ ਪੁਰਾਣੀਆਂ ਹਨ। ਬਠਿੰਡਾ ਜੇਲ੍ਹ ਕੋਲ ਤਕਰੀਬਨ ਦੋ ਦਰਜਨ ਥ੍ਰੀ ਨੌਟ ਥ੍ਰੀ ਰਾਈਫਲਾਂ ਹਨ ਜੋ ਬਹੁਤ ਪੁਰਾਣੀਆਂ ਹਨ। ਬਠਿੰਡਾ ਜੇਲ੍ਹ ਦੇ ਸੁਪਰਡੈਂਟ ਸੁਖਵਿੰਦਰ ਸਿੰਘ ਸਹੋਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਨਵੇਂ ਹਥਿਆਰਾਂ ਦੀ ਮੰਗ ਬਾਰੇ ਪੱਤਰ ਲਿਖੇ ਹੋਏ ਹਨ।

ਜਾਣਕਾਰੀ ਅਨੁਸਾਰ ਫਰੀਦਕੋਟ ਜੇਲ੍ਹ ਦੀ ਰਾਖੀ ਲਈ 11 ਟਾਵਰ ਬਣੇ ਹੋਏ ਹਨ ਪਰ ਇਸ ਜੇਲ੍ਹ ਕੋਲ ਵੀ ਐਸ.ਐਲ.ਆਰ. ਤੋਂ ਇਲਾਵਾ ਪੁਰਾਣੇ ਹੀ ਹਥਿਆਰ ਹਨ। ਜੇਲ੍ਹ ਸੁਪਰਡੈਂਟ ਬਲਕਾਰ ਸਿੰਘ ਭੁੱਲਰ ਦਾ ਕਹਿਣਾ ਹੈ ਕਿ ਹੋਮਗਾਰਡ ਜਵਾਨਾਂ ਕੋਲ ਐਸ.ਐਲ.ਆਰ. ਹਨ ਅਤੇ ਜੋ ਥ੍ਰੀ ਨੌਟ ਥ੍ਰੀ ਰਾਈਫਲਾਂ ਹਨ। ਫਿਰੋਜ਼ਪੁਰ ਜੇਲ੍ਹ ਵਿਚ ਅੱਠ ਟਾਵਰ ਹਨ ਅਤੇ ਇਸ ਜੇਲ੍ਹ ਕੋਲ ਵੀ ਥ੍ਰੀ ਨੌਟ ਥ੍ਰੀ ਰਾਈਫਲਾਂ ਹਨ। ਸਬ ਜੇਲ੍ਹ ਮੋਗਾ ਕੋਲ ਵੀ ਇਹੋ ਰਾਈਫਲਾਂ ਹੀ ਹਨ, ਜਦੋਂਕਿ ਸਬ ਜੇਲ੍ਹ ਫਾਜ਼ਿਲਕਾ ਕੋਲ ਚਾਰ ਥ੍ਰੀ ਨੌਟ ਥ੍ਰੀ ਰਾਈਫਲਾਂ ਹਨ ਅਤੇ ਇਸ ਸਬ ਜੇਲ੍ਹ ਕੋਲ ਕਈ ਮਾਸਕਟ ਰਾਈਫਲਾਂ ਵੀ ਹਨ। ਪਠਾਨਕੋਟ ਦੀ ਸਬ ਜੇਲ੍ਹ ਕੋਲ ਸੱਤ ਮਾਸਕਟ ਰਾਈਫਲਾਂ ਸਨ। ਸੰਗਰੂਰ ਜੇਲ੍ਹ ਦੇ ਪ੍ਰਬੰਧਕਾਂ ਨੇ ਮਾਸਕਟ ਰਾਈਫਲਾਂ ਜਮ੍ਹਾਂ ਕਰਾ ਦਿੱਤੀਆਂ ਹਨ।

ਬਹੁ-ਗਿਣਤੀ ਜੇਲ੍ਹ ਅਫਸਰਾਂ ਕੋਲ ਤਾਂ ਸਰਕਾਰੀ ਵਾਹਨ ਵੀ ਨਹੀਂ ਹਨ। ਸੂਬਾ ਸਰਕਾਰ ਨੇ ਜੇਲ੍ਹਾਂ ਨੂੰ 1986 ਵਿਚ ਤਕਰੀਬਨ 15 ਜਿਪਸੀਆਂ ਦਿੱਤੀਆਂ ਸਨ ਜੋ ਕੰਡਮ ਹੋ ਚੁੱਕੀਆਂ ਹਨ। ਜੇਲ੍ਹ ਵਾਰਡਨ ਐਸੋਸੀਏਸ਼ਨ ਦੇ ਪ੍ਰਧਾਨ ਵਿਜੇ ਕੁਮਾਰ ਦਾ ਕਹਿਣਾ ਹੈ ਕਿ ਭਾਵੇਂ ਕੁਝ ਐਸ.ਐਲ.ਆਰ. ਜੇਲ੍ਹਾਂ ਵਿਚ ਮੌਜੂਦ ਹਨ ਪਰ ਬਹੁ-ਗਿਣਤੀ ਹਥਿਆਰ ਪੁਰਾਣੇ ਹੀ ਹਨ ਜਿਨ੍ਹਾਂ ਨੂੰ ਬਦਲਣ ਦੀ ਲੋੜ ਹੈ। ਜੇਲ੍ਹ ਵਾਰਡਨਾਂ ਦੀਆਂ ਖਾਲੀ ਅਸਾਮੀਆਂ ਵੀ ਫੌਰੀ ਭਰਨ ਦੀ ਲੋੜ ਹੈ। ਜੇਲ੍ਹ ਮੰਤਰੀ ਸੋਹਣ ਸਿੰਘ ਠੰਡਲ ਨੇ ਕਿਹਾ ਕਿ ਜੇਲ੍ਹਾਂ ਵਿਚ ਨਵੇਂ ਹਥਿਆਰਾਂ ਦੀ ਬਹੁਤੀ ਲੋੜ ਨਹੀਂ ਪੈਂਦੀ, ਕਿਉਂਕਿ ਬੰਦੀਆਂ ਕੋਲ ਕੁਝ ਨਹੀਂ ਹੁੰਦਾ ਹੈ। ਟਾਵਰ ਵਾਲੇ ਸੰਤਰੀਆਂ ਕੋਲ ਹਥਿਆਰ ਹੁੰਦੇ ਹੀ ਹਨ। ਆਧੁਨਿਕ ਹਥਿਆਰਾਂ ਬਾਰੇ ਅਜੇ ਸੋਚਿਆ ਨਹੀਂ ਹੈ।



## ਕੌਮਾਂਤਰੀ ਸਰਹੱਦ 'ਤੇ ਸਖਤੀ ਦੀ ਲੋੜ: ਸੁਖਬੀਰ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਨਸ਼ਿਆਂ ਦੇ ਅਤਿਵਾਦ ਖਿਲਾਫ ਲੜਾਈ ਲੜਨ ਲਈ ਪਾਕਿਸਤਾਨ ਨਾਲ ਲਗਦੀ ਕੌਮਾਂਤਰੀ ਸਰਹੱਦ ਉਤੇ ਆਧੁਨਿਕ ਨਿਗਰਾਨ ਤਰੀਕਿਆਂ ਦੀ ਵਰਤੋਂ ਦੀ ਵਕਾਲਤ ਕੀਤੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਸਜ਼ਾਵਾਂ ਦੇਣ ਵਿਚ ਪੰਜਾਬ ਦੇਸ਼ ਵਿਚ ਸਭ ਤੋਂ ਅੱਗੇ ਹੈ ਤੇ ਇਥੇ ਨਸ਼ਾ ਛੁਡਾਊ ਮੁਹਿੰਮ ਵੀ ਅਸਰਦਾਰ ਤਰੀਕੇ ਨਾਲ ਲਾਗੂ ਕੀਤੀ ਗਈ ਹੈ। ਉਪ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦਾ ਪਾਕਿਸਤਾਨ ਨਾਲ ਲੱਗਦਾ ਸਰਹੱਦੀ ਖੇਤਰ ਨਦੀਆਂ ਨਾਲ ਘਿਰਿਆ ਹੈ ਅਤੇ ਕਈ ਖੇਤਰਾਂ ਵਿਚਲੀਆਂ ਚੋਰ-ਮੋਰੀਆਂ ਦਾ ਫਾਇਦਾ ਉਠਾਉਂਦੇ ਹੋਏ ਨਸ਼ਾ ਤਸਕਰ ਆਪਣੇ ਨਾਪਾਕ ਮਨਸੂਬਿਆਂ ਵਿਚ ਸਫਲ ਹੋ ਜਾਂਦੇ ਹਨ, ਇਸ ਲਈ ਇਹ ਸਮੇਂ ਦੀ ਲੋੜ ਬਣ ਗਿਆ ਹੈ ਕਿ ਸੁਰੱਖਿਆ ਬਲਾਂ ਨੂੰ ਢੁਕਵੀਂ ਗਿਣਤੀ ਵਿਚ ਸਰਹੱਦ 'ਤੇ ਤਾਇਨਾਤ ਕੀਤਾ ਜਾਵੇ ਅਤੇ ਪੰਜਾਬ ਵਿਚ ਨਸ਼ਿਆਂ ਦੀ ਸਪਲਾਈ ਨੂੰ ਰੋਕਣ ਲਈ ਸਾਰਥਕ ਕਦਮ ਚੁੱਕੇ ਜਾਣ।

# 'ਪੰਜਾਬ ਵਿਚ ਸਿੱਖ ਘੱਟ-ਗਿਣਤੀ ਹਨ ਜਾਂ ਨਹੀਂ'

## ਸੁਪਰੀਮ ਕੋਰਟ ਵੱਲੋਂ ਘੋਖ ਸ਼ੁਰੂ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਇਸ ਫ਼ੈਸਲੇ ਕਿ ਪੰਜਾਬ ਵਿਚ ਸਿੱਖਾਂ ਨੂੰ ਸਿੱਖ ਵਿਦਿਅਕ ਸੰਸਥਾਵਾਂ ਵਿਚ 50 ਫ਼ੀਸਦੀ ਕੋਟਾ ਨਹੀਂ ਦਿੱਤਾ ਜਾ ਸਕਦਾ, ਦੀ ਵਾਜਬੀਅਤ ਬਾਰੇ ਫ਼ੈਸਲਾ ਕਰਨ ਲਈ ਸੁਣਵਾਈ ਸ਼ੁਰੂ ਕਰਦਿਆਂ ਪੁੱਛਿਆ ਹੈ ਕਿ ਕੀ ਪੰਜਾਬ ਵਿਚ ਸਿੱਖਾਂ ਅਤੇ ਕਸ਼ਮੀਰ ਵਿਚ ਮੁਸਲਮਾਨਾਂ ਨੂੰ ਘੱਟ-ਗਿਣਤੀ ਵਜੋਂ ਲਿਆ ਜਾ ਸਕਦਾ ਹੈ ਜਾਂ ਨਹੀਂ?

ਚੀਫ ਜਸਟਿਸ ਤੀਰਥ ਸਿੰਘ ਠਾਕੁਰ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਮਾਮਲੇ ਵਿਚ ਅਟਾਰਨੀ ਜਨਰਲ ਮੁਕਲ ਰੋਹਤਗੀ ਤੋਂ ਸਹਾਇਤਾ ਦੀ ਮੰਗ ਕੀਤੀ ਅਤੇ ਮਾਮਲੇ ਵਿਚ ਸੀਨੀਅਰ ਵਕੀਲ ਟੀ. ਆਰ. ਐਂਡਿਆਰੁਜੀਨਾ ਨੂੰ ਨਿਆਂਇਕ ਸਲਾਹਕਾਰ ਵਜੋਂ ਨਿਯੁਕਤ ਕੀਤਾ। ਬੈਂਚ ਜਿਸ ਵਿਚ ਜਸਟਿਸ ਐਫ. ਐਮ. ਆਈ. ਕੈਲੀਫੁਲਾ, ਜਸਟਿਸ ਏ. ਕੇ. ਸੀਕਰੀ, ਜਸਟਿਸ ਐਸ. ਏ. ਬੋਬਦੇ ਅਤੇ ਜਸਟਿਸ ਆਰ ਬਨੂਮਤੀ ਸ਼ਾਮਿਲ ਹਨ, ਨੇ ਪੁੱਛਿਆ ਕਿ ਕੀ ਮੁਸਲਿਮ ਜਿਹੜੇ ਕਸ਼ਮੀਰ ਵਿਚ ਬਹੁ-ਗਿਣਤੀ ਵਿਚ ਹਨ, ਨੂੰ ਅਜੇ ਵੀ ਘੱਟ-ਗਿਣਤੀ ਸਮਝਿਆ ਜਾ ਸਕਦਾ ਹੈ? ਕੀ ਪੰਜਾਬ ਵਿਚ ਸਿੱਖਾਂ ਅਤੇ ਮੇਘਾਲਿਆ ਵਿਚ ਈਸਾਈਆਂ ਨੂੰ ਘੱਟ-ਗਿਣਤੀ ਸਮਝਿਆ ਜਾ ਸਕਦਾ ਹੈ?

ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਕੇਸ਼ ਦਿਵੇਦੀ ਨੇ ਦੱਸਿਆ ਕਿ ਮਾਮਲੇ ਦੀ ਪੈਰਵੀ ਕਰ ਰਹੀਆਂ ਧਿਰਾਂ ਵਿਦਿਆਰਥੀ ਸਨ, ਉਨ੍ਹਾਂ ਦਾ ਸ਼ਾਇਦ ਕਿਤੇ ਦਾਖਲ ਲੈਣ ਤੋਂ ਬਿਨਾਂ ਇਸ ਦੇ ਨਤੀਜੇ ਵਿਚ ਕੋਈ ਰੁਚੀ ਨਹੀਂ।

ਅਦਾਲਤ ਨੇ ਕਿਹਾ ਕਿ ਇਹ ਗੰਭੀਰ ਮੁੱਦਾ ਹੈ ਜਿਸ ਵਿਚ ਸਾਨੂੰ ਕੇਂਦਰ ਦੀ ਸਹਾਇਤਾ ਦੀ ਲੋੜ ਹੈ ਅਤੇ ਅਦਾਲਤ ਨੇ ਘੱਟ-ਗਿਣਤੀ ਮਾਮਲੇ ਮੰਤਰਾਲੇ ਨੂੰ ਇਸ ਸਬੰਧੀ ਨੋਟਿਸ ਜਾਰੀ ਕਰਦਿਆਂ ਅਟਾਰਨੀ ਜਨਰਲ ਨੂੰ ਇਸ ਵਿਚ ਸਹਾਇਤਾ ਕਰਨ ਲਈ ਕਿਹਾ। ਇਹ ਮਾਮਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਨਾਲ ਸਾਹਮਣੇ ਆਇਆ ਹੈ ਜਿਸ ਨੇ ਸਿੱਖ ਵਿਦਿਅਕ ਸੰਸਥਾਵਾਂ ਵਿਚ ਉਨ੍ਹਾਂ ਦਾ ਘੱਟ-ਗਿਣਤੀ ਦਾ ਰੁਤਬਾ ਖਤਮ ਕਰਦਿਆਂ ਕਿਹਾ ਕਿ ਸਿੱਖ ਘੱਟ-ਗਿਣਤੀ ਭਾਈਚਾਰਾ ਨਹੀਂ।

ਹਾਈ ਕੋਰਟ ਨੇ ਸੂਬਾ ਸਰਕਾਰ ਦਾ 13 ਅਪਰੈਲ 2001 ਨੂੰ ਜਾਰੀ ਕੀਤਾ ਨੋਟੀਫਿਕੇਸ਼ਨ ਰੱਦ ਕਰ ਦਿੱਤਾ ਜਿਸ ਰਾਹੀਂ ਸਿੱਖ ਸੰਸਥਾਵਾਂ ਘੱਟ-ਗਿਣਤੀ ਮੈਂਬਰਾਂ ਲਈ 50 ਫ਼ੀਸਦੀ ਸੀਟਾਂ ਰਾਖਵੀਆਂ ਰੱਖਣ ਦੀ ਵਿਵਸਥਾ ਕੀਤੀ ਗਈ ਸੀ। ਹਾਈ ਕੋਰਟ ਦਾ ਫ਼ੈਸਲਾ 11 ਮੈਂਬਰੀ ਸੰਵਿਧਾਨਕ ਬੈਂਚ 'ਤੇ ਆਧਾਰਿਤ ਸੀ ਜਿਸ ਵਿਚ ਕਿਹਾ ਗਿਆ ਕਿ ਘੱਟ-ਗਿਣਤੀ ਦਰਜੇ ਦਾ ਫ਼ੈਸਲਾ ਸੂਬਾ ਜਨਸੰਖਿਆ ਦੇ ਆਧਾਰ 'ਤੇ ਕੀਤਾ ਜਾ ਸਕਦਾ ਹੈ ਨਾ ਕਿ ਕੌਮੀ ਆਧਾਰ 'ਤੇ।

# ਲੁਧਿਆਣਾ ਵਿਚ ਆਰ.ਐਸ.ਐਸ. ਵਰਕਰ 'ਤੇ ਗੋਲੀ ਚਲਾਈ

**ਲੁਧਿਆਣਾ:** ਇਥੇ ਕਿਦਵਾਈ ਨਗਰ ਸਥਿਤ ਸ਼ਹੀਦ ਪਾਰਕ ਵਿਚ ਸਵੇਰੇ ਦੋ ਅਣਪਛਾਤੇ ਮੋਟਰਸਾਈਕਲ ਸਵਾਰ ਹਥਿਆਰਬੰਦ ਨੌਜਵਾਨ ਅਭਿਆਸ ਕਰ ਰਹੇ ਆਰ.ਐਸ.ਐਸ. ਵਰਕਰ 'ਤੇ ਗੋਲੀਆਂ ਚਲਾ ਕੇ ਫਰਾਰ ਹੋ ਗਏ। ਇਸ ਗੋਲੀਬਾਰੀ ਵਿਚ ਕਿਸੇ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਸੂਚਨਾ ਨਹੀਂ ਹੈ ਪਰ ਗੋਲੀ ਚੱਲਣ ਕਾਰਨ ਸ਼ਹਿਰ ਦੇ ਲੋਕਾਂ, ਖਾਸ ਕਰ ਕੇ ਭਾਜਪਾ ਤੇ ਆਰ.ਐਸ.ਐਸ. ਆਗੂਆਂ ਤੇ ਵਰਕਰਾਂ 'ਚ ਡਰ ਦਾ ਮਾਹੌਲ ਬਣ ਗਿਆ।

ਘਟਨਾ ਉਸ ਵਕਤ ਵਾਪਰੀ ਜਦੋਂ ਸ਼ਹੀਦੀ ਪਾਰਕ 'ਚ ਆਰ.ਐਸ.ਐਸ. ਦੇ ਵਰਕਰ ਸ਼ਾਖਾ 'ਚ ਅਭਿਆਸ ਕਰਨ ਲਈ ਇਕੱਠੇ ਹੋ ਰਹੇ ਸਨ। ਅਜੇ 6 ਵਰਕਰ ਹੀ ਉਥੇ ਆਏ ਸਨ। ਸ਼ਾਖਾ ਦਾ ਪ੍ਰਬੰਧਕ ਨਰੇਸ਼ ਕੁਮਾਰ ਚੌਹਾਨ ਜਦੋਂ ਪਾਰਕ 'ਚ ਦਾਖ਼ਲ ਹੋਣ ਲੱਗਾ ਤਾਂ ਉਥੇ ਪਾਰਕ ਦੇ ਬਾਹਰ ਦੋ ਮੋਟਰਸਾਈਕਲ ਨੌਜਵਾਨ ਸ਼ੱਕੀ ਹਾਲਾਤ 'ਚ ਖੜ੍ਹੇ ਸਨ। ਸ੍ਰੀ ਚੌਹਾਨ ਨੇ ਉਨ੍ਹਾਂ ਨੂੰ ਉਥੇ ਖੜ੍ਹੇ ਹੋਣ ਦਾ ਕਾਰਨ ਪੁਛਿਆ ਤਾਂ ਉਨ੍ਹਾਂ ਨੌਜਵਾਨਾਂ ਨੇ ਕਿਸੇ ਵਿਅਕਤੀ ਦੀ ਇੰਤਜ਼ਾਰ ਕਰਨ ਬਾਰੇ ਦੱਸਿਆ, ਜਿਸ 'ਤੇ ਨਰੇਸ਼ ਚੌਹਾਨ ਅੰਦਰ ਪਾਰਕ ਵਿਚ ਆ ਗਿਆ ਪਰ 5 ਮਿੰਟ ਬਾਅਦ ਇਨ੍ਹਾਂ ਵਿਚੋਂ ਇਕ ਨੌਜਵਾਨ ਪਾਰਕ ਦੇ ਅੰਦਰ ਆਇਆ ਉਸ ਨੇ ਆਪਣੇ ਪਾਸ ਰੱਖਿਆ ਪਿਸਤੌਲ ਕੱਢ ਲਿਆ ਅਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਕ ਗੋਲੀ ਨੇੜੇ ਖੜ੍ਹੇ ਨਰੇਸ਼ ਦੇ ਹੱਥ ਨਾਲ ਟਕਰਾ ਗਈ ਅਤੇ ਕੁਝ ਦੂਰ ਅੱਗੇ ਜਾ ਡਿੱਗੀ ਪਰ ਨਰੇਸ਼ ਨੂੰ ਕੋਈ ਨੁਕਸਾਨ ਨਹੀਂ ਹੋਇਆ।

ਇਸੇ ਦੌਰਾਨ ਪੁਲਿਸ ਮੁਖੀ ਸੁਰੇਸ਼ ਅਰੋੜਾ ਨੇ ਕਿਹਾ ਹੈ ਕਿ ਇਸ ਘਟਨਾ ਦਾ ਅਤਿਵਾਦ ਵਾਲਾ ਕੋਣ ਵੀ ਵਿਚਾਰਿਆ ਜਾ ਰਿਹਾ ਹੈ।

# ਸਮੁੰਦਰ ਵਿਚ ਰੁੜ੍ਹਿਆ ਪਰਵਾਸ ਦਾ ਸੁਪਨਾ

*(ਸਫਾ ਇਕ ਦੀ ਬਾਕੀ)*

ਨਾਲ ਹੋਈ। ਪੰਜਾਬ ਸਰਕਾਰ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਤੋਂ ਮੰਗ ਕੀਤੀ ਹੈ ਕਿ ਕਿਸ਼ਤੀ ਦੁਖਾਂਤ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਇਕ ਟੀਮ ਛੇਤੀ ਹੀ ਅਮਰੀਕਾ ਰਵਾਨਾ ਕੀਤੀ ਜਾਵੇ ਤਾਂ ਜੋ ਇਨਸਾਨੀ ਤਸਕਰੀ ਵਾਲੇ ਗਰੋਹ ਦਾ ਖੁਲਾਸਾ ਹੋ ਸਕੇ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਟੈਲੀਫੋਨ ਉਤੇ ਗੱਲਬਾਤ ਕੀਤੀ ਜਿਨ੍ਹਾਂ ਨੇ ਭਰੋਸਾ ਦਿਵਾਇਆ ਕਿ ਪੀੜਤਾਂ ਨਾਲ ਤੁਰੰਤ ਰਾਬਤਾ ਕਾਇਮ ਕੀਤਾ ਜਾਵੇਗਾ।

## ਇਰਾਕ ਵਿਚ ਲਾਪਤਾ ਪੰਜਾਬੀਆਂ ਬਾਰੇ ਮੁੜ ਜਾਗੀ ਆਸ

**ਫਲਸਤੀਨ:** ਇਰਾਕ ਦੇ ਸ਼ਹਿਰ ਮੌਸੂਲ ਵਿਚੋਂ ਲਾਪਤਾ ਹੋਏ 39 ਭਾਰਤੀ ਸੁਰੱਖਿਅਤ ਹਨ। ਫਲਸਤੀਨ ਦੇ ਦੌਰੇ ਉਤੇ ਗਈ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਉਥੋਂ ਦੀ ਸਰਕਾਰ ਨੇ ਇਸ ਬਾਰੇ ਜਾਣੂ ਕਰਵਾਇਆ ਹੈ। ਫਲਸਤੀਨ ਸਰਕਾਰ ਮੁਤਾਬਕ ਉਨ੍ਹਾਂ ਕੋਲ ਇਸ ਗੱਲ ਦੀ ਖੁਫੀਆ ਜਾਣਕਾਰੀ ਹੈ ਕਿ ਅਗਵਾ ਕੀਤੇ ਗਏ ਸਾਰੇ ਭਾਰਤੀ ਸੁਰੱਖਿਅਤ ਹਨ, ਹਾਲਾਂਕਿ ਫਲਸਤੀਨ ਨੇ ਇਸ ਬਾਰੇ ਕੋਈ ਠੋਸ ਸਬੂਤ ਨਹੀਂ ਦਿੱਤਾ। ਇਰਾਕ ਦੇ ਸ਼ਹਿਰ ਮੌਸੂਲ ਵਿਚੋਂ 39 ਭਾਰਤੀਆਂ ਨੂੰ ਤਕਰੀਬਨ ਡੇਢ ਸਾਲ ਪਹਿਲਾਂ ਆਈ.ਐਸ. ਨੇ ਅਗਵਾ ਕਰ ਲਿਆ ਸੀ। ਇਸ ਤੋਂ ਬਾਅਦ ਅਗਵਾਕਾਰਾਂ ਕੋਲੋਂ ਬਚ ਕੇ ਨਿਕਲਣ ਵਾਲੇ ਹਰਜੀਤ ਮਸੀਹ ਨੇ ਦਾਅਵਾ ਕੀਤਾ ਸੀ ਕਿ ਸਾਰੇ ਭਾਰਤੀ ਨੂੰ ਆਈ.ਐਸ. ਦੇ ਦਹਿਸ਼ਤਗਰਦਾਂ ਨੇ ਮਾਰ ਦਿੱਤਾ ਹੈ। ਹਰਜੀਤ ਅਨੁਸਾਰ ਇਹ ਘਟਨਾ ਉਸ ਦੇ ਸਾਹਮਣੇ ਵਾਪਰੀ ਸੀ।

# ਪੰਜਾਬ ਵਿਚ ਸਿਆਸੀ ਜੁਗਲਬੰਦੀ ਲਈ ਜ਼ੋਰ-ਅਜ਼ਮਾਈ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੀਆਂ ਰਵਾਇਤੀ ਸਿਆਸੀ ਧਿਰਾਂ ਲਈ ਚੁਣੌਤੀ ਬਣ ਰਹੀ ਹੈ। ਇਸੇ ਕਾਰਨ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਅਜੇ ਇਕ ਸਾਲ ਦਾ ਸਮਾਂ ਹੋਣ ਦੇ ਬਾਵਜੂਦ ਸੂਬੇ ਦੀ ਸਿਆਸਤ ਵਿਚ ਉਬਾਲ ਆਇਆ ਹੋਇਆ ਹੈ। ਕਾਂਗਰਸ ਦੇ ਕੁਝ ਸੀਨੀਅਰ ਆਗੂਆਂ ਦੀ 'ਆਪ' ਵਿਚ ਸ਼ਮੂਲੀਅਤ ਨੇ ਨਵੇਂ ਬਣੇ ਸੂਬਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਲਈ ਚੁਣੌਤੀ ਖੜ੍ਹੀ ਕਰ ਦਿੱਤੀ ਹੈ।

ਇਸੇ ਚੁਣੌਤੀ ਨੂੰ ਦੇਖਦੇ ਹੋਏ ਕੈਪਟਨ ਨੇ ਹਮਖ਼ਿਆਲ ਧਿਰਾਂ ਨੂੰ ਕਾਂਗਰਸ ਨਾਲ ਰਲ ਕੇ ਚੋਣਾਂ ਲੜਨ ਦਾ ਖੁੱਲ੍ਹਾ ਸੱਦਾ ਦਿੱਤਾ ਹੋਇਆ ਹੈ। ਇਸੇ ਦੌਰਾਨ ਸ. ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦਾ ਕਾਂਗਰਸ ਵਿਚ ਰਲੇਵਾਂ ਹੋ ਗਿਆ ਹੈ। ਇਸ ਪਾਰਟੀ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦਾ ਕਈ ਸੀਟਾਂ ਉਤੇ ਨੁਕਸਾਨ ਕੀਤਾ ਸੀ। ਹੁਣ ਦੋਹਾਂ ਪਾਰਟੀਆਂ ਦਾ ਰਲੇਵਾਂ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਲਈ ਵੱਡੀ ਮੁਸੀਬਤ ਖੜ੍ਹੀ ਕਰ ਸਕਦਾ ਹੈ; ਹਾਲਾਂਕਿ ਪਹਿਲਾਂ ਮੰਨਿਆ ਜਾ ਰਿਹਾ ਸੀ ਕਿ ਪੀ.ਪੀ.ਪੀ. 'ਆਪ' ਨਾਲ ਹੱਥ ਮਿਲਾ ਸਕਦੀ ਹੈ। 'ਆਪ' ਨੂੰ ਪੰਜਾਬ ਵਿਚ ਮਿਲ ਰਹੇ ਹੁੰਗਾਰੇ ਕਾਰਨ ਉਹ ਕਿਸੇ ਹੋਰ ਪਾਰਟੀ ਨੂੰ ਨਾਲ ਰਲਾਉਣ ਵਿਚ ਰੁਚੀ ਨਹੀਂ ਵਿਖਾ ਰਹੀ।

ਉਧਰ, ਪੰਥਕ ਧਿਰਾਂ ਵੀ 'ਆਪ' ਨੂੰ ਹਮਾਇਤ ਲਈ ਪਹਿਲ ਦੇ ਰਹੀਆਂ ਹਨ। ਸਰਬੱਤ ਖਾਲਸਾ ਕਰਨ ਵਾਲੀਆਂ ਪੰਥਕ ਧਿਰਾਂ ਦੇ ਆਗੂ ਭਾਵੇਂ ਜੇਲ੍ਹ ਵਿਚ ਬੈਠੇ ਹਨ, ਪਰ ਉਨ੍ਹਾਂ ਦੇ ਸਮਰਥਕ ਇਸ ਵੇਲੇ ਆਮ ਆਦਮੀ ਪਾਰਟੀ ਨਾਲ ਸਮਝੌਤਾ ਕਰਨ ਦੇ ਯਤਨਾਂ ਵਿਚ ਹਨ। ਦੂਜੇ ਪਾਸੇ, ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂ ਭਾਈ ਹਰਪਾਲ ਸਿੰਘ ਚੀਮਾ ਤੇ ਕੁਝ ਹੋਰ ਪੰਥਕ ਨੇਤਾ ਵੀ ਆਮ ਆਦਮੀ ਪਾਰਟੀ ਦੇ ਸਿਖਰਲੇ ਨੇਤਾਵਾਂ ਦੇ ਸੰਪਰਕ ਵਿਚ ਹਨ। ਦੋਵਾਂ ਧਿਰਾਂ ਵਿਚ ਫਰਕ ਇਹ ਹੈ ਕਿ ਯੂਨਾਈਟਿਡ ਅਕਾਲੀ ਦਲ ਦੇ ਨੇਤਾ 'ਆਪ' ਨਾਲ ਸਮਝੌਤਾ ਕਰ ਕੇ ਚੋਣ ਮੈਦਾਨ ਵਿਚ ਉਤਰਨਾ ਚਾਹੁੰਦੇ ਹਨ, ਜਦੋਂ ਕਿ 'ਪੰਚ ਪ੍ਰਧਾਨੀ' ਦੇ ਨੇਤਾ ਬੇਸ਼ੱਕ 'ਆਪ' ਨੇਤਾਵਾਂ ਦੇ ਸੰਪਰਕ ਵਿਚ ਹਨ, ਪਰ ਉਹ 'ਆਪ' ਨਾਲ ਮਿਲ ਕੇ ਚੋਣ ਮੈਦਾਨ ਵਿਚ ਨਹੀਂ ਕੁੱਦਣਾ ਚਾਹੁੰਦੇ, ਸਗੋਂ ਪਿੱਛੇ ਰਹਿ ਕੇ ਮਦਦ ਕਰਨਾ ਚਾਹੁੰਦੇ ਹਨ। ਆਮ ਆਦਮੀ ਪਾਰਟੀ ਭਾਵੇਂ ਬਾਦਲ ਵਿਰੋਧੀ ਪੰਥਕ ਧਿਰਾਂ ਦਾ ਸਮਰਥਨ ਲੈਣਾ ਚਾਹੁੰਦੀ ਹੈ, ਪਰ ਇਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਗੱਠਜੋੜ ਕਰਨ ਤੋਂ ਹਿਚਕਚਾ ਰਹੀ ਹੈ।

ਪੰਜਾਬ ਕਾਂਗਰਸ ਲਈ ਸਭ ਤੋਂ ਵੱਡੀ ਚੁਣੌਤੀ ਆਮ ਆਦਮੀ ਪਾਰਟੀ ਹੈ, ਕਿਉਂਕਿ ਇਹੀ ਅਜਿਹੀ ਪਾਰਟੀ ਹੈ ਜੋ ਹੁਕਮਰਾਨ ਅਕਾਲੀ ਦਲ ਦੇ ਰਾਜ ਖਿਲਾਫ ਉਭਰੇ ਸਥਾਪਤੀ ਵਿਰੋਧੀ ਰੁਝਾਨ ਦੀਆਂ ਵੋਟਾਂ ਸਿੱਧੀਆਂ ਕਾਂਗਰਸ ਵੱਲ ਜਾਣ ਤੋਂ ਰੋਕ ਸਕਦੀ ਹੈ। ਆਮ ਆਦਮੀ ਪਾਰਟੀ ਜਿਥੇ ਭ੍ਰਿਸ਼ਟਾਚਾਰ ਨੂੰ ਮੁੱਖ ਮੁੱਦਾ ਬਣਾ ਰਹੀ ਹੈ, ਉਥੇ ਉਹ ਪਰਿਵਾਰਵਾਦ 'ਤੇ ਵੀ ਤਿੱਖਾ ਹਮਲਾ ਕਰਦੀ ਹੈ। ਇਸੇ ਕਾਰਨ ਹੀ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਐਲਾਨ ਕਰਨਾ ਪਿਆ ਕਿ ਆਪਣੇ ਪਰਿਵਾਰ ਵਿਚੋਂ ਸਿਰਫ ਉਹ ਇਕੱਲੇ ਹੀ ਚੋਣ ਲੜਨਗੇ।

'ਆਪ' ਦੇ ਸ੍ਰੀ ਮੁਕਤਸਰ ਸਾਹਿਬ ਮਾਘੀ ਮੇਲੇ ਵਿਚ ਭਰਵੇਂ ਇਕੱਠ ਨੇ ਵੀ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੀ ਨੀਂਦ ਜ਼ਰੂਰ ਉਡਾ ਦਿੱਤੀ ਹੈ। ਮੁੱਖ ਸਿਆਸੀ ਪਾਰਟੀਆਂ- ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਮਾਘੀ ਦੇ ਪੁਰਬ ਉਤੇ ਇਕ ਦੂਜੇ ਤੋਂ ਵੱਧ ਇਕੱਠ ਕਰਨ ਦੇ ਦਾਅਵੇ ਤੇ ਯਤਨ ਕੀਤੇ ਸਨ, ਪਰ ਇਸ ਪੱਖੋਂ 'ਆਪ' ਨੂੰ ਛੱਡ ਕੇ ਦੂਜੀਆਂ ਪਾਰਟੀਆਂ ਨੂੰ ਨਮੋਸ਼ੀ ਦਾ ਹੀ ਸਾਹਮਣਾ ਕਰਨਾ ਪਿਆ। ਇਹੀ ਕਾਰਨ ਹੈ ਕਿ ਇਨ੍ਹਾਂ ਦੋਵਾਂ ਰਵਾਇਤੀ ਪਾਰਟੀਆਂ ਦੇ ਨੇਤਾਵਾਂ ਵੱਲੋਂ ਵੱਧ ਜ਼ੋਰ 'ਆਪ' ਨੂੰ ਭੰਡਣ 'ਤੇ ਲਾਇਆ ਗਿਆ। ਸ਼੍ਰੋਮਣੀ ਅਕਾਲੀ ਦਲ ਪਿਛਲੇ ਨੌਂ ਸਾਲਾਂ ਤੋਂ ਸੱਤਾ 'ਤੇ ਕਾਬਜ਼ ਹੈ, ਪਰ ਇਸ ਬਾਰੇ ਇਹ ਪ੍ਰਭਾਵ ਆਮ ਹੈ ਕਿ ਇਹ ਲੋਕਾਂ ਦੀਆਂ ਸਮੱਸਿਆਵਾਂ ਦੂਰ ਕਰਨ ਵਿਚ ਅਸਫਲ ਰਿਹਾ ਹੈ।

# ਪੰਮਾ ਦੀ ਹਵਾਲਗੀ ਲਈ ਪੁਰਤਗਾਲ ਜਾਵੇਗੀ ਪਟਿਆਲਾ ਪੁਲਿਸ

**ਪਟਿਆਲਾ:** ਪੁਰਤਗਾਲ ਵਿਚ ਫੜੇ ਗਏ ਖਾੜਕੂ ਪਰਮਜੀਤ ਸਿੰਘ ਪੰਮਾ ਨੂੰ ਭਾਰਤ ਹਵਾਲੇ ਕੀਤੇ ਜਾਣ ਦਾ ਜਿੱਥੇ ਉਥੋਂ ਦੀਆਂ ਕਈ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ, ਉਥੇ ਭਾਰਤ ਸਰਕਾਰ ਉਸ ਨੂੰ ਭਾਰਤ ਲਿਆਉਣ ਲਈ ਪੂਰਾ ਤਾਣ ਲਾ ਰਹੀ ਹੈ। ਪੰਮਾ ਰਾਸ਼ਟਰੀ ਸਿੱਖ ਸੰਗਤ ਦੇ ਸੂਬਾ ਪ੍ਰਧਾਨ ਰਹੇ ਰੁਲਦਾ ਸਿੰਘ ਦੇ ਕਤਲ ਸਬੰਧੀ ਕੇਸ ਵਿਚ ਪਟਿਆਲਾ ਪੁਲਿਸ ਨੂੰ ਲੋੜੀਂਦਾ ਹੈ। ਇਸ ਕੜੀ ਵਜੋਂ ਪਟਿਆਲਾ ਪੁਲਿਸ ਕੇਂਦਰ ਰਾਹੀਂ ਪਹਿਲਾਂ ਹੀ ਲੋੜੀਂਦੇ ਦਸਤਾਵੇਜ਼ ਭੇਜ ਚੁੱਕੀ ਹੈ। ਹੁਣ ਪਟਿਆਲਾ ਪੁਲਿਸ ਦੀ ਵਿਸ਼ੇਸ਼ ਟੀਮ ਜਲਦੀ ਪੁਰਤਗਾਲ ਜਾ ਰਹੀ ਹੈ ਜੋ ਉਥੇ ਕੁਝ ਹੀ ਦਿਨਾਂ ਵਿਚ ਹੋਣ ਵਾਲੀ ਅਦਾਲਤੀ ਸੁਣਵਾਈ ਦੌਰਾਨ ਆਪਣਾ ਪੱਖ ਰੱਖੇਗੀ। ਟੀਮ ਦੀ ਅਗਵਾਈ ਪਟਿਆਲਾ ਦੇ ਡੀ.ਆਈ.ਜੀ. ਬਲਕਾਰ ਸਿੰਘ ਸਿੱਧੂ ਕਰਨਗੇ ਅਤੇ ਉਹ ਮੁਹਾਲੀ ਦੇ ਇਕ ਐਸ.ਪੀ. ਸਮੇਤ ਪੁਰਤਗਾਲ ਜਾਣਗੇ। ਸੰਪਰਕ ਕਰਨ 'ਤੇ ਭਾਵੇਂ ਸ੍ਰੀ ਬਲਕਾਰ ਸਿੰਘ ਸਿੱਧੂ ਨੇ ਖੁਦ ਦੇ ਜਾਣ ਸਬੰਧੀ ਤਾਂ ਸਥਿਤੀ ਸਪਸ਼ਟ ਨਹੀਂ ਕੀਤੀ ਪ੍ਰੰਤੂ ਉਨ੍ਹਾਂ ਦਾ ਕਹਿਣਾ ਸੀ ਕਿ ਜੇ ਲੋੜ ਪਈ ਅਤੇ ਸਰਕਾਰ ਦੀ ਹਦਾਇਤ ਹੋਈ ਤਾਂ ਪੁਲਿਸ ਟੀਮ ਵੀ ਭੇਜੀ ਜਾ ਸਕਦੀ ਹੈ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ



**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਸਲੀ ਵਿਤਕਰੇ ਦੇ ਸ਼ਿਕਾਰ ਨੌਜਵਾਨਾਂ ਨੇ 90 ਲੱਖ ਡਾਲਰ ਦਾ ਦਾਅਵਾ ਠੋਕਿਆ

**ਨਿਊ ਯਾਰਕ:** ਸਿੱਖ ਨੌਜਵਾਨ ਸ਼ਾਨ ਆਨੰਦ ਜਿਸ ਨੂੰ ਉਸ ਦੇ ਤਿੰਨ ਹੋਰ ਮੁਸਲਮਾਨ ਦੋਸਤਾਂ ਨਾਲ ਨਸਲੀ ਭੇਦਭਾਵ ਤਹਿਤ ਅਮਰੀਕੀ ਏਅਰਲਾਈਨਜ਼ ਵਿਚੋਂ ਲਾਹ ਦਿੱਤਾ ਗਿਆ ਸੀ, ਨੇ ਹਵਾਈ ਕੰਪਨੀ ਖ਼ਿਲਾਫ਼ 90 ਡਾਲਰ ਹਰਜਾਨੇ ਦਾ ਕੇਸ ਪਾ ਦਿੱਤਾ ਹੈ। ਬੀਤੇ ਮਹੀਨੇ ਸ਼ਾਨ ਆਪਣੇ ਤਿੰਨ ਮੁਸਲਮਾਨ ਮਿੱਤਰਾਂ ਜੋ ਬੰਗਲਾਦੇਸ਼ ਤੇ ਅਰਬ ਮੂਲ ਦੇ ਸਨ, ਟੋਰਾਂਟੋ ਤੋਂ ਨਿਊ ਯਾਰਕ ਲਈ ਜਹਾਜ਼ ਵਿਚ ਬੈਠੇ ਸਨ। ਇਹ ਸਾਰੇ ਭਾਵੇਂ ਅਮਰੀਕੀ ਨਾਗਰਿਕ ਹਨ, ਪ੍ਰੰਤੂ ਇਨ੍ਹਾਂ ਦੀ ਮੌਜੂਦਗੀ ਪਾਇਲਟ ਨੂੰ ਨਾਗਵਾਰ ਗੁਜ਼ਰੀ ਤੇ ਉਸ ਨੇ ਸਟਾਫ ਨੂੰ ਕਹਿ ਕੇ ਇਨ੍ਹਾਂ ਨੂੰ ਲਾਹ ਦਿੱਤਾ।

ਕੇਸ ਮੁਤਾਬਕ ਜਦੋਂ ਉਹ ਜਹਾਜ਼ ਵਿਚ ਬੈਠੇ ਸਨ ਤਾਂ ਉਡਾਣ ਭਰਨ ਮੌਕੇ ਇਕ ਗੋਰੀ ਅਟੈਂਡੈਂਟ ਉਨ੍ਹਾਂ ਕੋਲ ਆਈ ਤੇ ਉਨ੍ਹਾਂ ਨੂੰ ਜਹਾਜ਼ ਵਿਚੋਂ ਬਾਹਰ ਜਾਣ ਲਈ ਆਖ ਦਿੱਤਾ। ਉਨ੍ਹਾਂ ਕਾਰਨ ਪੁੱਛਿਆ ਤਾਂ ਹੋਰ ਯਾਤਰੀ ਵੀ ਇਕੱਠੇ ਹੋ ਗਏ ਅਤੇ ਉਨ੍ਹਾਂ ਆਨੰਦ ਤੇ ਸਾਥੀਆਂ 'ਤੇ ਨਸਲੀ ਫਿਕਰੇ ਕੱਸੇ ਤੇ ਕਿਹਾ ਕਿ ਜੇ ਉਹ ਨਾ ਉਤਰੇ ਤਾਂ ਜਹਾਜ਼ ਉਡਾਣ ਨਹੀਂ ਭਰੇਗਾ। ਉਨ੍ਹਾਂ ਦੇ ਉਤਰਨ ਬਾਅਦ ਹੀ ਜਹਾਜ਼ ਨੇ ਉਡਾਣ ਭਰੀ। ਇਨ੍ਹਾਂ ਨੇ ਰਿਪਬਲਿਕ ਏਅਰਵੇਜ਼ ਖ਼ਿਲਾਫ਼ ਹਰਜਾਨੇ ਦਾ ਕੇਸ ਪਾਇਆ ਹੈ।


ਇੰਡੀਅਨ ਰੈਸਟੋਰੈਂਟ ਲਈ
ਲੋੜ ਹੈ
ਫਲੋਰਿਡਾ ਵਿਚ ਇੰਡੀਅਨ ਰੈਸਟੋਰੈਂਟ ਲਈ ਹੈਲਪਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ
ਸੰਪਰਕ ਕਰੋ ਫੋਨ: 850-510-3046
Looking for Helper and Dishwasher for Indian restaurant in Florida.
Please call: 850-510-3046
3-4


# ਦੂਜੇ ਲਾਹੌਰ ਸਾਜਿਸ਼ ਕੇਸ ਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ ਗਦਰੀ ਮੇਲਾ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਨੇ ਇਸ ਵਰ੍ਹੇ ਦਾ 16ਵਾਂ ਗਦਰੀ ਮੇਲਾ ਦੂਜੇ ਲਾਹੌਰ ਸਾਜਿਸ਼ ਕੇਸ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਕਰਨ ਦਾ ਫੈਸਲਾ ਲਿਆ ਗਿਆ ਹੈ। ਮੇਲਾ 27 ਮਾਰਚ, ਐਤਵਾਰ ਨੂੰ ਰੀਜੈਂਸੀ ਪੈਲੇਸ ਵਿਖੇ ਹੋਵੇਗਾ। ਇਹ ਫੈਸਲਾ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਲਿਆ ਗਿਆ।

ਫੋਰਮ ਵਲੋਂ ਜਾਰੀ ਬਿਆਨ ਅਨੁਸਾਰ ਮੇਲੇ ਦੇ ਮੁੱਖ ਮਹਿਮਾਨ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਜਨਰਲ ਸਕੱਤਰ ਡਾ. ਬੀਬੀ ਰਘੁਬੀਰ ਕੌਰ ਹੋਣਗੇ। ਇਸ ਤੋਂ ਇਲਾਵਾ ਉਚ ਕੋਟੀ ਦੇ ਬੁਲਾਰੇ, ਬੱਚਿਆਂ ਦੁਆਰਾ ਕਵਿਤਾਵਾਂ, ਭਾਸ਼ਣ, ਗਿੱਧਾ, ਭੰਗੜਾ ਅਤੇ ਪ੍ਰਸਿੱਧ ਕਲਾਕਾਰਾਂ ਵਲੋਂ ਦੇਸ਼ ਭਗਤਾਂ ਅਤੇ ਗਦਰੀਆਂ ਨੂੰ ਗੀਤਾਂ ਰਾਹੀਂ ਸ਼ਰਧਾਂਜਲੀ ਦਿੱਤੀ ਜਾਵੇਗੀ।

ਮੀਟਿੰਗ ਦੌਰਾਨ ਆਜ਼ਾਦੀ ਘੁਲਾਟੀਏ ਏ.ਬੀ. ਬਰਧਨ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਫਰਿਜ਼ਨੋ ਵਿਖੇ ਮਾਰੇ ਗਏ ਗੁਰਚਰਨ ਸਿੰਘ ਗਿੱਲ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਹਾਜ਼ਰੀਨ ਨੇ ਅਮਰੀਕਾ 'ਚ ਹੁੰਦੀਆਂ ਨਸਲੀ ਹਿੰਸਕ ਘਟਨਾਵਾਂ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਦਾ ਡਟਵਾਂ ਵਿਰੋਧ ਕੀਤਾ। ਮੀਟਿੰਗ ਵਿਚ ਫੋਰਮ ਦੇ ਮੈਂਬਰ ਸੁਪੋਟਰ ਅਤੇ ਇਸਤਰੀ ਵਿੰਗ ਦੀਆਂ ਬੀਬੀਆਂ ਨੇ ਵੀ ਭਰਵੀਂ ਸ਼ਮੂਲੀਅਤ ਕੀਤੀ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਖਿਲਾਫ ਕੇਸ

**ਮੁਕੇਰੀਆਂ:** ਇੱਥੋਂ ਦੀ ਸਿਵਲ ਅਦਾਲਤ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਖ਼ਿਲਾਫ਼ ਪੰਜ ਪਿਆਰਿਆਂ ਨੂੰ ਬਰਖ਼ਾਸਤ ਕਰਨ ਦੇ ਫ਼ੈਸਲੇ ਸਬੰਧੀ ਕੇਸ ਦਾਇਰ ਕੀਤਾ ਗਿਆ ਹੈ। ਦਸੂਹਾ ਦੇ ਪਿੰਡ ਉਸਮਾਨ ਸ਼ਹੀਦ ਦੇ ਮਨਜੀਤ ਸਿੰਘ ਤੇ ਹੋਰਨਾਂ ਵੱਲੋਂ ਐਸ.ਡੀ.ਜੇ.ਐਮ. ਸੁਮਿਤ ਮੱਕੜ ਦੀ ਅਦਾਲਤ ਵਿਚ ਦਾਇਰ ਕੇਸ ਦੀ ਅਗਲੀ ਸੁਣਵਾਈ 17 ਫਰਵਰੀ ਨੂੰ ਰੱਖੀ ਗਈ ਹੈ।

ਦੱਸਣਯੋਗ ਹੈ ਕਿ ਪਹਿਲੀ ਜਨਵਰੀ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਤਖ਼ਤਾਂ ਦੇ ਜਥੇਦਾਰਾਂ ਖ਼ਿਲਾਫ਼ ਫ਼ੈਸਲਾ ਕਰਨ ਵਾਲੇ ਪੰਜ ਪਿਆਰਿਆਂ ਨੂੰ ਬਰਖ਼ਾਸਤ ਕਰ ਦਿੱਤਾ ਸੀ। ਇਸ ਫ਼ੈਸਲੇ ਖ਼ਿਲਾਫ਼ ਸੰਗਤ ਵਿਚ ਰੋਸ ਹੈ। ਇਸ ਨੂੰ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਦੱਸਦਿਆਂ ਉਨ੍ਹਾਂ ਖ਼ਿਲਾਫ਼ ਧਾਰਾ 295, 298, 500 ਤਹਿਤ ਕੇਸ ਦਾਇਰ ਕੀਤਾ ਗਿਆ ਹੈ।

ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਕੇਸ ਦਾਇਰ ਕਰਨ ਵਾਲੇ ਮਨਜੀਤ ਸਿੰਘ, ਦਰਸ਼ਨ ਸਿੰਘ, ਰਵੇਲ ਸਿੰਘ, ਅਮਰਜੀਤ ਸਿੰਘ, ਗੁਰਮੁਖ ਸਿੰਘ, ਤਰਨਜੀਤ ਸਿੰਘ ਨੇ ਦੱਸਿਆ ਕਿ ਅਵਤਾਰ ਸਿੰਘ ਨੇ ਪੰਜ ਪਿਆਰਿਆਂ ਨੂੰ ਬਰਖ਼ਾਸਤ ਕਰ ਕੇ ਸਿੱਖ ਮਾਣ-ਮਰਿਆਦਾ ਨੂੰ ਚੁਣੌਤੀ ਦਿੱਤੀ ਹੈ। ਪੰਜ ਪਿਆਰਿਆਂ ਨੇ ਸਿੱਖ ਸੰਗਤ ਦੀਆਂ ਭਾਵਨਾਵਾਂ ਦੀ ਰਾਖੀ ਕਰਦਿਆਂ ਡੇਰਾ ਮੁਖੀ ਨੂੰ ਮੁਆਫ਼ੀ ਦੇਣ ਵਾਲੇ ਜਥੇਦਾਰਾਂ ਨੂੰ ਮੁਅੱਤਲ ਕਰਨ ਦੇ ਹੁਕਮ ਦਿੱਤੇ ਸਨ ਜਿਨ੍ਹਾਂ ਨੂੰ ਸਿੱਧੀ ਚੁਣੌਤੀ ਦਿੰਦਿਆਂ ਅਵਤਾਰ ਸਿੰਘ ਨੇ ਪੰਜ ਪਿਆਰਿਆਂ ਨੂੰ ਬਰਖ਼ਾਸਤ ਕੀਤਾ। ਉਨ੍ਹਾਂ ਕਿਹਾ ਕਿ 2 ਜਨਵਰੀ ਨੂੰ ਪੰਜ ਪਿਆਰਿਆਂ ਨੂੰ ਕੌਮ ਦੇ ਨਾਮ ਸੰਦੇਸ਼ ਦੇਣ ਤੋਂ ਰੋਕਣ ਲਈ ਪੁਲਿਸ ਦੀ ਸਹਾਇਤਾ ਨਾਲ ਉਨ੍ਹਾਂ ਨੂੰ ਦਰਬਾਰ ਸਾਹਿਬ ਨਾ ਜਾਣ ਦੇਣਾ ਸਿੱਖੀ ਸਿਧਾਂਤਾਂ ਦੇ ਖ਼ਿਲਾਫ਼ ਹੈ।

## Matrimonial

### ਵਰ ਦੀ ਲੋੜ ਹੈ

Jat Sikh family seeks a suitable match for their beautiful daughter, 28, 5'-2", US Citizen, Currently 4th year doctorate student (Chemical Engineering). The boy should be professional Jat Sikh with advanced degree and US resident. Please send your recent picture and bio-data to LKaurCali@gmail.com 4

ਜੱਟ ਸਿੱਖ ਉਮਰ 28 ਸਾਲ, ਕੱਦ 5'-5", ਜੀ ਐਨ ਐਮ/ਬੀ ਐਸ ਸੀ ਨਰਸਿੰਗ, ਸਰਕਾਰੀ ਨੌਕਰੀ ਕਰਦੀ ਇੰਡੀਆ ਰਹਿੰਦੀ ਲੜਕੀ ਲਈ ਅਮਰੀਕੀ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ:267-275-1414, ਇੰਡੀਆ ਫੋਨ: 91-95018-00294 4-5

ਜੱਟ ਸਿੱਖ ਸਿੱਧੂ ਉਮਰ 27 ਸਾਲ ਕੱਦ 6 ਫੁਟ, ਪੱਕੇ ਵੈਸ਼ਣੋਂ, ਇੰਡੀਆ ਰਹਿੰਦੇ ਬੀ ਏ ਪਾਸ ਲੜਕੇ ਲਈ ਅਮਰੀਕੀ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਪਾਸ ਅੱਛੀ ਜ਼ਮੀਨ ਹੈ। ਲੜਕੇ ਦਾ ਭਰਾ ਅਮਰੀਕੀ ਸਿਟੀਜ਼ਨ ਹੈ। ਸੰਪਰਕ ਕਰੋ: ਫੋਨ 661-378-6458 ਜਾਂ ਇੰਡੀਆ ਫੋਨ 091-94171-80347, 98887-03571 2-5

### ਸਾਥੀ ਦੀ ਲੋੜ ਹੈ

ਅਮੈਰੀਕਨ ਸਿਟੀਜ਼ਨ, ਉਮਰ 45 ਸਾਲ, ਕੱਦ 5' 5" ਤਲਾਕਸ਼ੁਦਾ ਵਿਅਕਤੀ ਲਈ ਜੀਵਨ ਸਾਥਣ ਦੀ ਲੋੜ ਹੈ ਜੋ ਘੱਟ ਘੱਟ 35 ਸਾਲ ਦੀ ਹੋਵੇ। ਸੰਪਰਕ ਕਰੋ: ਫੋਨ 317-935-5665 51-2


Golden State Realty
9912 Kapalua Ln., Elk Grove, CA 95624
Please Contact For
Commercial
or
Residential
Needs

Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਸੁਨੰਦਾ ਦੀ ਮੌਤ ਕੁਦਰਤੀ ਨਹੀਂ ਸੀ?

**ਨਵੀਂ ਦਿੱਲੀ:** ਕਾਂਗਰਸ ਆਗੂ ਸ਼ਸ਼ੀ ਥਰੂਰ ਦੀ ਪਤਨੀ ਸੁਨੰਦਾ ਪੁਸ਼ਕਰ ਦੀ ਮੌਤ ਕੁਦਰਤੀ ਨਹੀਂ ਸੀ, ਪਰ ਉਸ ਦੀ ਮ੍ਰਿਤਕ ਦੇਹ ਵਿਚ ਕੋਈ ਰਸਾਇਣਕ ਪਦਾਰਥ ਹੋਣ ਦੀ ਪੁਸ਼ਟੀ ਨਹੀਂ ਹੋਈ ਹੈ। ਇਹ ਖੁਲਾਸਾ ਦਿੱਲੀ ਪੁਲਿਸ ਨੇ ਏਮਜ ਦੇ ਮੈਡੀਕਲ ਬੋਰਡ ਦੀ ਰਿਪੋਰਟ ਦੇ ਆਧਾਰ 'ਤੇ ਕੀਤਾ ਹੈ ਜਿਸ ਬੋਰਡ ਨੇ ਵਿਸਰੇ ਦੇ ਨਮੂਨੇ ਬਾਰੇ ਐਫ.ਬੀ.ਆਈ. ਦੀ ਰਿਪੋਰਟ ਦਾ ਨਰੀਖਣ ਕੀਤਾ ਸੀ। ਦਿੱਲੀ ਪੁਲਿਸ ਦੇ ਕਮਿਸ਼ਨਰ ਬੀ.ਐਸ. ਬੱਸੀ ਨੇ ਕਿਹਾ ਹੈ ਕਿ ਇਕ ਗੱਲ ਸਪਸ਼ਟ ਹੈ ਕਿ ਮੌਤ ਕੁਦਰਤੀ ਨਹੀਂ ਹੈ।



ਮਾਮਲੇ ਦੀ ਸਾਰੇ ਪੱਖਾਂ ਤੋਂ ਜਾਂਚ ਉਪਰੰਤ ਸਿੱਟੇ ਉਪਰ ਬਹੁਤ ਛੇਤੀ ਪੁੱਜਿਆ ਜਾਵੇਗਾ। ਸੁਨੰਦਾ ਪੁਸ਼ਕਰ ਮੌਤ ਮਾਮਲੇ ਵਿਚ ਵਿਸਰਾ ਨਮੂਨੇ ਨਾਲ ਸਬੰਧਤ ਦਿੱਲੀ ਪੁਲਿਸ ਨੂੰ ਐਫ.ਬੀ.ਆਈ. ਪ੍ਰਯੋਗਸ਼ਾਲਾ ਦੀ ਰਿਪੋਰਟ 'ਤੇ ਮੈਡੀਕਲ ਬੋਰਡ ਦੀ 'ਸਲਾਹ' ਪ੍ਰਾਪਤ ਹੋਈ ਹੈ, ਜਿਸ ਤੋਂ ਉਨ੍ਹਾਂ ਦੀ ਮੌਤ ਦੇ ਕਾਰਨਾਂ ਦਾ ਪਤਾ ਲੱਗਣ ਦੀ ਉਮੀਦ ਹੈ। ਸੁਨੰਦਾ ਦੇ ਵਿਸਰੇ 'ਚ ਜ਼ਹਿਰ ਦੀ ਜਾਂਚ ਲਈ ਏਮਜ਼ ਨੇ ਇਸ ਦੇ ਨਮੂਨੇ ਐਫ.ਬੀ.ਆਈ. ਦੀ ਪ੍ਰਯੋਗਸ਼ਾਲਾ ਵਾਸ਼ਿੰਗਟਨ ਡੀ.ਸੀ. ਭੇਜੇ ਸਨ ਤਾਂ ਜੋ ਪਤਾ ਲੱਗ ਸਕੇ ਕਿ ਮੌਤ ਦਾ ਕਾਰਨ 'ਪੋਲੋਨਿਅਮ ਜ਼ਹਿਰ' ਤਾਂ ਨਹੀਂ ਹੈ।

# ਕਸ਼ਮੀਰ ਮਸਲਾ ਨਾ ਸੁਲਝਿਆ ਤਾਂ ਜਾਰੀ ਰਹਿਣਗੇ ਹਮਲੇ: ਮੁਸ਼ੱਰਫ਼

**ਨਵੀਂ ਦਿੱਲੀ:** ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਨੇ ਭਾਰਤ ਖਿਲਾਫ ਸਖਤ ਟਿੱਪਣੀ ਕਰਦਿਆਂ ਕਿਹਾ ਕਿ ਜਦੋਂ ਤੱਕ ਕਸ਼ਮੀਰ ਮੁੱਦੇ ਦਾ ਹੱਲ ਨਹੀਂ ਹੋ ਜਾਂਦਾ, ਭਾਰਤ ਵਿਚ ਪਠਾਨਕੋਟ ਵਰਗੇ ਹਮਲੇ ਹੁੰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਭਾਰਤ ਅਤਿਵਾਦ ਤੋਂ ਮੁਕਤ ਨਹੀਂ ਹੈ ਕਿਉਂਕਿ ਉਥੇ ਵੀ ਕੱਟੜਪੰਥੀ ਹਨ ਤੇ ਮੋਦੀ ਦੇ ਮੁਕਾਬਲੇ ਅਟਲ ਬਿਹਾਰੀ ਵਾਜਪਾਈ ਤੇ ਮਨਮੋਹਨ ਸਿੰਘ ਭਾਰਤ-ਪਾਕਿਸਤਾਨ ਸਬੰਧਾਂ ਪ੍ਰਤੀ ਜ਼ਿਆਦਾ ਇਮਾਨਦਾਰ ਸਨ। ਉਨ੍ਹਾਂ ਨੇ ਰੱਖਿਆ ਮੰਤਰੀ ਮਨੋਹਰ ਪਾਰੀਕਰ ਦੇ ਬਿਆਨ 'ਤੇ ਜ਼ੋਰਦਾਰ ਪ੍ਰਤੀਕਿਰਿਆ ਕਰਦਿਆਂ ਕਿਹਾ ਕਿ ਉਹ ਵੀ ਉਨ੍ਹਾਂ ਨੂੰ ਉਥੇ ਹੀ ਮਾਰਨਗੇ ਜਿਥੇ ਉਨ੍ਹਾਂ ਨੂੰ ਤਕਲੀਫ ਹੋਵੇਗੀ। ਭਾਰਤ-ਪਾਕਿ ਵਿਦੇਸ਼ ਸਕੱਤਰਾਂ ਦੀ ਗੱਲਬਾਤ 'ਤੇ ਉਨ੍ਹਾਂ ਕਿਹਾ ਕਿ ਭਾਰਤ ਨੂੰ ਆਪਣੀਆਂ ਸ਼ਰਤਾਂ ਥੋਪ ਕੇ ਪਾਕਿਸਤਾਨ 'ਤੇ ਦਬਾਅ ਨਹੀਂ ਬਣਾਉਣਾ ਚਾਹੀਦਾ।



ਪਰਵੇਜ਼ ਮੁਸ਼ੱਰਫ਼ ਨੇ ਪਾਕਿਸਤਾਨੀ ਨਿਊਜ਼ ਚੈਨਲ 'ਆਜ ਟੀ.ਵੀ.' ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਕਿ ਭਾਰਤ ਪਠਾਨਕੋਟ ਹਮਲੇ ਨੂੰ ਲੈ ਕੇ ਕੁਝ ਜ਼ਿਆਦਾ ਹੀ ਪ੍ਰਤੀਕਿਰਿਆ ਕਰ ਰਿਹਾ ਹੈ। ਪਾਕਿਸਤਾਨ ਖੁਦ ਅਤਿਵਾਦ ਦਾ ਸ਼ਿਕਾਰ ਰਿਹਾ ਹੈ, ਇਸ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਨਾਲ ਕੁਝ ਨਹੀਂ ਹੋਵੇਗਾ, ਸਗੋਂ ਸਾਨੂੰ ਇਸ 'ਤੇ ਕਾਬੂ ਪਾਉਣਾ ਚਾਹੀਦਾ ਹੈ। ਭਾਰਤ ਨੇ ਅਤਿਵਾਦ 'ਤੇ ਹਮੇਸ਼ਾ ਇਕਤਰਫਾ ਰੁਖ ਅਪਣਾਇਆ ਹੈ ਤੇ ਭਾਰਤ ਵਿਚ ਜਦੋਂ ਵੀ ਕੋਈ ਅਤਿਵਾਦੀ ਹਮਲਾ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਪਾਕਿਸਤਾਨ ਦਾ ਨਾਂ ਲਿਆ ਜਾਂਦਾ ਹੈ ਜਿਸ 'ਤੇ ਉਨ੍ਹਾਂ ਨੂੰ ਬਹੁਤ ਗੁੱਸਾ ਆਉਂਦਾ ਹੈ।

# ਜਥੇਦਾਰ ਰਿਹਾ ਕਰਾਉਣ ਲਈ ਸੰਘਰਸ਼ ਦਾ ਐਲਾਨ 25 ਨੂੰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਸਰਬੱਤ ਖਾਲਸਾ ਵੇਲੇ ਥਾਪੇ ਗਏ ਜਥੇਦਾਰਾਂ ਨੂੰ ਰਿਹਾਅ ਕਰਾਉਣ ਵਾਸਤੇ ਸ਼ੁਰੂ ਕੀਤੇ ਜਾਣ ਵਾਲੇ ਸੰਘਰਸ਼ ਦਾ ਐਲਾਨ 25 ਜਨਵਰੀ ਨੂੰ ਕੀਤਾ ਜਾਵੇਗਾ। ਪੰਜਾਬ ਸਰਕਾਰ ਵਲੋਂ ਤਖ਼ਤਾਂ ਦੇ ਜਥੇਦਾਰਾਂ ਵਿਰੁੱਧ ਦੇਸ਼ ਧਰੋਹ ਦਾ ਇਲਜ਼ਾਮ ਲਾ ਕੇ ਜੇਲ੍ਹਾਂ ਵਿਚ ਬੰਦ ਕਰਨਾ ਸਰਾਸਰ ਧੱਕਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਬੱਤ ਖ਼ਾਲਸਾ ਤੋਂ ਅਗਲੇ ਦਿਨ ਉਨ੍ਹਾਂ ਨੂੰ ਪੁਲਿਸ ਨੇ ਘਰੋਂ ਚੁੱਕਣ ਵੇਲੇ ਕਕਾਰਾਂ ਦੀ ਬੇਅਦਬੀ ਕਰਨ ਤੋਂ ਵੀ ਗੁਰੇਜ਼ ਨਾ ਕੀਤਾ।

ਉਨ੍ਹਾਂ ਕਿਹਾ ਕਿ 25 ਅਤੇ 26 ਜਨਵਰੀ ਨੂੰ ਤਰਨਤਾਰਨ ਤੋਂ ਜਾਗਰੂਕਤਾ ਜਲੂਸ ਕੱਢਿਆ ਜਾ ਰਿਹਾ ਹੈ ਅਤੇ ਇਸ ਮੌਕੇ ਜਥੇਦਾਰਾਂ ਦੀ ਜ਼ਮਾਨਤ ਕਰਾਉਣ ਲਈ ਘੋਲ ਸ਼ੁਰੂ ਕਰਨ ਦਾ ਐਲਾਨ ਕੀਤਾ ਜਾਵੇਗਾ।

ਇਸ ਮੌਕੇ ਖਡੂਰ ਸਾਹਿਬ ਦੀ ਜ਼ਿਮਨੀ ਚੋਣ ਵਾਸਤੇ ਉਮੀਦਵਾਰ ਦੇ ਨਾਂ ਦਾ ਐਲਾਨ ਵੀ ਕੀਤਾ ਜਾਵੇਗਾ। ਦਲ, ਸਰਬੱਤ ਖਾਲਸਾ ਵਿਚ ਸ਼ਾਮਲ ਪੰਥਕ ਧਿਰਾਂ ਨਾਲ ਰਲ ਕੇ ਖਡੂਰ ਸਾਹਿਬ ਦੀ ਚੋਣ ਲੜੇਗਾ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਜਥੇਦਾਰਾਂ ਨੂੰ ਬਿਨਾਂ ਵਜ੍ਹਾ ਦੇਸ਼ ਧਰੋਹ ਦਾ ਦੋਸ਼ ਲਾ ਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ ਹੈ ਜਦੋਂ ਕਿ ਪਠਾਨਕੋਟ ਏਅਰਬੇਸ 'ਤੇ ਹਮਲਾ ਕਰਾਉਣ ਲਈ ਮਦਦ ਕਰਨ ਵਾਲੇ ਸਮੱਗਲਰਾਂ ਦੇ ਭਾਈਵਾਲ ਅਕਾਲੀ ਅਤੇ ਭਾਜਪਾ ਨੇਤਾ ਬਾਹਰ ਘੁੰਮ ਰਹੇ ਹਨ। ਉਨ੍ਹਾਂ ਨੇ ਦੋਸ਼ ਲਾਇਆ ਕਿ ਸਰਹੱਦੀ ਖੇਤਰਾਂ ਦੇ ਵਿਧਾਇਕ ਅਤੇ ਸੰਸਦ ਮੈਂਬਰ ਨਸ਼ਿਆਂ ਦੀ ਸਮਗਲਿੰਗ ਵਿਚ ਭਾਈਵਾਲ ਹਨ। ਡਰੱਗ ਸਮੱਗਲਰ ਜਗਦੀਸ਼ ਭੋਲਾ ਅਤੇ ਐਸ.ਪੀ. ਸਲਵਿੰਦਰ ਸਿੰਘ ਦੀ ਸ਼ਮੂਲੀਅਤ ਤੋਂ ਇਹ ਪੂਰੀ ਤਰ੍ਹਾਂ ਸਾਫ਼ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਨਸ਼ੇ ਦੀ ਸਮਗਲਿੰਗ ਵਿਚ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੇ ਨੇਤਾ ਵੀ ਸ਼ਾਮਲ ਹਨ।

ਭਾਜਪਾ ਪ੍ਰਧਾਨ ਕਮਲ ਸ਼ਰਮਾ ਦੇ ਨੇੜਲੇ ਕਈ ਸਾਥੀ ਇਸੇ ਦੋਸ਼ 'ਚ ਫੜੇ ਗਏ ਹਨ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਗੁਰਦਾਸਪੁਰ ਤੋਂ ਸਾਬਕਾ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ 'ਤੇ ਵੀ ਇਹ ਦੋਸ਼ ਲਗਦੇ ਆ ਰਹੇ ਹਨ।

# ਆਈ.ਐਸ. ਵੱਲੋਂ ਸੀਰੀਆ ਵਿਚ 400 ਤੋਂ ਵੱਧ ਲੋਕ ਅਗਵਾ

**ਬੇਰੂਤ:** ਅਤਿਵਾਦੀ ਸੰਗਠਨ ਇਸਲਾਮਿਕ ਸਟੇਟ ਨੇ ਸੀਰੀਆ ਦੇ ਪੂਰਬੀ ਸ਼ਹਿਰ ਡੀਰ ਅਲ ਜ਼ੋਰ ਉਤੇ ਕਬਜ਼ਾ ਕਰਦਿਆਂ 400 ਤੋਂ ਵੱਧ ਲੋਕਾਂ ਨੂੰ ਅਗਵਾ ਕਰ ਲਿਆ, ਜਿਨ੍ਹਾਂ ਵਿਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਹਨ।

ਸੀਰੀਆ ਦੇ ਘਟਨਾਕ੍ਰਮ 'ਤੇ ਨਜ਼ਰ ਰੱਖਣ ਵਾਲੀ ਬ੍ਰਿਟੇਨ ਸਥਿਤ ਸੰਸਥਾ ਸੀਰੀਆ ਆਬਜ਼ਰਬੇਟਰੀ ਫਾਰ ਹਿਊਮਨ ਰਾਈਟਸ ਦਾ ਕਹਿਣਾ ਹੈ ਕਿ ਅਗਵਾ ਕੀਤੇ ਗਏ ਲੋਕਾਂ 'ਚ ਜ਼ਿਆਦਾਤਰ ਔਰਤਾਂ ਤੇ ਬੱਚੇ ਹਨ। ਉਨ੍ਹਾਂ ਮੁਤਾਬਕ ਆਈ.ਐਸ. ਸਰਕਾਰ ਦਾ ਸਮਰਥਨ ਕਰਨ ਵਾਲੇ ਲੜਾਕਿਆਂ ਦੇ ਪਰਿਵਾਰਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ।

ਸੰਸਥਾ ਦੇ ਮੁਖੀ ਰਮੀ ਅਬਦੇਲ ਰਹਿਮਾਨ ਨੇ ਦੱਸਿਆ ਕਿ ਜਿਨ੍ਹਾਂ ਲੋਕਾਂ ਨੂੰ ਅਗਵਾ ਕੀਤਾ ਗਿਆ ਹੈ, ਉਹ ਸਾਰੇ ਸੁੰਨੀ ਹਨ।ਇਸ ਤੋਂ ਪਹਿਲਾਂ ਸੀਰੀਆ ਦੀ ਸਰਕਾਰੀ ਏਜੰਸੀ ਸਨਾ ਨੇ ਦੱਸਿਆ ਕਿ ਅਤਿਵਾਦੀਆਂ ਵੱਲੋਂ ਡੀਰ ਅਲ ਜ਼ੋਰ ਵਿਚ ਕੀਤੇ ਗਏ ਹਮਲਿਆਂ ਵਿਚ ਘੱਟੋ-ਘੱਟ 300 ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ ਵਿਚ ਜ਼ਿਆਦਾਤਰ ਬੱਚੇ, ਬਜ਼ੁਰਗ ਤੇ ਔਰਤਾਂ ਸ਼ਾਮਲ ਹਨ। ਜਾਣਕਾਰੀ ਅਨੁਸਾਰ ਇਥੇ ਨੇੜੇ ਬਗਲੀਆ ਪਿੰਡ 'ਚ ਅਤਿਵਾਦੀਆਂ ਨੇ ਸਭ ਤੋਂ ਵੱਧ ਕਤਲੇਆਮ ਕੀਤਾ, ਇਥੇ ਜ਼ਿਆਦਾਤਰ ਲੋਕਾਂ ਨੂੰ ਜਾਂ ਤਾਂ ਗੋਲੀ ਮਾਰ ਦਿੱਤੀ ਗਈ ਜਾਂ ਉਨ੍ਹਾਂ ਦਾ ਸਿਰ ਕਲਮ ਕਰ ਦਿੱਤਾ ਗਿਆ।

ਅਤਿਵਾਦੀਆਂ ਨੇ ਲੋਕਾਂ ਦੀ ਹੱਤਿਆ ਕਰਕੇ ਲਾਸ਼ਾਂ ਨੂੰ ਯੂਫ੍ਰੇਟਸ ਨਦੀ ਵਿਚ ਸੁੱਟ ਦਿੱਤਾ। ਆਈ.ਐਸ. ਦੇ ਇਸ ਹਮਲੇ 'ਚ ਕਈ ਆਤਮਘਾਤੀ ਹਮਲਾਵਰ ਵੀ ਸ਼ਾਮਲ ਸੀ, ਜਿਨ੍ਹਾਂ ਨੇ ਸਰਕਾਰੀ ਸੁਰੱਖਿਆ ਬਲਾਂ ਦੇ ਇਲਾਕੇ ਵਿਚ ਖੁਦ ਨੂੰ ਬੰਬ ਨਾਲ ਉਡਾ ਦਿੱਤਾ। ਇਸ ਵਿਚ ਸੰਯੁਕਤ ਰਾਸ਼ਟਰ ਨੇ ਘੇਰੇ ਗਏ ਇਲਾਕਿਆਂ 'ਚ ਹਾਲਾਤ ਤੇਜ਼ੀ ਨਾਲ ਖਰਾਬ ਹੋਣ ਦੀ ਚਿਤਾਵਨੀ ਦਿੱਤੀ ਹੈ।


# ਲੋਕਪਾਲ ਮੁੱਦੇ 'ਤੇ ਅੰਨਾ ਹਜ਼ਾਰੇ ਵੱਲੋਂ ਸਰਕਾਰ 'ਤੇ ਨਿਸ਼ਾਨਾ

**ਰਾਲੇਗਾਓਂ ਸਿੱਧੀ:** ਭ੍ਰਿਸ਼ਟਾਚਾਰ ਖਿਲਾਫ ਅੰਦੋਲਨ ਚਲਾਉਣ ਵਾਲੇ ਸਮਾਜ ਸੇਵੀ ਅੰਨਾ ਹਜ਼ਾਰੇ ਨੇ ਮੋਦੀ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਲੋਕਪਾਲ ਬਿੱਲ ਬਾਰੇ ਵਰਤੀ ਜਾ ਰਹੀ ਢਿੱਲ ਨੇ ਭ੍ਰਿਸ਼ਟਾਚਾਰ ਰੋਕਣ ਲਈ ਸਰਕਾਰ ਦੀ ਸੰਜੀਦਗੀ 'ਤੇ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ।

ਸ੍ਰੀ ਹਜ਼ਾਰੇ ਨੇ ਕਿਹਾ, "ਲੋਕਪਾਲ ਬਾਰੇ ਸਰਕਾਰ ਦੀ ਢਿੱਲ-ਮੱਠ ਵਾਲੀ ਨੀਤੀ ਖਿਲਾਫ਼ ਸੰਘਰਸ਼ ਵਿੱਢਣ ਦੀ ਲੋੜ ਹੈ। ਮੈਂ ਹਾਲ ਹੀ ਵਿਚ ਸੱਤ ਸੂਬਿਆਂ ਦੇ ਕਾਰਕੁਨਾਂ ਨਾਲ ਮੁਲਾਕਾਤ ਕੀਤੀ ਹੈ। ਇਸ ਸਬੰਧੀ ਹੁਣ 30 ਜਨਵਰੀ ਨੂੰ ਜੰਤਰ ਮੰਤਰ ਵਿਚ ਪ੍ਰਦਰਸ਼ਨ ਕੀਤਾ ਜਾਵੇਗਾ।"

# ਹਿੰਦ-ਪਾਕਿ ਜੰਗ ਦੇ ਨਾਇਕ ਲੈਫਟੀਨੈਂਟ ਜਨਰਲ ਜੈਕਬ ਨਹੀਂ ਰਹੇ

**ਨਵੀਂ ਦਿੱਲੀ:** 1971 ਦੇ ਭਾਰਤ-ਪਾਕਿਸਤਾਨ ਯੁੱਧ ਵਿਚ ਭਾਰਤ ਦੀ ਜਿੱਤ ਤੇ ਬੰਗਲਾਦੇਸ਼ ਦੇ ਸੂਜਨ ਇਲਾਕੇ ਵਿਚ ਅਹਿਮ ਭੂਮਿਕਾ ਭਾਉਣ ਵਾਲੇ ਲੈਫਟੀਨੈਂਟ ਜਨਰਲ ਜੇ.ਐਫ.ਆਰ. ਜੈਕਬ (ਸੇਵਾ-ਮੁਕਤ) ਦਾ



ਦੇਹਾਂਤ ਹੋ ਗਿਆ। 93 ਸਾਲ ਦੇ ਜੈਕਬ ਨੂੰ ਨਿਮੋਨੀਆ ਹੋ ਗਿਆ ਸੀ, ਜਿਸ ਕਾਰਨ ਉਨ੍ਹਾਂ ਨੂੰ ਇਕ ਜਨਵਰੀ ਨੂੰ ਆਰਮੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ।

ਬੰਗਾਲ ਪ੍ਰੈਜ਼ੀਡੈਂਸੀ ਵਿਚ ਜੰਮੇ ਜੈਕਬ 19 ਸਾਲ ਦੀ ਉਮਰ ਵਿਚ ਫੌਜ ਵਿਚ ਭਰਤੀ ਤੇ 1978 ਵਿਚ ਸੇਵਾ ਮੁਕਤ ਹੋਏ ਸਨ। ਉਨ੍ਹਾਂ ਨੇ 1971 ਦੇ ਭਾਰਤ-ਪਾਕਿਸਤਾਨ ਯੁੱਧ ਦੌਰਾਨ ਭਾਰਤੀ ਫੌਜ ਦੀ ਪੂਰਬੀ ਕਮਾਨ ਦੇ ਮੁਖੀ ਵਜੋਂ ਸ਼ਾਨਦਾਰ ਸੇਵਾਵਾਂ ਦਿੱਤੀਆਂ ਸਨ। ਉਹ ਗੋਆ ਤੇ ਪੰਜਾਬ ਦੇ ਰਾਜਪਾਲ ਵੀ ਰਹੇ ਸਨ।

# ਅਨਪੜ੍ਹ ਮੁਸਲਿਮ ਮਹਿਲਾਵਾਂ ਦਾ ਦਾਖਲਾ ਬੰਦ?

**ਲੰਡਨ:** ਮੁਸਲਿਮ ਮਹਿਲਾਵਾਂ ਨੇ ਜੇ ਬਰਤਾਨੀਆ ਵਿਚ ਰਹਿਣਾ ਹੈ ਤਾਂ ਉਨ੍ਹਾਂ ਨੂੰ ਅੰਗਰੇਜ਼ੀ ਸਿੱਖਣੀ ਜ਼ਰੂਰੀ ਹੋਵੇਗੀ। ਜੇ ਮਹਿਲਾਵਾਂ ਅਜਿਹਾ ਨਹੀਂ ਕਰਨਗੀਆਂ ਤਾਂ ਉਨ੍ਹਾਂ ਨੂੰ ਮੁਲਕ ਤੋਂ ਬਾਹਰ ਜਾਣਾ ਪਵੇਗਾ। ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਇਸ ਬਾਰੇ ਸਪਸ਼ਟ ਐਲਾਨ ਕੀਤਾ ਹੈ।

ਇਸ ਪਿਛੇ ਉਨ੍ਹਾਂ ਦੀ ਦਲੀਲ ਹੈ ਕਿ ਅੰਗਰੇਜ਼ੀ ਦਾ ਘੱਟ ਗਿਆਨ ਹੋਣ ਕਾਰਨ ਲੋਕ ਇਸਲਾਮਿਕ ਸਟੇਟ ਦੀ ਵਿਚਾਰਧਾਰਾ ਤੋਂ ਛੇਤੀ ਪ੍ਰਭਾਵਿਤ ਹੁੰਦੇ ਹਨ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਜਿਨ੍ਹਾਂ ਮਹਿਲਾਵਾਂ ਦੇ ਬੱਚੇ ਹਨ, ਉਨ੍ਹਾਂ ਨੂੰ ਵੀ ਅੰਗਰੇਜ਼ੀ ਸਿੱਖਣੀ ਹੋਵੇਗੀ। ਸਰਕਾਰ ਅੰਗਰੇਜ਼ੀ ਸਿਖਾਉਣ ਲਈ 3 ਕਰੋੜ ਅਮਰੀਕੀ ਡਾਲਰ ਖ਼ਰਚ ਕਰੇਗੀ।

ਸ੍ਰੀ ਕੈਮਰੌਨ ਨੇ ਆਖਿਆ ਕਿ ਢਾਈ ਸਾਲ ਬਾਅਦ ਟੈਸਟ ਵੀ ਹੋਵੇਗਾ ਜਿਸ ਰਾਹੀਂ ਅੰਗਰੇਜ਼ੀ ਦੀ ਪਰਖ ਕੀਤੀ ਜਾਵੇਗੀ। ਉਨ੍ਹਾਂ ਸਰਕਾਰ ਅਨੁਸਾਰ ਇੰਗਲੈਂਡ ਵਿਚ 19000 ਮੁਸਲਿਮ ਮਹਿਲਾਵਾਂ ਹਨ ਜਿਨ੍ਹਾਂ ਵਿਚ 22 ਫ਼ੀਸਦੀ ਅਜਿਹੀਆਂ ਹਨ ਜਿਨ੍ਹਾਂ ਦੀ ਅੰਗਰੇਜ਼ੀ ਕਮਜ਼ੋਰ ਹੈ।

ਬ੍ਰਿਟੇਨ ਵਿਚ 2.7 ਮਿਲੀਅਨ ਆਬਾਦੀ ਮੁਸਲਿਮ ਭਾਈਚਾਰੇ ਦੀ ਹੈ। ਇਸ ਮੁੱਦੇ ਤੋਂ ਬਾਅਦ ਮੁਸਲਿਮ ਭਾਈਚਾਰੇ ਵੱਲੋਂ ਸ੍ਰੀ ਕੈਮਰੌਨ ਦੀ ਆਲੋਚਨਾ ਕੀਤੀ ਜਾ ਰਹੀ ਹੈ।

# ਨਵਜੋਤ ਕੌਰ ਸਿੱਧੂ ਦਾ ਬਾਦਲ ਸਰਕਾਰ ਨੂੰ ਫਿਰ ਘੇਰਾ

**ਅੰਮ੍ਰਿਤਸਰ:** ਮੁੱਖ ਸੰਸਦੀ ਸਕੱਤਰ ਸਿਹਤ ਅਤੇ ਪਰਿਵਾਰ ਭਲਾਈ ਡਾ. ਨਵਜੋਤ ਕੌਰ ਸਿੱਧੂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਕ ਪੱਤਰ ਵਿਚ ਉਨ੍ਹਾਂ ਵਲੋਂ ਉਠਾਏ ਸਿਹਤ ਮੁੱਦਿਆਂ ਨੂੰ ਅਣਗੌਲਿਆਂ ਕਰਨ ਦਾ ਸਖ਼ਤ ਰੋਸ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਸ. ਬਾਦਲ ਨੇ ਪਿੰਡ ਬਾਦਲ ਵਿਚ ਸਿਹਤ ਕੈਂਪ ਦੌਰਾਨ ਇਹ ਐਲਾਨ ਕੀਤਾ ਸੀ ਕਿ ਪੰਜਾਬ ਵਿਚ ਸਾਊਥ ਏਸ਼ੀਅਨ ਐਸੋਸੀਏਸ਼ਨ ਆਫ ਰਿਜਨਲ ਕਾਰਪੋਰੇਸ਼ਨ (ਸਾਰਕ) ਹਸਪਤਾਲ ਸਥਾਪਤ ਕੀਤਾ ਜਾਵੇਗਾ। ਜਿਨ੍ਹਾਂ ਲੜਕੀਆਂ 'ਤੇ ਤੇਜ਼ਾਬ ਸੁੱਟੇ ਗਏ ਸੀ, ਸਾਰਕ ਮੈਨੇਜਮੈਂਟ ਉਨ੍ਹਾਂ ਦਾ ਮੁਫਤ ਅਪਰੇਸ਼ਨ ਕਰਨ ਲਈ ਤਿਆਰ ਸੀ, ਪਰ ਸਰਕਾਰ ਵੱਲੋਂ ਇਸ ਪਾਸੇ ਕੋਈ ਉਪਰਾਲਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਮਿਊਨਿਟੀ ਹੈਲਥ ਸੈਂਟਰ ਵੇਰਕਾ (ਅੰਮ੍ਰਿਤਸਰ) ਵਿਚ ਸਾਰਕ ਮੈਂਬਰਾਂ ਨੇ ਹਸਪਤਾਲ ਸਥਾਪਤ ਕਰਨ ਸਬੰਧੀ ਨਿਰੀਖਣ ਵੀ ਕੀਤਾ ਸੀ ਪਰ ਇਸ ਪਾਸੇ ਵੀ ਕੋਈ ਉਪਰਾਲਾ ਨਹੀਂ ਹੋਇਆ।



ਉਨ੍ਹਾਂ ਪੱਤਰ ਵਿਚ ਸ. ਬਾਦਲ ਨੂੰ ਲਿਖਿਆ ਹੈ ਕਿ ਵਿਭਾਗ ਦਾ 25 ਸਾਲ ਦਾ ਇਸ ਖੇਤਰ ਵਿਚ ਤਜਰਬਾ ਹੋਣ ਅਤੇ ਇਕ ਮਾਹਿਰ ਡਾਕਟਰ ਹੋਣ ਦੇ ਬਾਵਜੂਦ ਉਸ ਦੇ ਸੁਝਾਵਾਂ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਗਈ। ਮਨੋਵਿਗਿਆਨਕ ਮੁੱਦੇ 'ਤੇ ਡਾ. ਸਿੱਧੂ ਨੇ ਕਿਹਾ ਕਿ ਐਮ.ਬੀ.ਬੀ.ਐਸ. ਕੋਰਸ ਵਿਚ ਮਨੋਵਿਗਿਆਨ ਮਹੱਤਵਪੂਰਨ ਵਿਸ਼ਾ ਹੈ ਅਤੇ ਦਿਨ-ਬ-ਦਿਨ ਆਤਮ ਹੱਤਿਆ, ਸਮਾਜਕ ਨਿਰਾਸ਼ਾ ਤੇ ਹੋਰ ਬਹੁਤ ਸਾਰੀਆਂ ਨਿਰਾਸ਼ਾਜਨਕ ਸਥਿਤੀਆਂ ਪੈਦਾ ਹੋ ਰਹੀਆਂ ਹਨ। ਜੇ ਸਾਰੇ ਐਮ.ਬੀ.ਬੀ.ਐਸ. ਡਾਕਟਰਾਂ ਨੂੰ ਮਾਨਸਿਕ ਬਿਮਾਰੀਆਂ ਅਤੇ ਇਸ ਦੇ ਇਲਾਜ ਬਾਰੇ ਲੋੜੀਂਦੀ ਸਿੱਖਿਆ ਮੁਹੱਈਆ ਕੀਤੀ ਜਾਵੇ ਤਾਂ ਇਨ੍ਹਾਂ ਮਨੋਵਿਗਿਆਨਕ ਬਿਮਾਰੀਆਂ ਤੋਂ ਲੋਕਾਂ ਨੂੰ ਬਚਾਇਆ ਜਾ ਸਕਦਾ ਹੈ। ਉਨ੍ਹਾਂ ਲਿਖਿਆ ਹੈ ਕਿ ਨਵੇਂ ਹਸਪਤਾਲ ਤਾਂ ਖੁੱਲ੍ਹ ਰਹੇ ਹਨ ਪਰ ਪਹਿਲਾਂ ਮੌਜੂਦ ਹਸਪਤਾਲਾਂ ਵਿਚ ਸਟਾਫ ਦੀ ਕਮੀ ਕਰ ਕੇ ਸਿਹਤ ਸਮਾਜ 'ਤੇ ਮਾੜਾ ਅਸਰ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਵਾਜ਼ ਪ੍ਰਦੂਸ਼ਣ ਵਿਰੁੱਧ ਉਪਰਾਲੇ ਕੀਤੇ ਜਾਣ ਦਾ ਮੁੱਦਾ ਵੀ ਉਠਾਇਆ ਸੀ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ।

## ਆਈ.ਐਸ. ਨਾਲ ਜੁੜਨ ਸੀਰੀਆ ਗਏ 4 ਭਾਰਤੀ ਕਾਬੂ

**ਦਮਸ਼ਕ:** ਇਸਲਾਮੀ ਅਤਿਵਾਦੀ ਸੰਗਠਨ ਆਈ.ਐਸ. ਵਿਚ ਸ਼ਾਮਲ ਹੋਣ ਸੀਰੀਆ ਗਏ ਚਾਰ ਭਾਰਤੀ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ। ਭਾਰਤ ਦੌਰੇ 'ਤੇ ਆਏ ਸੀਰੀਆ ਦੇ ਡਿਪਟੀ ਪੀ.ਐਮ. ਵਾਲਿਦ ਅਲ ਮੋਆਓਲੇਮ ਨੇ ਇਸ ਦੀ ਜਾਣਕਾਰੀ ਦਿੱਤੀ। ਸੀਰੀਆ ਦੇ ਡਿਪਟੀ ਪੀ.ਐਮ. ਨੇ ਦੱਸਿਆ ਕਿ ਆਈ.ਐਸ. ਵਿਚ ਸ਼ਾਮਲ ਹੋਣ ਗਏ ਚਾਰ ਭਾਰਤੀ ਨੌਜਵਾਨਾਂ ਨੂੰ ਦਮਸ਼ਕ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਇਹ ਯਾਰਡਨ ਦੇ ਰਸਤੇ ਸੀਰੀਆ ਪੁੱਜੇ ਸਨ। ਵਾਲਿਦ ਤਿੰਨ ਦਿਨਾਂ ਲਈ ਭਾਰਤ ਦੌਰੇ 'ਤੇ ਆਏ ਸਨ। ਉਨ੍ਹਾਂ ਨੇ ਭਾਰਤੀ ਅਧਿਕਾਰੀਆਂ ਨੂੰ ਉਨ੍ਹਾਂ ਨੌਜਵਾਨਾਂ ਦੀ ਪਛਾਣ ਕਰਨ ਲਈ ਕਿਹਾ ਹੈ।

# ਹੋਦ ਚਿੱਲੜ ਕਤਲੇਆਮ ਦੇ ਪੀੜਤਾਂ ਮਿਲਿਆ ਮੁਆਵਜ਼ਾ

**ਬਠਿੰਡਾ:** ਪਿੰਡ ਹੋਦ ਚਿੱਲੜ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਕੀਤੇ ਗਏ ਯਤਨਾਂ ਤਹਿਤ ਹਰਿਆਣਾ ਸਰਕਾਰ ਨੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਕਸਬਿਆਂ 'ਚ ਗੁਜ਼ਰ ਬਸਰ ਕਰ ਰਹੇ ਕਤਲੇਆਮ 'ਚ ਬਾਕੀ ਬਚੇ ਪੀੜਤਾਂ ਲਈ 7 ਕਰੋੜ 35 ਲੱਖ ਰੁਪਏ ਜਾਰੀ ਕਰ ਦਿੱਤੇ ਹਨ।

ਇਸ ਕੇਸ ਦੀ ਪੈਰਵੀ ਕਰ ਰਹੇ ਮਨਵਿੰਦਰ ਸਿੰਘ ਗਿਆਸਪੁਰਾ ਤੇ ਦਰਸ਼ਨ ਸਿੰਘ ਘੋਲੀਆਂ ਨੇ ਦੱਸਿਆ ਕਿ ਸਬੰਧਤ ਪਰਿਵਾਰਾਂ ਦੇ ਵਾਰਿਸਾਂ ਨੂੰ ਕਰੀਬ 3 ਕਰੋੜ ਦੇ ਕਰੀਬ ਰਾਸ਼ੀ ਨਵੰਬਰ 2015 'ਚ ਵੰਡੀ ਜਾ ਚੁੱਕੀ ਹੈ। ਜੋ ਬਾਕੀ ਹਨ, ਉਨ੍ਹਾਂ ਨੂੰ ਹੁਣ ਜਾਰੀ ਕੀਤੀ ਜਾ ਰਹੀ ਹੈ।

ਇਹ ਮੁਆਵਜ਼ਾ ਰਾਸ਼ੀ ਪਹਿਲਾਂ ਤੋਂ 7-7 ਲੱਖ ਰੁਪਏ ਮੁਆਵਜ਼ਾ ਲੈ ਚੁੱਕੇ ਪਰਿਵਾਰਾਂ ਨੂੰ 20-20 ਲੱਖ ਰੁਪਏ, ਅਜੇ ਤੱਕ ਕੋਈ ਵੀ ਮੁਆਵਜ਼ਾ ਨਾ ਲੈ ਸਕਣ ਵਾਲੀ ਫੌਜੀ ਇੰਦਰਜੀਤ ਸਿੰਘ ਦੀ ਪਤਨੀ ਕੰਵਲਜੀਤ ਕੌਰ ਨੂੰ 25 ਲੱਖ, ਸਿਰ ਦੀ ਸੱਟ ਕਾਰਨ ਦਿਮਾਗੀ ਸੰਤੁਲਨ ਗਵਾ ਚੁੱਕੀ ਰਮੇਸ਼ ਕੁਮਾਰੀ ਨੂੰ 50 ਲੱਖ, ਫੱਟੜਾਂ ਨੂੰ 1-1 ਲੱਖ ਰੁਪਏ ਦਿੱਤੇ ਜਾਣਗੇ। ਘਰ ਦੇ ਨੁਕਸਾਨ ਅਤੇ ਗੁਰਦੁਆਰੇ ਦੇ ਨੁਕਸਾਨ ਲਈ 5-5 ਲੱਖ ਰੁਪਏ ਦਿੱਤੇ ਜਾਣਗੇ। ਉਨ੍ਹਾਂ ਮੰਗ ਕੀਤੀ ਕਿ ਕਮਿਸ਼ਨ ਦੀ ਰਿਪੋਰਟ ਅਨੁਸਾਰ ਇਸ ਕੇਸ ਨੂੰ ਦਬਾਉਣ ਲਈ ਜਿਨ੍ਹਾਂ 2 ਵਿਅਕਤੀਆਂ ਦੀ ਭੂਮਿਕਾ ਕਮਿਸ਼ਨ ਦੇ ਸਾਹਮਣੇ ਆਈ ਹੈ, ਉਨ੍ਹਾਂ 'ਚ ਰਾਮ ਕਿਸ਼ੋਰ ਤੇ ਰਾਮ ਭੱਜ ਸ਼ਾਮਿਲ ਹਨ, ਇਨ੍ਹਾਂ ਖਿਲਾਫ ਅਗਲੀ ਕਾਰਵਾਈ ਕਾਨੂੰਨੀ ਮਾਹਿਰਾਂ ਦੇ ਸਹਿਯੋਗ ਨਾਲ ਜਾਰੀ ਰੱਖੀ ਜਾਵੇਗੀ।

# ਡੇਰਾ ਪ੍ਰੇਮੀ ਤੇ ਹਿੰਦੂ ਜਥੇਬੰਦੀਆਂ ਦੇ ਕਾਰਕੁਨ ਭਿੜੇ

**ਲੁਧਿਆਣਾ:** ਲੁਧਿਆਣਾ ਦੇ ਰੇਲਵੇ ਸਟੇਸ਼ਨ ਦੇ ਬਾਹਰ ਡੇਰਾ ਪ੍ਰੇਮੀ ਅਤੇ ਹਿੰਦੂ ਜਥੇਬੰਦੀਆਂ ਦੇ ਮੈਂਬਰ ਭਿੜ ਗਏ। ਕਥਿਤ ਤੌਰ 'ਤੇ ਭਗਵਾਨ ਵਿਸ਼ਨੂੰ ਦਾ ਰੂਪ ਧਾਰ ਕੇ ਇੱਕ ਵਾਰ ਫਿਰ ਵਿਵਾਦਾਂ 'ਚ ਆਏ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦਾ ਵਿਰੋਧ ਕਰ ਰਹੀਆਂ ਹਿੰਦੂ ਜਥੇਬੰਦੀਆਂ ਘੰਟਾ ਘਰ ਤੋਂ ਜਗਰਾਉਂ ਪੁਲ ਤੱਕ ਰੋਸ ਮਾਰਚ ਕਰ ਕੇ ਡੇਰਾ ਮੁਖੀ ਦਾ ਪੁਤਲਾ ਫੂਕਣ ਜਾ ਰਹੀਆਂ ਸਨ।

ਜੇ.ਐਮ.ਡੀ. ਮਾਲ 'ਚ ਫ਼ਿਲਮ ਦੇਖਣ ਆਏ ਡੇਰਾ ਪ੍ਰੇਮੀਆਂ ਨੂੰ ਜਦੋਂ ਇਸ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਹਿੰਦੂ ਜਥੇਬੰਦੀਆਂ ਦੇ ਮੈਂਬਰਾਂ ਨੂੰ ਰੇਲਵੇ ਸਟੇਸ਼ਨ ਦੇ ਬਾਹਰ ਰੋਕ ਲਿਆ। ਉਨ੍ਹਾਂ ਨੇ ਹਿੰਦੂ ਜਥੇਬੰਦੀਆਂ ਦੇ ਮੈਂਬਰਾਂ ਨਾਲ ਕੁੱਟ-ਮਾਰ ਕਰ ਕੇ ਪੁਤਲਾ ਖੋਹ ਕੇ ਤੋੜ ਦਿੱਤਾ। ਇਸ ਤੋਂ ਬਾਅਦ ਦੋਵਾਂ ਗੁੱਟਾਂ 'ਚ ਹੱਥੋਪਾਈ ਹੋਈ। ਤਕਰਾਰ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਅਧਿਕਾਰੀ ਅਤੇ ਕਈ ਥਾਣਿਆਂ ਦੀ ਪੁਲਿਸ ਮੌਕੇ 'ਤੇ ਪੁੱਜੀ।

ਪੁਲਿਸ ਨੇ ਮੁਸ਼ਕਿਲ ਨਾਲ ਦੋਵਾਂ ਧੜਿਆਂ ਨੂੰ ਸ਼ਾਂਤ ਕੀਤਾ। ਇਸ ਦੌਰਾਨ ਹਿੰਦੂ ਸ਼ਕਤੀ ਮੋਰਚਾ ਦੇ ਰੋਹਿਤ ਸਾਹਨੀ ਦੇ ਸੱਟ ਲੱਗ ਗਈ। ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਪਹੁੰਚਾਇਆ ਗਿਆ ਜਿਥੋਂ ਇਲਾਜ ਮਗਰੋਂ ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਗਈ। ਰੋਹਿਤ ਸਾਹਨੀ ਨੇ ਇਸ ਮਾਮਲੇ 'ਚ ਥਾਣਾ ਕੋਤਵਾਲੀ ਪੁਲਿਸ ਕੋਲ ਸ਼ਿਕਾਇਤ ਦਿੱਤੀ ਹੈ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਅਫ਼ਗਾਨਿਸਤਾਨ ਵਿਚ ਆਤਮਘਾਤੀ ਹਮਲਾ, 13 ਹਲਾਕ

**ਕਾਬੁਲ:** ਅਫਗਾਨਿਸਤਾਨ ਦੇ ਗੜਬੜੀ ਵਾਲੇ ਪੂਰਬੀ ਖੇਤਰ ਦੇ ਜਲਾਲਾਬਾਦ ਸ਼ਹਿਰ ਵਿਚ ਇਕ ਪ੍ਰਮੁੱਖ ਆਗੂ ਦੇ ਘਰ 'ਤੇ ਹੋਏ ਆਤਮਘਾਤੀ ਹਮਲੇ ਵਿਚ 13 ਦੇ ਕਰੀਬ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ 14 ਹੋਰ ਜਖਮੀ ਹੋ ਗਏ।

ਨੰਗਰਹਾਰ ਸੂਬਾ ਸਰਕਾਰ ਦੇ ਬੁਲਾਰੇ ਅਯਾਤੁੱਲ੍ਹਾ ਖਿਓਨਗੀ ਨੇ ਕਿਹਾ ਕਿ ਓਬੈਦੁੱਲ੍ਹਾ ਸ਼ਿਨਵਾਰੀ ਦੀ ਰਿਹਾਇਸ਼ 'ਤੇ ਹਮਲਾਵਰ ਨੇ ਆਪਣੇ ਆਪ ਨੂੰ ਧਮਾਕੇ ਨਾਲ ਉਡਾ ਲਿਆ। ਇਹ ਰਿਹਾਇਸ਼ ਪਾਕਿਸਤਾਨੀ ਵਣਜ ਦੂਤਾਵਾਸ ਦੇ ਨੇੜੇ ਹੈ ਜਿਥੇ ਪਿਛਲੇ ਹਫਤੇ ਅਤਿਵਾਦੀ ਜਥੇਬੰਦੀ ਇਸਲਾਮਿਕ ਸਟੇਟ ਨੇ ਹਮਲਾ ਕੀਤਾ ਸੀ। ਇਹ ਇਸ ਇਲਾਕੇ ਵਿਚ ਕੀਤਾ ਗਿਆ ਦੂਜਾ ਸਭ ਤੋਂ ਵੱਡਾ ਦਹਿਸ਼ਤੀ ਹਮਲਾ ਹੈ।

ਸ਼ਿਨਵਾਰੀ ਨੰਗਰਹਾਰ ਸੂਬਾ ਪ੍ਰੀਸ਼ਦ ਦੇ ਮੈਂਬਰ ਹਨ ਅਤੇ ਉਨ੍ਹਾਂ ਦਾ ਪਰਿਵਾਰ ਸਥਾਨਕ ਤੇ ਕੌਮੀ ਰਾਜਨੀਤੀ 'ਚ ਸਰਗਰਮ ਹੈ। ਪਿਛਲੇ ਹਫਤੇ ਅਫਗਾਨਿਸਤਾਨ, ਪਾਕਿਸਤਾਨ, ਅਮਰੀਕਾ ਅਤੇ ਚੀਨ ਦੇ ਪ੍ਰਤੀਨਿਧਾਂ ਨੇ ਤਾਲਿਬਾਨ ਨਾਲ ਸ਼ਾਂਤੀਵਾਰਤਾ ਸ਼ੁਰੂ ਕਰਨ ਸਬੰਧੀ ਗੱਲਬਾਤ ਕੀਤੀ ਸੀ, ਹਾਲਾਂਕਿ ਬਾਗੀਆਂ ਨੇ ਹਿੰਸਕ ਮੁਹਿੰਮ ਸ਼ੁਰੂ ਕੀਤੀ ਹੋਈ ਸੀ।

ਇਸ ਮੌਕੇ ਹੋਈ ਗੱਲਬਾਤ ਦਾ ਮਕਸਦ ਅਫਗਾਨ ਸਰਕਾਰ ਤੇ ਇਸਲਾਮਿਕ ਦਰਮਿਆਨ 14 ਸਾਲਾਂ ਤਾਲਿਬਾਨੀ ਗੜਬੜੀ ਖਤਮ ਕਰਨ ਵਾਸਤੇ ਗੱਲਬਾਤ ਲਈ ਜ਼ਮੀਨ ਤਿਆਰ ਕਰਨਾ ਹੈ।

# ਪੰਜਾਬ ਵਿਚ ਮਿਲ ਰਹੇ ਹੁੰਗਾਰੇ ਤੋਂ ਵਿਰੋਧੀ ਪ੍ਰੇਸ਼ਾਨ: ਆਸ਼ੂਤੋਸ਼

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਦੇ ਦਿੱਲੀ ਦੇ ਇੰਚਾਰਜ ਆਸ਼ੂਤੋਸ਼ ਨੇ ਦੋਸ਼ ਲਾਇਆ ਕਿ ਪੰਜਾਬ ਵਿਚ ਪਾਰਟੀ ਦੀ ਵਧ ਰਹੀ ਪ੍ਰਸਿੱਧੀ ਤੋਂ ਕੁਝ ਸਿਆਸੀ ਲੋਕ ਪ੍ਰੇਸ਼ਾਨ ਹਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਕਤਲ ਕਰਨ ਦੀ ਸਾਜ਼ਿਸ਼ ਵੀ ਰਚੀ ਜਾ ਸਕਦੀ ਹੈ। ਸ੍ਰੀ ਆਸ਼ੂਤੋਸ਼ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੇ ਘਰ ਪ੍ਰੈਸ ਕਾਨਫਰੰਸ ਦੌਰਾਨ ਬੋਲ ਰਹੇ ਸਨ।

ਉਨ੍ਹਾਂ ਪ੍ਰਧਾਨ ਮੰਤਰੀ ਦਫ਼ਤਰ ਅਤੇ ਦਿੱਲੀ ਪੁਲਿਸ ਨੂੰ ਨਿਸ਼ਾਨੇ 'ਤੇ ਲਿਆ ਅਤੇ ਕਿਹਾ ਕਿ ਅਰਵਿੰਦ ਕੇਜਰੀਵਾਲ ਦੇ ਕਤਲ ਦੀ ਸਾਜ਼ਿਸ਼ ਦੀ ਸੰਭਾਵਨਾ ਵੀ ਹੋ ਸਕਦੀ ਹੈ। ਸ੍ਰੀ ਕੇਜਰੀਵਾਲ ਉਤੇ ਸਿਆਹੀ ਸੁੱਟਣ ਦੀ ਘਟਨਾ ਬਦਲਾ ਲੈਣ ਦੀ ਕਾਰਵਾਈ ਹੈ ਅਤੇ ਇਹ ਸਾਜ਼ਿਸ਼ ਹੋ ਸਕਦੀ ਹੈ ਜਿਸ ਦਾ ਪਤਾ ਕੀਤਾ ਜਾਣਾ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਸਫ਼ਲ ਰੈਲੀ ਤੋਂ ਵਾਪਸੀ ਵੇਲੇ ਇਕ ਵੀ ਪੁਲਿਸ ਵਾਲਾ ਸ੍ਰੀ ਕੇਜਰੀਵਾਲ ਨਾਲ ਨਹੀਂ ਸੀ।

ਇਸੇ ਦੌਰਾਨ ਦਿੱਲੀ ਪ੍ਰਦੇਸ਼ ਭਾਜਪਾ ਦੇ ਪ੍ਰਧਾਨ ਸਤੀਸ਼ ਉਪਾਧਿਆਏ ਨੇ ਦੋਸ਼ ਲਾਇਆ ਕਿ ਅਰਵਿੰਦ ਕੇਜਰੀਵਾਲ ਸਰਕਾਰ ਨੇ ਪ੍ਰਦੂਸ਼ਣ ਖ਼ਤਮ ਕਰਨ ਨੂੰ ਵੀ ਪੈਸਾ ਕਮਾਉਣ ਦਾ ਜ਼ਰੀਆ ਬਣਾ ਲਿਆ। ਦੂਜੇ ਪਾਸੇ ਦਿੱਲੀ ਪੁਲਿਸ ਕਮਿਸ਼ਨਰ ਬੀ.ਐਸ. ਬੱਸੀ ਨੇ ਕਿਹਾ ਕਿ ਮੁੱਖ ਮੰਤਰੀ ਦੀ ਸੁਰੱਖਿਆ ਪੂਰੀ ਹੈ ਤੇ ਦਿੱਲੀ ਪੁਲਿਸ ਨੇ ਸਿਆਹੀ ਸੁੱਟਣ ਵਾਲੀ ਔਰਤ ਭਾਵਨਾ ਅਰੋੜਾ ਨੂੰ ਗ੍ਰਿਫ਼ਤਾਰ ਕਰ ਕੇ ਕੇਸ ਦਰਜ ਕਰ ਲਿਆ ਸੀ। ਇਸ ਦੌਰਾਨ ਅਦਾਲਤ ਨੇ ਭਾਵਨਾ ਅਰੋੜਾ ਨੂੰ 14 ਦਿਨ ਲਈ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਹੈ।

## ਸਾਊਦੀ ਅਰਬ 'ਚ ਜਗਰਾਉਂ ਦੇ ਨੌਜਵਾਨ ਦੀ ਮੌਤ

**ਜਗਰਾਉਂ:** ਰੋਜ਼ੀ ਰੋਟੀ ਖ਼ਾਤਰ ਛੇ ਮਹੀਨੇ ਪਹਿਲਾਂ ਸਾਊਦੀ ਅਰਬ ਗਏ ਜਗਰਾਉਂ ਦੇ ਸੁਖਬੀਰ ਸਿੰਘ ਉਰਫ਼ ਸੀਪਾ ਦੀ ਮੌਤ ਹੋ ਗਈ। ਉਹ ਉਥੇ ਟਰਾਲਾ ਚਲਾਉਂਦਾ ਸੀ ਅਤੇ ਸੜਕ ਹਾਦਸੇ ਵਿਚ ਜ਼ਖ਼ਮੀ ਹੋ ਗਿਆ ਸੀ। ਉਸ ਦੇ ਦੋਸਤਾਂ ਨੇ ਉਸ ਦੇ ਪਰਿਵਾਰ ਨੂੰ ਫੋਨ 'ਤੇ ਇਹ ਜਾਣਕਾਰੀ ਦਿੱਤੀ। ਸੀਪਾ ਦੇ ਪਰਿਵਾਰ 'ਚ ਪਤਨੀ ਰਮਨਦੀਪ, ਲੜਕਾ ਸੰਦੀਪ ਸਿੰਘ ਤੇ ਲੜਕੀ ਪ੍ਰਭਜੋਤ ਕੌਰ ਹੈ।


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



ਕਮਾਲ ਬਈ ਕਮਾਲ !

ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ



Upgrade your Security Cameras to High Definition at very reasonable prices



For a Free Demo of our new HD Cameras
Please Contact us: Balbir S Sidhu
209-495-3905 (Cell)
www.dvrunlimited.com
Toll Free (888) 233-4566

DVRunlimited Inc.
Installation Available



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse

ਮਾਊਂਟਨਹਾਊਸ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ

For Sale & Purchase of Residential, Commercial Property and AG-Land

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ



COLDWELL BANKER VALLEY CENTRAL
EQUAL HOUSING OPPORTUNITY
REALTOR®

Gurbans Singh Gill
Realtor
DRE#01227109
17 Years Experiance in Real Estate
e-mail: gurbans@gotracy.com
Fax: 209-836-0706
www.gotracy.com

Gurbans Gill
Office 209-835-4545
Direct 209-815-1869
1486 W 11th Street, Tracy, CA 95376

# ਪੰਜਾਬ ਨੇ ਵਿਤੀ ਤ੍ਰਾਸਦੀ ਦੀ ਜ਼ਿੰਮੇਵਾਰੀ ਕੇਂਦਰ ਸਿਰ ਸੁੱਟੀ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਮੰਨਿਆ ਹੈ ਕਿ ਪੰਜਾਬ ਨੂੰ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਤੋਂ ਬਣਦਾ ਹੱਕ ਨਹੀਂ ਮਿਲਿਆ ਤੇ 14ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੇ ਵੀ ਰਾਜ ਸਰਕਾਰ ਦੇ ਪੱਲੇ ਮਾਯੂਸੀ ਹੀ ਪਾਈ ਹੈ। ਸੂਬੇ ਦੇ ਡੂੰਘੇ ਹੋ ਰਹੇ ਆਰਥਿਕ ਸੰਕਟ ਬਾਰੇ ਵਿੱਤ ਮੰਤਰੀ ਵੱਲੋਂ ਕੇਂਦਰ ਸਰਕਾਰ ਨੂੰ ਕੋਸਿਆ ਜਾਣਾ ਕਈ ਸਵਾਲ ਖੜ੍ਹੇ ਕਰ ਰਿਹਾ ਹੈ। ਸ੍ਰੀ ਢੀਂਡਸਾ ਨੇ ਕੇਂਦਰ ਵਿਚ ਅਕਾਲੀ ਦਲ ਦੀ ਭਾਈਵਾਲੀ ਅਤੇ ਭਾਜਪਾ ਦੀ ਅਗਵਾਈ ਹੇਠਲੀ ਐਨ.ਡੀ.ਏ. ਸਰਕਾਰ ਨੂੰ ਸੂਬੇ ਦੀ ਵਿੱਤੀ ਤ੍ਰਾਸਦੀ ਲਈ ਜ਼ਿੰਮੇਵਾਰ ਮੰਨਿਆ ਹੈ। 14ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਪੰਜਾਬ ਵਿਰੋਧੀ ਦੱਸਦਿਆਂ ਢੀਂਡਸਾ ਨੇ ਦੋਸ਼ ਲਾਇਆ ਕਿ ਵਿੱਤ ਕਮਿਸ਼ਨ ਨੇ ਰਾਜਾਂ ਵੱਲੋਂ ਸਨਅਤੀ ਖੇਤਰ ਨੂੰ ਦਿੱਤੀਆਂ ਜਾਂਦੀਆਂ ਸਬਸਿਡੀਆਂ ਤਾਂ ਪ੍ਰਵਾਨ ਕਰ ਲਈਆਂ, ਪਰ ਖੇਤੀ ਖੇਤਰ ਨੂੰ ਬਿਜਲੀ ਤੇ ਮਿਲ ਰਹੀ ਸਬਸਿਡੀ ਨੂੰ ਪ੍ਰਵਾਨ ਨਹੀਂ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਵੱਖ-ਵੱਖ ਸਕੀਮਾਂ ਅਧੀਨ ਗਰਾਂਟਾਂ ਵੀ ਬੰਦ ਹੋਣ ਕਾਰਨ ਸੂਬੇ ਨੂੰ ਵਿੱਤੀ ਨੁਕਸਾਨ ਹੋਇਆ ਤੇ ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਤਰੁੱਟੀਆਂ ਨੂੰ ਦੂਰ ਕਰੇ। ਉਨ੍ਹਾਂ ਕਿਹਾ ਕਿ ਪੁਲਿਸ ਦੇ ਨਵੀਨੀਕਰਨ ਲਈ ਰਾਜਾਂ ਨੂੰ ਮਿਲਦੀ ਗਰਾਂਟ ਬੰਦ ਹੋ ਗਈ ਹੈ, ਪਰ ਪੰਜਾਬ ਦੀ ਭੂਗੋਲਿਕ ਸਥਿਤੀ ਤੇ ਸਰਹੱਦ ਪਾਰੋਂ ਮਿਲ ਰਹੀਆਂ ਚੁਣੌਤੀਆਂ ਕਾਰਨ ਸੂਬੇ ਦੀ ਪੁਲਿਸ ਨੂੰ ਮੋਡਰਨਾਈਜ ਕਰਨ ਲਈ ਵਿਸ਼ੇਸ਼ ਵਿੱਤੀ ਮਦਦ ਦੀ ਲੋੜ ਹੈ।

ਅਤਿਵਾਦ ਦੌਰਾਨ ਲਿਆ ਗਿਆ ਕਰਜ਼ਾ ਜੋ ਕੇਂਦਰ ਵੱਲੋਂ ਮੁਆਫ ਕਰ ਦਿੱਤਾ ਗਿਆ ਹੈ ਪਰ ਉਸ ਕਰਜ਼ੇ ਵਿਚੋਂ ਮੋੜਿਆ ਗਿਆ 2700 ਕਰੋੜ ਰੁਪਿਆ ਵੀ ਕੇਂਦਰ ਨੂੰ ਵਾਪਸ ਕਰਨਾ ਚਾਹੀਦਾ ਹੈ। ਸ. ਢੀਂਡਸਾ ਨੇ ਮੰਨਿਆ ਕਿ ਪੰਜਾਬ ਦੀ ਸਭ ਤੋਂ ਵੱਡੀ ਵਿੱਤੀ ਸਮੱਸਿਆ ਸਰਕਾਰ ਦਾ ਤਨਖਾਹ ਤੇ ਪੈਨਸ਼ਨ ਬਿੱਲ 28000 ਕਰੋੜ ਸਾਲਾਨਾ 'ਤੇ ਪੁੱਜ ਜਾਣਾ ਹੈ।

ਸ੍ਰੀ ਢੀਂਡਸਾ ਦੀ ਇਹ ਸਾਫਗੋਈ ਕਿਸੇ ਹੱਦ ਤੱਕ ਦਰੁਸਤ ਜਾਪਦੀ ਹੈ, ਪਰ ਸੂਬੇ ਦੇ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹੁਣ ਤੱਕ ਸੌੜੇ ਸਿਆਸੀ ਹਿੱਤਾਂ ਕਾਰਨ ਇਹ ਸੱਚਾਈ ਸਾਹਮਣੇ ਲਿਆਉਣ ਦੀ ਬਜਾਏ ਇਸ ਸਥਿਤੀ ਸਬੰਧੀ ਟਾਲਾ ਵੱਟਣ ਦੀ ਹੀ ਕੋਸ਼ਿਸ਼ ਕਰਦੇ ਆ ਰਹੇ ਹਨ।

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਨੇ ਵਿੱਤੀ ਮੁਹਾਜ਼ 'ਤੇ ਪੰਜਾਬ ਨੂੰ ਉਹ ਵੁੱਕਤ ਨਹੀਂ ਦਿੱਤੀ ਜਿਸ ਦੀ ਰਾਜ ਤਵੱਕੋ ਕਰਦਾ ਸੀ। ਚੌਦਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਤੇ ਮਾਪਦੰਡਾਂ ਅਨੁਸਾਰ ਪੰਜਾਬ ਕਰਜ਼ੇ ਦੇ ਦਬਾਅ ਵਾਲੇ ਸੂਬਿਆਂ ਦੀ ਸੂਚੀ ਵਿਚੋਂ ਬਾਹਰ ਆ ਗਿਆ ਹੈ। ਇਸ ਨਾਲ ਪੰਜਾਬ ਦੀ ਕੇਂਦਰ ਤੋਂ ਵਿਸ਼ੇਸ਼ ਵਿੱਤੀ ਪੈਕੇਜ ਦੀ ਮੰਗ ਸਬੰਧੀ ਦਾਅਵੇਦਾਰੀ ਠੁੱਸ ਹੋ ਕੇ ਰਹਿ ਗਈ ਹੈ। ਭਾਜਪਾ ਨਾਲ ਸਬੰਧਤ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਤੇ ਵਿੱਤ ਰਾਜ ਮੰਤਰੀ ਜੈਅੰਤ ਸਿਨਹਾ ਪੰਜਾਬ ਲਈ ਵਿਸ਼ੇਸ਼ ਵਿੱਤੀ ਪੈਕੇਜ ਦੀ ਮੰਗ ਰੱਦ ਕਰ ਚੁੱਕੇ ਹਨ।

ਸ੍ਰੀ ਜੇਤਲੀ ਨੇ ਤਾਂ ਪੰਜਾਬ ਸਰਕਾਰ ਨੂੰ ਬਾਕਾਇਦਾ ਇਕ ਚਿੱਠੀ ਲਿਖ ਕੇ ਇਹ ਵੀ ਕਹਿ ਦਿੱਤਾ ਸੀ ਕਿ ਸੂਬੇ ਨੂੰ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਸਮੇਂ ਆਪਣੇ ਹਿੱਸੇ ਤੋਂ ਵੱਧ ਪੈਸਾ ਮਿਲਦਾ ਰਿਹਾ ਹੈ, ਇਸ ਲਈ ਹੋਰ ਮਦਦ ਨਹੀਂ ਦਿੱਤੀ ਜਾ ਸਕਦੀ। ਇਸ ਚਿੱਠੀ ਨਾਲ ਪੰਜਾਬ ਸਰਕਾਰ ਦੀ ਕਾਫੀ ਕਿਰਕਿਰੀ ਵੀ ਹੋਈ।

### ਮੋਦੀ ਸਰਕਾਰ ਦੀ ਪੰਜਾਬ ਬਾਰੇ ਨੀਤੀ ਬਾਰੇ ਚੁੱਕੇ ਸਵਾਲ



# ਕੇਜਰੀਵਾਲ ਦਾ ਜਿਸਤ-ਟਾਂਕ ਫਾਰਮੂਲਾ ਪਾਸ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਹੈ ਕਿ ਜਿਸਤ-ਟਾਂਕ ਫਾਰਮੂਲਾ ਕਾਮਯਾਬ ਰਿਹਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਇਸ ਦੀ ਤਾਰੀਫ ਕੀਤੀ ਹੈ। ਦਿੱਲੀ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਕੇਜਰੀਵਾਲ ਨੇ ਵਾਹਨਾਂ ਲਈ ਜਿਸਤ-ਟਾਂਕ ਫਾਰਮੂਲਾ ਲਾਗੂ ਕੀਤਾ ਸੀ। ਕੇਜਰੀਵਾਲ ਸਰਕਾਰ ਨੇ ਇਹ ਫਾਰਮੂਲਾ ਅਜ਼ਮਾਇਸ਼ ਲਈ ਲਾਗੂ ਕੀਤਾ ਸੀ। ਸਰਕਾਰ ਮੁਤਾਬਕ ਇਸ ਫਾਰਮੂਲੇ ਨਾਲ ਦਿੱਲੀ ਦੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਵਿਚ ਕਾਫੀ ਸਫਲਤਾ ਮਿਲੀ ਹੈ। ਇਸ ਦੇ ਚੱਲਦੇ ਹੁਣ ਸਰਕਾਰ ਇਸ ਫਾਰਮੂਲੇ ਨੂੰ ਅੱਗੇ ਵਧਾਉਣ ਲਈ ਵੀ ਫੈਸਲਾ ਲਵੇਗੀ। ਦਰਅਸਲ, ਦਿੱਲੀ ਸਰਕਾਰ ਨੇ ਰਾਜਧਾਨੀ ਦੀਆਂ ਸੜਕਾਂ 'ਤੇ ਦੌੜਦੀਆਂ ਬੇਲਗਾਮ ਕਾਰਾਂ ਕਾਰਨ ਹੋ ਰਹੇ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਇਹ ਯੋਜਨਾ ਬਣਾਈ ਹੈ। ਇਸ ਮੁਤਾਬਕ ਇਕ ਦਿਨ ਔਡ ਨੰਬਰ ਤੇ ਦੂਜੇ ਦਿਨ ਈਵਨ ਨੰਬਰ ਵਾਲੀਆਂ ਗੱਡੀਆਂ ਚੱਲ ਸਕਦੀਆਂ ਹਨ। ਦਿੱਲੀ ਵਿਚ ਵਧਦੇ ਪ੍ਰਦੂਸ਼ਣ ਨੂੰ ਲੈ ਕੇ ਨੈਸ਼ਨਲ ਗਰੀਨ ਪ੍ਰਦੂਸ਼ਣ ਟ੍ਰਿਬਿਊਨਲ ਤੇ ਦਿੱਲੀ ਹਾਈਕੋਰਟ ਦੀ ਫਟਕਾਰ ਮਗਰੋਂ ਕੇਜਰੀਵਾਲ ਸਰਕਾਰ ਹਰਕਤ ਵਿਚ ਆਈ ਹੈ।



# ਨੀਲੀ ਬੱਤੀ ਦੀ ਦੁਰਵਰਤੋਂ ਬਾਰੇ ਖੁੱਲ੍ਹੀ ਸਰਕਾਰ ਦੀ ਨੀਂਦ

**ਚੰਡੀਗੜ੍ਹ:** ਪਠਾਨਕੋਟ ਵਿਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਪੰਜਾਬ ਸਰਕਾਰ ਗੱਡੀਆਂ 'ਤੇ ਨੀਲੀ ਬੱਤੀਆਂ ਦੀ ਵਰਤੋਂ ਬਾਰੇ ਆਪਣੀ ਨੀਤੀ ਬਦਲਣ ਉਤੇ ਵਿਚਾਰਾਂ ਕਰ ਰਹੀ ਹੈ। ਸਖਤ ਪਾਬੰਦੀ ਨਾ ਹੋਣ ਕਰ ਕੇ ਸੂਬੇ ਵਿਚ ਹਰ ਕੋਈ ਆਪਣੀ ਟੌਅਰ ਚਮਕਾਉਣ ਲਈ ਇਸ ਦੀ ਵਰਤੋਂ ਕਰਦਾ ਆ ਰਿਹਾ ਹੈ। ਕੁਝ ਵਿਅਕਤੀ ਤਾਂ ਫਲੈਸ਼ਰ ਨਾਲ ਤੇ ਕੁਝ ਹੱਦ ਬੰਨ੍ਹੇ ਤੋੜਦਿਆਂ ਆਪਣੇ ਪ੍ਰਾਈਵੇਟ ਵਾਹਨਾਂ ਉਤੇ ਵੀ ਨੀਲੀ ਬੱਤੀ ਲਆਈ ਫਿਰਦੇ ਹਨ। ਹੁਕਮਰਾਨ ਪਾਰਟੀ ਦੇ ਹਲਕਾ ਇੰਚਾਰਜਾਂ ਤੋਂ ਲੈ ਕੇ ਸਾਬਕਾ ਵਿਧਾਇਕ, ਪੁਲਿਸ ਅਧਿਕਾਰੀ ਅਤੇ ਸਿਆਸਤਦਾਨਾਂ ਦੇ ਫਰਜ਼ੰਦ ਵੀ ਇਸ ਦਾ ਲਾਹਾ ਲਈ ਜਾਂਦੇ ਹਨ। ਇਥੋਂ ਤੱਕ ਕਿ ਐਨਜੀਓਜ਼ ਅਤੇ ਵਿਦਿਅਕ ਅਦਾਰਿਆਂ ਦੇ ਚੇਅਰਮੈਨ ਵੀ ਪੰਜਾਬ ਵਿਚ ਵਾਹਨਾਂ ਉਤੇ ਨੀਲੀ ਬੱਤੀ ਲਾਈ ਫਿਰਦੇ ਹਨ। ਐਸ.ਪੀ. ਸਲਵਿੰਦਰ ਸਿੰਘ ਦੀ ਪ੍ਰਾਈਵੇਟ ਐਸ.ਯੂ.ਵੀ. ਰਾਹੀਂ ਪਠਾਨਕੋਟ ਦੇ ਏਅਰਬੇਸ ਤੱਕ ਪੁੱਜੇ ਚਾਰ ਅਤਿਵਾਦੀਆਂ ਨੂੰ ਗੱਡੀ ਉਤੇ ਨੀਲੀ ਬੱਤੀ ਲੱਗੀ ਹੋਣ ਕਾਰਨ ਕੋਈ ਦਿੱਕਤ ਨਹੀਂ ਆਈ ਅਤੇ ਉਹ ਹਰ ਨਾਕੇ ਨੂੰ ਆਸਾਨੀ ਨਾਲ ਪਾਰ ਕਰਦੇ ਗਏ। ਅਜਿਹੀ ਅਣਗਹਿਲੀ ਨੂੰ ਦੇਖਦਿਆਂ ਪੰਜਾਬ ਸਰਕਾਰ ਹੁਣ ਸਖਤੀ ਵਰਤਣ ਜਾ ਰਹੀ ਹੈ ਅਤੇ 'ਸੱਤਾ ਦੇ ਚਿੰਨ੍ਹ' ਦੀ ਵਰਤੋਂ ਉਤੇ ਰੋਕ ਲਾਈ ਜਾ ਸਕਦੀ ਹੈ। ਸੂਤਰਾਂ ਨੇ ਕਿਹਾ ਕਿ ਇਸ ਬਾਬਤ ਟਰੈਫਿਕ ਪੁਲਿਸ, ਟਰਾਂਸਪੋਰਟ ਵਿਭਾਗ ਅਤੇ ਗ੍ਰਹਿ ਵਿਭਾਗ ਦੇ ਅਧਿਕਾਰੀਆਂ ਦੀ ਇਸ ਹਫਤੇ ਦੇ ਸ਼ੁਰੂ ਵਿਚ ਬੈਠਕ ਹੋਈ, ਜਿਸ ਵਿਚ ਨੀਲੀ ਬੱਤੀ ਦੀ ਵਰਤੋਂ ਬਾਰੇ ਨਵੇਂ ਦਿਸ਼ਾ-ਨਿਰਦੇਸ਼ ਤੈਅ ਕਰਨ ਬਾਰੇ ਚਰਚਾ ਹੋਈ। ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਸਾਰੇ ਸੂਬਿਆਂ ਦੀਆਂ ਸਰਕਾਰਾਂ ਨੂੰ ਲਾਲ ਬੱਤੀ ਦੀ ਵਰਤੋਂ ਬਾਰੇ ਨੀਤੀ ਬਣਾਉਣ ਲਈ ਕਿਹਾ ਗਿਆ ਸੀ।

ਪੰਜਾਬ ਸਰਕਾਰ ਨੇ ਫਰਵਰੀ 2014 ਵਿਚ ਬਣਾਈ ਨੀਤੀ ਤਹਿਤ ਮੁੱਖ ਮੰਤਰੀ, ਉਪ ਮੁੱਖ ਮੰਤਰੀ, ਕੈਬਨਿਟ ਮੰਤਰੀਆਂ, ਗਵਰਨਰ, ਹਾਈ ਕੋਰਟ ਦੇ ਜੱਜਾਂ, ਯੋਜਨਾ ਬੋਰਡ ਦੇ ਉਪ ਚੇਅਰਮੈਨ, ਵਿਰੋਧੀ ਧਿਰ ਦੇ ਆਗੂ, ਸਾਬਕਾ ਗਵਰਨਰਾਂ ਤੇ ਸਾਬਕਾ ਮੁੱਖ ਮੰਤਰੀਆਂ ਨੂੰ ਗੱਡੀ 'ਤੇ ਫਲੈਸ਼ਰ ਨਾਲ ਲਾਲ ਬੱਤੀ ਲਾਉਣ ਦੀ ਇਜਾਜ਼ਤ ਦਿੱਤੀ। ਅਹਿਮ ਹਸਤੀਆਂ ਦੀਆਂ 11 ਹੋਰ ਸ਼੍ਰੇਣੀਆਂ ਨੂੰ ਬਿਨਾਂ ਫਲੈਸ਼ਰ ਦੇ ਗੱਡੀਆਂ 'ਤੇ ਲਾਲ ਬੱਤੀ ਲਾਉਣ ਦਾ ਹੱਕ ਦਿੱਤਾ ਗਿਆ ਹੈ। ਲਾਲ ਬੱਤੀ ਦੀ ਵਰਤੋਂ ਕਰਨ ਵਾਲੀ ਅਹਿਮ ਹਸਤੀਆਂ ਦੀ ਸੂਚੀ ਵਿਚ ਕਟੌਤੀ ਕਰਨ ਦੀ ਗੱਲ ਸੂਬੇ ਦੇ ਤਾਕਤਵਰਾਂ ਨੂੰ ਹਜ਼ਮ ਨਹੀਂ ਹੋਈ। ਇਸ ਤੋਂ ਬਾਅਦ ਮਈ 2015 ਵਿਚ ਦੂਜਾ ਨੋਟੀਫਿਕੇਸ਼ਨ ਜਾਰੀ ਕਰ ਕੇ ਵੀਆਈਪੀਜ਼ ਦੇ ਅੱਠ ਹੋਰ ਵਰਗਾਂ ਨੂੰ ਪੀਲੀ ਬੱਤੀ ਦੀ ਵਰਤੋਂ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ। ਇਸ ਵਿਚ ਕਮਿਸ਼ਨਰ, ਡਿਵੀਜ਼ਨਲ ਕਮਿਸ਼ਨਰ, ਡਿਪਟੀ ਕਮਿਸ਼ਨਰ, ਐਸ.ਐਸ.ਪੀ., ਜ਼ਿਲ੍ਹਾ ਅਤੇ ਸੈਸ਼ਨ ਜੱਜ, ਸੰਸਦ ਮੈਂਬਰ, ਵਿਧਾਇਕ ਅਤੇ ਮੁੱਖ ਪਾਰਲੀਮਾਨੀ ਸਕੱਤਰ ਸ਼ਾਮਲ ਹਨ। ਪੀਲੀ ਬੱਤੀ ਦੀ ਵਰਤੋਂ ਤਾਂ ਹੀ ਕੀਤੀ ਜਾ ਸਕਦੀ ਹੈ ਜਦੋਂ ਅਹਿਮ ਸ਼ਖਸੀਅਤ ਸਰਕਾਰੀ ਡਿਊਟੀ 'ਤੇ ਹੋਵੇ ਅਤੇ ਉਹ ਗੱਡੀ ਅੰਦਰ ਬੈਠਾ ਹੋਵੇ।

### ਪਠਾਨਕੋਟ ਹਮਲੇ ਪਿੱਛੋਂ ਨੀਤੀ ਬਦਲਣ ਬਾਰੇ ਵਿਚਾਰਾਂ



### ਮੇਅਰਾਂ ਦੀਆਂ ਗੱਡੀਆਂ 'ਤੇ ਹੁਣ ਲੱਗੇਗੀ ਲਾਲ ਬੱਤੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੇਅਰਾਂ ਦੇ ਸਰਕਾਰੀ ਵਾਹਨ 'ਤੇ ਲਾਲ ਬੱਤੀ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਸ. ਬਾਦਲ ਵੱਲੋਂ ਸਕੱਤਰ (ਸਥਾਨਕ ਸਰਕਾਰਾਂ) ਨੂੰ ਇਹ ਵੀ ਕਿਹਾ ਗਿਆ ਹੈ ਕਿ ਉਹ ਮੇਅਰਾਂ ਨੂੰ ਜ਼ਿਲ੍ਹਾ ਸ਼ਹਿਰੀ ਬੁਨਿਆਦੀ ਢਾਂਚਾ ਕਮੇਟੀਆਂ ਵਿਚ ਵੀ ਮੈਂਬਰਾਂ ਦੇ ਤੌਰ 'ਤੇ ਸ਼ਾਮਲ ਕਰਨ ਤਾਂ ਜੋ ਸ਼ਹਿਰਾਂ ਦੇ ਵਿਕਾਸ ਲਈ ਯੋਜਨਾਵਾਂ ਨੂੰ ਅਸਰਦਾਰ ਤਰੀਕੇ ਨਾਲ ਲਾਗੂ ਕੀਤਾ ਜਾ ਸਕੇ। ਇਸ ਬਾਰੇ ਸਕੱਤਰ ਨੂੰ ਸੰਵਿਧਾਨ ਦੀ 74ਵੀਂ ਸੋਧ ਦੇ ਸੰਦਰਭ ਵਿਚ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਜਾਰੀ ਕਰਨ ਲਈ ਨਿਰਦੇਸ਼ ਦਿੱਤੇ ਗਏ ਹਨ।

# ਸਿੱਖ ਗੁਰੂਆਂ ਦੇ ਬਰਾਬਰ ਤਸਵੀਰਾਂ ਛਾਪਣ 'ਤੇ ਇਤਰਾਜ਼

**ਅੰਮ੍ਰਿਤਸਰ:** ਪ੍ਰਕਾਸ਼ ਪੁਰਬ ਜਾਂ ਹੋਰ ਇਤਿਹਾਸਕ ਦਿਹਾੜੇ ਮਨਾਉਣ ਸਬੰਧੀ ਛਾਪੇ ਜਾਂਦੇ ਇਸ਼ਤਿਹਾਰਾਂ ਵਿਚ ਗੁਰੂ ਸਾਹਿਬਾਨਾਂ ਦੀਆਂ ਤਸਵੀਰਾਂ ਦੇ ਬਰਾਬਰ ਕੋਈ ਵੀ ਵਿਅਕਤੀ ਆਪਣੀ ਤਸਵੀਰ ਨਾ ਛਾਪੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਕਿ ਧਾਰਮਿਕ ਸਭਾ ਸੁਸਾਇਟੀਆਂ, ਜਥੇਬੰਦੀਆਂ, ਸਿੰਘ ਸਭਾਵਾਂ, ਸਮਾਜਿਕ ਸੰਸਥਾਵਾਂ ਤੇ ਸੰਗਤਾਂ ਇਸ਼ਤਿਹਾਰ ਛਪਾਉਣ ਸਮੇਂ ਗੁਰੂ ਸਾਹਿਬਾਨਾਂ ਦੀਆਂ ਤਸਵੀਰਾਂ ਦੇ ਨਾਲ-ਨਾਲ ਆਪਣੀਆਂ ਤਸਵੀਰਾਂ ਵੀ ਬਰਾਬਰ ਛਾਪ ਦਿੰਦੇ ਹਨ, ਜੋ ਉਚਿਤ ਨਹੀਂ ਹੈ। ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਕੋਈ ਵੀ ਵਿਅਕਤੀ ਵਿਸ਼ੇਸ਼ ਧਾਰਮਿਕ ਦਿਹਾੜੇ ਮਨਾਉਣ ਸਮੇਂ ਆਪਣੀ ਤਸਵੀਰ ਨਾ ਛਾਪੇ ਤਾਂ ਜੋ ਗੁਰੂ ਸਾਹਿਬਾਨਾਂ ਤੇ ਸ਼ਹੀਦ ਸਿੰਘਾਂ ਦਾ ਮਾਣ-ਸਨਮਾਨ ਬਣਿਆ ਰਹੇ।

# ਔਡੀ ਤੋਂ ਵੀ ਮਹਿੰਗੀ ਮੱਝ!

**ਨਵੀਂ ਦਿੱਲੀ:** ਹਰਿਆਣਾ ਦੇ ਭਿਵਾਨੀ ਜ਼ਿਲ੍ਹੇ ਦੇ ਪਿੰਡ ਗੁਜਰਾਨੀ ਦੀ ਮੱਝ (ਕਾਲੀ) ਅੱਜ-ਕਲ੍ਹ ਖੂਬ ਚਰਚਾ ਹੈ। ਇਕ ਵਾਰ ਵਿਚ 30 ਲੀਟਰ ਦੁੱਧ ਦੇ ਕੇ ਰਿਕਾਰਡ ਬਣਾ ਚੁੱਕੀ ਕਿਸਾਨ ਰਾਮਫਲ ਦੀ ਇਸ ਮੱਝ ਦਾ ਮੁੱਲ 56 ਲੱਖ ਪੈ ਚੁੱਕਾ ਹੈ। ਮੁਰ੍ਹਾ ਨਸਲ ਦੀ ਇਹ ਮੱਝ ਕਿਸਾਨਾਂ ਲਈ ਫਾਇਦੇ ਦਾ ਸੌਦਾ ਹੈ ਜੋ ਇੱਕਲੀ ਹੀ ਸਾਰੇ ਪਰਿਵਾਰ ਦੀ ਪਾਲਣਾ ਕਰਨ ਦੇ ਸਮਰੱਥ ਹੈ। ਮੁਰ੍ਹਾ ਨਸਲ ਨੂੰ ਕਾਲਾ ਸੋਨਾ ਵੀ ਆਖਿਆ ਜਾਂਦਾ ਹੈ। ਮੱਝ ਦੀ ਕੀਮਤ ਔਡੀ ਕਾਰ ਤੋਂ ਵੀ ਵੱਧ ਹੈ, ਇਲਾਕੇ ਵਿਚ ਹੋਏ ਦੁੱਧ ਚੁਆਈ ਦੇ ਮੁਕਾਬਲੇ ਵਿਚ ਇਸ ਮੱਝ ਨੇ 29 ਕਿੱਲੋ 500 ਗ੍ਰਾਮ ਦੁੱਧ ਦੇ ਕੇ ਰਾਸ਼ਟਰੀ ਰਿਕਾਰਡ ਵੀ ਬਣਾਇਆ ਹੈ ਜਿਸ ਵਿਚ ਵੱਖ-ਵੱਖ ਸੂਬਿਆਂ ਵਿਚੋਂ ਲੋਕ ਮੱਝਾਂ ਲੈ ਕੇ ਆਏ ਸਨ। ਇਸ ਮੁਕਾਬਲੇ ਵਿਚ ਧਰਮਵੀਰ ਕਿਸਾਨ ਦੀ ਮੱਝ ਨੇ 27.5 ਕਿੱਲੋ ਦੁੱਧ ਦੇ ਕੇ ਦੂਜਾ ਸਥਾਨ ਹਾਸਲ ਕੀਤਾ ਸੀ।



# ਪੰਜਾਬ ਭਾਜਪਾ ਵਿਚ ਪ੍ਰਧਾਨਗੀ ਲਈ ਛਿੜਿਆ ਘਮਸਾਨ

**ਚੰਡੀਗੜ੍ਹ:** ਪੰਜਾਬ ਵਿਚ ਪਿਛਲੇ ਨੌਂ ਸਾਲਾਂ ਤੋਂ ਲਗਾਤਾਰ ਸੱਤਾ ਦਾ ਨਿੱਘ ਮਾਣਦੀ ਆ ਰਹੀ ਭਾਜਪਾ ਦੀ ਸੂਬਾਈ ਲੀਡਰਸ਼ਿਪ ਦੇ ਪਾਟੋਧਾੜ ਹੋਣ ਕਾਰਨ ਆਰ.ਐਸ.ਐਸ. ਤੇ ਪਾਰਟੀ ਹਾਈਕਮਾਨ ਮੂਹਰੇ ਵੱਡਾ ਸੰਕਟ ਖੜ੍ਹਾ ਹੋ ਗਿਆ ਹੈ। ਪਾਰਟੀ ਅੰਦਰ ਧੜੇਬੰਦੀ ਉਸ ਸਮੇਂ ਸਿਖਰਾਂ ਉਤੇ ਪਹੁੰਚ ਗਈ ਹੈ ਜਦੋਂ ਸੂਬਾਈ ਚੋਣਾਂ ਵਿਚ ਇਕ ਸਾਲ ਦਾ ਸਮਾਂ ਬਚਿਆ ਹੈ। ਭਾਜਪਾ ਦੀ ਸੂਬਾਈ ਲੀਡਰਸ਼ਿਪ ਵਿਚਲੀ ਪਾਟੋਧਾੜ ਕਾਰਨ ਵਰਕਰਾਂ ਵਿਚ ਵੀ ਨਿਰਾਸ਼ਾ ਪਾਈ ਜਾ ਰਹੀ ਹੈ। ਪਾਰਟੀ ਆਗੂਆਂ ਦਾ ਦੱਸਣਾ ਹੈ ਕਿ ਸੂਬਾ ਪ੍ਰਧਾਨ ਦੀ ਚੋਣ ਨੂੰ ਵੀ ਧੜੇਬੰਦੀ ਦਾ ਹੀ ਗ੍ਰਹਿਣ ਲੱਗਿਆ ਹੈ।

ਸੂਤਰਾਂ ਅਨੁਸਾਰ ਵਿਧਾਨ ਸਭਾ ਚੋਣਾਂ ਸਿਰ 'ਤੇ ਹੋਣ ਕਾਰਨ ਆਰ.ਐਸ.ਐਸ. ਤਬਦੀਲੀ ਦੇ ਪੱਖ ਵਿਚ ਹੈ ਅਤੇ ਮਜ਼ਬੂਤ ਤੇ ਭਰੋਸੇਯੋਗ ਲੀਡਰਸ਼ਿਪ ਸਾਹਮਣੇ ਲਿਆ ਕੇ ਪਾਰਟੀ ਦੀਆਂ ਜੜ੍ਹਾਂ ਲਾਉਣੀਆਂ ਚਾਹੁੰਦੀ ਹੈ, ਜਦੋਂ ਕਿ ਅਰੁਣ ਜੇਤਲੀ ਕਮਲ ਸ਼ਰਮਾ ਨੂੰ ਇਕ ਹੋਰ ਮੌਕਾ ਦੇਣ ਦੇ ਪੱਖ ਵਿਚ ਹਨ। ਦੂਜੇ ਪਾਸੇ ਕਮਲ ਸ਼ਰਮਾ ਵਿਰੋਧੀ ਧੜੇ ਜਿਸ ਵਿਚ ਮਨੋਰੰਜਨ ਕਾਲੀਆ, ਅਸ਼ਵਨੀ ਸ਼ਰਮਾ, ਵਿਜੇ ਸਾਂਪਲਾ ਅਤੇ ਅਵਿਨਾਸ਼ ਰਾਏ ਖੰਨਾ ਮੰਨੇ ਜਾਂਦੇ ਹਨ, ਵੱਲੋਂ ਫਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਭਾਜਪਾ ਆਗੂਆਂ ਦੇ ਰਿਸ਼ਵਤਖੋਰੀ ਤੇ ਹੋਰ ਗੰਭੀਰ ਦੋਸ਼ਾਂ ਵਿਚ ਘਿਰੇ ਹੋਣ ਨੂੰ ਅਧਾਰ ਬਣਾ ਕੇ ਪਾਰਟੀ ਦੇ 'ਨਿਘਾਰ' ਦੀ ਤਸਵੀਰ ਪੇਸ਼ ਕੀਤੀ ਜਾ ਰਹੀ ਹੈ। ਸੂਤਰਾਂ ਮੁਤਾਬਕ ਭਾਜਪਾ ਦੇ ਇਸ ਧੜੇ ਨੂੰ ਆਰ.ਐਸ.ਐਸ. ਤੇ ਰਾਜਨਾਥ ਸਿੰਘ ਦੀ ਹਮਾਇਤ ਹੈ, ਪਰ ਸਰਕਾਰ ਤੇ ਪਾਰਟੀ ਅੰਦਰ ਅਰੁਣ ਜੇਤਲੀ ਦਾ ਪ੍ਰਭਾਵ ਵਧੇਰੇ ਹੋਣ ਕਾਰਨ ਕਮਲ ਸ਼ਰਮਾ ਗਰੁੱਪ ਦਾ ਹੱਥ ਹਾਲ ਦੀ ਘੜੀ ਉਪਰ ਮੰਨਿਆ ਜਾ ਰਿਹਾ ਹੈ। ਦੋਹਾਂ ਧੜਿਆਂ ਦਰਮਿਆਨ ਕੁਰਸੀ ਪ੍ਰਾਪਤੀ ਦੀ ਖੇਡ ਦਾ ਹੁਣ ਫਾਈਨਲ ਮੈਚ ਮੰਨਿਆ ਜਾ ਰਿਹਾ ਹੈ।







### ਕੇਂਦਰੀ ਆਗੂਆਂ ਦੀ ਸ਼ਰਨ ਲੈਣ ਲਈ ਦੌੜ

**ਚੰਡੀਗੜ੍ਹ:** ਭਾਜਪਾ ਦੀ ਸੂਬਾਈ ਲੀਡਰਸ਼ਿਪ ਦੇ ਦੋ ਧੜਿਆਂ ਵਿਚ ਵੰਡੇ ਹੋਣ ਕਾਰਨ ਇਕ ਗਰੁੱਪ ਨੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਦੀ ਸ਼ਰਨ ਹਾਸਲ ਕਰਨ ਵਿਚ ਕਾਮਯਾਬੀ ਪ੍ਰਾਪਤ ਕਰ ਲਈ ਹੈ ਜਦੋਂ ਕਿ ਦੂਜਾ ਧੜਾ ਆਰ.ਐਸ.ਐਸ. ਦੀ ਕੇਂਦਰੀ ਲੀਡਰਸ਼ਿਪ ਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦਾ ਸਮਰਥਨ ਹਾਸਲ ਕਰਨ ਵਿਚ ਕਾਮਯਾਬ ਹੋ ਗਿਆ ਹੈ। ਪਾਰਟੀ ਦੇ ਇਕ ਸੀਨੀਅਰ ਆਗੂ ਦਾ ਦੱਸਣਾ ਹੈ ਕਿ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਆਖਰੀ ਮੌਕੇ ਸੂਬਾ ਪ੍ਰਧਾਨ ਦੀ ਚੋਣ ਮੁਲਤਵੀ ਕਰਨ ਲਈ ਆਪਣਾ ਰਸੂਖ ਵਰਤਿਆ ਹੈ। ਜ਼ਿਕਰਯੋਗ ਹੈ ਕਿ ਸੂਬਾ ਪ੍ਰਧਾਨਗੀ ਦੀ ਕੁਰਸੀ ਲਈ ਮੌਜੂਦਾ ਪ੍ਰਧਾਨ ਕਮਲ ਸ਼ਰਮਾ, ਸਾਬਕਾ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਕੇਂਦਰੀ ਅਹੁਦੇਦਾਰ ਤਰੁਣ ਚੁੱਘ ਅਤੇ ਅਵਿਨਾਸ਼ ਰਾਏ ਖੰਨਾ ਦਰਮਿਆਨ ਜ਼ੋਰ ਅਜ਼ਮਾਈ ਚੱਲ ਰਹੀ ਹੈ। ਭਾਜਪਾ ਆਗੂਆਂ ਦਾ ਦੱਸਣਾ ਹੈ ਕਿ ਸਾਲ 2013 ਵਿਚ ਕਮਲ ਸ਼ਰਮਾ ਨੂੰ ਪ੍ਰਧਾਨਗੀ ਆਰ.ਐਸ.ਐਸ. ਤੇ ਅਰੁਣ ਜੇਤਲੀ ਦੀ ਹਮਾਇਤ ਕਾਰਨ ਹੀ ਹਾਸਲ ਹੋਈ ਸੀ।

## ਅਮਰੀਕੀ ਸਕੂਲਾਂ ਵਿਚ ਦੀਵਾਲੀ ਤੇ ਈਦ ਦੀ ਛੁੱਟੀ

**ਵਾਸ਼ਿੰਗਟਨ:** ਇਕ ਅਮਰੀਕੀ ਸਕੂਲ ਡਿਸਟ੍ਰਿਕ ਨੇ ਦੀਵਾਲੀ, ਈਦ ਤੇ ਚੀਨੀ ਨਵੇਂ ਸਾਲ ਨੂੰ ਸਕੂਲ ਛੁੱਟੀ ਦੇ ਕੈਲੰਡਰ ਵਿਚ ਸ਼ਾਮਲ ਕਰਨ ਦਾ ਸਰਬਸੰਮਤੀ ਨਾਲ ਫੈਸਲਾ ਕੀਤਾ ਹੈ। ਭਾਰਤੀ ਅਮਰੀਕੀ ਭਾਈਚਾਰੇ ਨੇ ਹਾਵਰਡ ਕਾਊਂਟੀ ਪਬਲਿਕ ਸਕੂਲ ਪ੍ਰਬੰਧਕਾਂ ਦੇ ਇਸ ਫੈਸਲੇ ਨੂੰ 'ਇਤਿਹਾਸਕ' ਦੱਸਦਿਆਂ ਇਸ ਦੀ ਪ੍ਰਸੰਸਾ ਕੀਤੀ ਹੈ। ਹਾਵਰਡ ਕਾਊਂਟੀ ਪਬਲਿਕ ਸਕੂਲ ਸਿਸਟਮ ਤਹਿਤ 71 ਸਕੂਲ ਚਲਾਏ ਜਾ ਰਹੇ ਹਨ, ਜਿਨ੍ਹਾਂ 'ਚ ਕਰੀਬ 50 ਹਜ਼ਾਰ ਵਿਦਿਆਰਥੀ ਪੜ੍ਹਦੇ ਹਨ।

## ਬਰਖ਼ਾਸਤ ਕੀਤੇ ਗਏ ਪੰਜ ਪਿਆਰਿਆਂ ਦਾ ਸਨਮਾਨ

**ਲੁਧਿਆਣਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਰਖ਼ਾਸਤ ਕੀਤੇ ਪੰਜ ਪਿਆਰਿਆਂ ਦਾ ਲੁਧਿਆਣਾ ਦੀਆਂ 27 ਪੰਥਕ ਜਥੇਬੰਦੀਆਂ ਨੇ ਸਨਮਾਨ ਕੀਤਾ। ਇਸ ਸਬੰਧੀ ਸਮਾਗਮ ਲੁਧਿਆਣਾ ਦੇ ਗੁਰਦੁਆਰਾ ਗੁਰੂ ਅਰਜਨ ਦੇਵ ਸਤਿਸੰਗ ਸਭਾ ਵਿਖੇ ਗੁਰਦੁਆਰਾ ਕਮੇਟੀ ਦੇ ਸਹਿਯੋਗ ਨਾਲ ਕਰਵਾਇਆ ਗਿਆ। ਸਮੂਹ ਜਥੇਬੰਦੀਆਂ ਨੇ ਪੰਜ ਪਿਆਰਿਆਂ ਨੂੰ ਸੁਨੇਹਾ ਦਿੱਤਾ ਕਿ ਸਾਰੀ ਕੌਮ ਉਨ੍ਹਾਂ ਨਾਲ ਖੜ੍ਹੀ ਹੈ।

ਪੰਜ ਪਿਆਰੇ ਭਾਈ ਸਤਨਾਮ ਸਿੰਘ ਖੰਡਾ, ਭਾਈ ਸਤਨਾਮ ਸਿੰਘ, ਭਾਈ ਮੰਗਲ ਸਿੰਘ, ਭਾਈ ਮੇਜਰ ਸਿੰਘ, ਭਾਈ ਤ੍ਰਿਲੋਕ ਸਿੰਘ ਨੇ ਸਿੱਖ ਪੰਥ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਨਾ ਕਿਸੇ ਧੜੇ ਦਾ ਹਿੱਸਾ ਬਣੇ ਹਨ ਅਤੇ ਨਾ ਬਣਨਗੇ। ਉਹ ਭਵਿੱਖ ਵਿਚ ਸੇਵਾ ਸਿਮਰਨ ਲਈ ਤਤਪਰ ਰਹਿਣਗੇ। ਸੰਗਤ ਵੱਲੋਂ ਅਪੀਲ ਕੀਤੀ ਗਈ ਕਿ ਪੰਜ ਪਿਆਰਿਆਂ ਨੇ ਕੌਮੀ ਫ਼ਰਜ਼ ਨਿਭਾਉਂਦਿਆਂ ਆਪਣੀ ਮੁਲਾਜ਼ਮਤ ਦੀ ਪ੍ਰਵਾਹ ਨਹੀਂ ਕੀਤੀ। ਇਸ ਲਈ ਕੋਈ ਸ਼ਖ਼ਸ ਜਾਂ ਸੰਸਥਾ ਇਨ੍ਹਾਂ ਦੇ ਨਾਮ 'ਤੇ ਕੋਈ ਉਗਰਾਹੀ ਨਾ ਕਰੇ, ਸਗੋਂ ਪ੍ਰਚਾਰ ਵਿਚ ਸਹਿਯੋਗ ਦਿੱਤਾ ਜਾਵੇ।

ਸਮੂਹ ਪੰਥਕ ਤਾਲਮੇਲ ਸੰਗਠਨ, ਅਕਾਲ ਪੁਰਖ ਕੀ ਫ਼ੌਜ, ਸਿੱਖ ਮਿਸ਼ਨਰੀ ਕਾਲਜ, ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਅਖੰਡ ਕੀਰਤਨੀ ਜਥਾ, ਇਸਤਰੀ ਗੁਰਮਤਿ ਗਿਆਨ ਮਿਸ਼ਨਰੀ ਟਰੱਸਟ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਸੰਸਾਰ ਸਿੱਖ ਸੰਗਠਨ, ਸਿੱਖ ਵਿਰਸਾ ਫਾਊਂਡੇਸ਼ਨ, ਗੁਰਦੁਆਰਾ ਸਿੰਘ ਸਭਾ ਮਾਡਲ ਗਰਾਮ ਲੁਧਿਆਣਾ, ਗੁਰਦੁਆਰਾ ਸਿੰਘ ਸਭਾ ਰਾਜਗੁਰੂ ਨਗਰ ਲੁਧਿਆਣਾ, ਅਕਾਲੀ ਕੌਰ ਸਿੰਘ ਚੈਰੀਟੇਬਲ ਟਰੱਸਟ ਜੰਮੂ ਆਦਿ ਨੇ ਪੰਜ ਪਿਆਰਿਆਂ ਦਾ ਸਨਮਾਨ ਕੀਤਾ।

ਇਸ ਮੌਕੇ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ, ਸਾਬਕਾ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਕਾਰ ਸੇਵਾ ਗੁਰਦੁਆਰਾ ਛੇਵੀਂ ਪਾਤਸ਼ਾਹੀ ਨਵਾਬਗੰਜ ਯੂ.ਪੀ. ਦੇ ਭਾਈ ਵੀਰ ਅਨੂਪ ਸਿੰਘ, ਗੁਰਿੰਦਰਪਾਲ ਸਿੰਘ ਧਨੌਲਾ, ਸੂਰਤ ਸਿੰਘ ਖ਼ਾਲਸਾ ਦੇ ਪੁੱਤਰ ਰਵਿੰਦਰਜੀਤ ਸਿੰਘ ਗੋਗੀ ਹਾਜ਼ਰ ਸਨ।

## ਤਖ਼ਤ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਵੱਲੋਂ ਅਹੁਦਾ ਤਿਆਗਣ ਦੀ ਪੇਸ਼ਕਸ਼

**ਬਠਿੰਡਾ:** ਤਖ਼ਤ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਆਪਣਾ ਅਹੁਦਾ ਤਿਆਗਣ ਦੀ ਪੇਸ਼ਕਸ਼ ਕਰ ਦਿੱਤੀ ਹੈ। ਉਨ੍ਹਾਂ ਆਖਿਆ ਕਿ ਉਹ ਕਈ ਵਾਰ ਸ਼੍ਰੋਮਣੀ ਕਮੇਟੀ ਕੋਲ ਆਪਣਾ ਅਹੁਦਾ ਛੱਡਣ ਦੀ ਗੱਲ ਰੱਖ ਚੁੱਕੇ ਹਨ।

ਗਿਆਨੀ ਗੁਰਮੁਖ ਸਿੰਘ ਨੇ ਆਖਿਆ ਕਿ ਉਨ੍ਹਾਂ ਨੂੰ ਜਥੇਦਾਰ ਦੇ ਅਹੁਦੇ ਨਾਲ ਕੋਈ ਮੋਹ ਨਹੀਂ ਹੈ। ਉਹ ਤਾਂ ਗੁਰੂਘਰ ਦੇ ਸੇਵਾਦਾਰ ਬਣੇ ਰਹਿਣਾ ਚਾਹੁੰਦੇ ਹਨ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਕਿ ਉਹ ਜਥੇਦਾਰ ਬਣਨ ਲਈ ਰਾਜ਼ੀ ਨਹੀਂ ਸਨ, ਪਰ ਸ਼੍ਰੋਮਣੀ ਕਮੇਟੀ ਕਈ ਦਿਨ ਉਨ੍ਹਾਂ ਨੂੰ ਮਨਾਉਂਦੀ ਰਹੀ। ਉਨ੍ਹਾਂ ਹੁਣ ਲੰਮੀ ਚੁੱਪ ਮਗਰੋਂ ਆਪਣਾ ਸਪਸ਼ਟੀਕਰਨ ਦਿੱਤਾ ਹੈ। ਉਨ੍ਹਾਂ ਆਖਿਆ ਕਿ ਰੋਜ਼ ਦੀ ਦੂਸ਼ਣਬਾਜ਼ੀ ਨੇ ਉਨ੍ਹਾਂ ਦੇ ਮਨ ਨੂੰ ਠੇਸ ਪਹੁੰਚਾਈ ਹੈ ਜਿਸ ਕਰ ਕੇ ਉਨ੍ਹਾਂ ਨੇ ਅਹੁਦਾ ਛੱਡਣ ਦੀ ਗੱਲ ਕਈ ਦਫ਼ਾ ਸ਼੍ਰੋਮਣੀ ਕਮੇਟੀ ਕੋਲ ਰੱਖੀ ਪਰ ਸ਼੍ਰੋਮਣੀ ਕਮੇਟੀ ਨੇ ਇਹ ਆਖ ਦਿੱਤਾ ਕਿ ਵਿਸਾਖੀ ਮਗਰੋਂ ਪੱਕਾ ਜਥੇਦਾਰ ਲਗਾ ਦਿੱਤਾ ਜਾਵੇਗਾ।ਉਨ੍ਹਾਂ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਮਾਮਲੇ ਵਿਚ ਨਿਭਾਈ ਭੂਮਿਕਾ ਬਾਰੇ ਵੀ ਆਪਣਾ ਪੱਖ ਪੇਸ਼ ਕੀਤਾ। ਉਨ੍ਹਾਂ ਆਖਿਆ ਕਿ ਉਨ੍ਹਾਂ ਕਦੇ ਵੀ ਡੇਰਾ ਮੁਖੀ ਨੂੰ ਦੇਖਿਆ ਤੱਕ ਨਹੀਂ ਹੈ, ਉਸ ਨਾਲ ਮੁਲਾਕਾਤ ਕਰਨੀ ਤਾਂ ਦੂਰ ਦੀ ਗੱਲ ਹੈ। ਜਿਸ ਦਿਨ (22 ਸਤੰਬਰ) ਡੇਰਾ ਮੁਖੀ ਨਾਲ ਉਨ੍ਹਾਂ ਦੀ ਮੀਟਿੰਗ ਹੋਣ ਦੀ ਗੱਲ ਆਖੀ ਜਾ ਰਹੀ ਹੈ, ਉਸ ਦਿਨ ਉਹ ਭਾਈ ਬਿਧੀ ਚੰਦ ਦੇ ਸਾਲਾਨਾ ਜੋੜ ਮੇਲੇ ਵਿਚ ਸਨ।

## ਟਾਇਰਾ ਬਿਊਨਾ ਗੁਰੂਘਰ ਵਿਖੇ ਗੁਰਪੂਰਬ ਮਨਾਇਆ

**ਯੂਬਾ ਸਿਟੀ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਟੈਂਪਲ ਟਾਇਰਾ ਬਿਊਨਾ ਵਿਖੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਗੁਰੂ ਘਰ ਦੇ ਸੇਵਾਦਾਰ ਸ. ਤੇਜਿੰਦਰ ਸਿੰਘ ਦੋਸਾਂਝ ਅਤੇ ਉਨ੍ਹਾਂ ਦੇ ਸਮੂਹ ਪਰਿਵਾਰ ਵੱਲੋਂ ਹਰ ਸਾਲ ਦੀ ਤਰ੍ਹਾਂ ਗੁਰਪੂਰਬ ਮੌਕੇ ਅਖੰਡਪਾਠ ਅਤੇ ਲੰਗਰ ਦੀ ਸੇਵਾ ਕੀਤੀ ਗਈ। ਐਤਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਾਏ ਗਏ। ਗੁਰੂ ਘਰ ਦੇ ਹਜੂਰੀ ਜੱਥੇ ਭਾਈ ਤਾਰਾ ਸਿੰਘ ਅਤੇ ਵਿਸ਼ੇਸ਼ ਸੱਦੇ ਤੇ ਪਹੁੰਚੇ ਭਾਈ ਹਰਪ੍ਰੀਤ ਸਿੰਘ ਦੇ ਜੱਥੇ, ਭਾਈ ਮਨੋਹਰ ਸਿੰਘ ਦੇ ਜੱਥੇ ਨੇ ਸ਼ਬਦ ਕੀਰਤਨ ਕੀਤਾ ਅਤੇ ਭਾਈ ਸਾਹਿਬ ਸਿੰਘ ਨੇ ਕਥਾ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕਾ ਲੰਗਰ ਅੱਟੁਟ ਵਰਤਿਆ।

**Punjab Times**
**Our New E-mail**
*Punjabtimes1@gmail.com*


ਰੈਸਟੋਰੈਂਟ ਲਈ ਲੋੜ ਹੈ



ਵਿਸਕਾਨਸਿਨ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਕੁਕ, ਤੰਦੂਰੀਏ, ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ।
ਸੰਪਰਕ ਕਰੋ: ਦਵਿੰਦਰ ਸਿੰਘ
ਫੋਨ: 262-391-7666
4-5

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE



ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਪੰਜਾਬ ਟਾਈਮਜ਼

ਸਨਿਚਰਵਾਰ, 23 ਜਨਵਰੀ 2016

## ਮਾਘੀ ਮੇਲੇ ਦਾ ਸੁਨੇਹਾ

ਇਸ ਵਾਰ ਦਾ ਮਾਘੀ ਮੇਲਾ ਪੰਜਾਬ ਵਿਚ ਨਵਾਂ ਸਿਆਸੀ ਸੁਨੇਹਾ ਲੈ ਕੇ ਆਇਆ ਹੈ। ਇਸ ਸੁਨੇਹੇ ਦੀ ਪੈੜ-ਚਾਲ ਸਿਆਸੀ ਕਾਨਫਰੰਸਾਂ ਤੋਂ ਭਲੀ-ਭਾਂਤ ਮਿਲ ਜਾਂਦੀ ਹੈ। ਬਿਨਾਂ ਸ਼ੱਕ, ਸਿਆਸਤ ਦੇ ਕੋਣ ਤੋਂ ਐਤਕੀਂ ਵਾਲਾ ਮੇਲਾ ਆਮ ਆਦਮੀ ਪਾਰਟੀ (ਆਪ) ਦੇ ਨਾਂ ਰਿਹਾ ਹੈ। ਆਮ ਸਿਆਸੀ ਪਾਰਟੀਆਂ ਤੋਂ ਉਲਟ ਇਸ ਪਾਰਟੀ ਨੇ ਮੇਲੇ ਵਿਚ ਭੀੜ ਜੁਟਾਉਣ ਜਾਂ ਦਿਖਾਉਣ ਲਈ ਕੋਈ ਖਾਸ ਤਰੱਦਦ ਨਹੀਂ ਕੀਤਾ, ਫਿਰ ਵੀ ਲੋਕ ਆਪ-ਮੁਹਾਰੇ 'ਆਪ' ਦੇ ਪੰਡਾਲ ਵੱਲ ਵਾਹੋ-ਦਾਹੀ ਗਏ। ਲੋਕਾਂ ਦੇ ਇਸ ਆਪ-ਮੁਹਾਰੇਪਣ ਬਾਰੇ ਤਾਂ ਮੁੱਖ ਮੰਤਰੀ ਪ੍ਰਕਾਸ਼ ਬਾਦਲ ਨੂੰ ਵੀ ਟਿੱਪਣੀ ਕਰਨੀ ਪਈ। ਇਸ ਟਿੱਪਣੀ ਵਿਚ ਬੇਵਸੀ ਦੀ ਝਲਕ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਪਤਾ ਨਹੀਂ ਕਿਉਂ ਲੋਕ 'ਆਪ' ਵੱਲ ਉਲਰ ਰਹੇ ਹਨ! ਅਸਲ ਵਿਚ ਉਹ ਸਿਆਸੀ ਖੇਤਰ ਵਿਚ ਆਪਣੀ ਹਾਰ ਚਿਤਵ ਕੇ ਦਿਲ ਨੂੰ ਤਸੱਲੀਆਂ ਦੇ ਰਹੇ ਜਾਪਦੇ ਹਨ। ਸਿਆਸਤ ਵਿਚ ਰੁਚੀ ਰੱਖਣ ਵਾਲਿਆਂ ਨੇ ਤਾਂ 'ਆਪ' ਦੀ ਇਸ ਚੜ੍ਹਤ ਦਾ ਵਿਸ਼ਲੇਸ਼ਣ ਕਰਦਿਆਂ ਸਿੱਟੇ ਵੀ ਕੱਢ ਦਿਖਾਏ ਹਨ। ਇਥੇ ਮਸਲਾ ਚੋਣਾਂ ਵਿਚ ਜਿੱਤ ਜਾਂ ਹਾਰ ਦਾ ਨਹੀਂ, ਸਗੋਂ ਉਸ ਤਬਦੀਲੀ ਦਾ ਹੈ ਜੋ ਪੰਜਾਬ ਵਿਚ ਹੁਣ ਨਜ਼ਰੀਂ ਪੈਣ ਲੱਗ ਪਈ ਹੈ। 'ਆਪ' ਦੀ ਆਮਦ ਨੇ ਸਿਆਸਤ ਦੇ ਪਿੜ ਦਾ ਰੰਗ-ਢੰਗ ਬਦਲ ਕੇ ਰੱਖ ਦਿੱਤਾ ਹੈ ਅਤੇ ਰਵਾਇਤੀ ਸਿਆਸੀ ਪਾਰਟੀਆਂ ਨੂੰ ਨਵੇਂ ਸਿਰਿਓਂ ਨੀਤੀਆਂ-ਰਣਨੀਤੀਆਂ ਬਣਾਉਣੀਆਂ ਪੈ ਰਹੀਆਂ ਹਨ। ਇਹ ਗੱਲ ਵੱਖਰੀ ਹੈ ਕਿ ਸੱਤਾਧਾਰੀਆਂ ਨੂੰ ਇਹ ਨਵੀਂ ਸਿਆਸੀ ਪੈਂਠ ਅਜੇ ਹਜ਼ਮ ਨਹੀਂ ਹੋ ਰਹੀ। ਇਸ ਲਈ ਉਹ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮਨਪ੍ਰੀਤ ਸਿੰਘ ਬਾਦਲ ਦੀ ਮੇਲਾ ਮਾਘੀ ਕਾਨਫਰੰਸ ਦਾ ਜ਼ਿਕਰ ਵਾਰ-ਵਾਰ ਕਰ ਰਹੇ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਉਦੋਂ ਮਨਪ੍ਰੀਤ ਸਿੰਘ ਬਾਦਲ ਦੀ ਕਾਰਫਰੰਸ ਵੀ ਮਿਸਾਲੀ ਹੋ ਨਿਬੜੀ ਸੀ, ਪਰ ਉਹ ਵਿਧਾਨ ਸਭਾ ਚੋਣਾਂ ਵਿਚ ਇਕ ਵੀ ਸੀਟ ਹਾਸਲ ਨਹੀਂ ਸਨ ਕਰ ਸਕੇ। ਉਂਜ, ਥੋੜ੍ਹੀ ਜਿਹੀ ਘੋਖ ਕੀਤਿਆਂ ਸਪਸ਼ਟ ਹੋ ਜਾਂਦਾ ਹੈ ਕਿ ਉਦੋਂ ਵਾਲੇ ਅਤੇ ਹੁਣ ਵਾਲੇ ਵਕਤ ਵਿਚ ਜ਼ਮੀਨ-ਅਸਮਾਨ ਦਾ ਫਰਕ ਹੈ। ਅੱਜ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਪੈਰਾਂ ਹੇਠੋਂ ਜ਼ਮੀਨ ਖਿਸਕੀ ਹੋਈ ਹੈ। ਲੋਕ ਰੋਹ ਅਤੇ ਰੋਸ ਕਾਰਨ ਇਸ ਨੂੰ ਕਈ ਰੁਟੀਨ ਵਾਲੇ ਸਮਾਗਮ ਵੀ ਮੁਲਤਵੀ ਕਰਨੇ ਪੈ ਰਹੇ ਹਨ। ਜਿਹੜੇ ਸਮਾਗਮ ਡੰਡੇ ਦੇ ਜ਼ੋਰ ਕਰਵਾਏ ਵੀ ਜਾ ਰਹੇ ਹਨ, ਉਨ੍ਹਾਂ ਵੱਲ ਲੋਕ ਮੂੰਹ ਨਹੀਂ ਕਰ ਰਹੇ। ਸੱਤਾ ਧਿਰ ਖਿਲਾਫ ਲੋਕਾਂ ਦਾ ਗੁੱਸਾ ਆਏ ਦਿਨ ਕਿਸੇ ਨਾ ਕਿਸੇ ਰੂਪ ਵਿਚ ਉਜਾਗਰ ਹੋ ਰਿਹਾ ਹੈ ਅਤੇ ਸੱਤਾਧਾਰੀਆਂ ਵੱਲੋਂ ਹਰ ਹੀਲਾ ਕਰਨ ਦੇ ਬਾਵਜੂਦ ਇਸ ਨੂੰ ਠੱਲ੍ਹ ਨਹੀਂ ਪੈ ਰਹੀ, ਨਾ ਹੀ ਕਿਸੇ ਪਾਸੇ ਪੈਰ ਅੜਾਉਣ ਲਈ ਜਗ੍ਹਾ ਹੀ ਮਿਲ ਰਹੀ ਹੈ।

ਭਾਰਤ ਵਿਚ 'ਆਪ' ਦੀ ਆਮਦ ਇਕ ਖਾਸ ਦੌਰ ਦੌਰਾਨ ਹੋਈ ਸੀ। ਉਦੋਂ ਅਜੇ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਵਾਲੇ ਯੂ.ਪੀ.ਏ. ਦੀ ਸਰਕਾਰ ਸੀ ਅਤੇ ਸਮਾਜ ਸੇਵੀ ਅੰਨਾ ਹਜ਼ਾਰੇ ਤੇ ਉਨ੍ਹਾਂ ਦੀ ਟੀਮ ਦੀ ਅਗਵਾਈ ਹੇਠ ਭ੍ਰਿਸ਼ਟਾਚਾਰ ਵਿਰੁਧ ਅੰਦੋਲਨ ਸ਼ੁਰੂ ਹੋਇਆ ਸੀ। ਦਿੱਲੀ ਵਿਚ ਸ਼ੁਰੂ ਕੀਤੇ ਅੰਦੋਲਨ ਨੂੰ ਬਹੁਤ ਤੇਜ਼ੀ ਨਾਲ ਮੁਲਕ ਭਰ ਵਿਚ ਹੁੰਗਾਰਾ ਮਿਲਿਆ। ਉਸ ਵਕਤ ਵੀ ਲੋਕ ਹੁਣ ਵਾਂਗ ਆਪ-ਮੁਹਾਰੇ ਹੀ ਇਸ ਅੰਦੋਲਨ ਵੱਲ ਖਿੱਚੇ ਗਏ ਸਨ। ਵਿਚਾਰਨ ਵਾਲਾ ਨੁਕਤਾ ਸਿਰਫ ਇੱਕੋ ਹੀ ਹੈ ਕਿ ਭਾਰਤ ਦੇ ਸਿਆਸੀ ਢਾਂਚੇ ਵਿਚ ਤਬਦੀਲੀ ਦੀ ਤਾਂਘ ਕਰ ਕੇ ਹੀ ਇਸ ਅੰਦੋਲਨ ਨੂੰ ਇੰਨੇ ਵੱਡੇ ਪੱਧਰ ਉਤੇ ਹੁੰਗਾਰਾ ਮਿਲਿਆ ਸੀ। ਤਬਦੀਲੀ ਦੀ ਇਸ ਤਾਂਘ ਵਿਚੋਂ ਹੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦਾ ਆਗਾਜ਼ ਹੋਇਆ। ਕੁਝ ਨੁਕਤਾਚੀਨ ਇਹ ਨਘੋਚਾਂ ਕੱਢ ਰਹੇ ਹਨ ਕਿ 'ਆਪ' ਦੀ ਆਮਦ ਭਾਰਤੀ ਸਿਆਸਤ ਵਿਚ ਸਿਫਤੀ ਤਬਦੀਲੀ ਦੇ ਟੀਚੇ ਨਾਲ ਹੋਈ ਸੀ, ਪਰ ਹੁਣ ਹੋਰ ਪਾਰਟੀਆਂ ਵਾਂਗ ਇਸ ਨੇ ਆਪਣਾ ਟੀਚਾ ਚੋਣਾਂ ਜਿੱਤਣ ਨੂੰ ਬਣਾ ਲਿਆ ਜਾਪਦਾ ਹੈ। ਬਿਨਾਂ ਸ਼ੱਕ, ਸਿਆਸਤ ਦੇ ਪਿੜ ਲਈ ਅੱਜ ਇਹ ਵੱਡਾ ਸਵਾਲ ਹੈ। ਢਾਂਚੇ ਵਿਚ ਜਿੰਨਾ ਨਿਘਾਰ ਆ ਚੁੱਕਾ ਹੈ, ਉਸ ਦਾ ਤੋੜ ਵੱਡੀ ਤਬਦੀਲੀ ਨਾਲ ਹੀ ਸੰਭਵ ਹੈ, ਪਰ ਫਿਲਹਾਲ ਮੌਜੂਦਾ ਹਾਲਾਤ ਵਿਚ ਇਸ ਤਬਦੀਲੀ ਲਈ ਰਾਹ, ਚੋਣਾਂ ਵਾਲਾ ਮੈਦਾਨ ਜਿੱਤਣ ਤੋਂ ਬਾਅਦ ਬਣ ਵੀ ਸਕਦਾ ਹੈ। ਰਵਾਇਤੀ ਸਿਆਸੀ ਪਾਰਟੀਆਂ ਚੋਣਾਂ ਜਿੱਤਣ ਲਈ ਜੋ ਹਰਬੇ ਵਰਤਦੀਆਂ ਹਨ, ਉਸ ਨੇ ਆਵਾਮ ਨੂੰ ਮੂਲੋਂ ਹੀ ਬੇਵੱਸ ਅਤੇ ਨਿੱਸਲ ਕਰ ਦਿੱਤਾ ਹੋਇਆ ਹੈ। ਅਜਿਹੇ ਮਾਹੌਲ ਵਿਚ 'ਆਪ' ਜਿਸ ਤਰ੍ਹਾਂ ਦਸਤਕ ਦੇ ਰਹੀ ਹੈ, ਉਸ ਨੇ ਆਵਾਮ ਦੇ ਜ਼ਿਹਨ ਵਿਚ ਤਬਦੀਲੀ ਦੇ ਚਿਰਾਗ ਬਾਲੇ ਹਨ। ਅਜਿਹਾ ਮਾਹੌਲ ਬੱਝਣ ਦੀ ਉਡੀਕ ਵਿਚ ਸਾਲਾਂ ਦੇ ਸਾਲ ਲੰਘ ਗਏ ਸਨ। ਹੁਣ ਜੇ 'ਆਪ' ਸਿਆਸੀ ਖੇਤਰ ਵਿਚ ਰਵਾਇਤੀ ਪਾਰਟੀਆਂ ਦੀ ਜਕੜ ਤੋੜਨ ਵਿਚ ਸਹਾਈ ਹੋ ਰਹੀ ਹੈ ਤਾਂ ਇਸ ਦਾ ਸਵਾਗਤ ਕਰਨਾ ਬਣਦਾ ਹੈ। ਘੱਟੋ-ਘੱਟ ਪੰਜਾਬ ਵਿਚ ਤਾਂ ਤਬਦੀਲੀ ਦੀ ਲਹਿਰ ਨੂੰ ਜ਼ਰਬਾਂ ਜ਼ਰੂਰ ਆਈਆਂ ਹਨ। ਪੰਜਾਬ ਵਿਚ ਚੋਣਾਂ ਨੂੰ ਅਜੇ ਭਾਵੇਂ ਤਕਰੀਬਨ ਸਾਲ ਪਿਆ ਹੈ ਅਤੇ ਉਦੋਂ ਤੱਕ ਕਈ ਸਿਆਸੀ ਸਫਬੰਦੀਆਂ ਸੰਭਵ ਹਨ, ਪਰ ਇਕ ਤੱਥ ਐਨ ਸਪਸ਼ਟ ਹੋ ਗਿਆ ਹੈ ਕਿ ਐਤਕੀਂ ਵਾਲੀਆਂ ਚੋਣਾਂ ਪਹਿਲਾਂ ਹੋਈਆਂ ਸਭ ਚੋਣਾਂ ਤੋਂ ਵੱਖਰੀਆਂ ਹੋਣਗੀਆਂ ਅਤੇ ਇਨ੍ਹਾਂ ਦੇ ਨਤੀਜੇ ਵੀ ਵੱਖਰੇ ਆਉਣ ਦੀ ਸੰਭਾਵਨਾ ਹੈ। ਇਸ ਨਾਲ ਸੂਬੇ ਵਿਚ ਵੱਖਰੀ ਸਿਆਸਤ ਲਈ ਰਾਹ ਖੁੱਲ੍ਹਣ ਲਈ ਰਾਹ ਮੋਕਲੇ ਹੋ ਰਹੇ ਹਨ। ਹੁਣ ਦੇਖਣ ਅਤੇ ਵਿਚਾਰਨ ਵਾਲਾ ਮੁੱਦਾ ਇਹ ਹੈ ਕਿ ਪੰਜਾਬ ਦੀਆਂ ਚੋਣਾਂ ਤੋਂ ਬਾਅਦ ਮੁਲਕ ਦੀ ਸਿਆਸਤ ਉਤੇ ਕੀ ਅਸਰ ਪਵੇਗਾ। ਅਜੇ ਕੁਝ ਮਹੀਨੇ ਪਹਿਲਾਂ ਹੀ ਬਿਹਾਰ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਮੁਲਕ ਦੀ ਸਿਆਸਤ ਨੂੰ ਰਤਾ ਕੇ ਵੱਖਰਾ ਮੋੜਾ ਦਿੱਤਾ ਸੀ। ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਮਾਂ-ਜਥੇਬੰਦੀ ਆਰ.ਐਸ.ਐਸ. ਦੀ ਪੰਜਾਬ ਉਤੇ ਅੱਖ ਬੜੇ ਚਿਰਾਂ ਦੀ ਹੈ। ਹੁਣ 'ਆਪ' ਦੀ ਸਿਆਸਤ ਦੇ ਜ਼ਰੀਏ ਪੰਜਾਬ ਇਕ ਵਾਰ ਫਿਰ ਦਿੱਲੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੁਰਨ ਜੋਗਾ ਹੋ ਰਿਹਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਖਿਦਰਾਣੇ ਦੀ ਢਾਬ ਉਤੇ

ਮੇਲੇ ਮਾਘੀ ਦੇ ਲਾ-ਲਾ ਪੰਡਾਲ ਬੈਠੇ, ਆਪੋ-ਆਪਣਾ 'ਤਾਣ' ਦਿਖਾਲਿਆ ਜੀ।
ਕਈ ਆਗੂਆਂ ਤੋਲਿਆ ਕੁਫਰ ਉਥੇ, ਸੂਝਵਾਨਾਂ ਦੇ ਦਿਲਾਂ ਨੂੰ ਜਾਲਿਆ ਜੀ।
'ਰਾਖੇ' ਧਰਮ ਦੇ ਬਣਦਿਆਂ ਪੇਸ਼ ਆਏ, ਬੇੜਾ ਪ੍ਰਾਂਤ ਦਾ ਜਿਨ੍ਹਾਂ ਬਹਾਲਿਆ ਜੀ,
ਉਨ੍ਹਾਂ ਲੋਕਾਂ ਦੇ ਸਿਦਕ ਨੂੰ ਕਰੋ ਸਿਜਦਾ, ਕੌਮੀ ਫਰਜ਼ਾਂ ਨੂੰ ਜਿਨ੍ਹਾਂ ਨੇ ਪਾਲਿਆ ਜੀ।
ਠੋਕਰ ਮਾਰ ਕੇ ਨਸ਼ੇ ਜਾਂ ਲਾਲਚਾਂ ਨੂੰ, ਤਰਸ ਕਰਦਿਆਂ ਪਿਆਰੇ ਪੰਜਾਬ ਉਤੇ।
ਬੰਨ੍ਹ ਕਾਫਲੇ ਤੁਰੇ ਸੀ 'ਆਮ' ਲੋਕੀ, ਪਹੁੰਚੇ 'ਆਪ' ਖਿਦਰਾਣੇ ਦੀ ਢਾਬ ਉਤੇ!

# ਪੰਜਾਬ ਦੀ ਬੇਚੈਨੀ ਦਾ ਕੀ ਹੋਵੇ ਜਵਾਬ...

## 'ਆਪ' ਬਣੀ ਪੰਜਾਬ ਦੀ ਸਿਆਸਤ ਦਾ ਧੁਰਾ

*ਮੁਕਤਸਰ ਵਿਚ ਮਾਘੀ ਮੇਲੇ ਮੌਕੇ ਹੋਈਆਂ ਸਿਆਸੀ ਰੈਲੀਆਂ ਨੇ ਪੰਜਾਬ ਅਤੇ ਪੰਜਾਬ ਦੀ ਸਿਆਸਤ ਬਾਰੇ ਨਵੀਂ ਚਰਚਾ ਛੇੜ ਦਿੱਤੀ ਹੈ। ਇਸ ਮੇਲੇ ਵਿਚ ਜੋ ਹੁੰਗਾਰਾ ਲੋਕਾਂ ਨੇ ਆਮ ਆਦਮੀ ਪਾਰਟੀ (ਆਪ) ਨੂੰ ਦਿੱਤਾ ਹੈ, ਉਸ ਨੇ ਮੁੱਖ ਸਿਆਸੀ ਧਿਰਾਂ ਵਿਚ ਖਲਬਲੀ ਮਚਾ ਦਿੱਤੀ ਹੈ ਅਤੇ ਇਹ ਨਵੇਂ ਸਿਰਿਓਂ ਰਣਨੀਤੀਆਂ ਘੜਨ ਵਿਚ ਰੁੱਝ ਗਈਆਂ ਹਨ। ਇਸ ਬਾਰੇ ਵੱਖ-ਵੱਖ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ ਤੇ ਪੰਜਾਬ ਨਾਲ ਲਾਗਾ-ਦੇਗਾ ਰੱਖਣ ਵਾਲਿਆਂ ਨੇ ਖੁੱਲ੍ਹ ਕੇ ਲਿਖਿਆ ਹੈ। ਪੰਜਾਬ ਅਤੇ ਆਲੇ-ਦੁਆਲੇ ਦੇ ਖਿੱਤੇ ਵਿਚ ਖਾਸ ਅਸਰ ਰੱਖਣ ਵਾਲੀ ਅੰਗਰਜ਼ੀ ਅਖਬਾਰ 'ਦਿ ਟ੍ਰਿਬਿਊਨ' ਦੇ ਮੁੱਖ ਸੰਪਾਦਕ ਹਰੀਸ਼ ਖਰੇ ਨੇ ਵੀ ਇਸ ਬਾਰੇ ਖਾਸ ਟਿੱਪਣੀ ਕੀਤੀ ਹੈ। -ਸੰਪਾਦਕ*

ਪੰਜਾਬ ਹੁਣ ਤਬਦੀਲੀ ਦੇ ਰੌਂਅ ਵਿਚ ਆ ਗਿਆ ਜਾਪਦਾ ਹੈ। ਲੰਘੇ ਵੀਰਵਾਰ ਨੂੰ ਮੁਕਤਸਰ ਵਿਚ ਮਾਘੀ ਦੇ ਮੇਲੇ ਤੋਂ ਇਹ ਗੱਲ ਪੂਰੀ ਤਰ੍ਹਾਂ ਸਾਫ਼ ਹੋ ਗਈ ਹੈ। ਪੰਜਾਬ ਦੀਆਂ ਤਿੰਨ ਵੱਡੀਆਂ ਸਿਆਸੀ ਧਿਰਾਂ- ਸੱਤਾਧਾਰੀ ਅਕਾਲੀ ਦਲ, ਕਾਂਗਰਸ ਅਤੇ ਨਵੀਂ-ਨਵੇਲੀ ਆਮ ਆਦਮੀ ਪਾਰਟੀ (ਆਪ) ਨੇ ਤਿਉਹਾਰ ਦੇ ਇਸ ਮੌਕੇ ਨੂੰ ਗਿਣ-ਮਿੱਥ ਕੇ ਸ਼ਕਤੀ ਪ੍ਰਦਰਸ਼ਨ ਵਿਚ ਬਦਲ ਕੇ ਰੱਖ ਦਿੱਤਾ। ਅਜਿਹੀ ਕੋਈ ਸੰਵਿਧਾਨਿਕ ਬੰਦਸ਼ ਨਹੀਂ ਹੈ ਜਿਸ ਕਰ ਕੇ ਇਨ੍ਹਾਂ ਸਿਆਸੀ ਪਾਰਟੀਆਂ ਨੂੰ ਮਾਘੀ ਮੇਲੇ 'ਤੇ ਇਵੇਂ ਆਪਣੇ ਹੱਥ ਦਿਖਾਉਣੇ ਪੈਣ, ਪਰ ਰਵਾਇਤੀ ਸੂਝ ਦੇ ਤਕਾਜ਼ੇ ਤੋਂ ਆਗੂਆਂ ਨੂੰ ਇੰਜ ਕਰਨਾ ਪੈਂਦਾ ਹੈ।



**ਹਰੀਸ਼ ਖਰੇ**

ਮੇਲੇ 'ਤੇ ਬਾਦਲਾਂ ਨੇ ਇੱਕ ਵਾਰ ਫਿਰ ਆਪਣੇ ਕੁਨਬੇ ਦੀ ਏਕਤਾ ਦੀ ਨੁਮਾਇਸ਼ ਕੀਤੀ। ਅਮਰਿੰਦਰ ਸਿੰਘ ਚੰਗੇ ਕਪਤਾਨ ਵਾਂਗ ਆਪਣੇ ਝੁੰਡ ਨੂੰ ਸੰਭਾਲਣ ਦਾ ਵਿਖਾਵਾ ਕਰਦੇ ਦਿਸੇ। 'ਆਪ' ਦੇ ਖ਼ੇਮੇ ਦੀ ਅਗਵਾਈ ਮਾਰਖੁੰਡਾ ਮਹੰਤ ਅਰਵਿੰਦ ਕੇਜਰੀਵਾਲ ਕਰ ਰਿਹਾ ਸੀ ਜਿਸ ਨੇ ਪੰਜਾਬ ਦੀ ਧਰਤੀ ਤੋਂ ਗੁਨਾਹਾਂ ਤੇ ਭ੍ਰਿਸ਼ਟਾਚਾਰ ਦੇ ਘੁਰਨਿਆਂ ਨੂੰ ਸਾੜ ਕੇ ਸੁਆਹ ਕਰ ਦੇਣ ਦਾ ਅਹਿਦ ਲਿਆ।

ਮਾਘੀ ਮੇਲੇ 'ਤੇ ਹੋਈਆਂ ਤਿੰਨੇ ਇਕੱਤਰਤਾਵਾਂ ਦੇ ਆਕਾਰ ਅਤੇ ਰੁਖ਼ ਬਾਰੇ ਵੱਖੋ-ਵੱਖਰੇ ਅਨੁਮਾਨ ਅਤੇ ਵਿਸ਼ਲੇਸ਼ਣ ਪੇਸ਼ ਕੀਤੇ ਜਾ ਰਹੇ ਹਨ, ਪਰ ਵੱਡੀ ਗੱਲ ਇਹ ਹੈ ਕਿ ਪੰਜਾਬ ਵਿਚ ਵੱਡੇ ਪੱਧਰ 'ਤੇ ਸਰੋਕਾਰ ਅਤੇ ਬੇਚੈਨੀਆਂ ਨਜ਼ਰ ਆ ਰਹੀਆਂ ਹਨ।

'ਆਪ' ਦੇ ਪੰਡਾਲ ਵਿਚ ਜ਼ਬਰਦਸਤ ਹਾਜ਼ਰੀ ਤੋਂ ਕਈ ਲੋਕ ਸੋਚਣ ਲਈ ਮਜਬੂਰ ਹੋ ਗਏ ਹਨ ਕਿ ਆਖ਼ਿਰ ਇਸ ਨਵੀਂ ਪਾਰਟੀ ਕੋਲ ਕਿਹੜੀ ਗਿੱਦੜਸਿੰਗੀ ਆ ਗਈ ਹੈ। ਹਾਲਾਂਕਿ ਬਾਦਲਾਂ ਤੇ ਕਾਂਗਰਸ ਦੀਆਂ ਰੈਲੀਆਂ ਵਿਚ ਵੀ ਖ਼ਾਸਾ ਇਕੱਠ ਸੀ, ਪਰ 'ਆਪ' ਦੀ ਰੈਲੀ ਨੂੰ ਦੇਖ ਕੇ ਵਿਰੋਧੀ ਵੀ ਦੰਗ ਰਹਿ ਗਏ ਹਨ। ਜ਼ਾਹਿਰ ਹੈ ਕਿ ਪੰਜਾਬ ਦੀ ਰੂਹ ਨੂੰ ਕੋਈ ਚੀਜ਼ ਬੇਚੈਨ ਕਰ ਰਹੀ ਹੈ।

ਇਹ ਠੀਕ ਹੈ ਕਿ ਨੌਂ ਸਾਲਾਂ ਤੋਂ ਇੱਕ ਹੀ ਖ਼ਾਨਦਾਨ ਦੇ ਰਾਜ ਤੋਂ ਬਾਅਦ ਪੰਜਾਬ ਨੂੰ ਨਵੀਂ ਪੰਜਾਲੀ ਦੀ ਲੋੜ ਹੈ; ਇਹ ਵੀ ਕਿ ਸੂਬੇ ਨੂੰ ਸਨਕ ਤੇ ਭ੍ਰਿਸ਼ਟਾਚਾਰ ਦੇ ਮਾਹੌਲ ਤੋਂ ਰਾਹਤ ਮਿਲਣੀ ਚਾਹੀਦੀ ਹੈ, ਪਰ ਸਵਾਲ ਇਹ ਵੀ ਹੈ ਕਿ ਪੰਜਾਬ ਜਿਹੜੇ ਨਵੇਂ ਹਾਕਮਾਂ ਨੂੰ ਹੁਣ ਤਲਾਸ਼ ਰਿਹਾ ਹੈ, ਕੀ 'ਆਪ' ਉਸ ਦਾ ਜਵਾਬ ਪੇਸ਼ ਕਰਦੀ ਹੈ?

ਕੁਲ ਮਿਲਾ ਕੇ ਦਿੱਲੀ ਵਿਚ 'ਆਪ' ਦਾ ਤਜਰਬਾ ਰਲਿਆ-ਮਿਲਿਆ ਰਿਹਾ ਹੈ। ਇਹ ਵੀ ਸਵਾਲ ਉੱਠਦਾ ਹੈ ਕਿ 'ਟੋਪੀ ਵਾਲਿਆਂ' (ਜਿਸ ਸ਼ਬਦ ਦੀ ਵਰਤੋਂ ਇੱਕ ਅਕਾਲੀ ਆਗੂ ਨੇ 'ਆਪ' ਲਈ ਕੀਤੀ ਸੀ) ਦੀ ਟੋਲੀ ਕਿੰਨੇ ਕੁ ਸਮੇਂ ਤਕ 'ਆਪ' ਦੇ ਹਮਾਇਤੀ ਲੋਕਾਂ ਦਾ ਉਤਸ਼ਾਹ ਤੇ ਰੋਸ ਜਗਾ ਕੇ ਰੱਖ ਸਕਦੀ ਹੈ। ਪੰਜਾਬ ਦੀਆਂ ਚੋਣਾਂ ਨੂੰ ਅਜੇ ਸਾਲ ਪਿਆ ਹੈ। 'ਆਪ' ਦੇ ਘਰ ਵਿਚ ਵੀ ਲੜਾਈ ਮਘ ਰਹੀ ਹੈ ਅਤੇ ਕਈ ਅਹਿਮ ਆਗੂ ਇਸ ਤੋਂ ਪਾਸੇ ਹੋ ਗਏ ਹਨ।

ਦੂਜੇ ਪਾਸੇ, ਅਰਵਿੰਦ ਕੇਜਰੀਵਾਲ ਨੂੰ ਨਿੱਤ ਨਵੇਂ ਤੇ ਗ਼ੈਰ-ਰਵਾਇਤੀ ਪੈਂਤੜੇ ਅਜ਼ਮਾਉਣ ਦੀ ਕਲਾ ਆਉਂਦੀ ਹੈ। ਮੁਕਤਸਰ ਵਿਚ ਉਸ ਨੇ ਆਪਣੇ ਕਿਸੇ ਵੀ ਵਿਰੋਧੀ ਨੂੰ ਨਹੀਂ ਬਖ਼ਸ਼ਿਆ। ਇਹੀ ਉਸ ਦੇ ਕਸਬ ਦਾ ਖ਼ਾਸਾ ਹੈ ਤੇ ਇਹੀ ਗੱਲ ਲੋਕਾਂ ਨੂੰ ਖਿੱਚ ਪਾਉਂਦੀ ਹੈ। ਅਰਵਿੰਦ ਕੇਜਰੀਵਾਲ ਅਤੇ ਉਸ ਦੇ ਰਣਨੀਤੀਕਾਰਾਂ ਸਾਹਮਣੇ ਪੰਜਾਬ ਦੇ ਲੋਕਾਂ ਦੀ ਇਹ ਯਕੀਨਦਹਾਨੀ ਕਰਾਉਣ ਦਾ ਕਾਰਜ ਹੋਵੇਗਾ ਕਿ 'ਆਪ' ਦੇ ਅਫ਼ਲਾਤੂਨਾਂ ਨੂੰ ਅਜਿਹੇ ਅਨੁਸ਼ਾਸਿਤ ਬਲ ਵਿਚ ਤਬਦੀਲ ਕੀਤਾ ਜਾ ਸਕਦਾ ਹੈ ਜਿਸ ਨੂੰ ਸ਼ਾਸਨ ਦੀ ਜ਼ਿੰਮੇਵਾਰੀ ਦਿੱਤੀ ਜਾ ਸਕੇ। ਦਿੱਲੀ ਵਿਚ ਸ਼ਾਸਕਾਂ ਨੂੰ ਜਿਹੋ ਜਿਹੀਆਂ ਗਸ਼ੀਆਂ ਪੈ ਰਹੀਆਂ ਹਨ, ਉਸ ਦੇ ਮੱਦੇਨਜ਼ਰ ਇਹ ਕੋਈ ਸੌਖਾ ਕੰਮ ਨਹੀਂ ਹੈ।

**ਮਨਪ੍ਰੀਤ ਸਿੰਘ ਬਾਦਲ:** ਹੁਣੇ-ਹੁਣੇ ਕਾਂਗਰਸ ਵਿਚ ਸ਼ਾਮਲ ਹੋਏ, ਵੱਡੇ ਬਾਦਲ ਦੇ 'ਨਾਰਾਜ਼ ਭਤੀਜੇ' ਮਨਪ੍ਰੀਤ ਸਿੰਘ ਬਾਦਲ ਨੇ 'ਆਦਰਸ਼ਵਾਦ ਨੂੰ ਇੱਕ ਮੌਕਾ' ਦਿੱਤੇ ਜਾਣ ਦੀ ਗੱਲ ਕੀਤੀ ਹੈ। ਮਨਪ੍ਰੀਤ ਚੰਗਾ ਬੰਦਾ ਹੈ ਤੇ ਸ਼ਾਇਦ ਕੁਝ ਜ਼ਿਆਦਾ ਹੀ ਸਮਝਦਾਰ ਤੇ ਸੰਜੀਦਾ ਵੀ ਹੈ ਜਿਸ ਨੂੰ ਨਵੇਂ ਸਿਆਸੀ ਘਰ ਸੌਖਿਆ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਉਂਜ, ਅਕਾਲੀ ਦਲ ਵਿਚ ਹੁੰਦਿਆਂ ਉਸ ਨੂੰ ਦਰਮਿਆਨੇ ਕਿਸਮ ਦੇ ਆਗੂਆਂ ਹੇਠ ਕੰਮ ਕਰਨ ਦਾ ਤਜਰਬਾ ਹਾਸਲ ਹੋ ਚੁੱਕਿਆ ਹੈ। ਹੁਣ ਉਸ ਨੂੰ ਇਹ ਗੱਲ ਸਮਝ ਆ ਗਈ ਹੈ ਕਿ ਮੋਰਚੇ ਤੋਂ ਲਾਂਭੇ ਹੋਣ ਦਾ ਕੀ ਮਤਲਬ ਹੈ ਅਤੇ ਮੁੱਖ ਧਾਰਾ ਦੀ ਕੀ ਅਹਿਮੀਅਤ ਹੁੰਦੀ ਹੈ ਜਿਸ ਕਰ ਕੇ ਉਸ ਨੂੰ ਨਵੀਂ ਥਾਂ ਵਿਚਾਰਾਂ ਤੇ ਖਿਆਲਾਂ ਦਾ ਚੰਗਾ ਤਾਲਮੇਲ ਬਿਠਾਉਣ ਵਿਚ ਮਦਦ ਮਿਲੇਗੀ। ਉਸ ਦੇ ਵਿਚਾਰਾਂ ਤੇ ਉਤਸ਼ਾਹ ਦਾ ਦੇਸ਼ ਦੀ ਸਭ ਤੋਂ ਪੁਰਾਣੀ, ਪਰ ਬੌਧਿਕ ਤੌਰ 'ਤੇ ਮੰਦੜੇ ਹਾਲੀਂ ਗੁਜ਼ਰ ਰਹੀ ਪਾਰਟੀ ਵਿਚ ਮੁੱਲ ਪੈ ਸਕਦਾ ਹੈ।

ਵੱਡੀ ਗੱਲ ਇਹ ਹੈ ਕਿ ਮਨਪ੍ਰੀਤ ਅਜਿਹੇ ਸਮੇਂ ਕਾਂਗਰਸ ਵਿਚ ਸ਼ਾਮਲ ਹੋਇਆ ਹੈ ਜਦੋਂ ਪੰਜਾਬ ਵਿਚ ਚੋਣਾਂ ਨੂੰ ਸਾਲ ਕੁ ਰਹਿੰਦਾ ਹੈ। ਕਾਂਗਰਸ ਦੇ ਪੁਸ਼ਤੈਨੀ ਕਲਚਰ ਦੇ ਲਿਹਾਜ਼ ਤੋਂ ਤਿਆਰੀ ਲਈ ਇਹ ਬਹੁਤਾ ਸਮਾਂ ਨਹੀਂ ਹੈ। ਮਨਪ੍ਰੀਤ ਦੀ ਮੌਜੂਦਗੀ ਨਾਲ ਪੰਜਾਬ ਕਾਂਗਰਸ ਦੇ ਆਗੂਆਂ ਨੂੰ ਸੂਬੇ ਨੂੰ ਦਰਪੇਸ਼ ਗੰਭੀਰ ਮੁੱਦਿਆਂ 'ਤੇ ਆਪਣੀਆਂ ਪੁਜ਼ੀਸ਼ਨਾਂ ਸੰਵਾਰਨ ਦਾ ਚੰਗਾ ਮੌਕਾ ਮਿਲ ਸਕੇਗਾ। ਪੰਜਾਬ ਦੇ ਲੋਕਾਂ ਦਾ ਬੁਰਾ ਹਾਲ ਹੈ। ਉਨ੍ਹਾਂ ਨੂੰ ਸੰਵੇਦਨਸ਼ੀਲ ਤੇ ਸੰਜੀਦਾ ਆਗੂਆਂ ਅਤੇ ਕੁਸ਼ਲ ਤੇ ਕਾਰਗਰ ਪ੍ਰਸ਼ਾਸਨ ਦੀ ਬੇਹੱਦ ਲੋੜ ਹੈ। ਮਨਪ੍ਰੀਤ ਦੇ ਆਉਣ ਨਾਲ ਅਜਿਹਾ ਫ਼ਰਕ ਤਾਂ ਪੈ ਹੀ ਸਕਦਾ ਹੈ।

**ਇਕਨਾਮਿਕ ਐਂਡ ਪੁਲੀਟੀਕਲ ਵੀਕਲੀ:** 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' (ਈ.ਪੀ.ਡਬਲਿਊ.) ਭਾਰਤ ਦਾ ਸਭ ਤੋਂ ਵੱਧ ਸਤਿਕਾਰਿਆ ਜਾਂਦਾ ਅਤੇ ਵਿਚਾਰਾਂ ਦੇ ਪ੍ਰਵਾਹ ਤੇ ਵਿਸ਼ਲੇਸ਼ਣ ਦਾ ਅਨੂਠਾ ਰਸਾਲਾ ਹੈ। ਪਿਛਲੇ ਦਿਨੀਂ ਇਸ ਰਸਾਲੇ ਵਿਚ ਪੁਆੜਾ ਪੈਣ ਦੀ ਖ਼ਬਰ ਆਈ ਹੈ। ਸਮੁੱਚੇ ਦੱਖਣੀ ਏਸ਼ੀਆ ਦੇ ਵਿਦਵਾਨ ਤੇ ਮਾਹਿਰ ਇਸ ਨੂੰ ਈ.ਪੀ.ਡਬਲਿਊ. ਦੇ ਨਾਂ ਨਾਲ ਸੱਦਦੇ ਹਨ ਅਤੇ ਇਸ ਵਿਚ ਛਪਣਾ ਬੌਧਿਕ ਕਾਮਯਾਬੀ ਮੰਨਿਆ ਜਾਂਦਾ ਹੈ।

ਉਂਜ, ਬਹੁਤੇ ਲੋਕੀਂ ਇਸ ਰਸਾਲੇ ਬਾਰੇ ਅਣਜਾਣ ਹੀ ਹਨ। ਇਸ 'ਤੇ ਹੈਰਾਨੀ ਵੀ ਨਹੀਂ ਹੋਣੀ ਚਾਹੀਦੀ ਕਿਉਂਕਿ ਇਹ ਆਮ ਲੋਕਾਂ ਲਈ ਜਾਂ ਫਿਰ ਕੋਈ ਲੋਕਪ੍ਰਿਆ ਰਸਾਲਾ ਨਹੀਂ ਹੈ। ਵੈਸੇ, ਪਿਛਲੇ ਪੰਜ ਦਹਾਕਿਆਂ ਦੀਆਂ ਕੋਸ਼ਿਸ਼ਾਂ ਸਦਕਾ ਇਹ ਭਾਰਤ ਦੀ ਅਕਾਦਮਿਕ ਬਰਾਦਰੀ ਦਾ ਸਭ ਤੋਂ ਸ਼ਕਤੀਸ਼ਾਲੀ ਮੰਚ ਬਣ ਚੁੱਕਾ ਹੈ।

ਇਹ ਅੰਤਾਂ ਦਾ ਸੁਤੰਤਰ, ਪ੍ਰਤੀਬੱਧ, ਉਦਾਰਵਾਦੀ ਅਤੇ ਖੱਬੇ ਪੱਖੀ ਝੁਕਾਅ ਵਾਲਾ ਮੰਚ ਹੈ। ਇਹ ਅਜਿਹਾ ਪ੍ਰਕਾਸ਼ਨ ਹੈ ਜੋ ਹੁੱਬ ਕੇ ਦੱਸਦਾ ਹੈ ਕਿ ਉਹ ਕੇਂਦਰ ਜਾਂ ਰਾਜ ਸਰਕਾਰਾਂ ਤੋਂ ਕੋਈ ਚੰਦਾ ਨਹੀਂ ਲੈਂਦੇ। ਇਸ ਦੇ ਸੰਪਾਦਕਾਂ ਦੇ ਫ਼ੈਸਲਿਆਂ ਤੇ ਫ਼ਤਵਿਆਂ ਦੀ ਬੌਧਿਕ ਦਿਆਨਤਦਾਰੀ 'ਤੇ ਕਦੇ ਕਿਸੇ ਨੇ ਕਿੰਤੂ ਨਹੀਂ ਕੀਤਾ।

ਮੁੰਬਈ ਆਧਾਰਿਤ 'ਸਮੀਕਸ਼ਾ ਟਰੱਸਟ' ਇਸ ਦੇ ਮਾਮਲਿਆਂ ਦੀ ਦੇਖ-ਰੇਖ ਕਰਦਾ ਹੈ ਜਿਸ ਵਿਚ ਦੀਪਕ ਨਈਅਰ, ਆਂਦਰੇ ਬੇਤੀਲ, ਰੋਮਿਲਾ ਥਾਪਰ, ਯਾਂ ਦ੍ਰੀਜ਼ ਅਤੇ ਰਾਜੀਵ ਭਾਰਗਵ ਜਿਹੇ ਮੰਨੇ-ਪ੍ਰਮੰਨੇ ਤੇ ਸਤਿਕਾਰਤ ਵਿਦਵਾਨ ਸ਼ਾਮਲ ਹਨ। ਕੀ ਇਸ ਤੋਂ ਵੱਧ ਕੋਈ ਸ਼ਾਨਦਾਰ ਟਰੱਸਟ ਹੋ ਸਕਦਾ ਹੈ?

ਜੇ ਤੁਸੀਂ ਈ.ਪੀ.ਡਬਲਿਊ. ਪੜ੍ਹਦੇ ਹੋ ਤਾਂ ਤੁਸੀਂ ਖ਼ੁਦ ਨੂੰ ਵਿਦਵਾਨਾਂ ਦੀ ਵੱਖਰੀ ਤੇ ਉੱਚ ਪਾਏ ਦੀ ਬਰਾਦਰੀ ਦਾ ਹਿੱਸਾ ਸਮਝਣ ਲੱਗ ਪੈਂਦੇ ਹੋ। ਜੇ ਤੁਸੀਂ ਸਮਾਜ ਵਿਗਿਆਨ ਦੇ ਗਹਿਰ-ਗੰਭੀਰ ਵਿਦਿਆਰਥੀ ਹੋ ਤਾਂ ਤੁਸੀਂ ਈ.ਪੀ.ਡਬਲਿਊ. ਵਿਚ ਛਪਣ ਦਾ ਖ਼ਵਾਬ ਜ਼ਰੂਰ ਦੇਖਦੇ ਹੋਵੋਗੇ। ਕੁਝ ਤਾਂ ਇਸ ਰਸਾਲੇ ਦੇ ਸਹਾਇਕ ਸੰਪਾਦਕ ਬਣਨ ਦਾ ਖ਼ਵਾਬ ਵੀ ਲੈਂਦੇ ਹੋਣਗੇ। ਇਸ ਦਾ ਸੰਪਾਦਕ ਹੋਣਾ ਅਕਾਦਮਿਕ ਸੰਤੁਸ਼ਟੀ ਤੇ ਪ੍ਰਾਪਤੀ ਦਾ ਸਿਖਰ ਮੰਨਿਆ ਜਾਂਦਾ ਹੈ।

'ਦਿ ਹਿੰਦੂ' ਅਖ਼ਬਾਰ ਵਿਚ ਹੁੰਦਿਆਂ ਮੇਰੇ ਸਹਿਕਰਮੀ ਰਹੇ ਸੀ. ਰਾਮ ਮਨੋਹਰ ਰੈੱਡੀ 10 ਸਾਲਾਂ ਤੋਂ ਇਹ ਹਫ਼ਤਾਵਾਰੀ ਰਸਾਲੇ ਦਾ ਸੰਪਾਦਨ ਕਰਦੇ ਰਹੇ ਸਨ। ਹੁਣ ਅਚਾਨਕ ਇਹ ਖ਼ਬਰ ਆਈ ਹੈ ਕਿ ਉਨ੍ਹਾਂ ਆਪਣਾ ਅਸਤੀਫ਼ਾ ਦੇ ਦਿੱਤਾ ਹੈ, ਕਿਉਂਕਿ ਉਨ੍ਹਾਂ ਦੇ ਖਿਆਲ ਵਿਚ 'ਸੰਪਾਦਕ ਦੀ ਖ਼ੁਦਮੁਖ਼ਤਾਰੀ' ਵਿਚ ਦਖ਼ਲਅੰਦਾਜ਼ੀ ਕੀਤੀ ਗਈ ਹੈ।

ਉਂਜ, ਇਹ ਕੋਈ ਰੇੜਕਾ ਨਹੀਂ, ਸਗੋਂ ਮੱਤਭੇਦਾਂ ਦਾ ਮਾਮਲਾ ਹੈ। ਈ.ਪੀ.ਡਬਲਿਊ. ਦੀ 50ਵੀਂ ਵਰ੍ਹੇਗੰਢ ਕਿਸ ਤਰ੍ਹਾਂ ਮਨਾਈ ਜਾਣੀ ਚਾਹੀਦੀ ਹੈ (ਜਿਸ ਦੀ ਤਾਰੀਖ਼ ਅਗਲੇ ਅਪਰੈਲ ਵਿਚ ਆ ਰਹੀ ਹੈ), ਮਤਭੇਦਾਂ ਦੀ ਮੂਲ ਵਜ੍ਹਾ ਹੈ। ਸੁਣਨ ਵਿਚ ਆਇਆ ਹੈ ਕਿ ਰਾਮ ਮਨੋਹਰ ਰੈੱਡੀ ਨੇ ਟਰੱਸਟ ਦੇ ਬਾਹਰੋਂ ਕੁਝ ਫੰਡ ਇਕੱਠੇ ਕੀਤੇ ਸਨ ਅਤੇ ਸਮੀਕਸ਼ਾ ਟਰੱਸਟ ਦੇ ਮੈਂਬਰ ਉਸ ਦੇ ਇਸ ਕਦਮ ਨਾਲ ਸਹਿਮਤ ਨਹੀਂ ਸਨ। ਟਰੱਸਟ ਮੈਂਬਰ ਮਹਿਸੂਸ ਕਰਦੇ ਸਨ ਕਿ ਸੰਪਾਦਕ ਦੀ ਜਵਾਬਦੇਹੀ ਤੈਅ ਕੀਤੀ ਜਾਣੀ ਚਾਹੀਦੀ ਹੈ, ਜਦਕਿ ਸੰਪਾਦਕ ਦਾ ਮੱਤ ਸੀ ਕਿ ਜਵਾਬਦੇਹੀ ਉਸ ਦੇ ਅਧਿਕਾਰ ਖੇਤਰ ਵਿਚ ਅਣਪ੍ਰਵਾਨਿਤ ਦਖ਼ਲਅੰਦਾਜ਼ੀ ਹੈ।

ਰਾਬਤੇ ਦੀ ਲੜੀ ਟੁੱਟ ਗਈ। ਇੱਕ ਟਰੱਸਟੀ (ਯਾਂ ਦ੍ਰੀਜ਼) ਨੇ ਸੰਪਾਦਕ ਦੀ ਪੈਰਵੀ ਕਰਦਿਆਂ ਟਰੱਸਟ ਤੋਂ ਅਸਤੀਫ਼ਾ ਦੇ ਦਿੱਤਾ। ਇਸ ਬਖੇੜੇ ਕਾਰਨ ਸਮੁੱਚੀ ਉਦਾਰਵਾਦੀ ਬਰਾਦਰੀ ਨੂੰ ਤਕਲੀਫ਼ ਹੋਈ ਹੈ। ਈ.ਪੀ.ਡਬਲਿਊ. ਦੇ ਇਸ ਕਾਂਡ ਨੇ ਸਾਡੀ ਬੁੱਧੀਜੀਵੀ ਬਰਾਦਰੀ ਅੰਦਰ ਝਾਕਣ ਦਾ ਬੇਮਿਸਾਲ ਮੌਕਾ ਦਿੱਤਾ ਹੈ। ਇੱਕੋ ਜਿਹੇ ਬੌਧਿਕ ਮਿਆਰ, ਮਿਲਦੇ-ਜੁਲਦੇ ਸੁਭਾਅ ਤੇ ਨਿਸਬਤਨ ਇੱਕੋ ਜਿਹੀਆਂ ਪ੍ਰਾਪਤੀਆਂ ਵਾਲੇ ਸੱਤ-ਅੱਠ ਕੁ ਜਣਿਆਂ ਲਈ ਵੀ ਕਈ ਵਾਰ ਮਿਲ-ਜੁਲ ਕੇ ਚੱਲਣਾ ਕਿੰਨਾ ਔਖਾ ਤੇ ਪ੍ਰੇਸ਼ਾਨਕੁਨ ਹੋ ਜਾਂਦਾ ਹੈ। ਉਦਾਰਵਾਦੀਆਂ ਦੀ ਇਹ ਸ਼ਕਤੀ ਵੀ ਹੈ ਅਤੇ ਕਮਜ਼ੋਰੀ ਵੀ।

# ਅਣਹੋਏ ਲੇਖਕ ਦੀ ਪਲੇਠੀ ਅਤੇ ਆਖ਼ਰੀ ਚਿੱਠੀ

ਖ਼ੁਦਕੁਸ਼ੀ ਤੋਂ ਪਹਿਲਾਂ ਲਿਖੀ ਰੋਹਿਤ ਵੇਮੂਲੇ ਦੀ ਚਿੱਠੀ ਮੌਜੂਦਾ ਦੌਰ ਦੇ ਸੋਗ਼ਵਾਰ ਖ਼ਾਸੇ ਦੀ ਤਸਦੀਕ ਕਰਦੀ ਹੈ। ਇਹ ਮਾਅਨੇ ਨਹੀਂ ਰੱਖਦਾ ਕਿ ਚਿੱਠੀ ਲਿਖਣ ਵਾਲੇ ਨਾਲ ਤੁਹਾਡਾ ਕੀ ਰਿਸ਼ਤਾ ਸੀ। ਤੁਰ ਜਾਣ ਵਾਲੇ ਨਾਲ ਰਿਸ਼ਤਾ ਤੈਅ ਕਰਨ ਦਾ ਕੰਮ ਇਹ ਚਿੱਠੀ ਕਰਦੀ ਹੈ। ਇਸ ਚਿੱਠੀ ਵਿਚ ਦਿਲਗ਼ੀਰੀ, ਵੈਰਾਗ ਅਤੇ ਰੋਹ ਦਾ ਜਮ੍ਹਾਂਜੋੜ ਗੁੰਨਿਆ ਪਿਆ ਹੈ। ਇਹ ਚਿੱਠੀ ਇੱਕੋ ਵੇਲੇ ਅੰਦਰਮੁਖੀ ਅਤੇ ਬਾਹਰਮੁਖੀ ਹੈ। ਇਹ ਕਾਤਲਾਨਾ ਮਾਹੌਲ ਵਿਚ ਸੁਫ਼ਨਿਆਂ ਸਮੇਤ ਜਿਉਣ ਦੀ ਕੀਮਤ ਬਿਆਨ ਕਰਦੀ ਹੈ। ਰੋਹਿਤ ਨੇ ਇਹ ਚਿੱਠੀ ਕਿਸੇ ਨੂੰ



ਦਲਜੀਤ ਅਮੀ
ਫੋਨ: +447452155354

ਮੁਖ਼ਾਤਬ ਨਹੀਂ ਕੀਤੀ ਅਤੇ 'ਜੈ ਭੀਮ' ਲਿਖਣ ਤੋਂ ਬਾਅਦ ਆਪਣਾ ਨਾਮ ਨਹੀਂ ਲਿਖਿਆ। ਮੌਜੂਦਾ ਦੌਰ ਵਿਚ ਖੁੱਲ੍ਹਦਿਲੀ, ਖੁੱਲ੍ਹਨਜ਼ਰੀ, ਬਰਾਬਰੀ, ਇਨਸਾਫ਼ ਅਤੇ ਸਮਾਜਕ ਇਨਸਾਫ਼ ਦੇ ਸੁਫ਼ਨੇ ਦੇਖਣ ਵਾਲਾ ਹਰ ਜੀਅ ਦੋ ਥਾਂਵਾਂ ਉਤੇ ਨਾਮ ਲਿਖ ਕੇ ਇਹ ਚਿੱਠੀ ਪੜ੍ਹ ਸਕਦਾ ਹੈ। ਆਪਣਾ ਨਾਮ ਸ਼ੁਰੂ ਵਿਚ ਲਿਖ ਲਵੋ ਤਾਂ ਇਹ ਚਿੱਠੀ ਤੁਹਾਡੇ ਸਮਕਾਲੀ ਨੇ ਤੁਹਾਨੂੰ ਲਿਖੀ ਹੈ। ਆਪਣੀ ਨਾਮ ਆਖ਼ਰ ਵਿਚ ਲਿਖ ਲਵੋ ਤਾਂ ਸਮਕਾਲੀਆਂ ਦੇ ਨਾਮ ਲਿਖੀ ਇਹ ਤੁਹਾਡੀ ਆਖ਼ਰੀ ਚਿੱਠੀ ਹੈ। ਇਹ ਮਸ਼ਕ ਕਰਨ ਵਾਲੀ ਹੈ।

000

"ਤੁਹਾਡੇ ਵੱਲੋਂ ਇਹ ਖ਼ਤ ਪੜ੍ਹਨ ਤੱਕ ਮੈਂ ਵਿਦਾਅ ਹੋ ਚੁੱਕਿਆ ਹੋਵਾਂਗਾ। ਮੇਰੇ ਨਾਲ ਨਾਰਾਜ਼ ਨਹੀਂ ਹੋਣਾ। ਮੈਂ ਜਾਣਦਾ ਹਾਂ ਕਿ ਤੁਹਾਡੇ ਵਿਚੋਂ ਕਈਆਂ ਨੇ ਮੇਰਾ ਬਹੁਤ ਖਿਆਲ ਰੱਖਿਆ ਹੈ। ਉਨ੍ਹਾਂ ਦੇ ਪਿਆਰ ਅਤੇ ਵਿਹਾਰ ਨੂੰ ਭੁੱਲਾ ਨਹੀਂ ਸਕਦਾ। ਮੈਨੂੰ ਕਿਸੇ ਨਾਲ ਕੋਈ ਸ਼ਿਕਾਇਤ ਨਹੀਂ। ਮੇਰੀਆਂ ਆਪਣੇ ਆਪ ਨਾਲ ਸਦਾ ਸਮੱਸਿਆਵਾਂ ਰਹੀਆਂ ਹਨ। ਮੇਰੀ ਰੂਹ ਅਤੇ ਜਿਸਮ ਵਿਚਲਾ ਪਾੜਾ ਲਗਾਤਾਰ ਵਧਦਾ ਜਾਪਦਾ ਹੈ। ਮੈਂ ਬੇਸੁਰ ਹੋ ਗਿਆ ਹਾਂ। ਮੈਂ ਸਦਾ ਲੇਖਕ ਬਣਨਾ ਚਾਹੁੰਦਾ ਸੀ। ਕਾਰਲ ਸੀਗਨ ਵਾਂਗ ਵਿਗਿਆਨ ਦਾ ਲੇਖਕ। ਖ਼ੈਰ, ਮੇਰੇ ਹਿੱਸੇ ਇਹ ਚਿੱਠੀ ਲਿਖਣਾ ਆਇਆ ਹੈ।

ਮੈਂ ਵਿਗਿਆਨ, ਤਾਰਿਆਂ ਅਤੇ ਕੁਦਰਤ ਨੂੰ ਪਿਆਰ ਕੀਤਾ ਹੈ। ਮੈਂ ਕੁਦਰਤ ਨਾਲ ਨਿਖੇੜਾ ਕਰ ਚੁੱਕੇ ਅਵਾਮ ਨੂੰ ਪਿਆਰ ਕੀਤਾ ਹੈ। ਮੇਰਾ ਪਿਆਰ ਕੁਦਰਤ ਅਤੇ ਆਵਾਮ ਦੇ ਨਿਖੇੜੇ ਤੋਂ ਅਣਜਾਣ ਰਿਹਾ ਹੈ। ਸਾਡੇ ਅਹਿਸਾਸ ਕਿਸੇ ਹੋਰ ਦੇ ਹੰਢਾਏ ਹੋਏ ਹਨ। ਸਾਡਾ ਪਿਆਰ ਮਨਸੂਈ ਹੈ। ਸਾਡੀਆਂ ਮਨੌਤਾਂ ਕਿਸੇ ਦੇ ਰੰਗ ਵਿਚ ਰੰਗੀਆਂ ਹਨ। ਸਾਡੀ ਮੌਲਿਕਤਾ ਨੂੰ ਮਸਨੂਈ ਕਲਾ ਰਾਹੀਂ ਮਾਨਤਾ ਮਿਲਦੀ ਹੈ। ਠੇਸ ਦੇ ਅਹਿਸਾਸ ਤੋਂ ਬਚ ਕੇ ਪਿਆਰ ਕਰਨਾ ਬਹੁਤ ਮੁਸ਼ਕਿਲ ਹੋ ਗਿਆ ਹੈ।

ਮਨੁੱਖ ਦੀ ਕੀਮਤ ਉਸ ਦੀ ਫ਼ੌਰੀ ਪਛਾਣ ਅਤੇ ਫ਼ੌਰੀ ਸੰਭਾਵਨਾ ਤੱਕ ਮਹਿਦੂਦ ਕਰ ਦਿੱਤੀ ਗਈ ਹੈ। ਇੱਕ ਵੋਟ, ਇੱਕ ਹਿੰਦਸਾ ਜਾਂ ਕੋਈ ਬੇਜਾਨ ਸ਼ੈਅ। ਮਨੁੱਖ ਨੂੰ ਸੋਚਵਾਨ ਵਜੋਂ ਚਿਤਵਿਆ ਹੀ ਨਹੀਂ ਗਿਆ। ਤਾਰਿਆਂ ਦੀ ਧੂੜ ਨਾਲ ਸਿਰਜੀ ਜਲਾਲ ਵਾਲੀ ਸ਼ੈਅ। (ਇਹ ਰੁਝਾਨ) ਹਰ ਖੇਤਰ ਵਿਚ ਪਸਰਿਆ ਹੋਇਆ ਹੈ, ਅਧਿਐਨ ਤੋਂ ਗਲੀ-ਕੂਚਿਆਂ ਅਤੇ ਸਿਆਸਤ ਤੋਂ ਮਰਨ-ਜਿਉਣ ਦੇ ਹਰ ਪਲ ਤੱਕ।

ਮੈਂ ਇਸ ਤਰ੍ਹਾਂ ਦੀ ਚਿੱਠੀ ਪਹਿਲੀ ਵਾਰ ਲਿਖ ਰਿਹਾ ਹਾਂ। ਪਹਿਲੀ ਵਾਰ ਦੀ ਆਖ਼ਰੀ ਚਿੱਠੀ। ਜੇ ਕੋਈ ਗੱਲ ਸਾਫ਼ ਨਾ ਹੋਈ ਤਾਂ ਮੁਆਫ਼ ਕਰ ਦੇਣਾ।

ਸ਼ਾਇਦ ਮੈਂ ਦੁਨੀਆਂ ਨੂੰ ਸਮਝਣ ਵਿਚ ਸਦਾ ਗ਼ਲਤੀ ਕੀਤੀ ਹੈ। ਪਿਆਰ, ਪੀੜ, ਜ਼ਿੰਦਗੀ ਅਤੇ ਮੌਤ ਨੂੰ ਸਮਝਣ ਵਿਚ। ਕੋਈ ਕਾਹਲ ਨਹੀਂ, ਪਰ ਮੈਂ ਸਦਾ ਜਲਦੀ ਵਿਚ ਸਾਂ। ਜ਼ਿੰਦਗੀ ਸ਼ੁਰੂ ਕਰਨ ਦੀ ਬੇਕਰਾਰੀ। ਇਸ ਦੌਰਾਨ ਬਹੁਤ ਸਾਰੇ ਲੋਕਾਂ ਨੂੰ ਜ਼ਿੰਦਗੀ ਸਰਾਪ ਲੱਗਦੀ ਹੈ। ਮੇਰਾ ਜਨਮ ਮਾਰੂ ਹਾਦਸਾ ਹੈ। ਮੈਂ ਆਪਣੇ ਬਚਪਨ ਦੇ ਇਕਲਾਪੇ ਤੋਂ ਕਦੇ ਖਹਿੜਾ ਨਹੀਂ ਛੁਡਾ ਸਕਿਆ। ਬੇਕਦਰੀ ਅਤੇ ਬੇਰੁਖ਼ੀ ਦਾ ਸ਼ਿਕਾਰ ਬੱਚਾ ਮੇਰੇ ਨਾਲ ਰਹਿੰਦਾ ਹੈ।

ਮੈਂ ਇਸ ਵੇਲੇ ਸੋਗ਼ਵਾਰ ਨਹੀਂ ਹਾਂ। ਮੈਂ ਉਦਾਸ ਨਹੀਂ ਹਾਂ। ਮੈਂ ਸੱਖਣਾ ਹਾਂ। ਬਿਲਕੁਲ ਖਾਲੀ, ਆਪਣੇ ਆਪ ਤੋਂ ਬੇਖ਼ਬਰ। ਇਹੋ ਦੁੱਖ ਹੈ। ਇਸੇ ਕਾਰਨ ਮੈਂ ਇਹ ਕਰ ਰਿਹਾ ਹਾਂ।

ਲੋਕ ਮੈਨੂੰ ਡਰਪੋਕ ਕਰਾਰ ਦੇ ਸਕਦੇ ਹਨ। ਮੇਰੇ ਜਾਣ ਤੋਂ ਬਾਅਦ ਮੈਨੂੰ ਖ਼ੁਦਗਰਜ਼ ਜਾਂ ਮੂਰਖ਼ ਕਰਾਰ ਦਿੱਤਾ ਜਾ ਸਕਦਾ ਹੈ। ਮੈਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਕੋਈ ਮੈਨੂੰ ਬਾਅਦ ਵਿਚ ਕੀ ਕਹਿੰਦਾ ਹੈ। ਮੈਂ ਮੌਤ ਤੋਂ ਬਾਅਦ ਦੀਆਂ ਕਹਾਣੀਆਂ, ਭੂਤਾਂ ਜਾਂ ਰੂਹਾਂ ਵਿਚ ਯਕੀਨ ਨਹੀਂ ਕਰਦਾ। ਮੈਂ ਸਿਰਫ਼ ਇੱਕੋ ਯਕੀਨ ਕਰਦਾ ਹਾਂ। ਮੈਨੂੰ ਭਰੋਸਾ ਹੈ ਕਿ ਮੈਂ ਤਾਰਿਆਂ ਦਾ ਸਫ਼ਰ ਕਰ ਸਕਦਾ ਹਾਂ, ਤੇ ਦੁਨੀਆਂ ਦੇ ਭੇਤ ਫਰੋਲ ਸਕਦਾ ਹਾਂ।

ਜੇ ਇਸ ਚਿੱਠੀ ਦੇ ਪਾਠਕ ਵਜੋਂ ਤੁਸੀਂ ਕੁਝ ਕਰ ਸਕਦੇ ਹੋ ਤਾਂ ਮੇਰਾ ਸੱਤ ਮਹੀਨਿਆਂ ਦਾ ਵਜ਼ੀਫ਼ਾ ਬਕਾਇਆ ਹੈ। ਇਹ ਰਕਮ ਇੱਕ ਲੱਖ ਸੱਤਰ ਹਜ਼ਾਰ ਬਣਦੀ ਹੈ। ਕਿਰਪਾ ਕਰ ਕੇ ਇਹ ਰਕਮ ਮੇਰੇ ਪਰਿਵਾਰ ਨੂੰ ਦਿਵਾ ਦੇਣਾ। ਮੈਂ ਰਾਮ ਜੀ ਦਾ ਤਕਰੀਬਨ ਚਾਲੀ ਹਜ਼ਾਰ ਰੁਪਇਆ ਦੇਣਾ ਹੈ। ਉਨ੍ਹਾਂ ਨੇ ਇਹ ਰਕਮ ਕਦੇ ਵਾਪਸ ਨਹੀਂ ਮੰਗੀ। ਕਿਰਪਾ ਕਰ ਕੇ ਉਨ੍ਹਾਂ ਦਾ ਉਧਾਰ ਵਾਪਸ ਕਰ ਦੇਣਾ।

ਮੇਰਾ ਸਸਕਾਰ ਸਾਦਗੀ ਨਾਲ ਚੁੱਪ-ਚਾਪ ਕਰ ਦੇਣਾ। ਇਹੋ ਸਮਝਣਾ ਕਿ ਮੈਂ ਹੁਣੇ ਆਇਆ ਅਤੇ ਗਿਆ। ਮੇਰੇ ਲਈ ਅੱਥਰੂ ਨਾ ਵਹਾਉਣਾ। ਮੈਂ ਜ਼ਿੰਦਗੀ ਦੀ ਥਾਂ ਮੌਤ ਨਾਲ ਸਕੂਨ ਵਿਚ ਹਾਂ।

"ਪਰਛਾਵਿਆਂ ਤੋਂ ਤਾਰਿਆਂ ਤੱਕ।"



*ਰੋਹਿਤ ਵੇਮੂਲੇ ਦੀ ਇਕ ਪੁਰਾਣੀ ਤਸਵੀਰ।*

ਉਮਾ ਅੰਨਾ ਮੈਂ ਇਹ ਕੰਮ ਤੁਹਾਡੇ ਕਮਰੇ ਵਿਚ ਕੀਤਾ, ਇਸ ਲਈ ਮੁਆਫ਼ੀ ਮੰਗਦਾ ਹੈ।

ਮੈਂ ਆਪਣੇ ਅੰਬੇਦਕਰ ਸਟੂਡੈਂਟਸ ਐਸੋਸੀਏਸ਼ਨ ਦੇ ਪਰਿਵਾਰ ਨੂੰ ਨਿਰਾਸ਼ ਕਰਨ ਲਈ ਮੁਆਫ਼ੀ ਮੰਗਦਾ ਹੈ।

ਆਖ਼ਰੀ ਵਾਰ,

ਜੈ ਭੀਮ

ਮੈਂ ਕੁਝ ਰਸਮੀ ਸਤਰਾਂ ਲਿਖਣੀਆਂ ਭੁੱਲ ਗਿਆ। ਮੈਂ ਆਪਣਾ ਕਤਲ ਆਪ ਕੀਤਾ ਹੈ ਅਤੇ ਇਸ ਲਈ ਕੋਈ ਹੋਰ ਜ਼ਿੰਮੇਵਾਰ ਨਹੀਂ ਹੈ।

ਮੈਨੂੰ ਕਿਸੇ ਨੇ ਕੁਝ ਕਹਿ ਜਾਂ ਕਰ ਕੇ ਅਜਿਹਾ ਕਰਨ ਲਈ ਨਹੀਂ ਉਕਸਾਇਆ।

ਇਹ ਮੇਰਾ ਆਪਣਾ ਫ਼ੈਸਲਾ ਹੈ ਅਤੇ ਇਸ ਲਈ ਸਾਰੀ ਜ਼ਿੰਮੇਵਾਰੀ ਮੇਰੀ ਹੈ।

ਮੇਰੇ ਜਾਣ ਤੋਂ ਬਾਅਦ ਮੇਰੇ ਦੋਸਤਾਂ ਅਤੇ ਦੁਸ਼ਮਣਾਂ ਨੂੰ ਪਰੇਸ਼ਾਨ ਨਾ ਕਰਨਾ।

000

ਇਸ ਚਿੱਠੀ ਨੂੰ ਵਾਰ-ਵਾਰ ਪੜ੍ਹਨਾ ਚਾਹੀਦਾ ਹੈ, ਕਿਉਂਕਿ ਇੱਕ ਸਮਕਾਲੀ ਦੀ ਬਾਕੀ ਸਮਕਾਲੀਆਂ ਦੇ ਨਾਮ ਲਿਖੀ ਇਹ ਆਖ਼ਰੀ ਚਿੱਠੀ ਹੈ। ਇਹ ਮੌਜੂਦਾ ਦੌਰ ਦੀ ਅੰਤਿਮ ਚਿੱਠੀ ਨਹੀਂ ਹੈ। ਇਹ ਰੋਹਿਤ ਦੀ ਪਹਿਲੀ ਚਿੱਠੀ ਨਹੀਂ ਹੈ। ਉਸ ਨੇ 18 ਦਸੰਬਰ 2015 ਨੂੰ ਆਪਣੀ ਯੂਨੀਵਰਸਿਟੀ ਦੇ ਉਪ-ਕੁਲਪਤੀ ਨੂੰ ਇੱਕ ਚਿੱਠੀ ਲਿਖੀ ਸੀ। ਇਹ ਵੀ ਪੜ੍ਹਨੀ ਬਣਦੀ ਹੈ, ਕਿਉਂਕਿ ਦੋਹਾਂ ਚਿੱਠੀਆਂ ਵਿਚ ਬਹੁਤ ਕੁਝ ਸਾਂਝਾ ਹੈ ਜੋ ਰੋਹਿਤ ਦੀ ਮੌਤ ਅਤੇ ਜ਼ਿੰਦਗੀ ਨੂੰ ਇੱਕ ਲੜੀ ਵਿਚ ਬੰਨ੍ਹਦਾ ਹੈ।...

ਸਤਿਕਾਰਯੋਗ ਉਪ-ਕੁਲਪਤੀ ਸਾਹਿਬ,
ਯੂਨੀਵਰਸਿਟੀ ਆਫ਼ ਹੈਦਰਾਬਾਦ।

ਵਿਸ਼ਾ: ਦਲਿਤ ਮੁਸ਼ਕਿਲਾਂ ਦਾ ਹੱਲ
ਸ੍ਰੀਮਾਨ ਜੀ,

ਮੈਂ ਤੁਹਾਡੀ ਇਸ ਪੱਖੋਂ ਦਿਲ ਖੋਲ੍ਹ ਕੇ ਸ਼ਲਾਘਾ ਕਰਦਾ ਹੈ ਕਿ ਤੁਸੀਂ ਬਹੁਤ ਦ੍ਰਿੜਤਾ ਨਾਲ ਦਲਿਤ ਵਿਦਿਆਰਥੀ ਦੀ ਸਵੈਮਾਣ ਵਾਲੀ ਮੁਹਿੰਮ ਨੂੰ ਧਿਆਨਗੋਚਰਾ ਸਮਝਿਆ ਹੈ। ਦਲਿਤਾਂ ਖ਼ਿਲਾਫ਼ ਅਪਮਾਨਜਨਕ ਟਿੱਪਣੀ ਕਰਨ ਵਾਲੇ ਅਖਿਲ ਭਾਰਤੀਆ ਵਿਦਿਆਰਥੀ ਪ੍ਰੀਸ਼ਦ ਦੇ ਆਗੂ ਤੋਂ ਪੁੱਛ-ਗਿੱਛ ਕਰਨਾ ਤੁਹਾਡਾ ਇਤਿਹਾਸਕ ਅਤੇ ਮਿਸਾਲੀ ਕੰਮ ਹੈ। ਨਤੀਜੇ ਵਜੋਂ ਪੰਜ ਵਿਦਿਆਰਥੀਆਂ ਨੂੰ ਹੈਦਰਾਬਾਦ ਯੂਨੀਵਰਸਿਟੀਦੇ ਸਮਾਜ ਵਿਚੋਂ ਛੇਕ ਦਿੱਤਾ ਗਿਆ ਹੈ। ਤੁਹਾਡੀ ਕਾਰਗੁਜ਼ਾਰੀ ਸਾਹਮਣੇ ਡੋਨਲਡ ਟਰੰਪ ਨੂੰ ਤੁੱਛ ਹੋਣ ਦਾ ਅਹਿਸਾਸ ਹੋਵੇਗਾ। ਤੁਹਾਡੀ ਸਿਦਕਦਿਲੀ ਨੂੰ ਧਿਆਨ ਵਿਚ ਰੱਖਦੇ ਹੋਏ ਮੈਂ ਆਪ ਜੀ ਨੂੰ ਦੋ ਸੁਝਾਅ ਦੇਣਾ ਚਾਹੁੰਦਾ ਹਾਂ।

1. ਦਾਖ਼ਲੇ ਵੇਲੇ ਦਲਿਤ ਵਿਦਿਆਰਥੀ ਨੂੰ ਦਸ ਗਰਾਮ ਸੋਡੀਅਮ ਆਕਸਾਇਡ ਦਿੱਤਾ ਜਾਵੇ। ਇਹ ਹਦਾਇਤ ਦਿੱਤੀ ਜਾਵੇ ਕਿ ਜੇ ਉਨ੍ਹਾਂ ਦਾ ਅੰਬੇਦਕਰ ਪੜ੍ਹਨ ਨੂੰ ਚਿੱਤ ਕਰੇ ਤਾਂ ਸੋਡੀਅਮ ਆਕਸਾਇਡ ਖਾ ਲਿਆ ਜਾਵੇ।

2. ਆਪਣੇ ਹੋਸਟਲਾਂ ਦੇ ਮਹਾਨ ਵਾਰਡਨਾਂ ਨੂੰ ਕਹਿ ਕੇ ਹਰ ਦਲਿਤ ਵਿਦਿਆਰਥੀਆਂ ਦੇ ਕਮਰਿਆਂ ਵਿਚ ਨਰੋਈਆਂ ਰੱਸੀਆਂ ਮੁਹੱਈਆ ਕੀਤੀਆਂ ਜਾਣ।

ਅਸੀਂ ਖੋਜਾਰਥੀ (ਪੀਐੱਚ.ਡੀ. ਕਰ ਰਹੇ ਵਿਦਿਆਰਥੀ) ਇਸ ਪੜਾਅ ਤੋਂ ਲੰਘ ਚੁੱਕੇ ਹਾਂ ਅਤੇ ਦਲਿਤ ਵਿਦਿਆਰਥੀਆਂ ਦੀ ਸਵੈਮਾਣ ਮੁਹਿੰਮ ਦੇ ਸਰਗਰਮ ਕਾਰਕੁਨ ਹਾਂ। ਮੰਦੇਭਾਗੀਂ ਇਨ੍ਹਾਂ ਹਾਲਾਤ ਵਿਚੋਂ ਬਾਹਰ ਨਿਕਲਣ ਦਾ ਕੋਈ ਰਾਹ ਖੁੱਲ੍ਹਾ ਨਹੀਂ ਜਾਪਦਾ। ਮਹਾਰਾਜ ਜੀ, ਇਸ ਕਰ ਕੇ ਮੈਂ ਆਪ ਨੂੰ ਬੇਨਤੀ ਕਰਦਾ ਹਾਂ ਕਿ ਮੇਰੇ ਵਰਗੇ ਵਿਦਿਆਰਥੀਆਂ ਵਾਸਤੇ ਯੂਥੇਨੇਜ਼ੀਆ (ਰਹਿਮ ਦੀ ਮੌਤ) ਲਈ ਲੋੜੀਂਦੀਆਂ ਸਹੂਲਤਾਂ ਦਾ ਬੰਦੋਬਸਤ ਕੀਤਾ ਜਾਵੇ। ਮੈਂ ਇਸ ਯੂਨੀਵਰਸਿਟੀ ਅਤੇ ਆਪ ਜੀ ਨੂੰ ਸਦਾ ਖ਼ੁਸ਼ ਵਸਣ ਦੀਆਂ ਸ਼ੁਭ ਕਾਮਨਾਵਾਂ ਦਿੰਦਾ ਹਾਂ।

ਧੰਨਵਾਦ ਸਮੇਤ
ਆਪ ਜੀ ਦਾ ਸ਼ੁਭਚਿੰਤਕ
ਰੋਹਿਤ ਵੇਮੂਲੇ

000

ਇਸ ਤੋਂ ਬਾਅਦ ਰੋਹਿਤ ਦੀ ਮੌਤ ਖ਼ੁਦਕੁਸ਼ੀ ਦੀ ਥਾਂ ਕਤਲ ਵਜੋਂ ਉਘੜ ਆਉਂਦੀ ਹੈ। ਇਹ ਚਿੱਠੀਆਂ ਅਦਾਲਤਾਂ ਵਿਚ ਕਾਤਲਾਂ ਦੀ ਨਿਸ਼ਾਨਦੇਹੀ ਕਰਨ ਵਿਚ ਨਾਕਾਮਯਾਬ ਹੋ ਸਕਦੀਆਂ ਹਨ। ਰੋਹਿਤ ਸਮਾਜਕ ਅਤੇ ਸਿਆਸੀ ਲੜਾਈ ਦਾ ਸਰਗਰਮ ਕਾਰਕੁਨ ਸੀ। ਉਹ ਇਸੇ ਲੜਾਈ ਦੇ ਸਾਥੀਆਂ ਨੂੰ ਪਰਿਵਾਰ ਵਜੋਂ ਮੁਖ਼ਾਤਬ ਹੁੰਦਾ ਹੈ। ਇਹ ਉਸ ਦੀ ਸਿਆਸੀ ਚਿੱਠੀ ਹੈ ਜੋ ਸਿਆਸੀ ਪਿੜ ਵਿਚ ਹੀ ਪੜ੍ਹੀ ਅਤੇ ਸਮਝੀ ਜਾਣੀ ਹੈ। ਅਣਹੋਏ ਲੇਖਕ ਦੀ ਆਖ਼ਰੀ ਚਿੱਠੀ ਉਸ ਦੀ ਲਾਸ਼ ਨਾਲ ਫ਼ਨਾਹ ਨਹੀਂ ਹੋਣੀ। ਇਹ ਤਾਂ ਵਾਰ-ਵਾਰ ਪੜ੍ਹੀ ਜਾਣੀ ਹੈ। ਕਦੇ ਪਾਠਕ ਵਜੋਂ ਅਤੇ ਕਦੇ ਲੇਖਕ ਵਜੋਂ। ਇਸ ਨੂੰ ਲਿਖਣਾ ਸੁਖਾਲਾ ਨਹੀਂ ਸੀ ਅਤੇ ਇਸ ਨੂੰ ਪੜ੍ਹਨਾ ਵੀ ਸੁਖਾਲਾ ਨਹੀਂ ਹੈ। ਬੇਸ਼ੱਕ 'ਠੇਸ ਦੇ ਅਹਿਸਾਸ ਤੋਂ ਬਚ ਕੇ ਪਿਆਰ ਕਰਨਾ ਬਹੁਤ ਮੁਸ਼ਕਿਲ ਹੋ ਗਿਆ ਹੈ' ਪਰ ਇਸ ਨਾਲ ਜ਼ਿੰਦਗੀ ਅਤੇ ਪਿਆਰ ਦੀ ਅਹਿਮੀਅਤ ਵਧ ਗਈ ਹੈ। ਰੋਹਿਤ ਦੇ ਨਾਮ ਉਤੇ ਉਠਿਆ ਰੋਹ ਮੁਸ਼ਕਿਲ ਹਾਲਾਤ ਵਿਚ ਗਾਇਆ ਜ਼ਿੰਦਗੀ ਅਤੇ ਪਿਆਰ ਦਾ ਗੀਤ ਹੀ ਤਾਂ ਹੈ। ਗਚ ਭਰ ਆਉਣ ਨਾਲ ਇਹ ਗੀਤ ਗਾਉਣਾ ਲਾਜ਼ਮੀ ਹੋ ਜਾਂਦਾ ਹੈ।

# ਭਾਰਤ-ਪਾਕਿ ਗੱਲਬਾਤ ਦੇ ਮਾਅਨੇ

ਹਿੰਦ-ਪਾਕਿ ਵਿਚਕਾਰ ਕੁਝ ਮਾਮਲੇ ਅਜਿਹੇ ਹਨ ਜੋ ਰਾਤੋ-ਰਾਤ ਹੱਲ ਨਹੀਂ ਹੋ ਸਕਦੇ। ਕਈ ਵਾਰ ਜੋ ਗੰਢਾਂ ਹੱਥਾਂ ਨਾਲ ਦਿੱਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਦੰਦਾਂ ਨਾਲ ਖੋਲ੍ਹਣਾ ਪੈਂਦਾ ਹੈ। ਕੁਝ ਘਟਨਾਵਾਂ-ਦੁਰਘਟਨਾਵਾਂ ਆਪਮੁਹਾਰੇ ਹੀ ਇੰਜ ਅੱਗੇ ਵਧਦੀਆਂ ਹਨ ਕਿ ਦੋਵਾਂ ਮੁਲਕਾਂ ਦੇ ਆਮ ਭਾਈਚਾਰੇ ਦੇ ਦਿਲਾਂ 'ਚ ਇਕ-ਦੂਜੇ ਲਈ ਨਾਰਾਜ਼ਗੀ, ਗ਼ਲਤ ਫਹਿਮੀ ਤੇ ਨਫ਼ਰਤ ਪੈਦਾ ਹੋ ਜਾਂਦੀ ਹੈ, ਪਰ ਕੌਮਾਂ ਸਦਾ ਗੁਜ਼ਰੇ ਸਮਿਆਂ ਦੀਆਂ ਕੌੜੀਆਂ ਤੇ ਕੰਡਿਆਂ ਵਾਂਗ ਦਿਲ 'ਚ ਚੁੱਭਦੀਆਂ ਯਾਦਾਂ ਵਿਚ ਹੀ ਡੁੱਬੀਆਂ ਰਹਿ ਕੇ ਜ਼ਿੰਦਗੀ ਨਹੀਂ ਗੁਜ਼ਾਰ ਸਕਦੀਆਂ। ਪੁਰਾਣੇ ਜਾਨੀ ਤੇ ਮਾਲੀ ਖਸਾਰੇ ਨੂੰ ਭੁੱਲਣਾ ਹੀ ਪੈਂਦਾ ਹੈ ਤਾਂ ਕਿ ਭਵਿੱਖ 'ਚ ਪਹੁੰਚ ਸਕਦੇ ਜਾਨੀ ਤੇ ਮਾਲੀ ਖਸਾਰੇ ਤੋਂ ਬਚਿਆ ਜਾ

ਤਾਹਿਰ ਮਹਿਮੂਦ

ਸਕੇ। ਉਂਜ ਵੀ ਗੁਜ਼ਰਦਾ ਸਮਾਂ ਲੰਮਾ ਸਫ਼ਰ ਤੈਅ ਕਰ ਕੇ ਦਿਲਾਂ ਤੇ ਰੂਹਾਂ ਦੇ ਜ਼ਖ਼ਮਾਂ ਦਾ ਮਰਹਮ ਬਣ ਹੀ ਜਾਂਦਾ ਹੈ।

ਹਿੰਦ-ਪਾਕਿ ਦੋਵੇਂ ਹੀ ਮੁਲਕ ਇਕ-ਦੂਜੇ ਨੂੰ ਨੁਕਸਾਨ ਪਹੁੰਚਾਉਣ ਦੀ ਤਾਕਤ ਰੱਖਦੇ ਹਨ। ਇਕ-ਦੂਜੇ ਨੂੰ ਨੁਕਸਾਨ ਪਹੁੰਚਾਉਂਦੇ ਵੀ ਰਹੇ ਹਨ। ਇਸ ਖਿੱਤੇ ਦੇ ਇਨਸਾਨਾਂ ਦੇ ਮਨਾਂ 'ਚ ਹੋਰ ਵੀ ਨਫ਼ਰਤ ਤੇ ਗੁਰਬਤ ਦੀ ਜ਼ਹਿਰ ਘੋਲੀ ਜਾ ਸਕਦੀ ਹੈ, ਪਰ ਅਜਿਹੇ ਕਿਰਦਾਰ ਨੂੰ ਆਪਣੀ ਰੂਹ ਤੇ ਬੁੱਤ ਦਾ ਹਿੱਸਾ ਬਣਾਉਣ ਦੇ ਬਾਵਜੂਦ ਕਿਸੇ ਵੀ ਕੌਮ ਕੋਲੋਂ ਜਿਉਣ ਦਾ ਹੱਕ ਖੋਹਿਆ ਨਹੀਂ ਜਾ ਸਕਦਾ। ਨਾ ਹੀ ਉਸ ਨੂੰ ਆਪਣੇ ਧਾਰਮਿਕ ਰਸਮੋ-ਰਿਵਾਜ ਤੇ ਆਪਣੇ ਧਾਰਮਿਕ ਕਾਨੂੰਨ 'ਤੇ ਅਮਲ ਕਰਨ 'ਤੇ ਮਜਬੂਰ ਕੀਤਾ ਜਾ ਸਕਦਾ ਹੈ। ਕੋਈ ਵੀ ਤਾਕਤਵਰ ਤਬਕਾ ਆਪਣੀ ਮਨਮਰਜ਼ੀ ਦੀ ਤਲਵਾਰ ਬਹੁਤਾ ਚਿਰ ਘੱਟ-ਗਿਣਤੀ ਤਬਕੇ ਦੀਆਂ ਧੌਣਾਂ 'ਤੇ ਨਹੀਂ ਰੱਖ ਸਕਦਾ ਤੇ ਨਾ ਹੀ ਘੱਟ-ਗਿਣਤੀ ਭਾਈਚਾਰੇ ਦੇ ਧਾਰਮਿਕ ਇਮਾਨ ਤੇ ਉਨ੍ਹਾਂ ਦੀ ਜ਼ਹਿਨੀ ਆਜ਼ਾਦੀ ਨੂੰ ਗੁਲਾਮ ਬਣਾਇਆ ਜਾ ਸਕਦਾ ਹੈ ਤੇ ਨਾ ਹੀ ਅਜਿਹੀਆਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਸਦਾ ਲਈ ਜ਼ਿਹਨਾਂ ਤੇ ਪੈਰਾਂ ਦੇ ਦੁਆਲੇ ਕੱਸ ਕੇ ਰੱਖਿਆ ਜਾ ਸਕਦਾ ਹੈ। ਅਜਿਹੀਆਂ ਰਾਹਾਂ 'ਤੇ ਚੱਲਣ ਵਾਲਾ ਸ਼ਕਤੀਸ਼ਾਲੀ ਤਬਕਾ ਆਪ ਤਾਂ ਡੁੱਬਦਾ ਹੀ ਹੈ, ਨਾਲ ਘੱਟ-ਗਿਣਤੀ ਭਾਈਚਾਰੇ ਨੂੰ ਵੀ ਲੈ ਡੁੱਬਦਾ ਹੈ। ਸਾਡੇ ਲੀਡਰਾਂ ਨੂੰ ਇਕ-ਦੂਜੇ ਦੀ ਗੱਲ ਨਾ ਕੇਵਲ ਸੁਣਨੀ ਪਏਗੀ, ਬਲਕਿ ਸਮਝਣੀ ਵੀ ਪਏਗੀ। ਇਕ-ਦੂਜੇ ਦੇ ਵਿਚਾਰਾਂ, ਪੱਖ ਤੇ ਜਜ਼ਬਾਤ ਦਾ ਅਹਿਸਾਸ ਵੀ ਕਰਨਾ ਪਏਗਾ।

ਆਪਸੀ ਮਸਲਿਆਂ ਨੂੰ ਹੱਲ ਕਰਨ ਲਈ ਕੇਵਲ ਆਪਣੇ ਹੀ ਪੈਰਾਂ 'ਤੇ ਖਲੋਣਾ ਪਏਗਾ। ਇਸ ਖਿੱਤੇ 'ਚ ਵਸਣ ਵਾਲੇ ਲੋਕ ਇਕ ਹੀ ਕੌਮ ਦੇ ਤੇ ਇਕ ਹੀ ਨਸਲ ਨਾਲ ਸਬੰਧਤ ਹਨ। ਇਨ੍ਹਾਂ ਟੁੱਟਿਆਂ ਨੂੰ ਜੋੜਨਾ ਵੀ ਇਸ ਖਿੱਤੇ ਦੇ ਲੀਡਰਾਂ ਦੀ ਜ਼ਿੰਮੇਵਾਰੀ ਹੀ ਨਹੀਂ, ਬਲਕਿ ਫ਼ਰਜ਼ ਹੈ। ਅਮਨ ਦੀਆਂ ਦੁਸ਼ਮਣ ਤਾਕਤਾਂ ਚਾਹੇ ਜਿੰਨਾ ਮਰਜ਼ੀ ਜ਼ੋਰ ਲਾ ਲੈਣ, ਗੁਆਂਢੀਆਂ ਤੇ ਗੁਆਂਢ ਨੂੰ ਨਹੀਂ ਬਦਲ ਸਕਦੀਆਂ ਤੇ ਨਾ ਹੀ ਅਮਨ, ਤਿਜ਼ਾਰਤ, ਮੇਲ-ਮਿਲਾਪ, ਖੁਸ਼ਹਾਲੀ ਤੇ ਖੁਸ਼ੀਆਂ ਦੇ ਮੇਲੇ ਦੇ ਮੈਦਾਨ ਨੂੰ ਬਹੁਤਾ ਚਿਰ ਉਜੜਿਆ-ਪੁਜੜਿਆ ਰੱਖਿਆ ਜਾ ਸਕਦਾ ਹੈ। ਮੇਲਾ ਉਜੜਦਾ ਜ਼ਰੂਰ ਹੈ ਪਰ ਦੁਬਾਰਾ ਫਿਰ ਲੱਗਣ ਲਈ। ਯਾਰ ਵਿਛੜਦੇ ਜ਼ਰੂਰ ਹਨ ਪਰ ਦੁਬਾਰਾ ਫਿਰ ਮਿਲਣ ਲਈ। ਹੀਰ ਦੀ ਡੋਲੀ ਖੇੜੇ ਲੈ ਗਏ, ਇਸ 'ਚ ਕੋਈ ਸ਼ੱਕ ਨਹੀਂ ਹੈ, ਪਰ ਹੀਰ ਨੂੰ ਖੇੜਿਆਂ ਦੇ ਘਰ ਬਹੁਤਾ ਸਮਾਂ ਕੈਦ ਨਾ ਰੱਖਿਆ ਜਾ ਸਕਿਆ, ਇਸ 'ਚ ਵੀ ਕੋਈ ਸ਼ੱਕ ਨਹੀਂ ਹੈ। ਹੀਰ ਨੇ ਜੋਗਣ ਦਾ ਰੂਪ ਧਾਰਿਆ ਤੇ ਰਾਂਝਣ ਦੇ ਗਲ ਆ ਲੱਗੀ। ਇਸ ਵਿਚ ਵੀ ਕੋਈ ਸ਼ੱਕ ਨਹੀਂ ਹੈ, ਪਰ ਹੀਰ ਨੂੰ ਰਾਂਝੇ ਕੋਲੋਂ ਖੋਹ ਲਿਆ ਗਿਆ। ਉਸ ਸਮੇਂ ਦੇ ਇਕ ਸਾਮਰਾਜੀ ਮਿਜ਼ਾਜ ਰੱਖਣ ਵਾਲੇ ਰਾਜਾ ਨੇ ਹੀਰ ਨੂੰ ਵਾਰਸਾਂ ਦੇ ਹਵਾਲੇ ਕਰ ਦਿੱਤਾ, ਪਰ ਬਾਅਦ 'ਚ ਉਸ ਨੂੰ ਭਰੇ ਦਰਬਾਰ 'ਚ ਤਸਲੀਮ ਕਰਨਾ ਪਿਆ ਕਿ ਹੀਰ ਰਾਂਝਣ ਮਾਹੀ ਦੀ ਹੀ ਹੈ। ਤਾਂ ਫਿਰ ਕੁਦਰਤ ਨੂੰ ਵੀ ਮੰਨਣਾ ਹੀ ਪਿਆ ਕਿ 'ਹਾਂ-ਹਾਂ' ਹੀਰ ਸਲੇਟੀ, ਰਾਂਝੇ ਦੀ ਹੀ ਹੈ। ਇਸ ਦਾ




ਸਬੂਤ ਇਹ ਹੈ ਕਿ ਝੰਗ ਸਿਆਲ ਦੀ ਹੀਰ ਆਪਣੇ ਮਾਹੀ ਮੀਆਂ ਰਾਂਝਣ ਨਾਲ ਮਘਿਆਣਾ ਦੇ ਕਬਰਸਤਾਨ 'ਚ ਇਕ ਹੀ ਕਬਰ 'ਚ ਦਫ਼ਨ ਹੈ। ਹੀਰ ਤੇ ਰਾਂਝੇ ਦੇ ਮਿਲਾਪ ਨੂੰ ਮਿਲਣ ਦਾ ਇਹ ਰੂਪ ਦੇ ਕੇ, ਸੋਹਣੇ ਰੱਬ ਨੇ ਦੇਖਣ ਵਾਲਿਆਂ ਲਈ ਮਿਸਾਲ ਕਾਇਮ ਕਰ ਦਿੱਤੀ ਹੈ ਕਿ ਮੁਹੱਬਤਾਂ ਕਦੀ ਨਹੀਂ ਮਰਦੀਆਂ। ਮੁਹੱਬਤਾਂ ਵਿਛੜ ਕੇ ਵੀ ਵਿਛੋੜੇ ਦੀ ਸੂਲੀ ਨਹੀਂ ਚੜ੍ਹਦੀਆਂ। ਮੁਹੱਬਤਾਂ ਨੂੰ ਵਿਛੋੜਿਆ ਤਾਂ ਜਾ ਸਕਦਾ ਹੈ ਪਰ ਮੁਹੱਬਤਾਂ ਨੂੰ ਤੋੜਿਆ ਨਹੀਂ ਜਾ ਸਕਦਾ। ਮੁਹੱਬਤਾਂ ਵਿਛੜ ਕੇ ਵੀ ਨਹੀਂ ਵਿਛੜਦੀਆਂ। ਮੁਹੱਬਤਾਂ ਨੂੰ ਮਰ ਕੇ ਵੀ ਮੌਤ ਨਹੀਂ ਆਉਂਦੀ। ਹੀਰ ਤੇ ਰਾਂਝਾ ਦੇ ਇਕੱਠਿਆਂ ਦਫ਼ਨ ਹੋਣ ਤੋਂ ਬਾਅਦ ਇਸ ਮਿਲਾਪ ਦਾ ਨਾ ਸਿਆਲ ਤੇ ਨਾ ਖੇੜੇ ਕੁਝ ਵਿਗਾੜ ਸਕੇ।

ਹੀਰ ਰਾਂਝੇ ਦੀ ਸੀ ਤੇ ਰਾਂਝੇ ਦੀ ਰਹੇਗੀ। ਹਿੰਦੁਸਤਾਨ-ਪਾਕਿਸਤਾਨ ਦੀਆਂ ਕੰਡਿਆਲੀਆਂ ਸਰਹੱਦਾਂ ਨੇ ਮੁਹੱਬਤਾਂ ਕਰਨ ਵਾਲਿਆਂ ਨੂੰ ਜੁਦਾ ਤਾਂ ਕਰ ਦਿੱਤਾ ਹੈ, ਮਿਲਾਪਾਂ ਦੇ ਪੈਰਾਂ ਨੂੰ ਜੁਦਾਈਆਂ ਦੇ ਕੰਡਿਆਂ ਜ਼ਖ਼ਮੀ ਤਾਂ ਕਰ ਦਿੱਤਾ ਹੈ ਪਰ ਪਿਆਰ ਦੀਆਂ ਰਾਹਾਂ 'ਤੇ ਤੁਰਨ ਵਾਲੇ ਪਿਆਰੇ ਮੁਸਾਫ਼ਿਰਾਂ ਨੂੰ ਬਹੁਤਾ ਚਿਰ ਰੋਕਿਆ ਨਹੀਂ ਜਾ ਸਕਦਾ। ਮਿਲਣ ਦੀ ਖਾਹਿਸ਼ ਰੱਖਣ ਵਾਲਿਆਂ ਦੀ ਕੁਦਰਤ ਆਪ ਮਦਦ ਕਰਦੀ ਹੈ। ਸਾਡੇ ਲੀਡਰ ਜੇ ਸੱਚੇ-ਸੁੱਚੇ ਮਨ ਨਾਲ ਅਮਨ, ਤਿਜ਼ਾਰਤ, ਜਨਤਕ ਮੇਲ-ਮਿਲਾਪ ਤੇ ਆਪਸੀ ਮਸਲਿਆਂ ਦੇ ਹੱਲ ਦੀਆਂ ਰਾਹਾਂ 'ਤੇ ਲਗਾਤਾਰ ਤੁਰਦੇ ਰਹਿਣ ਤਾਂ ਕੇਵਲ ਰੱਬ ਦੀਆਂ ਮਿਹਰਬਾਨੀਆਂ ਹੀ ਨਹੀਂ, ਬਲਕਿ ਰੱਬ ਖ਼ੁਦ ਇਨ੍ਹਾਂ ਦੀ ਮਦਦ ਲਈ ਇਨ੍ਹਾਂ ਦੇ ਨਾਲ ਆਣ ਖੜ੍ਹਾ ਹੋਵੇਗਾ। ਰੱਬ ਜਿਨ੍ਹਾਂ ਦੇ ਨਾਲ ਹੋਵੇ, ਉਹ ਮੁਹੱਬਤਾਂ ਦੀ ਬਾਜ਼ੀ ਕਦੀ ਨਹੀਂ ਹਾਰਦੇ, ਕਿਉਂਕਿ ਰੱਬ ਉਨ੍ਹਾਂ ਦੀ ਮਦਦ ਕਰਦਾ ਹੈ, ਜੋ ਆਪਣੀ ਮਦਦ ਆਪ ਕਰਦੇ ਹਨ।

ਮੈਂ ਇਸ ਮਜ਼ਮੂਨ ਦਾ ਆਖਰੀ ਹਿੱਸਾ ਹੀਰ-ਰਾਂਝਾ ਦੇ ਮਜ਼ਾਰ ਅੰਦਰ ਬੈਠ ਕੇ ਲਿਖਿਆ ਹੈ। ਮੈਂ ਲਿਖਦਾ ਰਿਹਾ ਹਾਂ ਤੇ ਰੋ-ਰੋ ਕਮਲਾ ਹੁੰਦਾ ਰਿਹਾ ਹਾਂ। ਮੈਂ ਆਪਣੇ ਹੰਝੂਆਂ ਨੂੰ ਸ਼ਬਦਾਂ ਦਾ ਰੂਪ ਦੇ ਦਿੱਤਾ ਹੈ। ਮੇਰੀ ਦੁਆ ਹੈ ਕਿ ਨਵਾਂ ਸਾਲ ਦੋਵਾਂ ਮੁਲਕਾਂ ਦੇ ਭਾਈਚਾਰੇ ਲਈ ਮੇਲ-ਮੇਲਿਆਂ ਤੇ ਮੁਲਾਕਾਤਾਂ ਦਾ ਸਾਲ ਬਣ ਜਾਏ। ਸਰਹੱਦਾਂ 'ਤੇ ਲੱਗੀਆਂ ਤੇਜ਼ ਰੌਸ਼ਨੀਆਂ ਸਾਡੇ ਲਈ ਮੇਲਾ ਚਿਰਾਗ਼ਾਂ ਬਣ ਜਾਣ ਜੋ ਸਾਡੇ ਮਨਾਂ ਦੇ ਹਨੇਰਿਆਂ ਨੂੰ ਦੂਰ ਕਰ ਲਏ। ਇਹ ਮਜ਼ਮੂਨ ਹਾਲੇ ਮੁਕੰਮਲ ਹੋ ਕੇ ਸਰਹੱਦ ਪਾਰ ਜਾਣ ਦੀ ਤਿਆਰੀ ਹੀ ਕਰ ਰਿਹਾ ਸੀ ਕਿ ਪਠਾਨਕੋਟ ਹਵਾਈ ਸੈਨਾ ਦੇ ਅੱਡੇ 'ਤੇ ਦਹਿਸ਼ਤਗਰਦੀ ਦੀ ਦੁਰਘਟਨਾ ਵਾਪਰ ਗਈ ਜਿਸ ਨੇ ਪਾਕਿਸਤਾਨ ਦੇ ਅਮਨ-ਪਸੰਦਾਂ ਨੂੰ ਵੀ ਹਿਲਾ ਕੇ ਰੱਖ ਦਿੱਤਾ ਪਰ ਹੁਣ ਚਾਹੇ ਕੋਈ ਵੀ ਕਿਆਮਤ ਗੁਜ਼ਰ ਜਾਵੇ, ਅਮਨ ਦਾ ਸ਼ੁਰੂ ਹੋਇਆ ਸਫ਼ਰ ਤੇ ਦੋਵਾਂ ਮੁਲਕਾਂ ਦੇ ਹਕੂਮਤੀ ਲੀਡਰਾਂ ਦੇ ਆਪਸੀ ਰਾਬਤੇ ਮੁੱਕਣ ਤੇ ਟੁੱਟਣ ਵਾਲੇ ਨਹੀਂ ਹਨ।

ਪਾਕਿਸਤਾਨ ਦੀ ਸਿਆਸੀ ਤੇ ਫ਼ੌਜੀ ਲੀਡਰਸ਼ਿਪ ਦਾ ਇਹ ਫ਼ੈਸਲਾ ਹੈ ਕਿ ਪਾਕਿਸਤਾਨ ਦੀ ਧਰਤੀ ਤੋਂ ਹਿੰਦੁਸਤਾਨ ਜਾ ਰਹੀ ਦਹਿਸ਼ਤਗਰਦੀ ਨੂੰ ਹਰ ਹਾਲਤ 'ਤੇ ਹਰ ਸੰਭਵ ਯਤਨ ਨਾਲ ਰੋਕਿਆ ਜਾਏਗਾ, ਜੋ ਅਮਨ ਦਾ ਅਮਲ ਦੋਵਾਂ ਮੁਲਕਾਂ ਵਿਚਕਾਰ ਸ਼ੁਰੂ ਹੋਇਆ ਹੈ, ਉਸ ਨੂੰ ਨਾਕਾਮ ਨਹੀਂ ਹੋਣ ਦਿੱਤਾ ਜਾਏਗਾ। ਮੈਂ ਜੋ ਉਪਰ ਲਿਖਿਆ ਹੈ, ਇਹ ਸਭ ਸਚਾਈ ਦੇ ਰੂਪ 'ਚ ਚੜ੍ਹਦੇ ਸੂਰਜ ਵਾਂਗ ਸਾਰਾ ਹਿੰਦੁਸਤਾਨੀ ਭਾਈਚਾਰਾ ਕੁਝ ਹੀ ਸਮੇਂ ਬਾਅਦ ਦੇਖ ਲਏਗਾ। ਹਿੰਦੁਸਤਾਨ-ਪਾਕਿਸਤਾਨ ਵਿਚਕਾਰ ਆਪਸੀ ਗੱਲਬਾਤ ਦਾ ਸਿਲਸਿਲਾ ਹੁਣ ਰੁਕਣ ਵਾਲਾ ਨਹੀਂ ਹੈ। ਆਪਸੀ ਗੱਲਬਾਤ ਤੇ ਰਾਬਤਿਆਂ ਨੂੰ ਰੋਕਣ ਲਈ ਦਹਿਸ਼ਤਗਰਦਾਂ ਵੱਲੋਂ ਕੀਤੀ ਜਾਣ ਵਾਲੀ ਕਿਸੇ ਵੀ ਸਾਜ਼ਿਸ਼ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਏਗਾ। ਇਹ ਫ਼ੈਸਲਾ ਹੈ ਹਕੂਮਤ-ਏ-ਪਾਕਿਸਤਾਨ ਦਾ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

# ਬਸ ਕਰ ਜੀ, ਹੁਣ ਬਸ ਕਰ ਜੀ...

ਮੀਡੀਆ ਵਿਚ ਆਈਆਂ ਖ਼ਬਰਾਂ ਮੁਤਾਬਕ ਮਾਘੀ ਮੇਲੇ 'ਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਆਪਣੇ ਦਲ ਦੀ ਰੈਲੀ ਵਿਚ ਉਪ ਮੁੱਖ ਮੰਤਰੀ ਸ੍ਰੀ ਸੁਖਬੀਰ ਸਿੰਘ ਬਾਦਲ ਨੇ ਕਈ ਹੋਰ ਗੱਲਾਂ ਦੇ ਨਾਲ-ਨਾਲ ਲੋਕਾਂ ਨੂੰ ਇਹ ਅਪੀਲ ਵੀ ਕੀਤੀ ਕਿ ਜੇ ਇਸ ਵਾਰ ਵੀ ਸਾਡੀ ਸਰਕਾਰ ਬਣਾ ਦਿਓਗੇ, ਤਾਂ ਅਸੀਂ ਪਿੰਡਾਂ ਵਿਚ ਸੀਮੈਂਟ ਵਾਲੀਆਂ ਪੱਕੀਆਂ ਗਲੀਆਂ-ਨਾਲੀਆਂ ਬਣਵਾ ਦਿਆਂਗੇ। ਘੁੰਮ-ਫਿਰ ਕੇ ਮਾਘੀ ਮੇਲਾ ਦੇਖਣ ਵਾਲਾ ਇਕ ਸੱਜਣ ਜੋ ਤਿਹ-ਮੋਹ ਤਾਂ ਰੱਖਦਾ ਹੋਣਾ ਆਮ ਆਦਮੀ ਪਾਰਟੀ ਨਾਲ, ਪਰ ਉਹ ਬਾਦਲ ਦਲ ਦੀ ਰੈਲੀ ਵਿਚ ਵੀ ਗੇੜੀ ਮਾਰ ਆਇਆ। ਉਸ ਨੇ ਘਰੇ ਆ ਕੇ ਛੋਟੇ ਬਾਦਲ ਦੇ ਇਸ ਵਾਅਦੇ ਖਿਲਾਫ਼ ਫੇਸਬੁੱਕ ਉਤੇ ਰੱਜ ਕੇ ਭੜਾਸ ਕੱਢੀ।

ਉਸ ਨੇ ਲਿਖਿਆ-'...ਇਨ੍ਹਾਂ ਨੂੰ ਕੋਈ ਪੁੱਛੇ, ਲਗਾਤਾਰ ਦਸ ਸਾਲ ਰਾਜ ਕਰਦਿਆਂ ਨੂੰ ਤਾਂ ਤੁਹਾਨੂੰ ਹੁਣ ਹੋ ਗਏ। ਇਸ ਤੋਂ ਪਹਿਲਾਂ ਵੀ ਵੱਡੇ ਬਾਦਲ ਜੀ ਕਈ ਵਾਰ ਪੰਜਾਬ ਦੀ ਹਕੂਮਤ 'ਤੇ ਕਾਬਜ਼ ਰਹੇ ਨੇ। ਸੁਖ ਨਾਲ ਹੁਣ ਛੋਟੇ ਬਾਦਲ ਜੀ ਵੀ ਸਰਕਾਰ ਵਿਚ ਅਹਿਮ ਸਥਾਨ 'ਤੇ ਸੁਸ਼ੋਭਿਤ ਹਨ; ਮਤਲਬ, ਇਕੋ ਖਾਨਦਾਨ ਦੀ ਦੂਸਰੀ ਪੁਸ਼ਤ ਰਾਜ ਭਾਗ 'ਤੇ ਪਕੜ ਬਣਾਈ ਬੈਠੀ ਹੈ। ਜੇ ਐਨੇ ਵਰ੍ਹਿਆਂ ਵਿਚ ਵੀ ਪੰਜਾਬ ਦੇ ਪਿੰਡਾਂ ਵਿਚ ਹਾਲੇ ਗਲੀਆਂ-ਨਾਲੀਆਂ ਪੱਕੀਆਂ ਨਹੀਂ ਬਣੀਆਂ, ਉਨ੍ਹਾਂ ਨੂੰ ਸੀਮੈਂਟ ਲਾਉਣ ਦੀ ਲੋੜ ਹੈ, ਫਿਰ ਤਾਂ ਤੁਹਾਡੇ...।'

ਅੱਗੇ ਉਸ ਸੱਜਣ ਨੇ ਦਿਲ ਦਾ ਗੁਬਾਰ ਹਲਕਾ ਕਰਦਿਆਂ ਪੰਜਾਬ ਵਿਚ ਤਬਦੀਲੀ ਦੀ ਕਾਮਨਾ ਅਧੀਨ ਕੁਝ ਅਜਿਹੀਆਂ ਸਤਰਾਂ ਲਿਖੀਆਂ ਹਨ-'...ਮਾਲਕੋ, ਹੁਣ ਰਹਿਣ ਦਿਓ ਪੰਜਾਬ ਦੀਆਂ ਗਲੀਆਂ-ਨਾਲੀਆਂ ਦਾ ਫਿਕਰ ਕਰਨਾ...ਤੁਹਾਥੋਂ ਨਹੀਂ ਇਹ ਕੰਮ ਹੋਣਾ, ਭਾਵੇਂ ਤੁਹਾਨੂੰ ਦਸ ਸਾਲ ਹੋਰ ਮਿਲ ਜਾਣ...ਬਰਾਏ ਮਿਹਰਬਾਨੀ, ਹੁਣ ਤੁਸੀਂ ਆਪਣਾ ਅਮਲਾ-ਫੈਲਾ ਲਪੇਟੋ, ਤੇ ਕਿਸ 'ਨਵੇਂ' ਨੂੰ ਕੁਰਸੀ 'ਤੇ ਬਹਿਣ ਦਿਓ। ਉਹ ਤੁਹਾਡੇ ਅਧੂਰੇ ਛੱਡੇ ਹੋਏ ਕਾਰਜ ਪੂਰੇ ਕਰਨ ਲਈ ਆਪੇ ਕੋਈ ਸਕੀਮ ਬਣਾ ਲਵੇਗਾ...ਸ੍ਰੀ ਮਾਨ ਜੀ, ਤੁਸੀਂ ਹੁਣ ਇਸ ਸੂਬੇ ਉਤੇ ਮਿਹਰ ਹੀ ਕਰੋ।'

ਇਸ ਪੰਜਾਬੀ ਭਰਾ ਵੱਲੋਂ ਆਪਣੀ 'ਵਾਲ' ਉਤੇ ਜ਼ਾਹਿਰ ਕੀਤੀਆਂ ਭਾਵਨਾਵਾਂ ਦਾ ਕੀ ਸਿੱਟਾ ਨਿਕਲੇਗਾ, ਇਹਦਾ ਪਤਾ ਤਾਂ 2017 ਵਿਚ ਹੀ ਲੱਗੂ, ਪਰ ਮੈਨੂੰ ਇਹ ਸਾਰੀ ਇਬਾਰਤ ਪੜ੍ਹਦਿਆਂ ਆਪਣੇ ਸਾਹਮਣੇ ਹੋਈ-ਬੀਤੀ ਦਿਲਚਸਪ ਘਟਨਾ ਯਾਦ ਆ ਗਈ ਜਿਸ ਦੀ ਟੋਨ ਉਪਰੋਕਤ ਫੇਸਬੁੱਕੀਏ ਸੱਜਣ ਦੀ ਸੋਚ ਨਾਲ ਹੀ ਮੇਲ ਖਾਂਦੀ ਹੈ।

ਆਪਣੇ ਇਲਾਕੇ ਵਿਚ ਹੋਣ ਵਾਲੇ ਸਿਆਸੀ, ਧਾਰਮਿਕ ਜਾਂ ਸਮਾਜਕ ਸਮਾਗਮਾਂ ਮੌਕੇ ਮੈਂ ਅਕਸਰ ਸਟੇਜ ਸਕੱਤਰ ਦੇ ਫਰਜ਼ ਨਿਭਾਇਆ ਕਰਦਾ ਸਾਂ। ਇਕ ਵਾਰ ਬਲਾਚੌਰ ਲਾਗੇ ਇਕ ਡੇਰੇ ਵਿਚ ਦੋ-ਤਿੰਨ ਦਿਨਾਂ ਦਾ ਧਾਰਮਿਕ ਸਮਾਗਮ ਚੱਲਿਆ। ਇਕ ਰਾਤ ਇਕ ਰਾਗੀ ਜਥਾ ਸਾਡੇ ਪਾਸ ਆਇਆ ਤੇ ਸਵੇਰੇ ਸੁਵਖਤੇ ਆਸਾ ਦੀ ਵਾਰ ਦਾ ਕੀਰਤਨ ਕਰਨ ਲਈ ਸਮਾਂ ਮੰਗਣ ਲੱਗਾ। ਡੇਰੇ ਦਾ ਮੁਖੀ ਬਾਬਾ ਇਸ ਜਥੇ ਦੇ ਇਕ-ਦੋ ਮੈਂਬਰਾਂ ਨਾਲ ਮੋੜੀ-ਮੋਟੀ ਜਾਣ-ਪਛਾਣ ਰੱਖਦਾ ਸੀ; ਸੋ, ਸੰਤ ਦੇ ਕਹਿਣ 'ਤੇ ਮੈਂ ਰਾਤ ਦੇ ਦੀਵਾਨ ਦੀ ਸਮਾਪਤੀ 'ਤੇ ਉਸ ਰਾਗੀ ਜਥੇ ਦਾ ਨਾਂ ਲੈ ਕੇ ਅਨਾਊਂਸਮੈਂਟ ਕਰ ਦਿੱਤੀ ਕਿ ਉਹ ਤੜਕੇ 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

ਇਸ ਗੱਲ ਦਾ ਸਾਨੂੰ ਬਾਅਦ ਵਿਚ ਪਤਾ ਲੱਗਾ ਕਿ ਇਹ ਜਥਾ ਹਾਲੇ ਸਿੱਖਾਂਦਰੂ ਹੀ ਸੀ ਅਤੇ ਨਵਾਂ-ਨਵਾਂ ਬਣਿਆ ਹੈ। ਚਲੋ, ਰਵਾਇਤ ਮੁਤਾਬਕ ਉਨ੍ਹਾਂ ਤੜਕੇ ਸਾਢੇ ਕੁ ਤਿੰਨ ਵਜੇ ਆਸਾ ਦੀ ਵਾਰ ਅਰੰਭ ਕਰ ਲਈ। ਉਨ੍ਹਾਂ ਰਾਗੀਆਂ ਦਾ ਟੌਹਰ-ਟੱਪਾ ਵੀ ਭਾਵੇਂ ਵਧੀਆ ਸੀ, ਤੇ ਆਵਾਜ਼ ਵੀ ਸੁਰੀਲੀ ਸੀ, ਪਰ ਪਾਠ ਬੋਧ ਦਾ ਗਿਆਨ ਰੱਖਣ ਵਾਲਿਆਂ ਨੂੰ ਸਾਫ਼ ਪਤਾ ਲੱਗ ਰਿਹਾ ਸੀ ਕਿ ਉਹ ਕੀਰਤਨ ਕਰਦਿਆਂ ਭੁੱਲਦੇ ਵੀ ਸਨ ਤੇ ਉਕ ਵੀ ਰਹੇ ਸਨ। ਆਮ ਸੰਗਤ ਤਾਂ ਅਨੰਦ ਵਿਭੋਰ ਹੋ ਰਹੀ ਸੀ, ਪਰ ਉਨ੍ਹਾਂ ਦਾ ਹਾਲ ਇਹ ਸੀ ਕਿ ਜੇ ਉਹ 'ਛੱਕਾ' ਪੜ੍ਹ ਲੈਂਦੇ ਤਾਂ ਪਉੜੀ ਭੁੱਲ ਜਾਂਦੇ ਅਤੇ ਜੇ ਪਉੜੀ ਪੜ੍ਹ ਲੈਂਦੇ ਤਾਂ ਛੰਤ ਛੱਡ ਜਾਂਦੇ।

ਕਿਤੇ-ਕਿਤੇ ਤਬਲੇ ਵਾਲਾ ਸਾਥੀ ਪਹਿਲੋਂ ਗਾਈ ਜਾ ਚੁੱਕੀ ਪਉੜੀ ਜਾਂ ਛੰਤ ਦੁਬਾਰਾ ਗਾਉਣ ਲੱਗ ਜਾਂਦਾ ਤਾਂ ਵਿਚਕਾਰਲਾ ਮੁਖੀਆ ਰਾਗੀ ਗੋਡਾ ਮਾਰ ਕੇ ਇਸ਼ਾਰਾ ਕਰਦਾ ਕਿ ਅਗਲੀ ਪਉੜੀ ਬੋਲ! ਕਈ ਵਾਰੀ ਉਹ ਅੱਖਾਂ ਦੇ ਇਸ਼ਾਰਿਆਂ ਨਾਲ ਇਕ-ਦੂਜੇ ਨੂੰ ਦੁਰਸਤ ਕਰਦੇ। ਲਾਊਡ ਸਪੀਕਰ ਲੱਗੇ ਹੋਣ ਕਰ ਕੇ ਸੰਤ ਜੀ ਵੀ ਆਪਣੇ ਕਮਰੇ ਵਿਚ ਬੈਠੇ ਇਹ ਸਭ ਸੁਣ ਰਹੇ ਸਨ।




*ਕੈਲੀਫੋਰਨੀਆ ਰਹਿੰਦੇ ਇਕ ਪੰਜਾਬੀ ਵਲੋਂ ਨਵੀਂ ਖਰੀਦੀ ਕਾਰ ਦਾ ਵਿਸ਼ੇਸ਼ ਨੰਬਰ 'ਆਪ-2017'*

ਰਾਗੀਆਂ ਦਾ ਅਜਿਹਾ ਭੁੱਲ-ਭੁਲੱਈਆ ਚਲਦਿਆਂ ਘੜੀ ਦੀ ਸੂਈ ਸਾਢੇ ਸੱਤ 'ਤੇ ਜਾ ਪਹੁੰਚੀ, ਪਰ ਆਸਾ ਦੀ ਵਾਰ ਹਾਲੇ ਤੱਕ ਸਮਾਪਤ ਨਹੀਂ ਸੀ ਹੋ ਰਹੀ। ਤੈਅਸ਼ੁਦਾ ਪ੍ਰੋਗਰਾਮ ਅਨੁਸਾਰ ਅਗਲਾ ਜਥਾ ਦੀਵਾਨ ਵਿਚ ਆ ਕੇ ਬਹਿ ਗਿਆ ਤੇ ਮੇਰੇ ਵੱਲ ਦੇਖਣ ਲੱਗਾ, ਪਰ ਨਵੇਂ ਜਥੇ ਨੂੰ ਮੈਂ ਤਦੇ ਟਾਈਮ ਦਿੰਦਾ, ਜੇ ਪਹਿਲਾ ਜਥਾ ਸਟੇਜ ਵਿਹਲੀ ਕਰਦਾ। ਸੋ, ਅਚਾਨਕ ਆ ਬਣੀ ਇਸ ਸਮੱਸਿਆ ਦਾ ਕੋਈ ਯੋਗ ਹੱਲ ਕੱਢਣ ਲਈ ਮੈਂ ਸੋਚ ਹੀ ਰਿਹਾ ਸਾਂ ਕਿ ਕਾਹਲੀ-ਕਾਹਲੀ ਤੁਰਦਾ ਇਕ ਸੇਵਾਦਾਰ ਮੇਰੇ ਕੰਨ ਵਿਚ ਆ ਕੇ ਕਹਿੰਦਾ ਕਿ ਤੁਹਾਨੂੰ ਸੰਤ ਜੀ ਬੁਲਾ ਰਹੇ ਨੇ। ਜਦ ਮੈਂ ਸੰਤ ਦੇ ਕਮਰੇ ਵਿਚ ਪੈਰ ਪਾਇਆ ਤਾਂ ਮੰਦ-ਮੰਦ ਮੁਸਕਾਉਂਦਾ ਰਹਿਣ ਵਾਲਾ ਬਾਬਾ ਝੁੰਜਲਾਇਆ ਬੈਠਾ ਸੀ। ਖਫੇ ਜਿਹਾ ਹੋਇਆ ਉਹ ਬੋਲਿਆ, "ਓ ਭਾਈ ਸਿੱਖਾ, ਇਨ੍ਹਾਂ ਰਾਗੀਆਂ ਨੂੰ ਜਾ ਕੇ ਕਹਿ ਕਿ 'ਮਹਾਂ ਪੁਰਸ਼ੋ', ਤੁਹਾਥੋਂ ਨ੍ਹੀਂ ਅੱਜ ਆਸਾ ਦੀ ਵਾਰ ਦੀ ਸਮਾਪਤੀ ਹੋਣੀ!...ਤੁਸੀਂ ਸਾਡੇ 'ਤੇ ਰਹਿਮ ਕਰੋ ਅਤੇ ਅਖੀਰਲਾ ਛੱਕਾ ਪੜ੍ਹ ਦਿਓ, ਬੱਸ।"

ਫਿਰ ਉਪਰੋਕਤ ਫੇਸਬੁੱਕੀਏ ਸੱਜਣ ਦੀ ਸ਼ਬਦਾਵਲੀ ਜਿਹੀ ਭਾਸ਼ਾ ਵਰਤਦਿਆਂ ਬਾਬੇ ਬੋਲੇ, "ਇਨ੍ਹਾਂ ਨੂੰ ਕਹੋ, ਆਪਣੇ ਵਾਜੇ-ਤਬਲੇ ਬੰਨ੍ਹੋ, ਤੇ ਸਟੇਜ ਵਿਹਲੀ ਕਰੋ। ਲੰਗਰ ਪਾਣੀ ਛਕ ਕੇ ਘਰਾਂ ਨੂੰ ਜਾਓ।...ਤੜਕੇ ਤਿੰਨ ਵਜੇ ਦੇ ਲੱਗਿਆਂ ਹੋਇਆਂ ਕੋਲੋਂ ਹਾਲੇ ਤੱਕ ਆਸਾ ਦੀ ਵਾਰ ਨਹੀਂ ਮੁੱਕੀ...ਅਗਲੇ ਰਾਗੀ ਜਥੇ ਨੂੰ ਟਾਈਮ ਦਿਓ ਜਾ ਕੇ!...ਐਨ੍ਹਾ ਨੇ ਜਿਹੜੀ ਬੇ-ਰਸੀ ਕਰ'ਤੀ ਐ, ਉਹ ਤਾਂ ਧੋ ਹੋਵੇ।"

ਉਸੇ ਵੇਲੇ ਮੈਂ ਸਲਿਪ ਉਤੇ 'ਜਲਦੀ ਸਮਾਪਤੀ' ਲਿਖ ਕੇ ਰਾਗੀਆਂ ਦੇ ਹਰਮੋਨੀਅਮ 'ਤੇ ਜਾ ਟਿਕਾਈ। ਮੇਰੀ ਉਸ ਇਕੋ ਸਲਿਪ ਨੇ ਉਨ੍ਹਾਂ ਢਿੱਲੜ ਅਤੇ ਗੈਰ-ਤਜਰਬੇਕਾਰ ਰਾਗੀਆਂ ਤੋਂ ਸੰਗਤ ਦੀ ਬੰਦ-ਖਲਾਸੀ ਕਰਵਾ ਦਿੱਤੀ ਸੀ, ਪਰ ਮਾਘੀ ਮੇਲੇ ਵਿਚੋਂ ਹਾਕਮ ਧਿਰ ਦੇ ਭਾਸ਼ਣ ਸੁਣ ਕੇ ਖਿਝੇ ਪਏ ਫੇਸਬੁੱਕੀਏ ਸੱਜਣ ਦੀ ਇਕੱਲੀ-ਇਕਹਿਰੀ ਸਲਿਪ ਨਾਲ ਪੰਜਾਬ ਵਾਸੀਆਂ ਨੂੰ ਨਿਜਾਤ ਨਹੀਂ ਮਿਲਣੀ। ਅਜਿਹਾ ਤਦੇ ਸੰਭਵ ਹੋ ਸਕੇਗਾ ਜੇ ਟੁੱਟੀ ਗੰਢੀ ਦੇ ਅਸਥਾਨ 'ਤੇ ਹੋਏ ਮਾਘੀ ਮੇਲੇ ਦੌਰਾਨ ਤਬਦੀਲੀ ਦਾ ਜਿਹੜਾ ਬਿਗਲ ਵੱਜਿਆ ਹੈ, ਉਸ ਦੀ ਗਰਜਵੀਂ ਆਵਾਜ਼ ਪੰਜਾਬ ਦੇ ਸ਼ਹਿਰ-ਸ਼ਹਿਰ, ਪਿੰਡ-ਪਿੰਡ ਅਤੇ ਗਲੀ-ਗਲੀ ਪਹੁੰਚਾਈ ਜਾਵੇ। ਸਿਰਫ ਫੇਸਬੁੱਕ 'ਤੇ ਦਿਲਾਂ ਦਾ ਬੋਝ ਹਲਕਾ ਕਰਨ ਦੀ ਬਜਾਏ, ਸੰਨ 2017 ਵਿਚ 'ਕੱਲੇ-ਕੱਲੇ ਪੰਜਾਬੀ ਦੀ ਸਲਿੱਪ ਭਾਵ ਵੋਟ, ਤਬਦੀਲੀ ਦੇ ਹੱਕ ਵਿਚ ਭੁਗਤੇ; ਤਦ ਜਾ ਕੇ ਪੰਜਾਬ ਵਿਚ ਨਵੀਂ ਸਵੇਰ ਦਾ ਆਗਾਜ਼ ਹੋ ਸਕਦਾ ਹੈ।

# ਵੱਡੇ ਵੀਰ ਹੈਡਮਾਸਟਰ ਗਿਆਨ ਸਿੰਘ ਨੂੰ ਯਾਦ ਕਰਦਿਆਂ

ਬਰਸੀ 'ਤੇ ਵਿਸ਼ੇਸ਼

ਆਰ ਕੇ ਆਰੀਆ ਕਾਲਜ ਨਵਾਂ-ਸ਼ਹਿਰ ਦਾ ਬੇਹਤਰੀਨ ਅਥਲੀਟ ਤੇ ਪੰਜਾਬ ਯੂਨੀਵਰਸਿਟੀ ਦਾ ਤਕੜਾ ਫ਼ੁੱਟਬਾਲ ਖਿਡਾਰੀ, ਜਿਸ ਨੇ ਉਂਗਲ ਫੜ ਕੇ ਮੈਨੂੰ ਤੁਰਨਾ ਸਿੱਖਾਇਆ, 18 ਜਨਵਰੀ 2000 ਨੂੰ ਹਮੇਸ਼ਾਂ ਲਈ ਇਸ ਦੁਨੀਆਂ ਤੋਂ ਤੁਰ ਗਿਆ। ਜਿਉਂਦੇ ਜੀਅ ਸਾਹ ਨਾਲ ਸਾਹ ਮਿਲਾ ਕੇ ਚਲਦਾ ਰਿਹਾ। ਆਪਣੇ ਪੁੱਤਾਂ ਵਾਂਗ ਪਾਲਿਆ। ਮਾਂ-ਪਿਉ ਦੀ ਕਦੇ ਯਾਦ ਨਹੀਂ ਸੀ ਆਉਣ ਦਿਤੀ। ਮੌਤ ਤੋਂ ਬਾਅਦ ਸਭ ਕੁਝ ਯਾਦ ਆਉਣ ਲੱਗਾ।

ਆਪ ਤਕੜਾ ਖਿਡਾਰੀ ਹੋਣ ਕਰਕੇ ਮੈਨੂੰ ਵੀ ਉਹ ਤਕੜਾ ਖਿਡਾਰੀ ਵੇਖਣਾ ਚਾਹੁੰਦਾ ਸੀ। ਤਕੜਾ ਖਿਡਾਰੀ ਤਾਂ ਮੈਂ ਨਹੀਂ ਬਣ ਸਕਿਆ ਪਰ ਹੁਣ ਖਿਡਾਰੀਆਂ, ਪਹਿਲਵਾਨਾਂ ਬਾਰੇ ਲਿਖ ਕੇ ਉਹ ਘਾਟ ਪੂਰੀ ਕਰ ਰਿਹਾ ਹਾਂ। ਅੱਜ ਜੋ ਵੀ ਹਾਂ, ਵੱਡੇ ਵੀਰ ਦੀ ਬਦੌਲਤ ਹਾਂ। ਇਸ ਤਰ੍ਹਾਂ ਦੇ ਭਰਾ ਕਦੇ-ਕਦਾਈਂ ਹੀ ਜਨਮ ਲੈਂਦੇ ਹਨ। ਪਿਤਾ ਜੀ ਪਹਿਲਵਾਨੀ ਦਾ ਸ਼ੌਕ ਰੱਖਦੇ ਸਨ। ਵੀਰ ਨੂੰ ਵੀ ਪਹਿਲਵਾਨ ਵੇਖਣਾ ਚਾਹੁੰਦੇ ਸਨ ਪਰ ਉਹ ਅਥਲੀਟ ਬਣ ਗਿਆ।

ਯੂਨੀਵਰਸਿਟੀ ਖੇਡਦੇ ਨੂੰ ਥਾਣੇਦਾਰੀ ਦੀ ਆਫ਼ਰ ਆਈ ਪਰ ਰਿਸ਼ਵਤ ਵਾਲੀ ਨੌਕਰੀ ਹੋਣ ਕਰਕੇ ਦਿਲ ਨਾ ਮੰਨਿਆ। ਫਿਰ ਅਧਿਆਪਕ ਬਣ ਗਿਆ। ਗੁਣਾਚੌਰ, ਰਟੈਂਡਾ, ਭਾਰਸਿੰਘਪੁਰ, ਨਕੋਦਰ ਤੇ ਗੋਬਿੰਦਪੁਰ ਵਿਖੇ ਅਧਿਆਪਕ ਦੇ ਤੌਰ 'ਤੇ ਸੇਵਾ ਨਿਭਾਈ। ਮੁੱਖ-ਅਧਿਆਪਕ ਦੇ ਤੌਰ 'ਤੇ ਪਿੰਡ ਲੰਗੜੋਆ, ਮੂਸਾਪੁਰ ਤੇ ਗੜ੍ਹੀ ਮਹਾਂਸਿੰਘ ਵਿਖੇ ਸੇਵਾ ਕੀਤੀ। ਉਸ ਨੇ ਬੀ. ਏ. ਬੀ ਐਡ, ਐਮ. ਏ. ਐਮ ਐਡ ਤੋਂ ਇਲਾਵਾ ਇੰਗਲਿਸ਼, ਪੁਲਿਟੀਕਲ ਸਾਇੰਸ, ਧਾਰਮਿਕ ਅਧਿਐਨ ਤੇ ਪੰਜਾਬੀ ਦੀ ਐਮ.ਏ ਕੀਤੀ। ਉਹਦੇ ਪੜ੍ਹਾਏ ਵਿਦਿਆਰਥੀ ਦੇਸ਼-ਵਿਦੇਸ਼ ਵਿਚ ਬੈਠੇ ਹਨ। ਭਾਰਤ ਵਿਚ ਬਹੁਤੇ ਉਚੇ ਅਹੁਦਿਆਂ 'ਤੇ ਬਿਰਾਜ਼ਮਾਨ ਹਨ।

ਕਿਸੇ ਗਰੀਬ ਪਰਿਵਾਰ ਨਾਲ ਸਬੰਧਿਤ ਨੋਜ਼ਵਾਨ ਪੱਕਾ ਨਹੀਂ ਸੀ ਹੋ ਰਿਹਾ। ਕੱਚਾ ਨੌਕਰੀ ਕਰੀ ਜਾ ਰਿਹਾ ਸੀ। ਉਹ ਜਾ ਕੇ ਭਾਅ ਜੀ ਨੂੰ ਮਿਲਿਆ ਤੇ ਸਾਰੀ ਸਮੱਸਿਆ ਦੱਸੀ ਕਿ ਪੱਕਾ ਨਹੀਂ ਹੋ ਰਿਹਾ। ਕਿਸੇ ਖਾਲੀ ਪੋਸਟ ਦਾ ਪਤਾ ਹੋਣ ਕਰਕੇ ਦੂਜੇ ਦਿਨ ਭਾਅ ਜੀ ਉਹਦੇ ਸਾਰੇ ਪੇਪਰ ਲੈ ਕੇ ਜਲੰਧਰ ਅਫ਼ਸਰਾਂ ਕੋਲ ਚਲਾ ਗਿਆ। ਅਫ਼ਸਰਾਂ ਨੇ ਅਸਮਰਥਾ ਪ੍ਰਗਟਾਈ ਕਿ ਉਸ ਪੋਸਟ ਲਈ ਕਿਸੇ ਐਮ ਐਲ ਏ ਦੀ ਸਿਫ਼ਾਰਸ਼ ਵੀ ਆਈ ਹੋਈ ਹੈ।

"ਏਹ ਸਕੂਲ ਕਿਸੇ ਐਮ ਐਲ ਏ ਨਹੀਂ ਚਲਾਉਣੇ, ਅਸੀਂ ਚਲਾਉਣੇ ਆ, ਸਾਨੂੰ ਪਤਾ ਕੇਹੜਾ ਟੀਚਰ ਕਿਥੇ ਫ਼ਿੱਟ ਬੈਠਦਾ ਹੈ।" ਭਾਅ ਜੀ ਅਫ਼ਸਰਾਂ ਮੂਹਰੇ ਅੜ੍ਹ ਕੇ ਬਹਿ ਗਿਆ ਤੇ ਉਸ ਨੌਜ਼ਵਾਨ ਦੇ ਆਡਰ ਕਰਾ ਕੇ ਲਿਆ ਦਿਤੇ। ਉਹਦੀ ਦਲੇਰੀ ਦੀਆਂ ਗੱਲਾਂ ਤਾਂ ਬਹੁਤ ਹਨ। ਹਮੇਸ਼ਾਂ ਗਰੀਬ ਲੋੜਵੰਦ ਬੱਚਿਆਂ ਦੀ ਸਹਾਇਤਾ ਕੀਤੀ। ਜੇ ਕਿਸੇ ਕੋਲ ਕਿਤਾਬਾਂ ਲੈਣ ਲਈ ਜਾਂ ਫ਼ੀਸ ਦੇਣ ਜੋਗੇ ਪੈਸੇ ਨਾ ਹੰਦੇ ਤਾਂ ਕੋਲੋਂ ਦੇ ਕੇ ਕਹਿਣਾ, "ਪੜ੍ਹ ਲਓ ਜੇ ਪੜ੍ਹ ਹੁੰਦਾ ਤਾਂ, ਨਹੀਂ ਤਾਂ ਸਾਰੀ ਉਮਰ ਧੱਕੇ ਖਾਉਗੇ..!"

ਬੱਚਿਆਂ ਨੇ ਪੂਰਾ ਡਰ, ਭੈਅ ਮੰਨਿਆ ਤੇ ਭਾਅ ਜੀ ਦਾ ਪੂਰਾ ਪੂਰਾ ਸਤਿਕਾਰ ਕੀਤਾ। ਬੁਲੇਟ-ਮੋਟਰ ਸਾਇਕਲ ਦੀ ਦੂਰੋਂ ਅਵਾਜ਼ ਸੁਣ ਕੇ ਬੱਚਿਆਂ ਨੇ ਖਾਮੋਸ਼ ਹੋ ਜਾਣਾ ਤੇ ਸਟਾਫ਼ ਨੇ ਕਲਾਸਾਂ 'ਚ ਜਾ ਵੜਨਾ। ਜੇ ਦੋ ਟੀਚਰ ਕਿਤੇ ਗੱਲਾਂ ਕਰਦੇ ਵੇਖ ਲਏ ਤਾਂ ਡਾਂਟਣਾਂ, "ਸਰਕਾਰ ਤੁਹਾਨੂੰ ਪੜ੍ਹਾਉਣ ਦੇ ਪੈਸੇ ਦਿੰਦੀ ਹੈ! ਗੱਲਾਂ ਕਰਨੀਆਂ ਤਾਂ ਘਰ ਨੂੰ ਜਾਓ...!" ਉਹ ਵੀ ਭਾਅ ਜੀ ਦਾ ਡਰ ਮੰਨਦੇ ਸਨ।

ਇਕ ਦਿਨ ਦੀ ਛੁੱਟੀ ਤੋਂ ਬਾਅਦ ਦੂਜੇ ਦਿਨ ਭਾਅ ਜੀ ਸਕੂਲੇ ਗਿਆ ਤਾਂ ਸਵੇਰ ਦੀ ਪ੍ਰੇਡ ਵੇਲੇ ਸਾਰਾ ਸਟਾਫ਼ ਚੁੱਪ-ਚਾਪ ਖੜ੍ਹਾ ਸੀ। ਭਾਅ ਜੀ ਨੂੰ ਕੋਈ ਮਸਲਾ ਜਾਪਿਆ ਤਾਂ ਸਕੂਲ ਦੇ ਸੈਕਿੰਡ ਹੈਡਮਾਸਸਟਰ ਨੂੰ ਪੁੱਛਿਆ, "ਕੀ ਗੱਲ ਹੈ...?"

"ਹੈਡਮਾਸਟਰ ਸਾਬ' ਜੀ, ਕੱਲ੍ਹ ਇਕ ਬੰਦਾ ਆਇਆ ਸੀ ਤੇ ਬਹੁਤ ਵੱਧ-ਘੱਟ ਬੋਲ ਕੇ ਗਿਆ।" ਸੈਕਿੰਡ ਹੈਡਮਾਸਟਰ ਨੇ ਹੌਲੀ ਜਿਹੇ ਦੱਸਿਆ। ਉਸ ਬੰਦੇ ਬਾਰੇ ਸਾਰਾ ਪਤਾ ਕਰਕੇ ਪਿੰਡ ਦੀ ਪੰਚਾਇਤ ਸੱਦੀ ਤੇ ਵੱਧ-ਘੱਟ ਬੋਲਣ ਵਾਲੇ ਉਸ ਬੰਦੇ ਨੂੰ ਵੀ ਸੁਨੇਹਾ ਭੇਜ ਕੇ ਬੁਲਾ ਲਿਆ। ਸਾਰਾ ਸਟਾਫ਼ ਤੇ ਪਿੰਡ ਦੀ ਪੰਚਾਇਤ ਸਾਹਮਣੇ ਉਸ ਬੰਦੇ ਨੂੰ ਕਿਹਾ ਕਿ ਜਿਸ ਤਰ੍ਹਾਂ ਤੂੰ ਕੱਲ੍ਹ ਬੋਲਦਾ ਸੀ...ਹੁਣ ਵੀ ਬੋਲ! ਕੱਲ੍ਹ ਵਾਂਗ ਚੌੜਾ ਹੋ ਕੇ ਆ। ਤੇਰਾ ਕੁਰਸੀਆਂ ਮਾਰ ਮਾਰ ਮੈਂ ਸਿਰ ਨਾ ਪਾੜਾਂ ਤਾਂ ਮੈਨੂੰ ਕਹੀਂ।"



ਉਸ ਅੜ੍ਹਬ ਸੁਭਾਅ ਦੇ ਬੰਦੇ ਨੇ ਪਿੰਡ ਦੀ ਪੰਚਾਇਤ, ਭਾਅ ਜੀ ਤੇ ਸਾਰੇ ਸਟਾਫ਼ ਤੋਂ ਮਾਫ਼ੀ ਮੰਗ ਕੇ ਜਾਨ ਛੁਡਾਈ।

ਬਲਾਕ ਨਵਾਂ-ਸ਼ਹਿਰ ਟੀਚਰ ਯੂਨੀਅਨ ਦਾ ਪ੍ਰਧਾਨ ਬਣਿਆ। ਫਿਰ ਜਿਲ੍ਹਾ ਜਲੰਧਰ ਦੇ ਸਕੂਲੀ ਬੱਚਿਆਂ ਦੀਆਂ ਖੇਡਾਂ ਦਾ ਚਾਰ ਸਾਲ ਪ੍ਰਧਾਨ ਰਿਹਾ। ਜਿਥੇ ਜਿਥੇ ਵੀ ਉਹ ਗਿਆ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ੍ਹ ਵੀ ਪ੍ਰੇਰਦਾ। ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ, ਸਕੂਲ ਦੇ ਸਾਲਾਨਾ ਪ੍ਰੋਗਰਾਮ ਵਿਚ ਅਖੰਡਪਾਠ ਰਖਵਾਉਣ ਦੀ ਨਵੀਂ ਪਿਰਤ ਪਾਈ। ਗੁਰੂ ਗ੍ਰੰਥ ਸਾਹਿਬ ਵਿਚ ਬੜੀ ਸ਼ਰਧਾ ਸੀ। 1970-71 ਵਿਚ ਪਹਿਲੀ ਤਨਖਾਹ 'ਚੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆ ਕੇ ਰੱਖਿਆ। ਇਹ ਸਰੂਪ ਅੱਜ ਵੀ ਪਿੰਡ ਦੇ ਗੁਰੂ ਘਰ ਵਿਚ ਸੁਸ਼ੋਭਿਤ ਹੈ।

ਉਸ ਨੇਕ ਇਨਸਾਨ ਤੇ ਮੇਹਨਤੀ ਅਧਿਆਪਕ ਨੂੰ ਲੋਕੀਂ ਅੱਜ ਵੀ ਯਾਦ ਕਰਦੇ ਨੇ। ਹਰਿੰਦਰ ਸਿੰਘ ਬੀਸਲਾ ਵਧੀਆ ਦੋਸਤ, ਉਹਦੇ ਕਾਲਜ ਦਾ ਸਾਥੀ ਸਾਂਤੀ ਰਾਮ ਬਾਲੀ ਦਿੱਲੀ ਦੇ ਇੰਦਰਾ ਗਾਂਧੀ ਏਅਰ-ਪੋਰਟ ਦਾ ਡਾਇਰੈਕਟਰ ਰਹਿ ਕੇ ਰਿਟਾਇਰ ਹੋ ਚੁੱਕੇ ਹਨ। ਸ਼ਾਂਤੀ ਰਾਮ ਬਾਲੀ, ਭਾਅ ਜੀ ਤੇ ਦੌਲਤਪੁਰ ਵਾਲਾ ਮਾਸਟਰ ਨਰਿੰਦਰ ਸਿੰਘ ਨਵਾਂ-ਸ਼ਹਿਰ ਕਾਲਜ ਦੇ ਤਕੜੇ ਫ਼ੁੱਟਬਾਲ ਖਿਡਾਰੀ ਹੁੰਦੇ ਸਨ। ਵਿਦਿਆਰਥੀਆਂ 'ਚੋਂ ਪੰਜਾਬ ਦੀ ਬੇਹਤਰੀਨ ਹੈਂਡ ਬਾਲ ਖਿਡਾਰਨ ਗੁਰਪ੍ਰੀਤ ਕੌਰ ਪੁਰੇਵਾਲ, ਜੋ ਪੰਜਾਬ ਪੁਲਿਸ ਵਿਚ ਸਬ-ਇੰਸਪੈਕਟਰ ਵਿਜ਼ੀਲੈਂਸ ਦੀ ਸੇਵਾ ਨਿਭਾ ਰਹੀ ਹੈ, ਜੋਗਿੰਦਰ ਸਿੰਘ ਜੱਬੋਵਾਲ, ਕਬੱਡੀ ਖਿਡਾਰੀ ਜੀਤਾ ਜੱਬੋਵਾਲ, ਸ਼ਿਵ ਨਾਥ, ਹਰਮੇਸ਼ ਚੋਪੜਾ ਪਿੰਡ ਤੇ ਇਲਾਕੇ ਦੇ ਬਹੁਤ ਖਿਡਾਰੀਆਂ ਨੂੰ ਹੱਲਾਸ਼ੇਰੀ, ਥਾਪੜਾ ਤੇ ਹੌਸਲਾ ਦੇ ਕੇ ਤਿਆਰ ਕੀਤਾ।

ਜਿੰਦਗੀ ਦੇ ਆਖਰੀ ਸਮੇਂ ਉਸ ਨੇ ਗੜ੍ਹੀ ਮਹਾਂਸਿੰਘ ਪੜ੍ਹਾਇਆ। ਪਿੰਡ ਦੇ ਸਰਪੰਚ ਦਾਲੀ ਨੇ ਕਿਹਾ, "ਹੈਡਮਾਸਟਰ ਸਾਹਿਬ , ਪਿੰਡ 'ਚ ਇਕ ਵਾਰ ਮੈਚ ਕਰਾ ਦਿਓ, ਨਜ਼ਾਰਾ ਆ ਜਾਊ।" ਮਹਿਕਮੇ ਦੇ ਅਫ਼ਸਰਾਂ ਨਾਲ ਵਾਕਫ਼ੀਅਤ ਹੋਣ ਕਰਕੇ ਭਾਅ ਜੀ ਨੇ ਮੈਚ ਸ਼ੁਰੂ ਕਰਾ ਦਿਤੇ। ਭਾਅ ਜੀ ਦੀ ਮੌਤ ਤੋਂ ਬਾਅਦ ਦਾਲੀ ਸਰਪੰਚ ਨੇ ਇਹ ਗੱਲ ਦੱਸੀ। ਪੜ੍ਹਾਈ 'ਚ ਬੱਚਿਆਂ ਨੂੰ ਮਾਫ਼ ਨਹੀਂ ਸੀ ਕਰਦਾ। ਜੇ ਕਿਸੇ ਕੁੜੀ ਦੇ ਸਿਰ 'ਤੇ ਚੁੰਨੀਂ ਨਾ ਹੋਣੀ ਤਾਂ ਦੂਜੇ ਦਿਨ ਉਹਦੇ ਮਾਪੇ ਸਕੂਲੇ ਸੱਦ ਲੈਣੇ।

ਇਕ ਵਾਰ ਸਕੂਲ ਦੇ ਬੱਚੇ ਦਫ਼ਤਰ ਜਾ ਕੇ ਕਹਿਣ ਲੱਗੇ, "ਹੈਡਮਾਸਟਰ ਸਾਹਿਬ ਜੀ, ਨਾਲ ਦੇ ਖੇਤ ਵਾਲੇ ਨੇ ਫ਼ੁੱਟਬਾਲ ਚੁੱਕ ਲਿਆ, ਦੇ ਨਹੀਂ ਰਿਹਾ।" ਭਾਅ ਜੀ ਗਿਆ ਤੇ ਕਹਿਣ ਲੱਗਾ, "ਬੱਚਿਆਂ ਦਾ ਫ਼ੁੱਟਬਾਲ ਦੇ ਦਿਓ, ਖੇਡ ਲੈਣ।" ਖੇਤ ਵਾਲਾ ਗੁੱਸੇ ਨਾਲ ਕਹਿਣ ਲੱਗਾ, "ਮੈਂ ਨੀ ਦੇਣਾ ਮੇਰੀ ਫ਼ਸਲ ਖਰਾਬ ਕਰਦੇ ਆ।"

ਹੋਰ ਫ਼ੁੱਟਬਾਲ ਲਿਆਉਣ ਲਈ ਭਾਅ ਜੀ ਨੇ ਬੱਚਿਆਂ ਨੂੰ ਪੈਸੇ ਦੇ ਦਿਤੇ ਤੇ ਖੇਤ ਵਾਲੇ ਨੂੰ ਕਿਹਾ ਕਿ ਸਾਂਭ ਕੇ ਰੱਖੀ ਇਸ ਫ਼ੁੱਟਬਾਲ ਨੂੰ, ਹੋ ਸਕਦੈ ਤੇਰੇ ਨਿਆਣਿਆਂ ਨੂੰ ਫ਼ੁੱਟਬਾਲ ਖੇਡਣ ਦਾ ਸ਼ੌਕ ਪੈ ਜਾਵੇ।

ਲੱਖ ਲੱਖ ਸਲਾਮ ਹੈ, ਅਜਿਹੇ ਵੀਰ ਨੂੰ। ਇਕ ਸਧਾਰਨ ਪਰਿਵਾਰ 'ਚ ਜਨਮ ਲੈ ਕੇ ਜਲੰਧਰ ਜਿਲ੍ਹੇ ਦਾ ਅਫ਼ਸਰ ਬਣਿਆ। ਸਾਰੀ ਤਨਖਾਹ ਯਾਰਾਂ-ਦੋਸਤਾਂ 'ਚ ਖਰਚ ਕਰ ਦੇਣੀ। ਹਰ ਲੋੜਵੰਦ ਦੀ ਮੱਦਦ ਕਰਨ ਦੀ ਕੋਸ਼ਿਸ਼ ਕਰਨੀ। ਜਾਤਾਂ, ਧਰਮਾਂ, ਊਚ-ਨੀਚ ਤੋਂ ਹਮੇਸ਼ਾਂ ਉਪਰ ਰਿਹਾ, ਉਚੀ ਤੇ ਸੁੱਚੀ ਸੋਚ ਦਾ ਮਾਲਕ। ਉਹਦੇ ਨਾਂ 'ਤੇ 2009 'ਚ ਪਿੰਡ 'ਚ ਯਾਦਗਾਰੀ ਖੇਡ-ਮੇਲਾ ਲਗਿਆ। ਭਾਅ ਜੀ ਦੀ ਯਾਦ ਨੂੰ ਹਮੇਸ਼ਾਂ ਤਾਜ਼ਾ ਰੱਖਦੇ ਹੋਏ ਪਿੰਡ ਦੇ ਨੌਜ਼ਵਾਨਾਂ ਤੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਪਿੰਡ ਵਿਚ ਸਪੋਰਟਸ ਕਲੱਬ ਵੀ ਖੋਹਲਿਆ ਹੋਇਐ। ਜਿਥੇ ਬੁੱਧ ਸਿੰਘ ਪਹਿਲਵਾਨ ਵੀ ਜਾ ਕੇ ਖਿਡਾਰੀਆਂ ਨੂੰ ਆਸ਼ੀਰਵਾਦ ਦੇ ਚੁੱਕੈ। ਪਿਤਾ ਧਨਪਤ ਰਾਏ ਅਤੇ ਮਾਤਾ ਠਾਕੁਰ ਕੌਰ ਦੇ ਸ਼ੇਰ ਪੁੱਤ ਹੈਡਮਾਸਟਰ ਗਿਆਨ ਸਿੰਘ ਨੇ ਮਹਿਕਮੇ ਅਤੇ ਜਿਲ੍ਹੇ ਦੀਆਂ ਖੇਡਾਂ 'ਚ ਮੱਲਾਂ ਮਾਰ ਕੇ ਪਿੰਡ ਦਾ ਨਾਂ ਹਮੇਸ਼ਾਂ ਰੌਸ਼ਨ ਕੀਤਾ।

*-ਇਕਬਾਲ ਸਿੰਘ ਜੱਬੋਵਾਲੀਆ*

# ਪੰਜਾਬ ਦੇ ਹਾਲਾਤ ਤੇ ਵੱਡੀਆਂ ਧਿਰਾਂ ਦੀ ਮਜਮੇਬਾਜ਼ੀ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਦੀ ਸਿਆਸਤ ਨੇ ਇਸ ਹਫਤੇ ਮੁਕਤਸਰ ਵਿਚ ਮਾਘੀ ਦੇ ਮੇਲੇ ਮੌਕੇ ਮਜਮਿਆਂ ਦੀ ਮੁਕਾਬਲੇਬਾਜ਼ੀ ਦਾ ਨਜ਼ਾਰਾ ਪੇਸ਼ ਕੀਤਾ ਹੈ। ਇਸ ਵਿਚ ਸਾਰਾ ਜ਼ੋਰ ਇਸ ਗੱਲ ਉਤੇ ਲੱਗਾ ਰਿਹਾ ਕਿ ਦੂਸਰਿਆਂ ਤੋਂ ਵੀ ਵੱਧ ਜੋੜਨੀ ਹੈ, ਜਿਸ ਨਾਲ ਬਾਕੀ ਸਾਰੇ ਨੁਕਤੇ ਭੁੱਲ ਕੇ ਲੋਕ ਸਿਰਫ ਇਹੋ ਸੋਚਣ ਲੱਗ ਜਾਣ ਕਿ ਫਲਾਣੇ ਆਗੂ ਦੇ ਪਿੱਛੇ ਲਸ਼ਕਰ ਬੜਾ ਭਾਰਾ ਹੈ ਤੇ ਇਹ ਅਗਲੀ ਵਾਰ ਸੱਤਾ ਦੀ ਸੰਜੋਗਤਾ ਨੂੰ ਭਰੇ ਮੰਡਪ ਵਿਚੋਂ ਚੁੱਕ ਕੇ ਲਿਜਾ ਸਕਦਾ ਹੈ। ਲੋਕਤੰਤਰ ਜਦੋਂ ਭੀੜਤੰਤਰ ਬਣ ਜਾਵੇ, ਫਿਰ ਇਹੋ ਕੁਝ ਹੁੰਦਾ ਹੈ। ਜਿੱਥੋਂ ਲੋਕਤੰਤਰ ਆਇਆ ਤੇ ਦੁਨੀਆਂ ਵਿਚ ਵੈਸਟਮਿੰਸਟਰ ਸਿਸਟਮ ਦੇ ਤੌਰ ਉਤੇ ਫੈਲਿਆ ਹੈ, ਉਥੇ ਸਾਡੇ ਵਾਂਗ ਲੋਕਾਂ ਨੂੰ ਰੈਲੀਆਂ ਦੇ ਲਈ ਗੱਡੀਆਂ ਭਰ-ਭਰ ਕੇ ਕਦੇ ਨਹੀਂ ਲਿਜਾਇਆ ਜਾਂਦਾ। ਜਦੋਂ ਕਦੇ ਕੋਈ ਚੋਣਾਂ ਦਾ ਮੌਕਾ ਆਵੇ ਤਾਂ ਹਾਲ ਕਮਰਿਆਂ ਵਿਚ ਮੀਟਿੰਗਾਂ ਹੁੰਦੀਆਂ ਹਨ, ਖੁੱਲ੍ਹੀ ਜਨਤਕ ਰੈਲੀ ਬਹੁਤ ਘੱਟ ਵੇਖਣ ਨੂੰ ਮਿਲਦੀ ਹੈ। ਇਹੋ ਜਿਹੀ ਰੈਲੀ ਹੋਣ ਪਿੱਛੋਂ ਉਥੋਂ ਮੀਡੀਆ ਇਕੱਠੀ ਹੋਈ ਭੀੜ ਦਾ ਅੰਦਾਜ਼ਾ ਲਾ ਕੇ ਨਾਲ ਇਹ ਲਿਖ ਦਿੰਦਾ ਹੈ ਕਿ ਅੱਜ ਫਲਾਣੀ ਪਾਰਟੀ ਦੀ ਰੈਲੀ ਕਾਰਨ ਐਨੇ ਘੰਟੇ 'ਮੈਨ ਡੇਅਜ਼' (ਮਨੁੱਖੀ ਦਿਨ) ਸਿਆਸਤ ਦੇ ਲੇਖੇ ਲੱਗ ਕੇ ਨਸ਼ਟ ਹੋ ਗਏ ਹਨ। ਭਾਰਤ ਦਾ ਲੋਕਤੰਤਰ ਵੱਖਰੀ ਕਿਸਮ ਦਾ ਹੈ, ਇਸ ਲਈ ਮਨੁੱਖੀ ਦਿਨਾਂ ਦੀ ਕੋਈ ਕਦਰ ਨਹੀਂ, ਮਨੁੱਖਾਂ ਨੂੰ ਦੌੜਾਂ ਲਈ ਭਜਾਏ ਜਾਣ ਵਾਲੇ ਜਾਨਵਰਾਂ ਵਾਂਗ ਧਰਮ ਦੇ ਨਸ਼ੇ ਦੇ ਟੀਕੇ ਵੀ ਲਾਏ ਜਾਂਦੇ ਹਨ ਅਤੇ ਅਸਲੀ ਨਸ਼ੇ ਦੀਆਂ ਨਹਿਰਾਂ ਵੀ ਵਗਾਈਆਂ ਜਾਂਦੀਆਂ ਹਨ।

ਅਸੀਂ ਇਸ ਵਾਰੀ ਇਹ ਚਰਚਾ ਨਹੀਂ ਕਰਨੀ ਚਾਹੁੰਦੇ ਕਿ ਮੁਕਤਸਰ ਵਿਚ ਕਿਸ ਪਾਰਟੀ ਨੇ ਕੀ ਨਾਅਰਾ ਦਿੱਤਾ ਤੇ ਕੀ ਸੁਫਨੇ ਵਿਖਾਏ, ਕਿਉਂਕਿ ਸੁਫਨੇ ਵਿਖਾਉਣ ਵਿਚ ਸਾਡੇ ਲੀਡਰ ਹਮੇਸ਼ਾ ਬੜੀ ਕਮਾਲ ਕਰ ਸਕਦੇ ਹਨ। ਇਥੇ ਤਾਂ ਲੋਕਾਂ ਨੂੰ ਧਰਮ ਦੇ ਨਾਂ ਉਤੇ ਵੋਟਾਂ ਦੇਣ ਬਦਲੇ 'ਇਥੇ-ਉਥੇ ਦੋ ਜਹਾਨੀਂ ਰੱਬ ਦੀ ਮਿਹਰ' ਦਾ ਪ੍ਰਸ਼ਾਦ ਵੀ ਦਿੱਤਾ ਜਾਂਦਾ ਹੈ। ਕੋਈ ਰਾਮ ਮੰਦਰ ਦੇ ਨਾਂ ਉਤੇ ਵੋਟਾਂ ਮੰਗਦਾ ਹੈ, ਕੋਈ ਸਿੱਖੀ ਦੇ ਨਾਂ ਉਤੇ ਅਤੇ ਕੋਈ ਹੋਰ ਏਦਾਂ ਹੀ ਕਿਸੇ ਹੋਰ ਧਰਮ ਦਾ ਆਸਰਾ ਲੈਂਦਾ ਹੈ ਜਾਂ ਉਸ ਧਰਮ ਦੀਆਂ ਘੱਟ-ਗਿਣਤੀਆਂ ਦਾ ਹੇਜਲਾ ਬਣਨ ਦਾ ਵਿਖਾਲਾ ਕਰਦਾ ਹੈ। ਲੋਕ ਇਸ ਵਲਾਵੇਂ ਵਿਚ ਕਿਸੇ ਵੀ ਹੋਰ ਲਾਰੇ ਤੋਂ ਵੱਧ ਫਸ ਜਾਂਦੇ ਹਨ। ਲਾਰਾ ਇਹ ਵੀ ਲਾਇਆ ਜਾਂਦਾ ਹੈ ਕਿ ਜਦੋਂ ਸਾਡੇ ਹੱਥ ਰਾਜ ਆ ਗਿਆ, ਜਾਂ ਜੇ ਹੱਥਾਂ ਵਿਚ ਫੜੀ ਇਸ ਰਾਜ ਦੀ ਲਗਾਮ ਏਦਾਂ ਹੀ ਫੜੀ ਰਹੇਗੀ ਤਾਂ ਲੋਕਾਂ ਲਈ ਦੁੱਧ ਦੀਆਂ ਨਹਿਰਾਂ ਵਗਾ ਦਿੱਤੀਆਂ ਜਾਣਗੀਆਂ। ਬਾਅਦ ਵਿਚ ਲੀਡਰਾਂ ਦੇ ਕੁੱਤੇ ਵੀ ਦੁੱਧ ਪੀਂਦੇ ਹਨ ਅਤੇ ਆਮ ਲੋਕ ਭੁੱਖੇ ਸੌਣ ਲਈ ਮਜਬੂਰ ਹੁੰਦੇ ਹਨ। ਜੇ ਏਦਾਂ ਨਾ ਹੋਵੇ ਤਾਂ ਪੰਜਾਬ ਵਿਚ ਖੁਦਕੁਸ਼ੀਆਂ ਦੀ ਲੜੀ ਨਾ ਬੱਝੀ ਰਹੇ। ਉਰਦੂ ਦਾ ਸ਼ੇਅਰ ਹੈ, 'ਮਰਜ਼ ਬੜ੍ਹਤਾ ਗਿਆ, ਜਿਉਂ-ਜਿਉਂ ਦਵਾ ਕੀ'। ਉਹ ਪੰਜਾਬ ਉਤੇ ਪੂਰਾ ਢੁੱਕਦਾ ਹੈ।

ਜਿੱਥੇ ਹਾਲਾਤ ਵਿਗੜ ਜਾਣ, ਲੋਕ ਕਹਿੰਦੇ ਹਨ ਕਿ ਜੰਗਲ ਦਾ ਰਾਜ ਬਣਿਆ ਪਿਆ ਹੈ। ਸ਼ਾਇਦ ਜੰਗਲ ਦਾ ਵੀ ਕੋਈ ਕਾਨੂੰਨ ਹੋਵੇਗਾ, ਪਰ ਜਿਸ ਹਾਲਤ ਵਿਚ ਅਸੀਂ ਰਹਿੰਦੇ ਹਾਂ, ਉਥੇ ਕੋਈ ਕਾਇਦਾ ਕਾਨੂੰਨ ਹੀ ਨਹੀਂ ਜਾਪਦਾ।

ਮਿਸਾਲਾਂ ਦੇਣੀਆਂ ਹੋਣ ਤਾਂ ਕਥਾ ਕਿਸਾਨੀ ਦੇ ਦੁੱਖਾਂ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ। ਕਦੀ ਕੁਦਰਤ ਦਾ ਕਹਿਰ ਬਣ ਕੇ ਪਿਆ ਚਿੱਟਾ ਮੱਛਰ ਫਸਲ ਦਾ ਨੁਕਸਾਨ ਕਰਦਾ ਹੈ ਤੇ ਕਦੀ ਬਾਕੀ ਬਚਦੀ ਫਸਲ ਨੂੰ ਕਿਸੇ ਮੰਤਰੀ ਦੇ ਭੇਜੇ ਹੋਏ ਤੋਤੇ ਆਣ ਕੇ ਡੁੰਗਣ ਲੱਗਦੇ ਹਨ। ਫਿਰ ਪੜਤਾਲ ਦਾ ਸਾਂਗ ਹੁੰਦਾ ਹੈ। ਮੰਤਰੀ ਦਾ ਕੱਖ ਵਿਗੜਦਾ ਨਹੀਂ ਤੇ ਬਹੁਤਾ ਚਾਂਭਲਿਆ ਫਿਰਦਾ ਕੋਈ ਸਰਕਾਰੀ ਕਾਰਿੰਦਾ ਇਸ ਲਈ ਜੇਲ੍ਹ ਚਲਾ ਜਾਂਦਾ ਹੈ ਕਿ ਉਹ ਸਰਕਾਰ ਦੇ ਦਾਅ ਨਹੀਂ ਸੀ ਸਮਝ ਸਕਿਆ। ਉਹ ਸਮਝਦਾ ਸੀ ਕਿ ਮੈਂ ਸਰਕਾਰ ਦਾ ਖਾਸ ਬੰਦਾ ਹਾਂ, ਪਰ ਇਹ ਨਹੀਂ ਸੋਚ ਸਕਿਆ ਕਿ ਏਦਾਂ ਦੇ ਖਾਸ ਬੰਦੇ ਕਿਸੇ ਖਾਸ ਮੌਕੇ ਬਲੀ ਦੇਣ ਲਈ ਸਰਕਾਰਾਂ ਆਪ ਰੱਖਦੀਆਂ ਹਨ। ਚੀਨੀ ਕਹਾਵਤ ਹੈ ਕਿ ਬੱਕਰੇ ਦਾ ਬਚਾਅ ਕਰਨ ਲਈ ਚੂਚੇ ਦੀ ਬਲੀ ਦਿੱਤੀ ਜਾ ਸਕਦੀ ਹੈ। ਇਥੇ ਵੀ ਇਦਾਂ ਹੀ ਹੁੰਦਾ ਹੈ। ਲੋਕ ਇਸ ਕਾਰਵਾਈ ਦੇ ਵੱਲ ਵੇਖਦੇ ਰਹੇ ਕਿ ਮੰਤਰੀ ਜਾਂ ਕਾਰਿੰਦੇ ਵਿਚੋਂ ਕੌਣ ਫਸੇਗਾ? ਤੇ ਆਪਣੀ ਦੁੱਖ ਦੀ ਉਹ ਕਹਾਣੀ ਭੁੱਲ ਗਏ, ਜਿਹੜੀ ਉਨ੍ਹਾਂ ਨੂੰ ਯਾਦ ਰੱਖਣੀ ਚਾਹੀਦੀ ਸੀ। ਇਸ ਹਫਤੇ ਇੱਕ ਕਿਸਾਨ ਉਸ ਦਿਨ ਪਰਾਲੀ ਨੂੰ ਅੱਗ ਲਾ ਕੇ ਸੜ ਮਰਿਆ, ਜਿਸ ਦਿਨ ਕੁਝ ਘੰਟੇ ਬਾਅਦ ਹੀ ਉਸ ਦੀ ਧੀ ਦੀ ਬਾਰਾਤ ਆਉਣ ਵਾਲੀ ਸੀ। ਵਿਚਾਰਾ!

ਹੁਣ ਏਦਾਂ ਦੇ ਵਿਚਾਰੇ ਕਿਸਾਨਾਂ ਲਈ ਸਰਕਾਰ ਨੇ ਇੱਕ 'ਲੱਕੀ ਸਕੀਮ' ਕੱਢੀ ਹੈ ਕਿ ਜੇ ਕਿਸਾਨ ਖੁਦਕੁਸ਼ੀ ਕਰ ਲਵੇ ਤਾਂ ਉਸ ਦੇ ਪਰਿਵਾਰ ਨੂੰ ਉਸੇ ਦਿਨ ਮੁਆਵਜ਼ਾ ਮਿਲ ਜਾਵੇਗਾ। ਇਸ ਸਕੀਮ ਤੋਂ ਸਪੱਸ਼ਟ ਹੈ ਕਿ ਸਰਕਾਰ ਕਿਸਾਨ ਨੂੰ ਖੁਦਕੁਸ਼ੀਆਂ ਕਰਨ ਵਾਲੇ ਹਾਲਾਤ ਦੀ ਜਿਲ੍ਹਣ ਵਿਚੋਂ ਕੱਢਣ ਵਿਚ ਦਿਲਚਸਪੀ ਰੱਖਣ ਦੀ ਥਾਂ ਖੁਦਕੁਸ਼ੀਆਂ ਦਾ ਮੁਆਵਜ਼ਾ ਵੰਡਣ ਵਿਚ ਵੱਧ ਦਿਲਚਸਪੀ ਰੱਖਦੀ ਹੈ। ਇਹ ਵੀ ਰਾਜਨੀਤੀ ਹੈ। ਮੁਆਵਜ਼ੇ ਵਾਲਾ ਚੈੱਕ ਦੇਣ ਲਈ ਕੋਈ ਮੰਤਰੀ ਜਾਂ ਵਿਧਾਇਕ ਜਾਂ ਹਲਕਾ ਇੰਚਾਰਜ ਜਾਵੇਗਾ ਤਾਂ ਉਸ ਦੀ ਖਬਰ ਦੇ ਨਾਲ ਇਹ ਜ਼ਿਕਰ ਵੀ ਹੋਵੇਗਾ ਕਿ ਸਰਕਾਰ ਕਿਸਾਨਾਂ ਦੀ ਬੜੀ ਮਦਦਗਾਰ ਹੈ। ਇੱਕ ਗੱਲ ਦਾ ਚੇਤਾ ਨਹੀਂ ਰੱਖਿਆ ਗਿਆ। ਮਨਮੋਹਨ ਸਿੰਘ ਸਰਕਾਰ ਬਣਨ ਵੇਲੇ ਭਾਰਤ ਦੇ ਜਿਸ ਪਿੰਡ ਵਿਚ ਸਭ ਤੋਂ ਵੱਧ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਸਨ, ਉਸ ਪਿੰਡ ਵਿਚ ਦੇਸ਼ ਦਾ ਪ੍ਰਧਾਨ ਮੰਤਰੀ ਆਪ ਗਿਆ ਤੇ ਕਹਿ ਆਇਆ ਸੀ ਕਿ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਦੀ ਸਰਕਾਰ ਹਰ ਤਰ੍ਹਾਂ ਦੀ ਮਦਦ ਦੇਵੇਗੀ। ਨਤੀਜੇ ਵਜੋਂ ਅਗਲੇ ਹਫਤੇ ਖੁਦਕੁਸ਼ੀਆਂ ਵਧ ਗਈਆਂ ਸਨ। ਕਈ ਕਿਸਾਨਾਂ ਨੇ ਸਿਰਫ ਇਸ ਕਰ ਕੇ ਖੁਦਕੁਸ਼ੀ ਕਰ ਲਈ ਸੀ ਕਿ ਅਸੀਂ ਮਰ ਵੀ ਜਾਈਏ ਤਾਂ ਪਿੱਛੋਂ ਪਰਿਵਾਰ ਸੌਖਾ ਹੋ ਜਾਵੇਗਾ।

ਮਜ਼ਦੂਰ ਦੀ ਹਾਲਤ ਵੀ ਕਿਸਾਨ ਤੋਂ ਚੰਗੀ ਨਹੀਂ। ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਵੇਲੇ ਖੱਬੇ ਪੱਖੀਆਂ ਦੇ ਦਬਾਅ ਹੇਠ ਇੱਕ ਮਨਰੇਗਾ ਕਾਨੂੰਨ ਬਣਿਆ ਸੀ, ਜਿਸ ਦੇ ਨਾਲ ਪੇਂਡੂ ਗਰੀਬਾਂ ਨੂੰ ਰੁਜ਼ਗਾਰ ਦੇਣ ਲਈ ਗਾਰੰਟੀ ਕੀਤੀ ਜਾਂਦੀ ਸੀ ਤੇ ਜਦੋਂ ਕੰਮ ਨਾ ਮਿਲੇ ਤਾਂ ਉਨ੍ਹਾਂ ਦੀ ਮਜ਼ਦੂਰੀ ਦਾ ਪ੍ਰਬੰਧ ਸਰਕਾਰ ਕਰਦੀ ਸੀ। ਸਾਡੇ ਪੰਜਾਬ ਵਿਚ ਉਹ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਹੋਇਆ। ਜਿੰਨੇ ਮਜ਼ਦੂਰ ਇਸ ਰਾਜ ਵਿਚ ਖਾਲੀ ਹੱਥ ਹਨ, ਉਨ੍ਹਾਂ ਦਾ ਇੱਕ ਫੀਸਦੀ ਵੀ ਇਸ ਸਕੀਮ ਦਾ ਲਾਭ ਨਹੀਂ ਲੈ ਸਕਿਆ। ਸਕੀਮ ਵਾਸਤੇ ਆਏ ਪੈਸੇ ਅਣਵਰਤੇ ਪਏ ਰਹੇ ਜਾਂ ਹੋਰਨਾਂ ਸਕੀਮਾਂ 'ਚ ਵਰਤ ਲਏ ਗਏ ਤੇ ਮਜ਼ਦੂਰ ਪਹਿਲਾਂ ਵਾਂਗ ਚੌਕ 'ਚ ਖੜਾ ਦਿਹਾੜੀ ਕਰਨ ਦਾ ਸੌਦਾ ਉਡੀਕਦਾ ਹੈ।

ਜੰਗਲ ਦਾ ਰਾਜ ਤਾਂ ਪਤਾ ਨਹੀਂ ਕੀ ਹੁੰਦਾ ਹੈ, ਪਰ ਪੰਜਾਬ ਵਿਚ ਇਸ ਵੇਲੇ ਇਹ ਹਾਲ ਹੈ ਕਿ ਥਾਣਿਆਂ ਵਿਚ ਬੈਠੇ ਥਾਣੇਦਾਰ ਕਿਸੇ ਪਾਸੇ ਕੋਈ ਬੰਦਾ ਮਰੇ ਤੋਂ ਵੀ ਉਦੋਂ ਤੱਕ ਨਹੀਂ ਜਾਂਦੇ, ਜਦੋਂ ਤੱਕ ਇਲਾਕੇ ਦਾ ਐਮ ਐਲ ਏ ਜਾਂ ਹਲਕਾ ਇੰਚਾਰਜ ਨਹੀਂ ਆਖਦਾ। ਬੰਦਾ ਹੁਣ ਪੰਜਾਬ ਵਿਚ ਗਾਜਰ-ਮੂਲੀ ਹੋ ਗਿਆ ਹੈ। ਬੀਤੇ ਹਫਤੇ ਦੇ ਅਖਬਾਰ ਹੀ ਚੁੱਕ ਕੇ ਵੇਖ ਲਵੋ, ਤਿੰਨ ਥਾਂਈਂ ਖੁਸ਼ੀ ਵਾਲੇ ਮੌਕੇ ਡੀ ਜੇ ਵਜਾਉਣ ਤੋਂ ਕਤਲ ਹੋ ਗਏ। ਆਸਟਰੇਲੀਆ ਤੋਂ ਪੁੱਤਰ ਦੀ ਖੁਸ਼ੀ ਮਨਾਉਣ ਆਏ ਇੱਕ ਨੌਜਵਾਨ ਨੂੰ ਪਿੰਡ ਦੇ ਸਰਪੰਚ ਨੇ ਗੋਲੀ ਮਾਰ ਕੇ ਮਾਰ ਦਿੱਤਾ ਤੇ ਉਸ ਦੇ ਅਗਲੇ ਦਿਨ ਇੱਕ ਹੋਰ ਪਿੰਡ ਵਿਚ ਡੀ ਜੇ ਵਜਾਉਣ ਦੇ ਝਗੜੇ ਵਿਚ ਇੱਕ ਔਰਤ ਨੂੰ ਗੋਲੀ ਮਾਰ ਦਿੱਤੀ ਗਈ। ਕਿਸੇ ਵੀ ਵਿਆਹ ਵਿਚ ਜਾਈਏ ਤਾਂ ਕਈ ਲੋਕ ਬਿਨਾਂ ਵਜ੍ਹਾ ਗੋਲੀਆਂ ਚਲਾਈ ਜਾਂਦੇ ਹਨ, ਪੁਲਿਸ ਵਾਲੇ ਵੀ ਵਿਆਹ ਵਿਚ ਹੁੰਦੇ ਹਨ ਤੇ ਮੈਰਿਜ ਪੈਲੇਸ ਦੇ ਗੇਟ ਉਤੇ ਫਾਇਰਿੰਗ ਦੀ ਮਨਾਹੀ ਦਾ ਫੱਟਾ ਵੀ ਹੁੰਦਾ ਹੈ। ਜਿੱਥੇ ਕਿਤੇ ਕੋਈ ਬੰਦਾ ਏਦਾਂ ਚੱਲਦੀਆਂ ਗੋਲੀਆਂ ਨਾਲ ਮਾਰਿਆ ਜਾਵੇ, ਸਭ ਤੋਂ ਪਹਿਲਾਂ ਆਪਣੀਆਂ ਗੱਡੀਆਂ ਨੂੰ ਕੱਢ ਕੇ ਪੁਲਿਸ ਵਾਲੇ ਉਥੋਂ ਦੌੜਦੇ ਹਨ ਤਾਂ ਕਿ ਬਾਅਦ ਵਿਚ ਇਹ ਗੱਲ ਕਹਿ ਸਕਣ ਕਿ ਮੈਂ ਉਥੋਂ ਪਹਿਲਾਂ ਹੀ ਆ ਗਿਆ ਸਾਂ।

ਸਾਨੂੰ ਇਹ ਗੱਲ ਪਤਾ ਨਹੀਂ ਕਿ ਜੰਗਲ ਵਿਚ ਕੋਈ ਨਸ਼ਾ ਕਿਤੇ ਮਿਲਦਾ ਹੈ ਕਿ ਨਹੀਂ ਜਾਂ ਮਿਲਦਾ ਹੈ ਤਾਂ ਕਿਹੜਾ ਮਿਲਦਾ ਹੈ, ਪਰ ਪੰਜਾਬ ਬਾਰੇ ਇੱਕ ਰਿਪੋਰਟ ਇਸੇ ਹਫਤੇ ਆਈ ਹੈ, ਜਿਹੜੀ ਦੱਸਦੀ ਹੈ ਕਿ ਇਸ ਮਾਮਲੇ ਵਿਚ ਜੰਗਲ ਦਾ ਰਾਜ ਵੀ ਸਾਡੇ ਰਾਜ ਦਾ ਮੁਕਾਬਲਾ ਨਹੀਂ ਕਰ ਸਕਦਾ। ਕੁਝ ਸਮਾਂ ਪਹਿਲਾਂ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਚੰਡੀਗੜ੍ਹ ਆ ਕੇ ਕਿਹਾ ਸੀ ਕਿ ਪੰਜਾਬ ਵਿਚ ਸੱਤਰ ਫੀਸਦੀ ਨੌਜਵਾਨ ਨਸ਼ੇੜੀ ਹਨ। ਅਕਾਲੀ ਲੀਡਰ ਬਹੁਤ ਭੜਕੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਰਾਹੁਲ ਗਾਂਧੀ ਪੰਜਾਬ ਦੇ ਨੌਜਵਾਨਾਂ ਦੀ ਬਦਨਾਮੀ ਕਰਦਾ ਹੈ। ਫਿਰ ਕਿਸੇ ਨੇ ਇੱਕ ਰਿਪੋਰਟ ਕੱਢ ਲਿਆਂਦੀ, ਜਿਹੜੀ ਇਸ ਰਾਜ ਦੇ ਇੱਕ ਸਰਕਾਰੀ ਵਿਭਾਗ ਨੇ ਹਾਈ ਕੋਰਟ ਨੂੰ ਦਿੱਤੀ ਸੀ ਤੇ ਜਿਸ ਵਿਚ ਲਿਖਿਆ ਸੀ ਕਿ ਪੰਜਾਬ ਦੇ ਸੱਤਰ ਫੀਸਦੀ ਤੋਂ ਵੱਧ ਨੌਜਵਾਨ ਨਸ਼ੇ ਛਕੀ ਜਾਂਦੇ ਹਨ। ਮੁੱਦਾ ਠੱਪ ਹੋ ਗਿਆ। ਪਿਛਲੇ ਸਾਲ ਜਨਵਰੀ ਵਿਚ ਅਕਾਲੀ-ਭਾਜਪਾ ਗੱਠਜੋੜ ਵਿਚ ਨਸ਼ੀਲੇ ਪਦਾਰਥਾਂ ਦੇ ਮੁੱਦੇ ਉਤੇ ਖਿੱਚੋਤਾਣ ਸ਼ੁਰੂ ਹੋਈ ਤਾਂ ਭਾਜਪਾ ਨੇ ਇਸ ਦਾ ਸਰਵੇਖਣ ਕਰਾਉਣ ਦਾ ਐਲਾਨ ਕਰ ਦਿੱਤਾ। ਸਰਵੇਖਣ ਕਰਨ ਨੂੰ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਵਿਚੋਂ ਮਾਹਰ ਡਾਕਟਰਾਂ ਦੀ ਟੀਮ ਭੇਜ ਦਿੱਤੀ ਗਈ। ਹੁਣ ਸਰਵੇਖਣ ਦੀ ਰਿਪੋਰਟ ਆ ਗਈ ਹੈ ਤੇ ਇਹ ਪੰਜਾਬ ਦੀ ਬਰਬਾਦੀ ਦਾ ਦਸਤਾਵੇਜ਼ ਜਾਪਦੀ ਹੈ। ਤਾਜ਼ਾ ਸਰਵੇਖਣ ਮੁਤਾਬਕ ਪੰਜਾਬ ਵਿਚ ਰਾਹੁਲ ਗਾਂਧੀ ਜਾਂ ਪੰਜਾਬ ਦੇ ਕਿਸੇ ਸਰਕਾਰੀ ਵਿਭਾਗ ਦੀ ਲਿਖਤ ਵਾਂਗ 70 ਫੀਸਦੀ ਨੌਜਵਾਨ ਨਹੀਂ, 76 ਫੀਸਦੀ ਨੌਜਵਾਨ ਨਸ਼ੇ ਲੈਣ ਦੇ ਆਦੀ ਹੋ ਚੁੱਕੇ ਹਨ। ਇਨ੍ਹਾਂ ਵਿਚੋਂ 53 ਫੀਸਦੀ ਹੈਰੋਇਨ ਲੈਣ ਵਾਲੇ ਨੌਜਵਾਨ ਹਨ ਤੇ ਇਸ ਟੀਮ ਦੇ ਸਰਵੇਖਣ ਮੁਤਾਬਕ ਹੈਰੋਇਨ ਦੇ ਨਸ਼ੇੜੀ ਨੂੰ ਰੋਜ਼ ਇਸ ਨਸ਼ੇ ਲਈ ਘੱਟੋ-ਘੱਟ ਚੌਦਾਂ ਸੌ ਰੁਪਏ ਅਤੇ ਹਰ ਮਹੀਨੇ ਬਤਾਲੀ ਹਜ਼ਾਰ ਰੁਪਏ ਖਰਚ ਕਰਨੇ ਪੈਂਦੇ ਹਨ। ਇਸ ਟੀਮ ਨੇ ਹਿਸਾਬ ਲਾਇਆ ਹੈ ਕਿ ਇਸ ਤਰ੍ਹਾਂ ਪੰਜਾਬ ਤੋਂ ਰੋਜ਼ ਵੀਹ ਕਰੋੜ ਰੁਪਏ ਨਸ਼ੇ ਦੇ ਵਪਾਰੀਆਂ ਦੀ ਜੇਬ ਵਿਚ ਚਲੇ ਜਾਂਦੇ ਹਨ ਤੇ ਸਾਲ ਵਿਚ ਸਾਢੇ ਸੱਤ ਹਜ਼ਾਰ ਕਰੋੜ ਰੁਪਏ ਪੰਜਾਬ ਦੀ ਆਰਥਿਕਤਾ ਨੂੰ ਕੁੰਡੀ ਲਾਉਣ ਵਾਲੀ ਧਾੜ ਕਮਾਈ ਕਰ ਜਾਂਦੀ ਹੈ। ਜਿਸ ਰਾਜ ਵਿਚੋਂ ਹਰ ਸਾਲ ਏਨੇ ਪੈਸੇ ਲੋਕਾਂ ਦੀ ਜੇਬ ਵਿਚੋਂ ਨਿਕਲ ਕੇ ਨਸ਼ੇ ਦੀ ਨਾਲੀ ਵਿਚ ਰੁੜ੍ਹ ਜਾਣ, ਉਸ ਦੀ ਹਾਲਤ ਸੋਚੀ ਜਾ ਸਕਦੀ ਹੈ।

ਸੜਕ ਉਤੇ ਫੜ੍ਹੀ ਲਾਉਂਦੇ ਗਰੀਬਾਂ ਤੋਂ ਮਹੀਨਾ ਉਗਰਾਹੁੰਦੇ ਗੈਂਗ ਵੀ ਏਥੇ ਫਿਰਦੇ ਹਨ, ਗਾਂਵਾਂ ਦਾ ਵਪਾਰੀ ਘੇਰ ਕੇ ਉਸ ਨੂੰ ਕੁੱਟਣ ਤੇ ਜੇਬਾਂ ਖਾਲੀ ਕਰਨ ਵਾਲੇ ਵੀ ਅਤੇ ਹੈਰਾਨੀ ਦੀ ਗੱਲ ਇਹ ਕਿ ਹਰ ਬੱਸ ਅੱਡੇ ਕੋਲ ਉਹ ਗੈਂਗ ਵੀ ਖੜੇ ਹਨ, ਜਿਹੜੇ ਸਵਾਰੀਆਂ ਲੈਣ ਲਈ ਮਿੰਟ ਗਿਣ ਕੇ ਬੱਸਾਂ ਵਾਲਿਆਂ ਤੋਂ ਪੈਸੇ ਲੈਂਦੇ ਹਨ। ਜਗ੍ਹਾ ਸਰਕਾਰ ਦੀ ਹੈ ਤੇ ਪੈਸਾ ਗੈਂਗਾਂ ਦੇ ਗੁਰੂ-ਘੰਟਾਲਾਂ ਦੀ ਜੇਬ ਵਿਚੋਂ ਹੁੰਦਾ ਕਈ ਥਾਂਈਂ ਵੱਡੇ ਜਾਣ ਦੀ ਚਰਚਾ ਹੁੰਦੀ ਹੈ।

ਇਹੋ ਜਿਹੇ ਹਾਲ ਵਿਚ ਜਦੋਂ ਮਾਘੀ ਮੇਲੇ ਵਿਚ ਸਿਆਸਤ ਦੇ ਮਜਮੇ ਲੱਗੇ ਤਾਂ ਪੰਜਾਬ ਦਾ ਆਮ ਆਦਮੀ ਉਸ ਤਰ੍ਹਾਂ ਦਾ ਜਾਪਦਾ ਸੀ, ਜਿਸ ਬਾਰੇ ਇੱਕ ਬੜਾ ਪੁਰਾਣਾ ਟੋਟਕਾ ਮਸ਼ਹੂਰ ਹੈ। ਇੱਕ ਵਾਰੀ ਇੱਕ ਬੰਦਾ ਮੇਲੇ ਵਿਚ ਗਿਆ ਤਾਂ ਉਥੇ ਠੱਗੀਆਂ ਮਾਰਨ ਵਾਲੀਆਂ ਔਰਤਾਂ ਦੇ ਗਰੋਹ ਨੇ ਘੇਰ ਲਿਆ। ਉਨ੍ਹਾਂ ਨੇ ਉਸ ਨੂੰ 'ਫੁੱਫੜ' ਆਖ ਕੇ ਮੋਹ ਪਾ ਲਿਆ। ਜਦੋਂ ਗਰੀਬ ਬੰਦਾ ਸਰੋਵਰ ਵਿਚ ਇਸ਼ਨਾਨ ਕਰਨ ਗਿਆ, ਮੁੜਨ ਤੱਕ ਉਸ ਦੇ ਕੱਪੜੇ ਚੁੱਕ ਕੇ ਉਹ ਖਿਸਕ ਗਈਆਂ। ਵਿਚਾਰੇ ਸਿੱਧੜ ਜਿਹੇ ਬੰਦੇ ਨੂੰ ਉਨ੍ਹਾਂ ਦੀ ਪਛਾਣ ਨਹੀਂ ਸੀ। ਉਹ ਜਿੱਥੇ ਕਿਤੇ ਚਾਰ ਔਰਤਾਂ ਖੜੀਆਂ ਵੇਖਦਾ, ਕੋਲ ਜਾ ਕੇ ਪੁੱਛਣ ਲੱਗ ਜਾਂਦਾ: 'ਕੁੜੀਓ, ਮੈਂ ਕਿਹੜੀ ਦਾ ਫੁੱਫੜ ਹਾਂ?' ਵੋਟਾਂ ਪੰਜਾਬ ਦੇ ਲੋਕ ਕਈ ਵਾਰ ਅੱਗੇ ਵੀ ਪਾ ਚੁੱਕੇ ਹਨ, ਅਗਲੀ ਵਾਰ ਵੀ ਪਾ ਆਉਣਗੇ, ਪਰ ਜਿੱਥੋਂ ਤੱਕ ਆਮ ਆਦਮੀ ਦਾ ਸਬੰਧ ਹੈ, ਉਸ ਨੂੰ ਅਗਲੀ ਚੋਣ ਪਿੱਛੋਂ ਵੀ ਇਹ ਗੱਲ ਪੁੱਛਣੀ ਪੈ ਸਕਦੀ ਹੈ, 'ਓਏ, ਮੈਂ ਕਿਹੜੇ ਲੀਡਰ ਦਾ ਫੁੱਫੜ ਲੱਗਦਾਂ?'

> ਜੰਗਲ ਦਾ ਰਾਜ ਤਾਂ ਪਤਾ ਨਹੀਂ ਕੀ ਹੁੰਦਾ ਹੈ, ਪਰ ਪੰਜਾਬ ਵਿਚ ਇਸ ਵੇਲੇ ਇਹ ਹਾਲ ਹੈ ਕਿ ਥਾਣਿਆਂ ਵਿਚ ਬੈਠੇ ਥਾਣੇਦਾਰ ਕਿਸੇ ਪਾਸੇ ਕੋਈ ਬੰਦਾ ਮਰੇ ਤੋਂ ਵੀ ਉਦੋਂ ਤੱਕ ਨਹੀਂ ਜਾਂਦੇ, ਜਦੋਂ ਤੱਕ ਇਲਾਕੇ ਦਾ ਐਮ ਐਲ ਏ ਜਾਂ ਹਲਕਾ ਇੰਚਾਰਜ ਨਹੀਂ ਆਖਦਾ। ਬੰਦਾ ਹੁਣ ਪੰਜਾਬ ਵਿਚ ਗਾਜਰ-ਮੂਲੀ ਹੋ ਗਿਆ ਹੈ। ਬੀਤੇ ਹਫਤੇ ਦੇ ਅਖਬਾਰ ਹੀ ਚੁੱਕ ਕੇ ਵੇਖ ਲਵੋ, ਤਿੰਨ ਥਾਂਈਂ ਖੁਸ਼ੀ ਵਾਲੇ ਮੌਕੇ ਡੀ ਜੇ ਵਜਾਉਣ ਤੋਂ ਕਤਲ ਹੋ ਗਏ। ਆਸਟਰੇਲੀਆ ਤੋਂ ਪੁੱਤਰ ਦੀ ਖੁਸ਼ੀ ਮਨਾਉਣ ਆਏ ਇੱਕ ਨੌਜਵਾਨ ਨੂੰ ਪਿੰਡ ਦੇ ਸਰਪੰਚ ਨੇ ਗੋਲੀ ਮਾਰ ਕੇ ਮਾਰ ਦਿੱਤਾ ਤੇ ਉਸ ਦੇ ਅਗਲੇ ਦਿਨ ਇੱਕ ਹੋਰ ਪਿੰਡ ਵਿਚ ਡੀ ਜੇ ਵਜਾਉਣ ਦੇ ਝਗੜੇ ਵਿਚ ਇੱਕ ਔਰਤ ਨੂੰ ਗੋਲੀ ਮਾਰ ਦਿੱਤੀ ਗਈ।

## ਦੁਨੀਆਂ ਦੀ ਅੱਧੀ ਦੌਲਤ 'ਤੇ ਸਿਰਫ 62 ਅਮੀਰਾਂ ਦਾ ਕਬਜ਼ਾ

**ਲੰਡਨ:** ਕੌਮਾਂਤਰ ਸੰਸਥਾ 'ਔਕਸਫੈਮ ਇੰਟਰਨੈਸ਼ਨਲ' ਦੇ ਸਰਵੇਖਣ ਨੇ ਹੈਰਾਨੀਜਨਕ ਖੁਲਾਸਾ ਕੀਤਾ ਹੈ ਜਿਸ ਮੁਤਾਬਿਕ ਦੁਨੀਆਂ ਦੇ 62 ਅਮੀਰ ਲੋਕਾਂ ਕੋਲ ਜਿੰਨੀ ਸੰਪਤੀ ਹੈ, ਉਨੀ ਦੁਨੀਆਂ ਦੀ ਅੱਧੀ ਆਬਾਦੀ ਕੋਲ ਹੈ। ਔਕਸਫੈਮ ਇੰਟਰਨੈਸ਼ਨਲ ਦੀ ਰਿਪੋਰਟ ਮੁਤਾਬਿਕ ਸਾਲ 2010 ਤੋਂ ਲੈ ਕੇ ਹੁਣ ਤੱਕ ਅਮੀਰ ਹੋਰ ਅਮੀਰ ਹੋ ਰਹੇ ਹਨ ਤੇ ਗਰੀਬ ਹੋਰ ਗਰੀਬ।

ਔਕਸਫੈਮ ਦੀ ਇਸ ਰਿਪੋਰਟ ਅਨੁਸਾਰ ਅਨੁਸਾਰ ਦੁਨੀਆਂ ਦੇ ਅੱਧੇ ਸ੍ਰੋਤਾਂ ਅਤੇ ਦੌਲਤ 'ਤੇ ਕੇਵਲ 62 ਅਮੀਰਾਂ ਦਾ ਕਬਜ਼ਾ ਹੈ। ਇਨ੍ਹਾਂ ਅਮੀਰਾਂ ਦੀ ਦੌਲਤ ਜੋ 2010 'ਚ 1.76 ਟ੍ਰਿਲੀਅਨ ਡਾਲਰ ਸੀ, ਉਸ 'ਚ ਕਰੀਬ ਅੱਧਾ ਟ੍ਰਿਲੀਅਨ ਦਾ ਵਾਧਾ ਹੋਇਆ ਹੈ ਜਦੋਂ ਕਿ ਗਰੀਬਾਂ ਦੀ ਦੌਲਤ ਕਰੀਬ ਇਕ ਟ੍ਰਿਲੀਅਨ ਘੱਟ ਗਈ। ਰਿਪੋਰਟ ਮੁਤਾਬਿਕ 2010 ਤੋਂ ਇਨ੍ਹਾਂ 62 ਲੋਕਾਂ ਦੀ ਦੌਲਤ 44 ਫੀਸਦੀ ਤੱਕ ਵੱਧ ਗਈ ਹੈ, ਜਦੋਂ ਕਿ ਦੁਨੀਆ ਦੇ 35 ਕਰੋੜ ਗਰੀਬਾਂ ਦੀ ਦੌਲਤ 'ਚ 41 ਫੀਸਦੀ ਦੀ ਕਮੀ ਆਈ ਹੈ। ਔਕਸਫੈਮ ਨੇ ਸਵਿਟਜ਼ਰਲੈਂਡ ਦੇ ਦਾਵੋਸ 'ਚ ਵਰਲਡ ਇਕਨੌਮਿਕ ਫੋਰਮ ਦੀ ਸਾਲਾਨਾ ਮੀਟਿੰਗ 'ਚ ਇਸ ਰਿਪੋਰਟ ਨੂੰ ਪੇਸ਼ ਕੀਤਾ ਹੈ। ਦੁਨੀਆਂ ਦੇ ਸਭ ਤੋਂ ਵੱਡੇ ਇਨ੍ਹਾਂ ਅਮੀਰਾਂ 'ਚੋਂ ਅੱਧੇ ਅਮਰੀਕਾ ਦੇ 17 ਫੀਸਦੀ ਯੂਰਪ ਦੇ ਤੇ ਬਾਕੀ ਹੋਰ ਦੇਸ਼ਾਂ ਤੋਂ ਹਨ।

## ਨੌਜਵਾਨ ਦਾ ਗੋਲੀ ਮਾਰ ਕੇ ਕਤਲ

**ਇੰਡੀਆਨਾ:** ਟਾਂਡਾ ਨੇੜਲੇ ਪਿੰਡ ਬਹਾਦਰਪੁਰ ਦੇ ਨੌਜਵਾਨ ਖੁਸ਼ਪਿੰਦਰ ਸਿੰਘ (25) ਦਾ ਅਮਰੀਕਾ ਦੇ ਇੰਡੀਆਨਾ ਸ਼ਹਿਰ ਵਿਚ ਦੋ ਅਸ਼ਵੇਤ ਲੁਟੇਰਿਆਂ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ। ਖੁਸ਼ਪਿੰਦਰ ਸਿੰਘ ਨੇ ਜਦੋਂ ਆਪਣਾ ਸਟੋਰ ਖੋਲ੍ਹਿਆ ਤਾਂ ਦੋ ਵਿਅਕਤੀ ਉਥੇ ਆ ਗਏ ਅਤੇ ਉਨ੍ਹਾਂ ਆਉਂਦੇ ਹੀ ਉਸ ਨੂੰ ਲੁੱਟ ਦੀ ਨੀਅਤ ਨਾਲ ਗੋਲੀ ਮਾਰ ਦਿੱਤੀ। ਖੁਸ਼ਪਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਲੁਟੇਰੇ ਸਟੋਰ ਵਿਚੋਂ ਨਕਦੀ ਤੇ ਹੋਰ ਸਾਮਾਨ ਲੁੱਟ ਕੇ ਫਰਾਰ ਹੋ ਗਏ।

## ਨੇਤਾਜੀ ਦੀ ਮੌਤ ਜਹਾਜ਼ ਹਾਦਸੇ 'ਚ ਹੋਣ ਦਾ ਦਾਅਵਾ

**ਲੰਡਨ:** ਇੰਗਲੈਂਡ ਆਧਾਰਿਤ ਵੈੱਬਸਾਈਟ ਨੇ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਗੁੰਮਸ਼ੁਦਗੀ ਬਾਰੇ ਬਣੇ ਰਹੱਸ ਤੋਂ ਪਰਦਾ ਚੁਕਦਿਆਂ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਮੌਤ ਤਾਇਵਾਨ 'ਚ ਜਹਾਜ਼ ਦੇ ਹਾਦਸਾਗ੍ਰਸਤ ਹੋਣ ਕਰ ਕੇ ਹੋਈ।

ਵੈੱਬਸਾਈਟ ਨੇ ਨੇਤਾਜੀ ਦੇ ਨੇੜਲੇ ਸਾਥੀ, ਦੋ ਜਪਾਨੀ ਡਾਕਟਰਾਂ, ਇਕ ਦੁਭਾਸ਼ੀਏ ਅਤੇ ਇਕ ਤਾਇਵਾਨੀ ਨਰਸ ਦੇ ਹਵਾਲੇ ਨਾਲ ਕਿਹਾ ਹੈ ਕਿ ਇੰਡੀਅਨ ਨੈਸ਼ਨਲ ਆਰਮੀ ਦੇ ਸੰਸਥਾਪਕ ਦਾ ਦੇਹਾਂਤ 18 ਅਗਸਤ 1945 ਨੂੰ ਤੇਇਪੇ ਦੇ ਬਾਹਰਵਾਰ ਖੇਤਾਂ 'ਚ ਜਹਾਜ਼ ਦੇ ਡਿੱਗਣ ਦੌਰਾਨ ਹੋ ਗਿਆ ਸੀ।

'ਬੋਸ ਫਾਈਲਜ਼ ਡਾਟ ਇੰਫੋ' ਵੈੱਬਸਾਈਟ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਪੰਜ ਗਵਾਹਾਂ ਦੇ ਬਿਆਨਾਂ ਤੋਂ ਬਾਅਦ ਕੋਈ ਦੋ ਰਾਏ ਨਹੀਂ ਕਿ ਸ੍ਰੀ ਬੋਸ ਦਾ 18 ਅਗਸਤ 1945 ਦੀ ਰਾਤ ਨੂੰ ਹੀ ਦੇਹਾਂਤ ਹੋ ਗਿਆ ਸੀ। ਸ੍ਰੀ ਬੋਸ ਦੇ ਸਾਥੀ ਅਤੇ ਜਹਾਜ਼ ਹਾਦਸੇ 'ਚ ਬਚੇ ਕਰਨਲ ਹਬੀਬ ਉਰ ਰਹਿਮਾਨ ਖਾਨ ਵੱਲੋਂ 24 ਅਗਸਤ 1945 ਨੂੰ ਦਿੱਤੇ ਗਏ ਬਿਆਨ 'ਚ ਉਨ੍ਹਾਂ ਨੇਤਾਜੀ ਦੇ ਆਖਰੀ ਬੋਲਾਂ ਦਾ ਜ਼ਿਕਰ ਕੀਤਾ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਸ੍ਰੀ ਬੋਸ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ (ਨੇਤਾਜੀ ਸੁਭਾਸ਼ ਚੰਦਰ ਬੋਸ) ਦਾ ਅੰਤ ਨਜ਼ਦੀਕ ਹੈ ਅਤੇ ਦੇਸ਼ਵਾਸੀਆਂ ਲਈ ਸੁਨੇਹਾ ਦਿੰਦਿਆਂ ਉਨ੍ਹਾਂ ਨੂੰ ਆਜ਼ਾਦੀ ਲਈ ਜੰਗ ਜਾਰੀ ਰੱਖਣ ਲਈ ਕਿਹਾ।

ਸਤੰਬਰ 1945 'ਚ ਭਾਰਤ ਤੋਂ ਦੋ ਖੁਫੀਆ ਟੀਮਾਂ ਬੈਂਕਾਕ, ਸੈਗਾਨ ਅਤੇ ਤਾਇਪੇ ਗਈਆਂ ਸਨ ਅਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਨੇਤਾਜੀ ਦਾ ਦੇਹਾਂਤ ਜਹਾਜ਼ ਹਾਦਸੇ 'ਚ ਹੋ ਗਿਆ।

## ਕਪੂਰ ਖ਼ਾਨਦਾਨ ਦੀ ਪੁਸ਼ਤੈਨੀ ਹਵੇਲੀ ਢਾਹੁਣ ਵਾਲਿਆਂ ਖਿਲਾਫ ਕੇਸ ਦਰਜ

**ਪਿਸ਼ਾਵਰ:** ਪਾਕਿਸਤਾਨੀ ਅਧਿਕਾਰੀਆਂ ਨੇ ਉੱਘੇ ਫਿਲਮਸਾਜ਼ ਰਾਜ ਕਪੂਰ ਦੀ ਪੁਸ਼ਤੈਨੀ ਹਵੇਲੀ ਦੇ ਨਵੇਂ ਮਾਲਕਾਂ ਖ਼ਿਲਾਫ਼ ਕੇਸ ਦਰਜ ਕਰਵਾਇਆ ਹੈ ਜਿਨ੍ਹਾਂ 'ਤੇ ਕੌਮੀ ਵਿਰਾਸਤ ਵਾਲੀ ਇਸ ਇਮਾਰਤ ਨੂੰ ਢਾਹੁਣ ਦਾ ਦੋਸ਼ ਹੈ।

ਪੁਰਾਤੱਤਵ ਤੇ ਅਜਾਇਬਘਰ ਦੇ ਡਾਇਰੈਕਟੋਰੇਟ ਵੱਲੋਂ ਪੁਰਾਣੇ ਪਿਸ਼ਾਵਰ ਸ਼ਹਿਰ ਦੇ ਢੱਕੀ ਮੁਨੱਵਰ ਸ਼ਾਹ ਇਲਾਕੇ ਵਿਚ ਸਥਿਤ ਇਸ ਇਕ ਸਦੀ ਪੁਰਾਣੀ ਹਵੇਲੀ ਦੇ ਮਾਲਕਾਂ ਖਿਲਾਫ਼ ਖਾਨ ਰਜ਼ੀਕ ਪੁਲਿਸ ਸਟੇਸ਼ਨ ਵਿਚ ਕੇਸ ਦਰਜ ਕਰਵਾਇਆ ਗਿਆ ਹੈ। ਹਵੇਲੀ ਦੇ ਨਵੇਂ ਮਾਲਕਾਂ ਵੱਲੋਂ ਇਮਾਰਤ ਢਾਹ ਕੇ ਇੱਥੇ ਕਮਰਸ਼ੀਅਲ ਪਲਾਜ਼ਾ ਬਣਾਉਣ ਦੀ ਯੋਜਨਾ ਹੈ। ਇਸ ਦੀ ਪਹਿਲੀ ਮੰਜ਼ਿਲ ਪੂਰੀ ਤਰ੍ਹਾਂ ਢਾਹ ਦਿੱਤੀ ਗਈ ਸੀ ਜਦਕਿ ਦੂਜੀ ਤੇ ਤੀਜੀ ਮੰਜ਼ਲ ਦੇ ਦਰਵਾਜ਼ੇ ਤੇ ਤਾਕੀਆਂ ਵੀ ਪਿਛਲੇ ਹਫ਼ਤੇ ਹਟਾ ਦਿੱਤੇ ਗਏ। ਪੁਰਾਤੱਤਵ ਵਿਭਾਗ ਨੇ ਇਸ ਇਤਿਹਾਸਕ ਹਵੇਲੀ ਦੀ ਢਾਹ-ਢੁਹਾਈ ਖ਼ਿਲਾਫ਼ ਮੁਕਾਮੀ ਅਦਾਲਤ ਤੋਂ ਸਟੇਅ ਆਰਡਰ ਹਾਸਲ ਕਰ ਲਏ ਸਨ। ਯਾਦ ਰਹੇ ਕਿ ਪ੍ਰਿਥਵੀਰਾਜ ਕਪੂਰ ਨੇ 1920 ਵਿਚ ਇਹ ਹਵੇਲੀ ਬਣਵਾਈ ਜਿਥੇ ਰਾਜ ਕਪੂਰ ਤੇ ਹੋਰ ਬੱਚਿਆਂ ਦਾ ਜਨਮ ਹੋਇਆ ਸੀ। ਚੇਤੇ ਰਹੇ, ਕਪੂਰ ਪਰਿਵਾਰ ਤੇ ਦਲੀਪ ਕੁਮਾਰ ਦੇ ਪੁਸ਼ਤੈਨੀ ਘਰਾਂ ਨੂੰ ਕੌਮੀ ਵਿਰਾਸਤ ਦਾ ਦਰਜਾ ਦਿੱਤਾ ਗਿਆ ਸੀ।

# ਅੰਤਾਂ ਦੀ ਬੇਰੁਜ਼ਗਾਰੀ ਨੇ ਨਸ਼ਿਆਂ ਵੱਲ ਧੱਕੀ ਪੰਜਾਬ ਦੀ ਜਵਾਨੀ

**ਨਵੀਂ ਦਿੱਲੀ:** ਪੰਜਾਬ ਵਿਚ ਇਸ ਵੇਲੇ ਤਕਰੀਬਨ 2.3 ਲੱਖ ਲੋਕ ਨਸ਼ੇ ਉਤੇ ਨਿਰਭਰ ਹਨ ਜਿਨ੍ਹਾਂ ਵਿਚੋਂ 76 ਫੀਸਦੀ ਦੀ ਉਮਰ 18 ਤੋਂ 35 ਸਾਲ ਦੇ ਵਿਚਕਾਰ ਹੈ ਤੇ ਨਸ਼ੇ ਲਈ ਹੈਰੋਇਨ ਦੀ ਵਰਤੋਂ ਵੱਡੇ ਪੱਧਰ ਉਤੇ ਕੀਤੀ ਜਾ ਰਹੀ ਹੈ। ਕੇਂਦਰੀ ਸਮਾਜਿਕ ਨਿਆਂ ਤੇ ਸ਼ਕਤੀਕਰਨ ਮੰਤਰਾਲੇ ਵੱਲੋਂ ਸੂਬਾ ਸਰਕਾਰ ਦੀ ਸਹਾਇਤਾ ਨਾਲ ਬਣਾਏ ਕਮਿਸ਼ਨ ਦੇ ਸਰਵੇਖਣ ਦੀ ਰਿਪੋਰਟ ਮੁਤਾਬਕ 99 ਫੀਸਦੀ ਨਸ਼ੇੜੀ ਮਰਦ ਹਨ ਅਤੇ 54 ਫੀਸਦੀ ਸ਼ਾਦੀਸ਼ੁਦਾ ਹਨ।

ਰਿਪੋਰਟ ਮੁਤਾਬਕ ਇਨ੍ਹਾਂ ਵਿਚੋਂ ਬਹੁਤੇ (89 ਫੀਸਦੀ) ਪੜ੍ਹੇ ਲਿਖੇ ਹਨ ਅਤੇ ਉਨ੍ਹਾਂ ਕੋਲ ਕੋਈ ਨਾ ਕੋਈ ਆਮ ਡਿਗਰੀ ਹੈ। ਨਸ਼ੇ ਉਤੇ ਨਿਰਭਰ ਵਿਅਕਤੀਆਂ ਵਿਚੋਂ 56 ਫੀਸਦੀ ਪੇਂਡੂ ਇਲਾਕਿਆਂ ਤੋਂ ਹਨ ਤੇ ਤਕਰੀਬਨ ਸਾਰਿਆਂ 99 ਫੀਸਦੀ ਨੇ ਆਪਣੀ ਮਾਤ ਭਾਸ਼ਾ ਪੰਜਾਬੀ ਦੱਸੀ ਹੈ। ਇਸ ਗਰੁੱਪ ਵੱਲੋਂ ਸਭ ਤੋਂ ਵੱਧ ਆਮ ਨਸ਼ਾ ਹੈਰੋਇਨ (53 ਫੀਸਦੀ) ਵਰਤਿਆ ਜਾਂਦਾ ਹੈ ਅਤੇ ਇਸ ਤੋਂ ਪਿੱਛੋਂ ਅਫੀਮ, ਡੋਡੇ ਅਤੇ ਭੁੱਕੀ ਦਾ ਨੰਬਰ ਦਾ ਆਉਂਦਾ ਹੈ।

ਬਾਕੀ (14 ਫੀਸਦੀ) ਵੱਖ-ਵੱਖ ਦਵਾਈਆਂ ਨੂੰ ਨਸ਼ੇ ਦੇ ਰੂਪ ਵਿਚ ਵਰਤਦੇ ਹਨ। ਇਕ ਤਿਹਾਈ ਨਸ਼ੇੜੀ ਆਪਣਾ ਨਸ਼ਾ ਟੀਕੇ ਰਾਹੀਂ ਲੈਂਦੇ ਹਨ ਅਤੇ ਉਨ੍ਹਾਂ ਵਿਚੋਂ 90 ਫੀਸਦੀ (ਕੁੱਲ ਮਿਲਾ ਕੇ 29 ਫੀਸਦੀ) ਹੈਰੋਇਨ ਦਾ ਟੀਕਾ ਲਾਉਂਦੇ ਹਨ। ਇਹ ਸਰਵੇਖਣ 10 ਜ਼ਿਲ੍ਹਿਆਂ ਬਠਿੰਡਾ, ਫਿਰੋਜ਼ਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮੋਗਾ, ਪਟਿਆਲਾ, ਸੰਗਰੂਰ, ਤਰਨਤਾਰਨ ਜਿਨ੍ਹਾਂ ਵਿਚ ਸੂਬੇ ਦੀ ਕੁੱਲ ਵਸੋਂ ਵਿਚੋਂ 60 ਫੀਸਦੀ ਲੋਕ ਰਹਿੰਦੇ ਹਨ, ਵਿਚ 3620 ਨਸ਼ੇੜੀਆਂ 'ਤੇ ਕੀਤਾ ਗਿਆ ਹੈ। ਪੰਜਾਬ ਨਸ਼ਾ ਨਿਰਭਰਤਾ ਸਰਵੇਖਣ ਸੁਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਿਸ ਤੇ ਏਮਜ਼ ਦੇ ਨੈਸ਼ਨਲ ਡਰੱਗ ਡਿਪੈਂਡੈਂਸ ਟਰੀਟਮੈਂਟ ਸੈਂਟਰ ਵੱਲੋਂ ਸਾਂਝੇ ਤੌਰ 'ਤੇ ਸਰਵੇਖਣ ਕੀਤਾ ਗਿਆ ਹੈ।

## ਸੂਬੇ ਵਿਚ 89 ਫੀਸਦੀ ਨਸ਼ੇੜੀ ਪੜ੍ਹੇ ਲਿਖੇ



## ਨਸ਼ੇੜੀਆਂ ਨੂੰ ਇਲਾਜ ਲਈ ਸਹੂਲਤਾਂ ਉਤੇ ਸਵਾਲ

**ਚੰਡੀਗੜ੍ਹ:** ਰਿਪੋਰਟ ਵਿਚ ਭਾਰੀ ਮੰਗ ਦੇ ਬਾਵਜੂਦ ਨਸ਼ੇ 'ਤੇ ਨਿਰਭਰ ਵਿਅਕਤੀਆਂ ਲਈ ਇਲਾਜ ਸੇਵਾਵਾਂ ਦੀ ਉਪਲਬਧਤਾ ਵਿਚ ਪਾੜੇ ਨੂੰ ਉਜਾਗਰ ਕੀਤਾ ਗਿਆ ਹੈ। ਨਸ਼ੇੜੀਆਂ ਵਿਚੋਂ 80 ਫੀਸਦੀ ਨੇ ਨਸ਼ਾ ਛੱਡਣ ਦਾ ਯਤਨ ਕੀਤਾ, ਪਰ ਮਦਦ ਸਿਰਫ 35 ਫੀਸਦੀ ਨੂੰ ਨਸੀਬ ਹੋਈ। 2001 ਵਿਚ ਵੱਖ-ਵੱਖ ਤਰੀਕਿਆਂ ਨਾਲ ਕੀਤੇ ਕੌਮੀ ਸਰਵੇਖਣ ਵਿਚ ਸਮੁੱਚੇ ਦੇਸ਼ ਵਿਚ ਪੰਜ ਲੱਖ ਨਸ਼ੇੜੀਆਂ ਦਾ ਪਤਾ ਲੱਗਾ ਸੀ। ਸਰਵੇਖਣ ਵਿਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਪੰਜਾਬ ਵਿਚ ਗੈਰਕਾਨੂੰਨੀ ਨਸ਼ਿਆਂ ਦਾ ਵੱਡਾ ਬਾਜ਼ਾਰ ਹੈ। ਇਸ ਅਧਿਐਨ ਵਿਚ ਨਸ਼ੇੜੀਆਂ ਵੱਲੋਂ ਹਰ ਰੋਜ਼ ਖਰਚ ਕੀਤੇ ਜਾਂਦੇ ਪੈਸੇ ਦੇ ਵੀ ਅੰਕੜੇ ਦਿੱਤੇ ਗਏ ਹਨ। ਇਸ ਦਾ ਕਹਿਣਾ ਕਿ ਹਰ ਰੋਜ਼ ਨਸ਼ੇੜੀ ਤਕਰੀਬਨ 20 ਕਰੋੜ ਰੁਪਏ ਨਸ਼ੀਲੀਆਂ ਵਸਤਾਂ ਖਰੀਦਣ 'ਤੇ ਖਰਚ ਰਹੇ ਹਨ। ਸਾਲ ਭਰ ਦਾ ਇਹ ਖਰਚ ਤਕਰੀਬਨ 7575 ਕਰੋੜ ਰੁਪਏ ਬਣਦਾ ਹੈ। ਮਾਹਿਰਾਂ ਨੇ ਇਸ ਕੁਰੀਤੀ ਨਾਲ ਨਜਿੱਠਣ ਲਈ ਥੋੜੇ ਤੇ ਲੰਬੇ ਸਮੇਂ ਦੀਆਂ ਰਣਨੀਤੀਆਂ, ਵੱਖ-ਵੱਖ ਧਿਰਾਂ ਵਿਚ ਅੰਤਰ-ਖੇਤਰੀ ਤਾਲਮੇਲ ਦੀ ਸਿਫਾਰਸ਼ ਕੀਤੀ ਹੈ।

## ਜੇਲ੍ਹਾਂ ਵਿਚ ਨਸ਼ਿਆਂ ਦੀ ਆਮਦ ਰੋਕਣ ਤੋਂ ਹੱਥ ਖੜ੍ਹੇ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਜੇਲ੍ਹਾਂ ਵਿਚ ਨਸ਼ਿਆਂ ਦੀ ਆਮਦ ਰੋਕਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਜੇਲ੍ਹ ਅਧਿਕਾਰੀਆਂ ਨੇ ਕਬੂਲ ਕੀਤਾ ਹੈ ਕਿ ਜੇਲ੍ਹਾਂ ਵਿਚ ਨਸ਼ਿਆਂ ਤੇ ਹੋਰ ਇਤਰਾਜ਼ਯੋਗ ਸਮੱਗਰੀ ਦੀ ਆਮਦ ਨੂੰ ਰੋਕਣਾ ਮੁਸ਼ਕਲ ਹੈ। ਉਨ੍ਹਾਂ ਕਿਹਾ ਹੈ ਕਿ ਨਿਵੇਕਲੇ ਢੰਗਾਂ, ਪੁਰਾਣੇ ਸਾਜ਼ੋ-ਸਾਮਾਨ ਅਤੇ ਜੇਲ੍ਹਾਂ ਭਰੀਆਂ ਹੋਣ ਕਰ ਕੇ ਨਸ਼ਿਆਂ 'ਤੇ ਲਗਾਮ ਲਾਉਣਾ ਮੁਸ਼ਕਲ ਹੋ ਰਿਹਾ ਹੈ। ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਜਸਟਿਸ ਤਜਿੰਦਰ ਸਿੰਘ ਢੀਂਡਸਾ ਦੀ ਬੈਂਚ ਸਾਹਮਣੇ ਇਹ ਕਬੂਲਨਾਮਾ ਉਸ ਸਮੇਂ ਆਇਆ ਜਦੋਂ ਜੁੱਤੀਆਂ ਵਿਚ 1300 ਨਸ਼ੀਲੀ ਗੋਲੀਆਂ ਨਾਲ ਫੜੇ ਗਏ ਵਿਅਕਤੀ ਦਾ ਮਾਮਲਾ ਸੁਣਵਾਈ ਲਈ ਆਇਆ। ਨਸ਼ੇ ਦੇ ਮਾਮਲੇ ਵਿਚ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਕਰਦਿਆਂ ਜਸਟਿਸ ਢੀਂਡਸਾ ਨੇ ਕਿਹਾ ਕਿ ਸੂਬੇ ਨੇ ਮਾੜੇ ਹਾਲਾਤ ਦੀ ਗੱਲ ਕਬੂਲ ਲਈ ਹੈ ਤੇ ਇਸ ਤੋਂ ਅਫਸੋਸਨਾਕ ਹਾਲਾਤ ਹੋਰ ਕੀ ਹੋ ਸਕਦੇ ਹਨ।

ਪਿਛਲੇ ਸਾਲ ਸੱਤ ਦਸੰਬਰ ਨੂੰ ਹਾਈਕੋਰਟ ਨੇ ਸਰਕਾਰੀ ਵਕੀਲ ਨੂੰ ਹਲਫਨਾਮਾ ਦਾਖਲ ਕਰ ਕੇ ਕਾਰਵਾਈ ਬਾਰੇ ਜਾਣਕਾਰੀ ਮੰਗੀ ਸੀ। ਇਸ ਦੇ ਜਵਾਬ ਵਿਚ ਅੰਮ੍ਰਿਤਸਰ ਸ਼ਹਿਰ ਦੇ ਸਹਾਇਕ ਪੁਲਿਸ ਕਮਿਸ਼ਨਰ (ਪੱਛਮੀ) ਨੇ ਹਲਫਨਾਮਾ ਪੇਸ਼ ਕੀਤਾ, ਜਿਸ 'ਚ ਕਿਹਾ ਗਿਆ ਕਿ ਅੰਮ੍ਰਿਤਸਰ ਕੇਂਦਰੀ ਜੇਲ੍ਹ ਦੇ ਸੁਪਰਡੈਂਟ ਤੋਂ ਜਵਾਬ ਮੰਗਿਆ ਗਿਆ। ਜਸਟਿਸ ਢੀਂਡਸਾ ਨੇ ਕਿਹਾ ਕਿ ਰਿਪੋਰਟ ਵਿਚ ਦਿਲਚਸਪ ਗੱਲਾਂ ਸਾਹਮਣੇ ਆਈਆਂ ਹਨ। ਸੁਪਰਡੈਂਟ ਨੇ ਕਿਹਾ ਹੈ ਕਿ ਨਿਵੇਕਲੇ ਢੰਗ-ਤਰੀਕੇ ਅਪਣਾਉਣ ਕਰ ਕੇ ਨਸ਼ੇ, ਮੋਬਾਈਲ ਫੋਨ ਅਤੇ ਹੋਰ ਸਮੱਗਰੀ ਜੇਲ੍ਹਾਂ ਵਿਚ ਪਹੁੰਚ ਜਾਂਦੇ ਹਨ ਤੇ ਇਨ੍ਹਾਂ ਦਾ ਪਤਾ ਲਾਉਣ ਵਾਲੇ ਯੰਤਰ ਪੁਰਾਣੇ ਪੈ ਗਏ ਹਨ। ਇਸ ਕਾਰਨ ਜੇਲ੍ਹ ਵਿਚ ਇਹ ਸਾਮਾਨ ਆਉਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੇਲ੍ਹ ਮੁਲਾਜ਼ਮ ਤੇ ਅਧਿਕਾਰੀ ਆਪਣੀ ਸਮਰਥਾ ਮੁਤਾਬਕ ਕੰਮ ਕਰਦੇ ਹਨ, ਪਰ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿਚ ਕੈਦੀ ਵੱਧ ਹੋਣ ਕਰ ਕੇ ਦਿੱਕਤ ਆ ਰਹੀ ਹੈ। ਜਸਟਿਸ ਢੀਂਡਸਾ ਨੇ ਕਿਹਾ ਕਿ ਰਿਪੋਰਟ ਤੋਂ ਇਹ ਝਲਕ ਮਿਲਦੀ ਹੈ ਕਿ ਸਰਕਾਰ ਨੇ ਕੁਝ ਉਪਰਾਲੇ ਕੀਤੇ ਹੋਣਗੇ ਪਰ ਅਜਿਹਾ ਕੁਝ ਨਹੀਂ ਕੀਤਾ ਗਿਆ ਹੈ। ਉਨ੍ਹਾਂ ਸਰਕਾਰੀ ਵਕੀਲ ਦੀ ਬੇਨਤੀ ਨੂੰ ਸਵੀਕਾਰ ਕਰਦਿਆਂ ਚਾਰ ਹਫਤਿਆਂ ਦਾ ਸਮਾਂ ਦੇ ਦਿੱਤਾ ਤਾਂ ਜੋ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿਚ ਲੋੜੀਂਦੇ ਕਦਮ ਚੁੱਕੇ ਜਾ ਸਕਣ। ਅਦਾਲਤ ਨੇ ਅਗਲੀ ਪੇਸ਼ੀ 'ਤੇ ਇਨ੍ਹਾਂ ਕਦਮਾਂ ਦੀ ਜਾਣਕਾਰੀ ਵੀ ਮੰਗੀ ਹੈ।

# ਤੀਰਥ ਯਾਤਰਾ ਲਈ ਮਾਇਆ ਦੇ ਜੁਗਾੜ 'ਤੇ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਉਸ ਸਮੇਂ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ 'ਮੁੱਖ ਮੰਤਰੀ ਤੀਰਥ ਦਰਸ਼ਨ ਯਾਤਰਾ' ਦਾ ਖੁਦ ਹੀ ਨੋਟਿਸ ਲੈ ਲਿਆ। ਜਸਟਿਸ ਰਾਜੇਸ਼ ਬਿੰਦਲ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਯੋਜਨਾ ਲਈ ਰੱਖੇ ਗਏ ਪੈਸਿਆਂ ਤੇ ਉਸ ਦੇ ਸਰੋਤਾਂ ਬਾਰੇ ਹਲਫਨਾਮਾ ਦਾਖਲ ਕਰਨ ਲਈ ਕਿਹਾ ਹੈ।

ਇਹ ਹੁਕਮ ਉਸ ਸਮੇਂ ਜਾਰੀ ਕੀਤੇ ਗਏ ਜਦੋਂ ਜਸਟਿਸ ਬਿੰਦਲ ਨੂੰ ਦੱਸਿਆ ਗਿਆ ਕਿ ਤਕਰੀਬਨ ਦੋ ਦਹਾਕੇ ਪਹਿਲਾਂ ਸਨਅਤੀ ਇਕਾਈਆਂ ਲਈ ਸ਼ੁਰੂ ਕੀਤੀ ਗਈ ਯੋਜਨਾ ਤਹਿਤ ਪੰਜ ਕਰੋੜ ਰੁਪਏ ਦੀ ਸਬਸਿਡੀ ਦੀ ਅਜੇ ਤੱਕ ਅਦਾਇਗੀ ਨਹੀਂ ਕੀਤੀ ਗਈ ਹੈ। ਦਲੀਲਾਂ ਸੁਣਨ ਤੋਂ ਬਾਅਦ ਜਸਟਿਸ ਨੇ ਸਰਕਾਰੀ ਵਕੀਲ ਵੱਲੋਂ ਦਿੱਤੇ ਗਏ ਭਰੋਸੇ 'ਤੇ ਅਸੰਤੁਸ਼ਟੀ ਪ੍ਰਗਟਾਈ। ਉਨ੍ਹਾਂ ਕਿਹਾ ਕਿ ਵਿਵਾਦ ਇਸ ਗੱਲ ਨੂੰ ਲੈ ਕੇ ਨਹੀਂ ਹੈ ਕਿ ਯੋਜਨਾ 1996 ਵਿਚ ਸ਼ੁਰੂ ਹੋਈ ਤੇ ਹੁਣ ਤੱਕ ਸਬਸਿਡੀ ਦਾ ਪੰਜ ਕਰੋੜ ਰੁਪਏ ਬਕਾਇਆ ਪਿਆ ਹੈ।

ਜਸਟਿਸ ਨੇ ਕਿਹਾ ਕਿ ਇਹ ਰਕਮ ਮੌਜੂਦਾ ਵਿੱਤੀ ਵਰ੍ਹੇ ਵਿਚ ਅਦਾ ਕਰਨ ਦੇ ਤਰਕ ਨੂੰ ਰਾਜ ਦੇ ਵਤੀਰੇ ਨੂੰ ਦੇਖਦਿਆਂ ਸਵੀਕਾਰਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਹੁਣੇ ਜਿਹੇ ਮੁੱਖ ਮੰਤਰੀ ਤੀਰਥ ਦਰਸ਼ਨ ਯਾਤਰਾ ਯੋਜਨਾ ਸ਼ੁਰੂ ਕੀਤੀ ਹੈ ਜਿਵੇਂ ਕਿ ਪ੍ਰੈਸ ਵਿਚ ਆਇਆ ਹੈ। ਪੰਜਾਬ ਸਰਕਾਰ ਦੇ ਮੁੱਖ ਸਕੱਤਰ ਹਲਫਨਾਮਾ ਦਾਖਲ ਕਰਨ ਕਿ ਯੋਜਨਾ ਲਈ ਕਿੰਨਾ ਪੈਸਾ ਰੱਖਿਆ ਗਿਆ ਹੈ ਤੇ ਫੰਡਾਂ ਦਾ ਸਰੋਤ ਕੀ ਹੈ। ਜ਼ਿਕਰਯੋਗ ਹੈ ਕਿ ਮੋਦਗਿਲ ਫੈਸ਼ਨ ਐਕਸਪੋਰਟਸ ਨੇ ਪੰਜਾਬ ਸਰਕਾਰ ਅਤੇ ਹੋਰਾਂ ਖਿਲਾਫ 2014 ਵਿਚ ਇਹ ਪਟੀਸ਼ਨ ਦਾਖਲ ਕੀਤੀ ਸੀ।

## ਹਾਈਕੋਰਟ ਨੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ



# ਨਰੇਂਦਰ ਮੋਦੀ, ਨਿਤੀਸ਼ ਨੂੰ ਜਿਤਾਉਣ ਵਾਲਾ ਹੁਣ ਕੈਪਟਨ ਦੇ ਪਾਲੇ ਵਿਚ

**ਚੰਡੀਗੜ੍ਹ:** ਦੇਸ਼ ਵਿਚ ਚੋਣ ਰਣਨੀਤੀ ਬਣਾਉਣ ਦੇ ਮਾਹਿਰ ਪ੍ਰਸ਼ਾਂਤ ਕਿਸ਼ੋਰ ਪੰਜਾਬ ਵਿਚ ਕਾਂਗਰਸ ਨੂੰ ਸਹਿਯੋਗ ਦੇਣਗੇ। ਪੰਜਾਬ ਕਾਂਗਰਸ ਦੀ 2017 ਦੀਆਂ ਵਿਧਾਨ ਸਭਾ ਚੋਣਾਂ ਲਈ ਪ੍ਰਸ਼ਾਂਤ ਕਿਸ਼ੋਰ ਨਾਲ ਗੱਲਬਾਤ ਹੋ ਚੁੱਕੀ ਹੈ। ਕਿਸ਼ੋਰ ਹੀ ਕਾਂਗਰਸ ਲਈ ਚੋਣ ਪ੍ਰਚਾਰ ਰਣਨੀਤੀ ਤਿਆਰ ਕਰਨਗੇ।

ਪੰਜਾਬ ਕਾਂਗਰਸ ਨੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪ੍ਰਸ਼ਾਂਤ ਨਾਲ ਪਿਛਲੇ ਹਫਤੇ ਗੱਲਬਾਤ ਹੋ ਚੁੱਕੀ ਹੈ। ਪ੍ਰਸ਼ਾਂਤ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਲਈ ਪੰਜ ਮਹੀਨੇ ਪਹਿਲਾਂ ਪ੍ਰਚਾਰ ਕੀਤਾ ਸੀ ਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਲਈ ਤਿੰਨ ਮਹੀਨੇ ਪਹਿਲਾਂ ਕੰਮ ਸ਼ੁਰੂ ਕੀਤਾ ਸੀ। ਕੈਪਟਨ ਨੇ ਕਿਹਾ ਕਿ ਪ੍ਰਸ਼ਾਂਤ ਪੰਜਾਬ ਵਿਚ ਕਾਂਗਰਸ ਲਈ ਜੁਲਾਈ ਤੋਂ ਕੰਮ ਸ਼ੁਰੂ ਕਰਨਗੇ। ਸੂਤਰਾਂ ਮੁਤਾਬਕ ਪ੍ਰਸ਼ਾਂਤ ਕਿਸ਼ੋਰ ਆਉਣ ਵਾਲੇ ਦਿਨਾਂ ਵਿਚ ਆਪਣੀ ਟੀਮ ਤੋਂ ਪੰਜਾਬ ਦਾ ਸਰਵੇਖਣ ਕਰਵਾਉਣਗੇ। ਇਸ ਤੋਂ ਬਾਅਦ ਉਹ ਪੰਜਾਬ ਬਾਰੇ ਚੋਣ ਪ੍ਰਚਾਰ ਦੀ ਰਣਨੀਤੀ ਤਿਆਰ ਕਰਨਗੇ। ਸੂਤਰਾਂ ਮੁਤਾਬਕ ਕਾਂਗਰਸ ਸੋਸ਼ਲ ਮੀਡੀਆ 'ਤੇ ਆਦਮੀ ਪਾਰਟੀ ਨੂੰ ਕਾਊਂਟਰ ਕਰਨ ਲਈ ਵੀ ਵੱਡੀ ਰਣਨੀਤੀ ਬਣਾ ਰਹੀ ਹੈ ਕਿਉਂਕਿ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲਾ ਨੌਜਵਾਨ ਤਬਕਾ 'ਆਪ' ਵੱਲ ਲਗਾਤਾਰ ਆਕਰਸ਼ਿਤ ਹੋ ਰਿਹਾ ਹੈ। ਜ਼ਿਕਰਯੋਗ ਹੈ ਕਿ ਮਾਘੀ ਦੀਆਂ ਸਿਆਸੀ ਕਾਨਫਰੰਸਾਂ ਵਿਚ 'ਆਪ' ਵੱਲੋਂ ਤਾਕਤਵਰ ਰੂਪ ਵਿਚ ਉੱਭਰਨ ਕਾਰਨ ਕਾਂਗਰਸ ਨੂੰ ਵੱਡਾ ਖਤਰਾ ਖੜ੍ਹਾ ਹੋਇਆ ਹੈ ਜਿਸ ਕਰਕੇ ਹੀ ਕਾਂਗਰਸ ਚੋਣ ਜਿੱਤਣ ਲਈ ਹਰ ਹੱਥਕੰਡਾ ਆਪਣਾ ਰਹੀ ਹੈ।

## ਆਰਥਿਕ ਤੰਗੀ ਕਾਰਨ ਦੋ ਕਿਸਾਨਾਂ ਵੱਲੋਂ ਖੁਦਕੁਸ਼ੀ

**ਚੰਡੀਗੜ੍ਹ:** ਪੰਜਾਬ ਵਿਚ ਵੱਖ-ਵੱਖ ਥਾਈਂ ਦੋ ਕਿਸਾਨਾਂ ਤੇ ਇਕ ਮਜ਼ਦੂਰ ਨੇ ਕਰਜ਼ੇ ਅਤੇ ਗਰੀਬੀ ਕਾਰਨ ਖੁਦਕੁਸ਼ੀ ਕਰ ਲਈ। ਰਾਮਪੁਰਾ ਫੂਲ ਲਾਗਲੇ ਪਿੰਡ ਚੂਹੜ ਭੈਣੀ ਤੇ ਭਵਾਨੀਗੜ੍ਹ ਨੇੜਲੇ ਪਿੰਡ ਘਰਾਚੋਂ ਵਿਖੇ ਕਿਸਾਨਾਂ ਤੇ ਬਰਨਾਲਾ ਵਿਚ ਮਜ਼ਦੂਰ ਨੇ ਮੌਤ ਨੂੰ ਗਲੇ ਲਾਇਆ। ਪਿੰਡ ਚੂਹੜ ਭੈਣੀ ਵਿਖੇ ਕਰਜ਼ੇ ਤੋਂ ਪਰੇਸ਼ਾਨ ਕਿਸਾਨ ਨੇ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ ਕਰ ਲਈ।



ਕਿਸਾਨ ਮਿੱਠੂ ਸਿੰਘ ਪੁੱਤਰ ਕੌਰ ਸਿੰਘ ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕਰਦਾ ਸੀ, ਜੋ ਤਿੰਨ ਕਿੱਲੇ ਨਰਮਾ ਖਰਾਬ ਹੋ ਜਾਣ ਕਾਰਨ ਪਰੇਸ਼ਾਨ ਸੀ। ਉਸ ਨੇ ਆੜ੍ਹਤੀਆਂ ਦਾ ਤਕਰੀਬਨ ਤਿੰਨ ਲੱਖ ਰੁਪਏ ਕਰਜ਼ਾ ਦੇਣਾ ਸੀ।

ਪਿੰਡ ਘਰਾਚੋਂ ਦੇ ਇਕ ਕਿਸਾਨ ਨੇ ਕਰਜ਼ੇ ਦਾ ਭਾਰ ਨਾ ਝੱਲਦਿਆਂ ਸਮਾਣਾ ਨੇੜੇ ਭਾਖੜਾ ਨਹਿਰ ਵਿਚ ਛਾਲ ਮਾਰ ਕੇ ਜਾਨ ਦੇ ਦਿੱਤੀ। ਕਿਸਾਨ ਲਾਭ ਸਿੰਘ ਨੇ ਪੰਜ ਏਕੜ ਜ਼ਮੀਨ ਠੇਕੇ 'ਤੇ ਲੈ ਕੇ ਝੋਨਾ ਬੀਜਿਆ ਸੀ ਜੋ ਤਬਾਹ ਹੋ ਗਿਆ। ਇਸੇ ਤਰ੍ਹਾਂ ਮਜ਼ਦੂਰ ਰਣਜੀਤ ਸਿੰਘ ਨੇ ਗੁਰਬਤ ਕਾਰਨ ਘਰ ਵਿਚ ਹੀ ਮਕਾਨ ਦੀ ਛੱਤ ਦੇ ਗਾਰਡਰ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਉਹ ਕਾਫੀ ਸਮੇਂ ਤੋਂ ਮਾਨਸਿਕ ਤਣਾਓ ਵਿਚ ਚੱਲ ਰਿਹਾ ਸੀ।

# ਆਸਟਰੇਲੀਆ ਨੇ ਦੁਖ ਦੀ ਘੜੀ ਵਿਚ ਬਾਂਹ ਫੜੀ

**ਮੈਲਬਰਨ:** ਆਸਟਰੇਲੀਆ ਸਰਕਾਰ ਨੇ ਸਿੱਖ ਪਰਿਵਾਰ ਨੂੰ ਪਿਤਾ ਦੇ ਅੰਤਿਮ ਸਸਕਾਰ ਵਿਚ ਸ਼ਾਮਲ ਹੋਣ ਦੀ ਆਗਿਆ ਦੇ ਦਿੱਤੀ ਹੈ। ਮੈਲਬਰਨ ਵਿਚ ਰਹਿਣ ਵਾਲੇ ਜਸਪਾਲ ਸਿੰਘ ਕੋਲ ਭਾਰਤ ਆਉਣ ਦਾ ਵੀਜ਼ਾ ਨਹੀਂ ਸੀ। ਜਸਪਾਲ ਸਿੰਘ ਦੇ ਪਿਤਾ ਗੁਰਦਿਆਲ ਸਿੰਘ ਦੀ ਮੌਤ ਇਥੇ ਏਅਰਪੋਰਟ ਦੇ ਗੇਟ 'ਤੇ ਉਸ ਸਮੇਂ ਹੋਈ ਸੀ, ਜਦੋਂ ਉਹ ਆਪਣੇ ਪੁੱਤਰ ਨੂੰ ਮਿਲਣ ਲਈ ਪਹਿਲੀ ਵਾਰ ਮੈਲਬਾਰਨ ਆਇਆ ਸੀ। ਪੁੱਤਰ ਨਾਲ ਮੁਲਾਕਾਤ ਤੋਂ ਪਹਿਲਾਂ ਹੀ ਗੁਰਦਿਆਲ ਸਿੰਘ ਨੂੰ ਹਵਾਈ ਅੱਡੇ ਦੇ ਗੇਟ ਉੱਤੇ ਦਿਲ ਦਾ ਦੌਰਾ ਪੈ ਗਿਆ, ਜੋ ਉਸ ਲਈ ਜਾਨ ਲੇਵਾ ਸਾਬਤ ਹੋਇਆ। ਜਸਪਾਲ ਸਿੰਘ ਆਪਣੇ ਪਿਤਾ ਦਾ ਸਸਕਾਰ ਭਾਰਤ ਵਿਚ ਕਰਨਾ ਚਾਹੁੰਦਾ ਸੀ, ਪਰ ਇਸ ਵਿਚ ਦਿੱਕਤ ਉਸ ਦਾ ਵੀਜ਼ਾ ਸੀ। ਜੇਕਰ ਜਸਪਾਲ ਸਿੰਘ ਭਾਰਤ ਆਉਂਦਾ ਤਾਂ ਉਹ ਫਿਰ ਤੋਂ ਆਸਟਰੇਲੀਆ ਵਾਪਸ ਨਹੀਂ ਸੀ ਜਾ ਸਕਦਾ। ਇਸੇ ਮਸਲੇ ਨੂੰ ਲੈ ਕੇ ਜਸਪਾਲ ਸਿੰਘ ਨੇ ਆਸਟਰੇਲੀਆ ਦੇ ਇਮੀਗ੍ਰੇਸ਼ਨ ਮੰਤਰੀ ਪੀਟਰ ਡਟਨ ਨੂੰ ਅਪੀਲ ਕੀਤੀ। ਮੰਤਰੀ ਨੇ ਆਪਣੀ ਸਪੈਸ਼ਲ ਪਾਵਰ ਦੀ ਵਰਤੋਂ ਕਰਦੇ ਹੋਏ ਜਸਪਾਲ ਨੂੰ ਸਪੈਸ਼ਲ 'ਬ੍ਰਿਜਿੰਗ ਬੀ ਵੀਜ਼ਾ' ਜਾਰੀ ਕੀਤਾ। ਜਿਸ ਨਾਲ ਉਹ ਆਪਣੇ ਪਰਿਵਾਰ ਸਮੇਤ ਭਾਰਤ ਜਾ ਕੇ ਪਿਤਾ ਦੇ ਅੰਤਿਮ ਸੰਸਕਾਰ ਵਿਚ ਸ਼ਾਮਲ ਹੋ ਸਕਦਾ ਹੈ। ਇਸ ਨਵੇਂ ਵੀਜ਼ਾ ਅਧੀਨ ਉਸ ਨੂੰ ਇਕ ਮਾਰਚ, 2016 ਤੱਕ ਆਸਟਰੇਲੀਆ ਵਾਪਸੀ ਕਰਨੀ ਪਵੇਗੀ।



## ਭਾਰਤੀ ਬਜ਼ੁਰਗ ਉਤੇ ਹਮਲਾ ਕਰਨ ਵਾਲਾ ਪੁਲਿਸ ਅਫਸਰ ਬਰੀ

**ਓਲਬਾਮਾ:** ਅਮਰੀਕਾ ਦੀ ਅਦਾਲਤ ਨੇ ਭਾਰਤੀ ਬਜ਼ੁਰਗ ਨਾਲ ਇਕ ਪੁਲਿਸ ਅਫਸਰ ਵੱਲੋਂ ਕੀਤੀ ਗਈ ਕੁੱਟਮਾਰ ਦੇ ਮਾਮਲੇ ਨੂੰ ਖਾਰਜ ਕਰ ਦਿੱਤਾ ਹੈ। ਜੱਜ ਨੇ ਆਪਣੇ ਫੈਸਲਾ ਵਿਚ ਆਖਿਆ ਹੈ ਕਿ ਭਾਰਤੀ ਬਜ਼ੁਰਗ ਸੁਰੇਸ਼ ਭਾਈ ਪਟੇਲ ਉੱਤੇ ਹਮਲਾ ਕਰਨ ਵਾਲੇ ਪੁਲਿਸ ਅਧਿਕਾਰੀ ਏਰਿਕ ਪਾਰਕਰ ਵਿਰੁੱਧ ਗਲਤ ਮੁਕੱਦਮਾ ਚਲਾਇਆ ਜਾ ਰਿਹਾ ਸੀ। ਇਸ ਲਈ ਕੇਸ ਨੂੰ ਰੱਦ ਕਰ ਕੇ ਪੁਲਿਸ ਅਫਸਰ ਨੂੰ ਬਰੀ ਕੀਤਾ ਜਾਂਦਾ ਹੈ। ਯਾਦ ਰਹੇ ਕਿ ਛੇ ਫਰਵਰੀ ਨੂੰ ਸੁਰੇਸ਼ ਭਾਈ ਪਟੇਲ ਆਪਣੇ ਘਰ ਨੇੜੇ ਸੈਰ ਕਰ ਰਿਹਾ ਸੀ ਤਾਂ ਅਚਾਨਕ ਇਕ ਪੁਲਿਸ ਅਫਸਰ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਕੁੱਟਮਾਰ ਦੀ ਪੂਰੀ ਘਟਨਾ ਸੀ.ਸੀ.ਟੀ.ਵੀ. ਕੈਮਰੇ ਵਿਚ ਵੀ ਕੈਦ ਹੋਈ ਸੀ। ਕੁੱਟਮਾਰ ਤੋਂ ਬਾਅਦ ਸੁਰੇਸ਼ ਭਾਈ ਪਟੇਲ ਨੂੰ ਲਕਵਾ ਮਾਰ ਗਿਆ ਸੀ। ਮਾਮਲਾ ਅਮਰੀਕਾ ਦੇ ਮੀਡੀਆ ਵਿਚ ਵੀ ਛਾਇਆ। ਜਿਸ ਤੋਂ ਬਾਅਦ ਪੁਲਿਸ ਅਫਸਰ ਖਿਲਾਫ ਕਾਰਵਾਈ ਕੀਤੀ ਗਈ ਸੀ, ਪਰ ਹੁਣ ਅਦਾਲਤ ਦੇ ਫੈਸਲੇ ਨੇ ਇਕ ਵਾਰ ਫਿਰ ਤੋਂ ਭਾਰਤੀ ਭਾਈਚਾਰੇ ਨੂੰ ਨਿਰਾਸ਼ ਕੀਤਾ ਹੈ।

# ਚੰਗਾ ਰਿਹਾ ਗੋਲਡਨ ਪੰਜਾਬ ਕਲੱਬ ਦਾ ਪ੍ਰੋਗਰਾਮ 'ਕੱਚ ਦੀਆਂ ਮੁੰਦਰਾਂ'

**ਨਿਊਆਰਕ (ਬਿਊਰੋ):** ਗੋਲਡਨ ਪੰਜਾਬ ਕਲੱਬ ਯੂ.ਐਸ.ਏ ਵਲੋਂ ਇਥੇ ਓਅਸਿਸ ਪੈਲੇਸ, ਨਿਊਆਰਕ ਬੁਲੇਵਾਰਡ ਵਿਖੇ ਕਰਵਾਏ ਗਏ ਸਭਿਆਚਾਰਕ ਪ੍ਰੋਗਰਾਮ 'ਕੱਚ ਦੀਆਂ ਮੁੰਦਰਾਂ' ਵਿਚ ਬੱਚਿਆਂ ਨੇ ਗਿੱਧੇ-ਭੰਗੜੇ ਅਤੇ



ਪੰਜਾਬੀ ਸਭਿਆਚਾਰ ਦਰਸਾਉਂਦੀਆਂ ਹੋਰ ਆਈਟਮਾਂ ਪੇਸ਼ ਕਰਕੇ ਜਿਥੇ ਆਪਣੇ ਸਭਿਆਚਾਰ ਨਾਲ ਜੁੜੇ ਹੋਣ ਦਾ ਸਬੂਤ ਦਿਤਾ, ਉਥੇ ਨਾਲ ਹੀ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਵੀ ਕੀਤਾ।

ਪ੍ਰੋਗਰਾਮ ਦੇ ਅਰੰਭ ਵਿਚ ਕਲੱਬ ਦੇ ਚੇਅਰਮੈਨ ਮਰਹੂਮ ਸੰਤੋਖ ਸਿੰਘ ਤੱਖਰ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਤੋਂ ਬਾਅਦ ਗੁਰਜੋਤ ਤੇ ਚਰਨਦੀਪ ਸਿੰਘ ਨੇ ਢੋਲ 'ਤੇ ਡਗਾ ਲਾਇਆ। ਪ੍ਰਭ ਸਿਮਰਨ ਸਿੰਘ, ਰਵੀਨਾ ਵਿਰਦੀ, ਸਵਰੀਨ ਸੰਧੂ, ਪਲਕ ਪ੍ਰੀਤ ਅਤੇ ਆਂਚਲ ਹੋਠੀ ਨੇ ਗੀਤ ਤੇ ਕੋਰੀਓਗਰਾਫ਼ੀ ਪੇਸ਼ ਕੀਤੇ। ਅਜੇ ਅਕੈਡਮੀ ਦੇ ਬੱਚਿਆਂ ਅਤੇ ਨੌਜਵਾਨ ਜਸਮੀਤ ਸਿੰਘ ਦੇ ਗਰੁੱਪ ਨੇ ਭੰਗੜਾ ਪਾਇਆ। ਅਵਤਾਰ ਸਿੰਘ ਨੇ ਸਾਰੰਗੀ ਵਾਦਨ ਕਰ ਕੇ ਸਭ ਨੂੰ ਮੰਤਰ-ਮੁਗਧ ਕਰੀ ਰਖਿਆ। ਇਸ ਤੋਂ ਇਲਾਵਾ ਪ੍ਰਿੰਸੀਪਲ ਹਰਨੇਕ ਸਿੰਘ, ਜੱਸ ਸਰਾਂ, ਅਮਰਜੀਤ ਜੌਹਲ, ਜਸਵਿੰਦਰ ਧਨੋਆ, ਗੋਗੀ ਸੰਧੂ, ਅਰਚਨਾ ਪਾਂਡਾ, ਗੁਰਬਚਨ ਕੌਰ ਅਤੇ ਅੰਜੂ ਕੁਮਾਰੀ ਨੇ ਪੰਜਾਬੀ ਸਭਿਆਚਾਰ ਦੇ ਵੱਖ-ਵੱਖ ਰੰਗ ਪੇਸ਼ ਕੀਤੇ।

ਇਸ ਮੌਕੇ ਪੰਜਾਬੀ ਅਤੇ ਪੰਜਾਬੀਅਤ ਲਈ ਕੰਮ ਕਰਦੀਆਂ ਸ਼ਖਸੀਅਤਾਂ ਮੰਚ ਸੰਚਾਲਕਾ ਆਸ਼ਾ ਸ਼ਰਮਾ, ਸੁਰਿੰਦਰ ਧਨੋਆ (ਪੰਜਾਬ ਲੋਕ ਰੰਗਮੰਚ), ਗਜ਼ਲਗੋ ਕੁਲਵਿੰਦਰ, ਸੁਖਨਿੰਦਰ ਕੌਰ (ਤੀਆਂ), ਰੇਅ ਵਾਲੀਆ (ਧੀਆਂ ਮਰ ਜਾਣੀਆਂ), ਜਸਪਾਲ ਸਿੰਘ ਅਤੇ ਗੋਗੀ (ਅਜੇ ਅਕੈਡਮੀ ਭੰਗੜਾ), ਬਲਜੀਵਨ (ਰੰਗ ਮੰਚ), ਇੰਦਰਜੀਤ ਚਾਹਲ (ਪੋਸਟ ਆਫ਼ਿਸ), ਸੂਫ਼ੀ ਗਾਇਕ ਅਲਮਸਤ ਦੇਸਰਪੁਰੀ ਦਾ ਸਨਮਾਨ ਕੀਤਾ ਗਿਆ।

ਸਮਾਗਮ ਦੇ ਗਰੈਂਡ ਸਪਾਂਸਰ ਸਤਵੰਤ ਸਿੰਘ (ਸਤਵੰਤ ਇੰਸ਼ੋਰੈਂਸ), ਧਰਮਵੀਰ ਸਿੰਘ (ਬੇਅ ਏਰੀਆ ਹੋਮ ਲੋਨਜ਼), ਪ੍ਰੀਤਮ ਸਿੰਘ ਗਰੇਵਾਲ, ਰੇਅ ਵਾਲੀਆ (ਧੀਆਂ ਮਰ ਜਾਣੀਆਂ), ਸਨੀ ਗੋਸਵਾਮੀ ਅਤੇ ਲਵਪ੍ਰੀਤ ਪਨੂੰ (ਮਾਰਕੀਟਿੰਗ) ਸਨ। ਪ੍ਰੋਗਰਾਮ ਦਾ ਮੰਚ ਸੰਚਾਲਨ ਨੀਲਮ ਸੈਣੀ ਨੇ ਕੀਤਾ।

ਪ੍ਰੋਗਰਾਮ ਦੀ ਖਾਸੀਅਤ ਇਹ ਰਹੀ ਕਿ ਕਲੱਬ ਦੀ ਮੈਂਬਰ, ਬਾਰਵੀਂ ਕਲਾਸ ਵਿਚ ਪੜ੍ਹਦੀ ਬੱਚੀ ਸਵਰੀਨ ਸੰਧੂ ਨੇ ਬੱਚਿਆਂ ਦੀਆਂ ਕੁਝ ਆਈਟਮਾਂ ਦੇ ਨਾਲ-ਨਾਲ 'ਰਿਸ਼ਤੇ ਕੁਇਜ਼' ਦਾ ਉਤਸ਼ਾਹ ਨਾਲ ਸੰਚਾਲਨ ਕੀਤਾ।

ਬਹੁਤ ਸਾਰੇ ਬੱਚੇ ਇਸ ਪ੍ਰੋਗਰਾਮ ਦੌਰਾਨ ਕਲੱਬ ਦੇ ਯੂਥ ਵਿੰਗ ਦੇ ਮੈਂਬਰ ਬਣੇ।

ਗੋਲਡਨ ਪੰਜਾਬ ਕਲੱਬ ਦੇ ਪ੍ਰਬੰਧਕਾਂ ਅਨੁਸਾਰ ਕਲੱਬ ਲਈ ਬੱਚਿਆਂ ਦੀ ਮੈਂਬਰਸ਼ਿਪ ਖੁੱਲ੍ਹੀ ਹੈ, ਕੋਈ ਦਾਖ਼ਲਾ ਫ਼ੀਸ ਵੀ ਨਹੀਂ ਹੈ। ਕਲੱਬ ਦਾ ਉਦੇਸ਼ ਵਿਰਸੇ ਦੇ ਵਾਰਸਾਂ ਨੂੰ ਵਿਰਸੇ ਨਾਲ ਜੋੜਨਾ ਹੈ, ਇਸ ਲਈ ਇਸ ਪਾਸੇ ਹਰ ਸੰਭਵ ਹੀਲਾ ਹੋਣਾ ਚਾਹੀਦਾ ਹੈ।



*ਗੁਰਜੋਤ ਅਤੇ ਚਰਨਦੀਪ ਸਿੰਘ ਢੋਲ 'ਤੇ ਡਗਾ ਲਾਉਂਦੇ ਹੋਏ*



*ਕਲੱਬ ਦੇ ਯੂਥ ਵਿੰਗ ਦੀਆਂ ਮੈਂਬਰ ਸਬਰੀਨ ਸੰਧੂ ਅਤੇ ਲਵਪ੍ਰੀਤ, ਨੀਲਮ ਸੈਣੀ (ਵਿਚਕਾਰ) ਨਾਲ*

# ਡਾ. ਜੋਸਫ ਕੈਸਟਰੋ ਪੰਜਾਬੀਆਂ ਦੇ ਰੂਬਰੂ ਹੋਏ

**ਸੈਲਮਾ, ਕੈਲੀਫੋਰਨੀਆ (ਬਿਊਰੋ):** ਫਰਿਜ਼ਨੋ ਸਟੇਟ ਯੂਨੀਵਰਸਿਟੀ ਦੇ ਕੁਲਪਤੀ ਡਾ. ਜੋਸਫ ਕੈਸਟਰੋ ਲੰਘੇ ਮੰਗਲਵਾਰ ਸਥਾਨਕ ਗੁਰਦੁਆਰਾ ਪੈਸਿਫਿਕ ਕੋਸਟ ਸਿੱਖ ਸੈਂਟਰ ਵਿਖੇ ਪੰਜਾਬੀ ਕਮਿਉਨਿਟੀ ਨੂੰ ਮਿਲਣ ਲਈ ਪਹੁੰਚੇ। ਇਸ ਮੌਕੇ ਵੱਖ ਵੱਖ ਖਿੱਤਿਆਂ ਨਾਲ ਜੁੜੇ ਪੰਜਾਬੀ ਭਾਰੀ ਗਿਣਤੀ ਵਿਚ ਡਾ. ਕੈਸਟਰੋ ਦੇ ਵਿਚਾਰ ਸੁਣਨ ਲਈ ਪਹੁੰਚੇ।

ਮੀਟਿੰਗ ਦੀ ਸ਼ੁਰੂਆਤ ਇਕਬਾਲ ਸਿੰਘ ਗਰੇਵਾਲ ਨੇ ਸਭਨਾਂ ਨੂੰ ਜੀ ਆਇਆਂ ਆਖ ਕੇ ਕੀਤੀ। ਮੀਟਿੰਗ ਵਿਚ ਮੁੱਖ ਮੁੱਦਾ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨੂੰ ਫਰਿਜ਼ਨੋ ਸਟੇਟ ਯੂਨੀਵਰਸਿਟੀ ਦੀ ਸਿਸਟਰ ਯੂਨੀਵਰਸਿਟੀ ਦਾ ਦਰਜਾ ਦਵਾਉਣ ਅਤੇ ਕਿਸਾਨਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਇਰਦ-ਗਿਰਦ ਰਿਹਾ। ਬੁਲਾਰਿਆਂ ਨੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਅਤੇ ਰਾਸ਼ਟਰਪਤੀ ਓਬਾਮਾ ਵਿਚਾਲੇ ਦੋਵਾਂ ਦੇਸ਼ਾਂ ਦੇ ਕਿਸਾਨਾਂ ਦੀ ਭਲਾਈ ਲਈ



ਹੋਏ ਸਮਝੌਤਿਆਂ ਨੂੰ ਜਲਦ ਲਾਗੂ ਕਰਨ ਦੀ ਗੱਲ ਵੀ ਦੁਹਰਾਈ ਗਈ। ਇਸ ਮੌਕੇ ਫਰਿਜ਼ਨੋ ਸਟੇਟ ਯੂਨੀਵਰਸਿਟੀ ਵਿਚ ਗੁਰੂ ਨਾਨਕ ਦੇਵ ਚੇਅਰ ਸਥਾਪਿਤ ਕਰਨ ਸਬੰਧੀ ਵੀ ਵਿਚਾਰਾਂ ਹੋਈਆਂ।

ਡਾ. ਕੈਸਟਰੋ ਦਾ ਸਾਰੇ ਮੁੱਦਿਆ ਸਬੰਧੀ ਨਜ਼ਰੀਆਂ ਹਾਂ ਪੱਖੀ ਰਿਹਾ ਅਤੇ ਉਨ੍ਹਾਂ ਵਾਅਦਾ ਕੀਤਾ ਕਿ ਬਹੁਤ ਜਲਦ ਇਹ ਕਾਰਜ ਨੇਪਰੇ ਚਾੜੇ ਜਾਣਗੇ। ਡਾ. ਕੈਸਟਰੋ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਵੀ ਮੈਕਸੀਕੋ ਤੋਂ ਹਿਜਰਤ ਕਰਕੇ



ਕੈਲੀਫੋਰਨੀਆ ਆਇਆ ਸੀ ਅਤੇ ਉਨ੍ਹਾਂ ਦੇ ਪਿਉ-ਦਾਦਿਆਂ ਨੇ ਸਖਤ ਮਿਹਨਤ ਕੀਤੀ। ਉਨ੍ਹਾਂ ਸੈਂਟਰਲ ਵੈਲੀ ਦੀ ਤਰੱਕੀ ਵਿਚ ਪੰਜਾਬੀ ਭਾਈਚਾਰੇ ਦੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ।

ਡਾ. ਨਿੰਦੀ ਸੰਧੂ, ਡਾ. ਮਹਿੰਦਰ ਸਿੰਘ ਪੂੰਨੀਆ, ਡਾ. ਸ਼ਰਨਜੀਤ ਸਿੰਘ ਪੁਰੇਵਾਲ ਆਦਿ ਨੇ ਵੀ ਆਪਣੇ ਵਿਚਾਰ ਰੱਖੇ। ਗੁਰੂਘਰ ਦੀ ਪ੍ਰਬੰਧਕ ਕਮੇਟੀ ਦੇ ਸਕੱਤਰ ਹਰਨਿੰਦਰ ਸਿੰਘ ਗਿੱਲ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਤਸਵੀਰ ਡਾ. ਕੈਸਟਰੋ ਨੂੰ ਭੇਟ ਕੀਤੀ। ਸਮਾਗਮ 'ਚ ਹੋਰਨਾਂ ਤੋਂ ਇਲਾਵਾ ਚਰਨਜੀਤ ਸਿੰਘ ਬਾਠ, ਅਵਤਾਰ ਗਿੱਲ ਤੇ ਕਰਨਲ ਹਰਦੇਵ ਸਿੰਘ ਵੀ ਮੌਜੂਦ ਸਨ।

# ਬਾਬੂ ਮੁੱਗੋਵਾਲੀਆ ਦਾ ਜਨਮ ਦਿਨ ਮਨਾਇਆ

**ਯੂਬਾ ਸਿਟੀ (ਬਿਊਰੋ):** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਦਾ ਜਨਮ ਦਿਹਾੜਾ 'ਸਮਾਜਿਕ ਸਮਾਨਤਾ' ਵਜੋਂ 17 ਜਨਵਰੀ, ਐਤਵਾਰ ਨੂੰ ਮਨਾਇਆ ਗਿਆ। ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਤੇ ਭਾਈ ਪੂਰਨ ਸਿੰਘ ਨੇ ਰਸ ਭਿੰਨਾ ਸ਼ਬਦ ਗਾਇਨ ਕਰਕੇ ਜਿੱਥੇ ਸੰਗਤਾਂ ਨੂੰ ਨਿਹਾਲ ਕੀਤਾ, ਉਥੇ ਉਨ੍ਹਾਂ ਗਦਰੀ ਬਾਬਾ ਮੁੱਗੋਵਾਲੀਆ ਵੱਲੋਂ ਦੇਸ਼ ਦੀ ਆਜ਼ਾਦੀ ਲਈ ਕੀਤੇ ਸੰਘਰਸ਼ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਦੇਸ਼ ਪ੍ਰਤੀ ਕੁਰਬਾਨੀ ਅਤੇ ਦੱਬੇ ਕੁਚਲੇ ਵਰਗ 'ਚ ਸਮਾਜਿਕ ਬਰਾਬਰਤਾ ਲਿਆਉਣ ਦਾ ਸੁਨਹਿਰੀ ਇਤਿਹਾਸ ਕਦੇ ਭੁਲਾਇਆ ਨਹੀਂ ਜਾ ਸਕਦਾ।

ਗੁਰੂ ਘਰ ਦੇ ਸਟੇਜ ਸਕੱਤਰ ਗੁਰਦੀਪ ਸਿੰਘ ਹੀਰਾ ਨੇ ਕਿਹਾ ਕਿ ਬਾਬੂ ਮੁੱਗੋਵਾਲੀਆ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਗਦਰ ਲਹਿਰ 'ਚ ਜੋਖਮ ਭਰੀਆਂ ਜ਼ਿੰਮੇਵਾਰੀਆਂ ਇਮਾਨਦਾਰੀ ਨਾਲ ਨਿਭਾਉਂਦਿਆਂ ਆਪਣੀ ਜਾਨ ਦੀ ਵੀ ਪ੍ਰਵਾਹ ਨਹੀਂ ਕੀਤੀ। ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਨੂੰ ਖਤਰਨਾਕ ਐਲਾਨ ਦਿੱਤਾ ਸੀ ਕਿ ਉਹ ਜਿਥੇ ਵੀ ਨਜ਼ਰ ਆਵੇ, ਗੋਲੀ ਨਾਲ ਉਡਾ ਦਿੱਤਾ ਜਾਵੇ।

ਇੰਗਲੈਂਡ ਤੋਂ ਆਏ ਲਕਸ਼ਮਣ ਦਾਸ ਬੰਗੜ ਨੇ ਬਾਬੂ ਮੁੱਗੋਵਾਲੀਆ ਦੀ "ਆਦਿ ਧਰਮ ਮੰਡਲ" ਵੱਲੋਂ ਚਲਾਈ ਮੂਵਮੈਂਟ ਬਾਰੇ ਵਿਚਾਰ ਰੱਖਦਿਆਂ ਉਨ੍ਹਾਂ ਨੂੰ ਮਹਾਨ ਸਮਾਜਿਕ ਸੁਧਾਰਕ ਆਖਿਆ। ਇਸ ਮੌਕੇ ਲਕਸ਼ਮਣ ਦਾਸ ਬੰਗੜ, ਉਨ੍ਹਾਂ ਦੀ ਸੁਪਤਨੀ ਅਜੀਤ ਕੌਰ ਬੰਗੜ ਤੇ ਨਵੀਂ ਕਮੇਟੀ ਦੇ ਦੋ ਬਜ਼ੁਰਗ ਸਲਾਹਕਾਰ- ਪ੍ਰੀਤਮ ਚੰਦ ਲੀਲ ਤੇ ਸਾਬਕਾ ਸਰਪੰਚ ਦਿਆਲ ਰਾਮ ਨਰ ਦਾ ਪ੍ਰਧਾਨ ਸ਼ਿੰਗਾਰਾ ਸਿੰਘ ਰੱਲ੍ਹ ਤੇ ਕਮੇਟੀ ਨੇ ਸਿਰੋਪਾਓ ਨਾਲ ਮਾਣ ਕੀਤਾ। ਅਰਦਾਸ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤੇ।




ਕੱਰੀ ਕੁਕ, ਤੰਦੂਰੀਏ ਤੇ ਸਰਵਰਾਂ ਦੀ ਲੋੜ ਹੈ

ਲੈਥਰੋਪ, ਕੈਲੀਫੋਰਨੀਆ ਵਿਚ ਇਕ ਵਧੀਆ ਚਲਦੇ ਰੈਸਟੋਰੈਂਟ ਲਈ ਅਨੁਭਵੀ ਕੱਰੀ ਕੁਕ, ਤੰਦੂਰੀਏ ਤੇ ਸਰਵਰਾਂ ਦੀ ਲੋੜ ਹੈ। ਵਧੀਆ ਤਨਖਾਹ।

Rasoi
The indian kitchen

Please call
Gurinder Singh @ 415 290 4314

# ਮਾਂ ਬੋਲੀ ਨੂੰ ਦੁਰਕਾਰਨ ਵਾਲਿਆਂ ਨੂੰ ਘੇਰ ਨਾ ਸਕਿਆ ਨਵਾਂ ਐਕਟ

**ਚੰਡੀਗੜ੍ਹ:** ਪੰਜਾਬ ਵਿਚ ਮਾਂ ਬੋਲੀ ਪੰਜਾਬੀ ਨੂੰ 'ਮਤਰੇਈ' ਸਮਝਣ ਵਾਲੇ ਸਕੂਲਾਂ ਦੀ ਪਛਾਣ ਦਾ ਕੰਮ ਕਿਸੇ ਤਣ-ਪੱਤਣ ਲੱਗਦਾ ਦਿਖਾਈ ਨਹੀਂ ਦੇ ਰਿਹਾ। ਲੰਘੇ ਵਰ੍ਹੇ ਨਵੰਬਰ ਮਹੀਨੇ ਵਿਚ ਸਿੱਖਿਆ ਮਹਿਕਮੇ ਨੇ ਅਜਿਹੇ ਸਕੂਲਾਂ ਦੀ ਪਛਾਣ ਦਾ ਕੰਮ ਅਰੰਭਣ ਦਾ ਦਾਅਵਾ ਕੀਤਾ ਸੀ, ਜਿਹੜੇ ਕਿ 'ਪੰਜਾਬੀ ਤੇ ਹੋਰ ਭਾਸ਼ਾਵਾਂ ਦੀ ਸਿੱਖਿਆ ਦਾ ਪੰਜਾਬ ਐਕਟ-2008' ਨੂੰ ਇਨ-ਬਿਨ ਲਾਗੂ ਨਹੀਂ ਕਰ ਰਹੇ।

ਅਜਿਹੇ ਸਕੂਲਾਂ ਬਾਰੇ ਮਹਿਕਮੇ ਨੇ 20 ਨਵੰਬਰ ਤੱਕ ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਤੋਂ ਰਿਪੋਰਟਾਂ ਵੀ ਮੰਗੀਆਂ ਸਨ, ਪਰ 20 ਨਵੰਬਰ ਤੱਕ ਮਹਿਕਮੇ ਨੂੰ ਜ਼ਿਲ੍ਹਿਆਂ ਵਿਚੋਂ ਅਜਿਹੇ ਸਕੂਲਾਂ ਦੇ ਵੇਰਵੇ ਨਹੀਂ ਸਨ ਪੁੱਜੇ। ਵਿਭਾਗ ਦਾ ਕਹਿਣਾ ਸੀ ਕਿ ਅਜਿਹੇ ਸਕੂਲਾਂ ਦੀ ਪਛਾਣ ਦਾ ਕੰਮ ਜਾਰੀ ਹੈ। ਪਿਛਲੇ ਦਿਨੀਂ ਵਿਭਾਗ ਵੱਲੋਂ 40 ਅਜਿਹੇ ਸੀ.ਬੀ.ਐਸ.ਈ. ਤੇ ਆਈ.ਸੀ.ਐਸ.ਈ. ਸਕੂਲਾਂ ਦੀ ਪਛਾਣ ਦਾ ਦਾਅਵਾ ਕੀਤਾ ਗਿਆ ਸੀ, ਜਿਹੜੇ ਕਿ ਕਿਸੇ ਨਾ ਕਿਸੇ ਰੂਪ ਵਿਚ ਉਪਰੋਕਤ ਐਕਟ ਦੀ ਪਾਲਣਾ ਨਹੀਂ ਕਰ ਰਹੇ ਸਨ, ਪਰ ਇਹ 40 ਸਕੂਲ ਸਿਰਫ ਪੰਜ ਜ਼ਿਲ੍ਹਿਆਂ ਮੁਹਾਲੀ, ਪਠਾਨਕੋਟ, ਬਰਨਾਲਾ, ਰੋਪੜ ਤੇ ਲੁਧਿਆਣੇ ਨਾਲ ਹੀ ਸਬੰਧਤ ਸਨ। ਪਿਛਲੇ ਦਿਨੀਂ ਪੰਜਾਬੀ ਸਾਹਿਤ ਅਕੈਡਮੀ ਲੁਧਿਆਣੇ ਦੇ ਵਫਦ ਨੇ ਅੰਮ੍ਰਿਤਸਰ ਤੇ ਬਟਾਲੇ ਦਾ ਨਾਮ ਲੈਂਦਿਆਂ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨਾਲ ਮੁਲਾਕਾਤ ਦੌਰਾਨ ਇਹ ਗੱਲ ਸਾਂਝੀ ਕੀਤੀ ਸੀ ਕਿ ਉਹ ਪੰਜਾਬ ਦੇ ਅਜਿਹੇ ਸਕੂਲਾਂ ਦੇ ਨਾਂ ਦੱਸ ਸਕਦੇ ਹਨ, ਜਿਥੇ ਪੰਜਾਬੀ ਨਹੀਂ ਪੜ੍ਹਾਈ ਜਾ ਰਹੀ, ਪਰ ਅੰਮ੍ਰਿਤਸਰ ਜਾਂ ਗੁਰਦਾਸਪੁਰ ਜ਼ਿਲ੍ਹੇ ਦਾ ਕੋਈ ਸਕੂਲ ਸਰਕਾਰ ਵੱਲੋਂ ਤਿਆਰ ਸੂਚੀ ਵਿਚ ਸ਼ਾਮਲ ਹੀ ਨਹੀਂ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਪਹਿਲਾਂ ਸਿੱਖਿਆ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਵੱਲੋਂ ਇਸ ਐਕਟ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਦੀ ਜੋ ਸੂਚੀ ਸਿੱਖਿਆ ਮੰਤਰੀ ਅੱਗੇ ਰੱਖੀ ਗਈ ਸੀ, ਉਸ ਸੂਚੀ ਵਿਚ ਸਕੂਲਾਂ ਦੀ ਗਿਣਤੀ ਬਹੁਤ ਜ਼ਿਆਦਾ ਹੋਣ ਕਾਰਨ ਸਥਿਤੀ ਗੁੰਝਲਦਾਰ ਹੋ ਗਈ ਸੀ। ਇਸ ਤੋਂ ਬਾਅਦ ਮਹਿਕਮੇ ਵੱਲੋਂ ਕੁਝ ਨੁਕਤਿਆਂ ਤੋਂ ਆਧਾਰ ਬਣਾ ਕੇ ਸੂਚੀ ਵਿਚੋਂ ਸਕੂਲਾਂ ਦੀ ਛਾਂਟੀ ਕੀਤੀ ਗਈ ਤੇ ਸਿਰਫ 40 ਸਕੂਲ ਸੂਚੀ ਵਿਚ ਜ਼ਾਹਰ ਕੀਤੇ ਗਏ।

ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਉਨ੍ਹਾਂ ਸਾਹਿਤ ਅਕੈਡਮੀ ਦੇ ਵਫਦ ਨੂੰ ਅਜਿਹੇ ਸਕੂਲਾਂ ਬਾਰੇ ਦੱਸਣ ਲਈ ਕਿਹਾ ਸੀ, ਜੋ ਉਪਰੋਕਤ ਐਕਟ ਦੀ ਉਲੰਘਣਾ ਕਰ ਰਹੇ ਹਨ, ਪਰ ਉਨ੍ਹਾਂ ਕੋਲ ਅਜਿਹੇ ਸਕੂਲਾਂ ਦੇ ਨਾਂ ਨਹੀਂ ਸਨ। ਡਾ. ਚੀਮਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਅਜੇ ਆਰਮੀ ਦੇ ਸਕੂਲ ਤੇ ਕੇਂਦਰੀ ਵਿਦਿਆਲੇ ਇਸ ਵਿਚ ਸ਼ਾਮਲ ਨਹੀਂ ਕੀਤੇ ਗਏ। ਸਿੱਖਿਆ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਪਿਛਲੇ ਦਿਨੀਂ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਦੀ ਬੈਠਕ ਵਿਚ ਇਹ ਸਪਸ਼ਟ ਆਖ ਦਿੱਤਾ ਸੀ ਕਿ ਉਹ ਉਨ੍ਹਾਂ ਦੀਆਂ ਸਕੂਲਾਂ ਸਬੰਧੀ ਰਿਪੋਰਟਾਂ ਤੋਂ ਸੰਤੁਸ਼ਟ ਨਹੀਂ, ਇਸ ਲਈ ਮੁੜ ਸਕੂਲਾਂ ਦੀ ਚੈਕਿੰਗ ਕੀਤੀ ਜਾਵੇ।




## ਕੌਮਾਂਤਰੀ ਪੁਸਤਕ ਮੇਲੇ 'ਚ ਮਿਲਿਆ ਪੰਜਾਬੀ ਨੂੰ ਮਾਣ

**ਨਵੀਂ ਦਿੱਲੀ:** ਪ੍ਰਗਤੀ ਮੈਦਾਨ, ਨਵੀਂ ਦਿੱਲੀ ਵਿਖੇ ਨੈਸ਼ਨਲ ਬੁੱਕ ਟਰੱਸਟ ਵੱਲੋਂ ਲਗਾਏ ਗਏ ਕੌਮਾਂਤਰੀ ਪੁਸਤਕ ਮੇਲੇ ਵਿਚ ਪੰਜਾਬੀ ਪ੍ਰਕਾਸ਼ਕਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਪੁਸਤਕ ਮੇਲੇ ਵਿਚ ਨਵਯੁਗ ਪਬਲਿਸ਼ਰਜ਼, ਨੈਸ਼ਨਲ ਬੁੱਕ ਸ਼ਾਪ, ਸ਼ਿਲਾਲੇਖ, ਮਨਪ੍ਰੀਤ ਪ੍ਰਕਾਸ਼ਨ ਤੇ ਆਰਸੀ ਪਬਲਿਸ਼ਰਜ਼ ਨੇ ਹਾਲ ਨੰਬਰ 12 ਵਿਚ ਲਗਾਏ ਗਏ ਸਟਾਲਾਂ 'ਤੇ ਪੁਸਤਕਾਂ ਨੂੰ ਪ੍ਰਦਰਸ਼ਿਤ ਕੀਤਾ। ਪਾਠਕਾਂ ਵੱਲੋਂ ਪੁਸਤਕਾਂ ਵਿਚ ਦਿਲਚਸਪੀ ਵਿਖਾਈ ਗਈ। ਨਾਵਲ, ਕਹਾਣੀਆਂ ਦੀਆਂ ਪੁਸਤਕਾਂ ਦੀ ਮੰਗ ਵੱਧ ਰਹੀ। ਮਨਪ੍ਰੀਤ ਪ੍ਰਕਾਸ਼ਨ ਦੇ ਬਲਬੀਰ ਸਿੰਘ ਦਾ ਕਹਿਣਾ ਹੈ ਕਿ ਕਾਲਜਾਂ ਦੇ ਵਿਦਿਆਰਥੀ ਆਪਣੇ ਵਿਸ਼ੇ ਦੀਆਂ ਪੁਸਤਕਾਂ ਨੂੰ ਖਰੀਦਣ ਵੱਲ ਉਤਸ਼ਾਹਿਤ ਹੋ ਰਹੇ ਹਨ ਤੇ ਇਹ ਪੰਜਾਬੀ ਭਾਸ਼ਾ ਦੀ ਤਰੱਕੀ ਦਾ ਸੂਚਕ ਹੈ। ਸ਼ਿਲਾਲੇਖ ਅਦਾਰੇ ਦੇ ਮਾਲਕ ਸਤੀਸ਼ ਕੁਮਾਰ ਦਾ ਕਹਿਣਾ ਹੈ ਕਿ ਪੰਜਾਬੀ ਦਾ ਪਾਠਕ ਪੁਸਤਕਾਂ ਪੜ੍ਹਨਾ ਚਾਹੁੰਦਾ ਹੈ, ਬੱਸ ਜ਼ਰੂਰਤ ਹੈ ਕਿ ਉਨ੍ਹਾਂ ਤੱਕ ਪਹੁੰਚ ਕਰਨ ਦੀ ਤੇ ਉਨ੍ਹਾਂ ਦੇ ਸਟਾਲ 'ਤੇ ਵੀ ਪੰਜਾਬੀ ਭਾਸ਼ਾ ਦੀਆਂ ਪੁਸਤਕਾਂ ਖਰੀਦੀਆਂ ਜਾ ਰਹੀਆਂ ਹਨ।

# ਨਵੇਂ ਸਾਲ ਲਈ ਸ਼ਰਾਬ ਨੀਤੀ ਬਣਾਉਣ ਲਈ ਜੁਟੀ ਸਰਕਾਰ

**ਜਲੰਧਰ:** ਸਾਲ 2016-17 ਲਈ ਬਣਨ ਵਾਲੀ ਸ਼ਰਾਬ ਪਾਲਸੀ ਵਿਚ ਸ਼ੌਕੀਨਾਂ ਨੂੰ ਕੁਝ ਰਾਹਤ ਮਿਲ ਸਕਦੀ ਹੈ ਕਿਉਂਕਿ ਅਗਲੇ ਸਾਲ ਚੋਣਾਂ ਹੋਣ ਕਰਕੇ ਇਸ ਵਾਰ ਵਿਭਾਗ ਵੱਲੋਂ ਪਾਲਸੀ ਤਿਆਰ ਕਰਨ ਲਈ ਗੰਭੀਰਤਾ ਨਾਲ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ।

ਵਿਭਾਗ ਨੇ ਪਿਛਲੀ ਵਾਰ ਸਾਲ 2015-16 ਲਈ 4500 ਕਰੋੜ ਦੇ ਕਰੀਬ ਮਾਲੀਆ ਆਉਣ ਦਾ ਟੀਚਾ ਤੈਅ ਕੀਤਾ ਸੀ ਤੇ ਇਸ ਵਾਰ ਵਿਭਾਗ ਦਾ ਟੀਚਾ 5200 ਕਰੋੜ ਰੁਪਏ ਤੱਕ ਪੁੱਜ ਸਕਦਾ ਹੈ। ਵਿਭਾਗ ਚੋਣ ਵਰ੍ਹਾ ਹੋਣ ਕਰਕੇ ਇਸ ਵਾਰ ਸ਼ਰਾਬ ਜ਼ਿਆਦਾ ਮਹਿੰਗੀ ਕਰਨ ਦੇ ਮਾਮਲੇ ਵਿਚ ਨਰਮੀ ਕਰ ਸਕਦਾ ਹੈ ਕਿਉਂਕਿ ਪੰਜਾਬ ਵਿਚ ਵਿਭਾਗ ਦੇ ਦਾਅਵਿਆਂ ਦੇ ਬਾਵਜੂਦ ਤਸਕਰੀ ਰਾਹੀਂ ਧੜੱਲੇ ਨਾਲ ਸ਼ਰਾਬ ਵਿਕਦੀ ਰਹੀ।

ਐਕਸਾਈਜ਼ ਵਿਭਾਗ ਉਂਜ ਤਸਕਰੀ ਵਾਲੀ ਸ਼ਰਾਬ ਫੜਨ ਦੇ ਦਾਅਵੇ ਕਰਦਾ ਹੈ ਜਦਕਿ ਅਸਲੀਅਤ ਹੈ ਕਿ ਵਿਭਾਗ ਨੇ ਲੰਬੇ ਸਮੇਂ ਤੋਂ ਸ਼ਰਾਬ ਤਸਕਰੀ ਨੂੰ ਰੋਕਣ ਦਾ ਕੰਮ ਨਹੀਂ ਕੀਤਾ ਕਿਉਂਕਿ ਵਿਭਾਗ ਕੋਲ ਤਾਂ ਕਾਫੀ ਸਮੇਂ ਤੋਂ ਲੱਗੇ ਪੁਲਿਸ ਮੁਲਾਜ਼ਮ ਵਾਪਸ ਸੱਦ ਲਏ ਗਏ ਸਨ ਤੇ ਇਸ ਨਾਲ ਸ਼ਰਾਬ ਤਸਕਰਾਂ ਨੂੰ ਕਾਫੀ ਫਾਇਦਾ ਹੁੰਦਾ ਰਿਹਾ ਹੈ।

# ਅਮਰੀਕਾ 'ਚ ਲਾਟਰੀ ਨੇ ਮਾਲੋ-ਮਾਲ ਕੀਤਾ ਪੰਜਾਬੀ

**ਵਾਸ਼ਿੰਗਟਨ:** ਅਮਰੀਕਾ ਵਿਚ ਪਾਵਰਬਾਲ ਜੈਕਪਾਟ ਲਈ ਲਾਟਰੀ ਟਿਕਟ ਵੇਚਣ ਵਾਲੇ ਪੰਜਾਬੀ ਬਲਵੀਰ ਅਟਵਾਲ ਨੂੰ ਇਕ ਮਿਲੀਅਨ ਡਾਲਰ (ਛੇ ਕਰੋੜ ਰੁਪਏ) ਦਾ ਬੋਨਸ ਮਿਲਿਆ ਹੈ। ਜੈਕਪਾਟ ਲਈ ਇਥੇ 44 ਪ੍ਰਾਂਤਾਂ ਵਿਚ ਲਾਟਰੀ ਦੇ ਟਿਕਟ ਵੇਚੇ ਗਏ, ਜਿਸ ਤੋਂ ਤਕਰੀਬਨ 10000 ਕਰੋੜ ਦੀ ਰਿਕਾਰਡ ਕਮਾਈ ਹੋਈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਅਮਰੀਕਾ ਵਿਚ ਇਹ ਹੁਣ ਤਕ ਦਾ ਸਭ ਤੋਂ ਵੱਡਾ ਜੈਕਪਾਟ ਸਾਬਤ ਹੋਇਆ ਹੈ, ਜਿਸ ਵਿਚ ਵੀ ਸਿਰਫ 3 ਜੇਤੂ ਟਿਕਟ ਰੱਖੇ ਗਏ। ਹਰ ਇਕ ਟਿਕਟ 'ਤੇ 528.8 ਮਿਲੀਅਨ (3300 ਕਰੋੜ) ਦਾ ਜੈਕਪਾਟ ਲੱਗਾ ਹੈ। ਇਸ ਵਿਚ ਪਹਿਲੀ ਟਿਕਟ ਬਲਵੀਰ ਦੇ ਸਟੋਰ ਤੋਂ ਵੇਚੀ ਗਈ ਸੀ, ਜਿਸ ਕਾਰਨ ਉਸ ਨੂੰ ਲਾਟਰੀ ਡਾਇਰੈਕਟਰ ਵੱਲੋਂ ਤਕਰੀਬਨ 6 ਕਰੋੜ ਰੁਪਏ ਮਿਲੇ ਹਨ, ਜੋ ਕਿ ਉਨ੍ਹਾਂ ਲਈ ਕਿਸੇ ਲਾਟਰੀ ਤੋਂ ਘੱਟ ਨਹੀਂ। ਜ਼ਿਕਰਯੋਗ ਹੈ ਕਿ ਇਸ ਵਾਰ ਇਕੇ ਪਾਵਰਬਾਲ ਜੈਕਪਾਟ ਲਈ ਵੇਚੀਆਂ ਗਈਆਂ ਟਿਕਟਾਂ ਤੋਂ 1.58 ਬਿਲੀਅਨ ਡਾਲਰ ਦੀ ਕਮਾਈ ਹੋਈ ਹੈ, ਜਿਨ੍ਹਾਂ ਵਿਚੋਂ ਜੇਤੂ ਟਿਕਟਾਂ ਕੈਲੀਫੋਰਨੀਆ, ਫਲੋਰੀਡਾ ਅਤੇ ਟੇਨੇਸੀ ਸਟੇਟ ਵਿਚ ਵੇਚੀਆਂ ਗਈਆਂ ਹਾਲਾਂਕਿ ਇਨ੍ਹਾਂ ਨੂੰ ਖਰੀਦਣ ਵਾਲਿਆਂ ਦੇ ਨਾਂ ਗੁਪਤ ਰੱਖੇ ਗਏ ਹਨ।




# ਚੰਡੀਗੜ੍ਹ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਲਈ ਅਜੇ ਹੋਰ ਇੰਤਜ਼ਾਰ

**ਚੰਡੀਗੜ੍ਹ:** ਚੰਡੀਗੜ੍ਹ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਲਈ ਹੋਰ ਇੰਤਜ਼ਾਰ ਕਰਨਾ ਪਵੇਗਾ। ਇਸ ਅੱਡੇ ਤੋਂ ਕੌਮਾਂਤਰੀ ਉਡਾਣਾਂ ਸ਼ੁਰੂ ਕਰਨ ਦੀ ਮੰਗ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਦਾਇਰ ਪਟੀਸ਼ਨ ਦਾ ਜਵਾਬ ਦੇਣ ਲਈ ਕੇਂਦਰ ਸਰਕਾਰ ਨੇ ਹਾਈਕੋਰਟ ਤੋਂ ਸਮਾਂ ਮੰਗਿਆ ਹੈ।

ਇਸ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਸਰਕਾਰ ਨੇ ਆਪਣਾ ਜਵਾਬ ਦਾਇਰ ਕਰ ਦਿੱਤਾ ਹੈ। ਪੰਜਾਬ ਸਰਕਾਰ ਨੇ ਕਿਹਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਪ੍ਰਧਾਨ ਮੰਤਰੀ ਨੂੰ ਕੌਮਾਂਤਰੀ ਉਡਾਣਾਂ ਛੇਤੀ ਸ਼ੁਰੂ ਕਰਨ ਬਾਰੇ ਬੇਨਤੀ ਪੱਤਰ ਲਿਖ ਚੁੱਕੇ ਹਨ।

ਉਧਰ, ਹਰਿਆਣਾ ਸਰਕਾਰ ਦਾ ਵੀ ਇਹੋ ਜਵਾਬ ਆਇਆ ਹੈ। ਕਾਬਲੇਗੌਰ ਹੈ ਕਿ ਮੁਹਾਲੀ ਇੰਡਸਟਰੀ ਐਸੋਸੀਏਸ਼ਨ ਦੇ ਵਕੀਲ ਵਿਭਬ ਜੈਨ ਜ਼ਰੀਏ ਦਾਇਰ ਕੀਤੀ ਇਸ ਪਟੀਸ਼ਨ ਵਿਚ ਦੋਸ਼ ਲਾਏ ਗਏ ਹਨ ਕਿ ਇਥੇ ਕੌਮਾਂਤਰੀ ਹਵਾਈ ਅੱਡੇ ਵਾਲੀਆਂ ਸੁਵਿਧਾਵਾਂ ਮੁਹੱਈਆ ਨਹੀਂ ਕਰਵਾਈਆਂ ਗਈਆਂ, ਜਿਸ ਕਾਰਨ ਵਿਦੇਸ਼ੀ ਨਿਵੇਸ਼ 'ਤੇ ਅਸਰ ਪੈ ਰਿਹਾ ਹੈ।

# ਅਬੋਹਰ ਕਾਂਡ: ਪੰਜਾਬ ਸਰਕਾਰ ਨੂੰ ਹਾਈਕੋਰਟ ਦਾ ਨੋਟਿਸ

**ਫ਼ਾਜ਼ਿਲਕਾ:** ਅਬੋਹਰ ਕਾਂਡ ਦੇ ਮੁੱਖ ਮੁਲਜ਼ਮ ਤੇ ਸ਼ਰਾਬ ਕਾਰੋਬਾਰੀ ਸ਼ਿਵ ਲਾਲ ਡੋਡਾ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ 'ਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਸੁਣਵਾਈ ਹੋਈ। ਹਾਈਕੋਰਟ ਨੇ ਸ਼ਿਵ ਲਾਲ ਡੋਡਾ ਦੀ ਅਰਜ਼ੀ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਕੀਤਾ ਹੈ। ਮਾਮਲੇ ਦਾ ਅਗਲੀ ਸੁਣਵਾਈ 19 ਜਨਵਰੀ ਨੂੰ ਹੋਵੇਗੀ। ਇਸ ਤੋਂ ਪਹਿਲਾਂ ਫ਼ਾਜ਼ਿਲਕਾ ਜ਼ਿਲ੍ਹਾ ਅਦਾਲਤ ਨੇ ਮਾਮਲੇ 'ਤੇ ਸੁਣਵਾਈ ਕਰਦਿਆਂ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ। ਫਿਲਹਾਲ ਡੋਡਾ 'ਤੇ ਗ੍ਰਿਫਤਾਰੀ ਦੀ ਤਲਵਾਰ ਲਟਕ ਰਹੀ ਹੈ। ਇਸ ਮਾਮਲੇ ਵਿਚ ਸ਼ਿਵ ਲਾਲ ਡੋਡਾ ਦਾ ਭਤੀਜਾ ਅਮਿਤ ਡੋਡਾ ਪੁਲਿਸ ਕੋਲ ਪਹਿਲਾਂ ਹੀ ਸੈਰੰਡਰ ਕਰ ਚੁੱਕਾ ਹੈ। ਮਾਮਲੇ ਵਿਚ ਹੁਣ ਤੱਕ ਕਈ ਮੁਲਜ਼ਮ ਪੁਲਿਸ ਦੀ ਗ੍ਰਿਫਤ ਵਿਚ ਆ ਚੁੱਕੇ ਹਨ। ਵਿਰੋਧੀਆਂ ਦੇ ਇਲਜ਼ਾਮ ਹਨ ਕਿ ਅਕਾਲੀ ਦਲ ਨਾਲ ਨਜ਼ਦੀਕੀਆਂ ਦੇ ਚੱਲਦੇ ਹੀ ਸ਼ਿਵ ਲਾਲ ਡੋਡਾ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਾਲਾਂਕਿ ਅਕਾਲੀ ਦਲ ਲਗਾਤਾਰ ਸ਼ਿਵ ਲਾਲ ਡੋਡਾ ਨਾਲ ਕਿਸੇ ਵੀ ਕਿਸਮ ਦੇ ਸਬੰਧ ਹੋਣ ਤੋਂ ਇਨਕਾਰ ਕਰ ਚੁੱਕਾ ਹੈ। ਜ਼ਿਕਰਯੋਗ ਹੈ ਕਿ ਅਬੋਹਰ ਵਿਚ ਕਾਰੋਬਾਰੀ ਸ਼ਿਵ ਲਾਲ ਡੋਡਾ ਦੇ ਫਾਰਮ ਹਾਊਸ 'ਤੇ ਦੋ ਨੌਜਵਾਨਾਂ ਦੇ ਹੱਥ ਪੈਰ ਕੱਟ ਦਿੱਤੇ ਗਏ ਸਨ। ਘਟਨਾ ਤੋਂ ਬਾਅਦ ਜਦੋਂ ਨੌਜਵਾਨਾਂ ਨੂੰ ਅੰਮ੍ਰਿਤਸਰ ਇਲਾਜ ਲਈ ਲਿਜਾਇਆ ਜਾ ਰਿਹਾ ਸੀ ਤਾਂ ਇਕ ਨੌਜਵਾਨ ਭੀਮ ਟਾਂਕ ਦੀ ਮੌਤ ਹੋ ਗਈ ਸੀ।

# ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਰਾਹਤ ਦੀ ਆਸ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਕਿਸਾਨ ਖੁਦਕੁਸ਼ੀ ਦੇ ਮਾਮਲੇ ਵਿਚ ਉਸ ਦੇ ਪਰਿਵਾਰਕ ਮੈਂਬਰਾਂ ਦਾ ਦੁੱਖ ਵੰਡਾਉਣ ਲਈ ਉਸੇ ਦਿਨ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਜਾਵੇਗੀ। ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੁੱਖ ਸਕੱਤਰ ਸਰਵੇਸ਼ ਕੌਸ਼ਲ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਜਾਰੀ ਹੁਕਮਾਂ ਤੋਂ ਬਾਅਦ ਇਸ ਬਾਰੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਲਿਖਤੀ ਹਦਾਇਤਾਂ ਜਾਰੀ ਕੀਤੀਆਂ ਹਨ।

ਇਨ੍ਹਾਂ ਹਦਾਇਤਾਂ ਮੁਤਾਬਕ ਜੇਕਰ ਕਿਸਾਨ ਖੁਦਕੁਸ਼ੀ ਵਰਗੀ ਮਾੜੀ ਘਟਨਾ ਵਾਪਰ ਜਾਂਦੀ ਹੈ ਤਾਂ ਸਬੰਧਤ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਤੁਰੰਤ ਉਸ ਕਿਸਾਨ ਦੇ ਪਰਿਵਾਰਕ ਮੈਂਬਰ ਨੂੰ ਮੁਆਵਜ਼ਾ ਰਾਸ਼ੀ ਉਸੇ ਦਿਨ ਦੇਵੇਗਾ ਜੋ ਕਿ ਇਹ ਰਾਸ਼ੀ ਲੈਣ ਦੇ ਯੋਗ ਹੋਵੇਗਾ। ਡਿਪਟੀ ਕਮਿਸ਼ਨਰ ਮੁਆਵਜ਼ਾ ਰਾਸ਼ੀ ਬਾਰੇ ਜ਼ਰੂਰੀ ਪ੍ਰਵਾਨਗੀਆਂ ਬਾਅਦ ਵਿਚ ਲੈ ਸਕਣਗੇ।

# ਗੁਰੂ ਕੀ ਨਗਰੀ ਦੀ ਸੁੰਦਰਤਾ ਨੂੰ ਚਾਰ ਚੰਨ ਲਾਵੇਗੀ ਨਵੀਂ ਯੋਜਨਾ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਨੂੰ ਜਾਣ ਵਾਲੇ ਮੁੱਖ ਰਸਤੇ ਦੇ ਸੁੰਦਰੀਕਰਨ ਦਾ ਕੰਮ ਅਗਸਤ ਮਹੀਨੇ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ ਆਉਣ ਵਾਲੇ ਸ਼ਰਧਾਲੂਆਂ ਨੂੰ ਇਸ ਰਸਤੇ ਰਾਹੀਂ ਸ੍ਰੀ ਦਰਬਾਰ ਸਾਹਿਬ ਜਾਂਦਿਆਂ ਇਕ ਵੱਖਰਾ ਅਹਿਸਾਸ ਹੋਵੇਗਾ।

ਇਸ ਯੋਜਨਾ ਤਹਿਤ ਸਰਕਾਰ ਵੱਲੋਂ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ ਅਤੇ ਹਾਲ ਗੇਟ ਤੋਂ ਸ੍ਰੀ ਦਰਬਾਰ ਸਾਹਿਬ ਤੱਕ ਦੇ ਰਸਤੇ ਨੂੰ ਵਿਰਾਸਤੀ ਤੇ ਸੁੰਦਰ ਦਿੱਖ ਦੇਣ ਦੀ ਯੋਜਨਾ ਹੈ। ਇਸ ਯੋਜਨਾ 'ਤੇ ਤਕਰੀਬਨ ਡੇਢ ਸੌ ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਇਸ ਨਾਲ ਸ੍ਰੀ ਦਰਬਾਰ ਸਾਹਿਬ ਆਉਣ ਵਾਲਾ ਇਹ ਮੁੱਖ ਰਸਤਾ ਖੁੱਲ੍ਹਾ ਹੋ ਜਾਵੇਗਾ ਅਤੇ ਇਥੇ ਆਉਣ ਵਾਲੇ ਲੋਕਾਂ ਨੂੰ ਨਵਾਂ ਤਜਰਬਾ ਹੋਵੇਗਾ। ਰਸਤੇ ਵਿਚ ਫੁਹਾਰੇ, ਇਲੈਕਟ੍ਰਾਨਿਕ ਸਾਈਨ ਬੋਰਡ ਤੇ ਸੁੰਦਰ ਲਾਈਟਾਂ ਲਾਈਆਂ ਜਾਣਗੀਆਂ। ਇਤਿਹਾਸਕ ਟਾਊਨ ਹਾਲ ਦੀ ਇਮਾਰਤ ਤੋਂ ਸ੍ਰੀ ਦਰਬਾਰ ਸਾਹਿਬ ਤੱਕ ਦੇ 500 ਮੀਟਰ ਰਸਤੇ ਨੂੰ ਖੁੱਲ੍ਹਾ ਕੀਤਾ ਗਿਆ ਹੈ ਅਤੇ ਇਸ ਰਸਤੇ ਨੂੰ ਵਾਹਨ ਮੁਕਤ ਜ਼ੋਨ ਬਣਾਇਆ ਜਾਵੇਗਾ। ਇਸ ਰਸਤੇ ਹੇਠ ਆਉਂਦੇ ਦੋ ਚੌਕ ਫੁਹਾਰਾ ਚੌਕ ਅਤੇ ਟਾਊਨ ਹਾਲ ਚੌਕ ਨੂੰ ਨਵਾਂ ਰੰਗ-ਰੂਪ ਦਿੱਤਾ ਜਾ ਰਿਹਾ ਹੈ। ਫੁਹਾਰਾ ਚੌਕ ਵਿਖੇ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਤ ਕੀਤਾ ਜਾਵੇਗਾ।



ਜਲ੍ਹਿਆਂਵਾਲਾ ਬਾਗ ਨੇੜੇ 16 ਫੁੱਟ ਉੱਚੀ ਅਮਰ ਜਵਾਨ ਜੋਤੀ ਸਥਾਪਤ ਕੀਤੀ ਜਾਵੇਗੀ। ਇਸ ਰਸਤੇ ਦੇ ਦੋਵੇਂ ਪਾਸੇ ਵਿਰਾਸਤੀ ਦਿੱਖ ਸਥਾਪਤ ਕੀਤੀ ਜਾਵੇਗੀ, ਜਿਸ ਦਾ ਇਕ ਰੰਗ ਰੂਪ ਹੋਵੇਗਾ।

ਇਸੇ ਤਹਿਤ ਹੀ ਧਰਮ ਸਿੰਘ ਮਾਰਕੀਟ ਦੀ ਬਾਹਰੀ ਦਿੱਖ ਨੂੰ ਬਦਲਿਆ ਜਾ ਰਿਹਾ ਹੈ, ਜਿਥੇ ਲਾਲ ਰੰਗ ਦਾ ਪੱਥਰ ਲਾਇਆ ਜਾਵੇਗਾ ਤੇ ਇਸ ਨੂੰ ਵਿਰਾਸਤੀ ਰੂਪ ਦਿੱਤਾ ਜਾਵੇਗਾ। ਇਸੇ ਤਰ੍ਹਾਂ ਹੋਰ ਇਮਾਰਤਾਂ ਦੀ ਵੀ ਨਿਸ਼ਾਨਦੇਹੀ ਕੀਤੀ ਗਈ ਹੈ, ਜਿਨ੍ਹਾਂ ਨੂੰ ਵਿਰਾਸਤੀ ਦਿੱਖ ਦਿੱਤੀ ਜਾਵੇਗੀ। ਸਾਰਾਗੜ੍ਹੀ ਪਾਰਕਿੰਗ ਦਾ ਵੀ ਰੰਗ ਰੂਪ ਬਦਲਿਆ ਜਾਵੇਗਾ। ਇਥੇ ਇਲੈਕਟ੍ਰਾਨਿਕ ਸਾਈਨ ਬੋਰਡ ਤੇ ਐਲਈਡੀ ਵੀਡਿਓ ਸਕਰੀਨ ਲਾਈ ਜਾਵੇਗੀ। ਪੈਦਲ ਚੱਲਣ ਵਾਲੇ ਯਾਤਰੂਆਂ ਵਾਸਤੇ ਵਧੀਆ ਰਸਤਾ ਤਿਆਰ ਕੀਤਾ ਜਾਵੇਗਾ। ਹਾਲ ਗੇਟ ਤੋਂ ਦੁਕਾਨਾਂ ਨੂੰ ਇਕ ਰੰਗ ਦਾ ਕੀਤਾ ਜਾਵੇਗਾ ਤੇ ਇਹ ਵਿਰਾਸਤੀ ਰੂਪ ਵਿਚ ਦਿਖਾਈ ਦੇਣਗੀਆਂ।

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 28 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

We can sell your house in short sale at no cost to you.

Selling Homes from Gilroy to Sacramento, CA

Call us before visiting any model homes to save big time.

**JUST SOLD**

1. 3236 Ormando Ct., Tracy, CA 95377
2. 1492 Christina Ct., Hayward, CA94545
3. 4709 Valencia Way, Union City, CA 94587
4. 3313 Oak Bluff Ct., Dublin, CA 94568
5. 816 Climbing Rose Ct., Hayward, CA 94544
6. 32526 Endeavour Way, Union City, CA 94587
7. 916 Brook Way, Gilroy, CA 95020
8. 4205 Lunar Way, Union City, CA 94587
9. 4124 Polaris Ave., Union City, CA 94587
10. 4105 Pluto Way, Union City, CA 94587
11. 49077 Tomahawk Pl Fremont, CA 94539
12. 3155 Courthouse Drive, Union City, CA 94587
12. 2781 Determine Drive, Atwater, CA 95301
14. 105 Machado Ct., Tracy, CA 95376
15. 2622 Daniel Hansen Way, Tracy, CA 95377

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA BRE# 00966763
Broker/Owner/Notary

Grand Master Award Winner 2012, 2013 & 2014

Commercial Unit
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

Call Sukhi Gill DHMS, Loan Broker @ 510-207-9067
CA BRE Lic.#01180969
NMLS# 352095

# ਜਗਮਗ ਜੁਗਨੀ

## ਫਿਲਮ 'ਜੁਗਨੀ' ਦੀ ਸੰਗੀਤ ਐਲਬਮ ਨੇ ਪਾਈਆਂ ਖਿੱਚਾਂ



ਕਲਾ ਪਰਿਕਰਮਾ

ਉਪਰਲੀ ਤਸਵੀਰ ਦੀ ਵਜਦ ਵਾਲੀ ਅਨੂਠੀ ਝਲਕੀ ਵਿਚ ਗਾਇਕ ਜਾਵੇਦ ਬਸ਼ੀਰ ਅਤੇ ਨੇਹਾ ਕੱਕੜ ਸੁਰਾਂ ਦੀ ਛਹਿਬਰ ਲਾ ਰਹੇ ਹਨ। ਇਹ ਜੁਗਨੀ ਗਾ ਰਹੇ ਹਨ ਜਿਸ ਦਾ ਪੰਜਾਬੀ ਲੋਕਧਾਰਾ ਵਿਚ ਬਹੁਤ ਅਹਿਮ ਸਥਾਨ ਬਣ ਚੁੱਕਿਆ ਹੈ। ਪਹਿਲਾਂ ਵੀ ਜੁਗਨੀ ਬਹੁਤ ਸਾਰੇ ਗਾਇਕਾਂ ਨੇ ਗਾਈ ਹੈ ਅਤੇ ਆਪੋ-ਆਪਣੇ ਢੰਗ

**ਜਗਜੀਤ ਸਿੰਘ ਸੇਖੋਂ**

ਨਾਲ ਸਰੋਤਿਆਂ ਨੂੰ ਸੰਤੁਸ਼ਟ ਕਰਨ ਦਾ ਯਤਨ ਕੀਤਾ ਹੈ, ਪਰ ਫਿਲਮ ਵਾਲੀ 'ਜੁਗਨੀ' ਪਹਿਲਾਂ ਵਾਲੀਆਂ ਸਾਰੀਆਂ ਜੁਗਨੀਆਂ ਤੋਂ ਵੱਖਰੀ ਹੈ।

ਅਗਲੀ ਗੱਲ ਕਰਨ ਤੋਂ ਪਹਿਲਾਂ ਰਤਾ ਕੁ ਜੁਗਨੀ ਦੇ ਇਤਿਹਾਸ ਉਤੇ ਤਰਦੀ ਜਿਹੀ ਝਾਤੀ ਮਾਰ ਲਈਏ। ਜੁਗਨੀ ਕਾਵਿ ਤੇ ਗਾਇਨ ਦਾ ਜਨਮ 1906 ਦੇ ਲਾਗੇ-ਚਾਗੇ ਹੋਇਆ। ਕਹਿੰਦੇ ਹਨ ਕਿ ਅੰਗਰੇਜ਼ ਮਲਿਕਾ ਨੂੰ ਰਾਜ ਕਰਦਿਆਂ ਜਦੋਂ 50 ਸਾਲ ਹੋ ਗਏ ਤਾਂ ਜਸ਼ਨਾਂ ਵਜੋਂ 'ਜੁਬਲੀ ਫਲੇਮ' ਭਾਵ ਜਸ਼ਨ ਜੋਤ ਉਨ੍ਹਾਂ ਸਾਰੇ ਮੁਲਕਾਂ ਵਿਚ ਘੁਮਾਈ ਗਈ ਜਿਥੇ-ਜਿਥੇ ਅੰਗਰੇਜ਼ਾਂ ਦਾ ਰਾਜ ਸੀ। 'ਜੁਬਲੀ ਫਲੇਮ' ਘੁੰਮਦੀ-ਘੁੰਮਦੀ ਜਦੋਂ ਪੰਜਾਬ ਆਈ ਤਾਂ ਹੋਰ ਥਾਂਵਾਂ ਵਾਂਗ ਉਥੇ ਵੀ ਪ੍ਰਚਾਰ ਕੀਤਾ ਜਾਣ ਲੱਗਾ ਅਤੇ ਸਮਾਗਮ ਰਚਾਏ ਜਾਣ ਲੱਗੇ। ਪ੍ਰਬੰਧਕਾਂ ਨੇ ਇਨ੍ਹਾਂ ਸਮਾਗਮਾਂ ਵਿਚ 'ਜੁਬਲੀ ਫਲੇਮ' ਦੀ ਪ੍ਰਸ਼ੰਸਾ ਵਿਚ ਗਾਉਣ ਲਈ ਬਿਸ਼ਨਾ ਅਤੇ ਮੰਦ੍ਹਾ ਨਾਂ ਦੇ ਦੋ ਸਥਾਨਕ ਗਵੱਈਈਆਂ ਨੂੰ ਨਾਲ ਜੋੜ ਲਿਆ। ਇਹ ਨੌਜਵਾਨ ਕੋਰੇ ਅਨਪੜ੍ਹ ਸਨ ਅਤੇ ਇਨ੍ਹਾਂ ਆਪਣੇ ਗਾਏ ਗੀਤਾਂ ਵਿਚ ਅਕਸਰ 'ਜੁਬਲੀ' ਨੂੰ 'ਜੁਗਨੀ' ਪੁਕਾਰਨਾ। ਬੱਸ, ਇਸ ਤੋਂ ਹੀ 'ਜੁਗਨੀ' ਹੋਂਦ ਵਿਚ ਆਈ। ਬਿਸ਼ਨੇ ਅਤੇ ਮੰਦ੍ਹੇ ਦੇ ਇਹ 'ਜੁਗਨੀ ਛੰਦ' ਇੰਨੇ ਮਸ਼ਹੂਰ ਹੋਏ ਕਿ ਸਦਾ-ਸਦਾ ਲਈ ਪੰਜਾਬੀ ਲੋਕਧਾਰਾ ਦਾ ਹਿੱਸਾ ਬਣ ਗਏ।




*ਸੰਗੀਤਕਾਰ ਕਲਿੰਟਨ ਸੇਰੇਜੋ*




*ਵਿਸ਼ਾਲ ਭਾਰਦਵਾਜ*

ਹੁਣ ਆਈਏ ਹੁਣੇ-ਹੁਣੇ ਆਈ ਐਲਬਮ 'ਜੁਗਨੀ' ਵੱਲ। ਇਹ ਐਲਬਮ ਦਰਅਸਲ ਫਿਲਮ 'ਜੁਗਨੀ' ਦੀ ਹੈ। ਹਿੰਦੀ ਫਿਲਮ 'ਜੁਗਨੀ' 22 ਜਨਵਰੀ ਨੂੰ ਰਿਲੀਜ਼ ਹੋ ਰਹੀ ਹੈ ਅਤੇ ਇਸ ਦਾ ਸੰਗੀਤ ਹੁਣੇ-ਹੁਣੇ ਰਿਲੀਜ਼ ਕੀਤਾ ਗਿਆ ਹੈ। ਇਹ ਸੰਗੀਤ ਰਿਲੀਜ਼ ਹੁੰਦੇ ਸਾਰ ਹੀ ਸੰਗੀਤ ਜਗਤ ਵਿਚ ਧੁੰਮਾਂ ਪੈ ਗਈਆਂ ਹਨ। ਪਾਕਿਸਤਾਨੀ ਗਾਇਕ ਜਾਵੇਦ ਬਸ਼ੀਰ ਅਤੇ ਨੇਹਾ ਕੱਕੜ ਨੇ ਜੁਗਨੀ ਦਾ ਜੋ ਰੰਗ ਬੰਨ੍ਹਿਆ ਹੈ, ਬੱਸ ਧੰਨ-ਧੰਨ ਹੀ ਹੋ ਗਈ ਹੈ। ਤਾਜ਼ਗੀ ਦਾ ਅਹਿਸਾਸ ਕਰਵਾਉਂਦਾ ਹੈ ਇਹ ਗੀਤ। 'ਡੁਗ ਡੁਗੀ ਡੁਗ' ਮਸ਼ਹੂਰ ਸੰਗੀਤਕਾਰ ਵਿਸ਼ਾਲ ਭਾਰਦਵਾਜ ਨੇ ਗਾਇਆ ਹੈ। ਇਹ ਪਹਿਲਾ ਗੀਤ ਹੈ ਜੋ ਵਿਸ਼ਾਲ ਭਾਰਦਵਾਜ ਨੇ ਕਿਸੇ ਹੋਰ ਸੰਗੀਤਕਾਰ ਲਈ ਗਾਇਆ ਹੈ। ਇਸ ਮਾਮਲੇ 'ਤੇ ਇਸ ਐਲਬਮ ਦੇ ਸੰਗੀਤਕਾਰ ਕਲਿੰਟਨ ਸੇਰੇਜੋ ਦੀ ਝੰਡੀ ਹੈ। 'ਬੁਲੰਦੀਆਂ' ਵਿਚ ਰੇਖਾ ਭਾਰਦਵਾਜ ਨੇ ਆਪਣਾ ਹੀ ਜਾਦੂ ਧੂੜਿਆ ਹੈ। 'ਜ਼ੱਰੇ-ਜ਼ੱਰੇ ਮੇਂ' ਵਿਚ ਰਾਹਤ ਫਤਿਹ ਅਲੀ ਖਾਨ ਦਾ ਰੰਗ ਦੇਖਣ-ਸੁਣਨ ਹੀ ਵਾਲਾ ਹੈ। ਜਜ਼ਿਮ ਸ਼ਰਮਾ ਦਾ ਇਸ ਐਲਬਮ ਵਿਚ ਵੱਖਰਾ ਰੰਗ ਹੈ। ਕੁੱਲ ਮਿਲਾ ਕੇ ਇਹ ਐਲਬਮ ਦਿਲਾਂ ਦੀਆਂ ਤਰਬਾਂ ਛੇੜਨ ਵਾਲੀ ਹੈ।

## ਇਸ 'ਜੁਗਨੀ' ਦਾ ਰੰਗ ਨਿਰਾਲਾ...







'ਜੁਗਨੀ' ਵਿਚ ਸੁਰਾਂ ਦੀ ਛਹਿਬਰ ਲਾਉਣ ਵਾਲੇ (ਖੱਬਿਓਂ) ਰੇਖਾ ਭਾਰਦਵਾਜ, ਰਾਹਤ ਫਤਿਹ ਅਲੀ ਖਾਨ ਤੇ ਜਜ਼ਿਮ ਸ਼ਰਮਾ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਜਨਵਰੀ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-205



*ਰੰਗ-ਬਰੰਗੇ ਗਜਰੇ ਤੱਕ ਕੇ, ਦਿਲ ਵਿਚ ਉਠਣ ਉਮੰਗਾਂ।*
*ਮੈਂ ਵੀ ਬਣ-ਠਣ ਸੋਹਣੀ ਲੱਗਾਂ, ਮਾਂ ਵਾਕਣ ਹੀ ਫੱਬਾਂ।*
*ਧੀ ਦੀ ਰੀਝ ਨੂੰ ਤੱਕ ਕੇ ਮਾਂ ਵੀ, ਨਾਲ ਹੀ ਰਾਹੀ ਹੋਈ,*
*ਇਹ ਉਮੰਗ ਤਾਂ ਅਣਮੁੱਲੀ ਹੈ, ਮੁੱਲ ਨਾ ਇਸ ਦਾ ਕੋਈ।*

## ਕੈਪਸ਼ਨ ਮੁਕਾਬਲਾ-203



ਗੱਡੀ ਤੇਰੀ ਅੜ ਗਈ ਬਾਬਾ
ਲਿਆ ਮੈਂ ਇਹਨੂੰ ਵੱਟ ਟਪਾਵਾਂ।
ਆਉਂਦਾ ਜਾਂਦਾ ਜੋ ਵੀ ਵੇਖੇ
ਉਹਨੂੰ ਵੀ ਇੱਕ ਸਬਕ ਸਿਖਾਵਾਂ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਅਪਾਹਜ ਬੰਦੇ ਨੂੰ ਸਹਾਰਾ ਚਾਹੀਦਾ।
ਡੁਬਦੀ ਹੋਈ ਬੇੜੀ ਨੂੰ ਕਿਨਾਰਾ ਚਾਹੀਦਾ।
ਹੌਸਲੇ ਬੁਲੰਦ ਹੋਵਣ ਤਾਂ ਨੂਰਪੁਰੀ,
ਪਹਾੜ ਵੀ ਰਾਹ ਦੇ ਦਿੰਦੇ ਹਨ।
***-ਗੁਰਦਿਆਲ ਸਿੰਘ ਨੂਰਪੁਰੀ***
***ਫੋਨ: 408-204-7985***

---

ਚਾਹੇ ਹੋਵੇ ਬੱਚਾ, ਚਾਹੇ ਹੋਵੇ ਜਵਾਨ
ਹੌਸਲੇ ਨਾਲ ਸਰ ਕਰ ਜਾਂਦੇ ਪਹਾੜ।
ਮਨ ਵਿਚ ਹੌਸਲਾ, ਦਿਲ ਵਿਚ ਜਜ਼ਬਾ
ਭੁਲਾ ਦੇਵੇ ਕਰੋਪੀ ਤੇ ਦਗਾ ਜੱਗ ਦਾ।
ਅੰਗੀਂ ਨਾ ਕੱਜ ਹੋਵੇ ਇਹੋ ਖੈਰ ਮੰਗਦਾ
ਸ਼ੁਕਰ ਕਰੋ ਤੁੰਦਰੁਸਤੀ ਲਈ ਰੱਬ ਦਾ।
***-ਸਤਵਿੰਦਰ ਥਾਂਦੀ ਦੌਲਤਪੁਰੀ***

---

ਮੁਸੀਬਤ ਵਿਚ ਜੋ ਘਬਰਾਏ,
ਉਹ ਨਾ ਮੰਜ਼ਿਲ ਵੱਲ ਜਾਏ।
ਜੋ ਮੁਸੀਬਤ ਵਿਚ ਰੱਖਦੇ ਹੌਸਲਾ,
ਉਹ ਸਦਾ ਮੰਜ਼ਿਲ ਵੱਲ ਧਾਏ।
ਅੱਜ ਨਾ ਪਹੁੰਚੇ ਜੇ ਮੰਜ਼ਿਲ ਤੱਕ,
ਕੱਲ੍ਹ ਪਹੁੰਚ ਜਾਂਦੇ ਉਹ।
ਨੱਚਣ-ਟੱਪਣ ਖੁਸ਼ੀ ਮਨਾਵਣ,
ਗੀਤ ਸੁਰਾਂ ਵਿਚ ਗਾਉਂਦੇ ਉਹ।
ਹੋਣ ਜੇਕਰ ਹੌਸਲੇ ਬੁਲੰਦ ਵੀਰਿਓ,
ਬੰਦਾ ਢਾਹ ਦਿੰਦਾ ਏ ਪਹਾੜ,
ਹੋਵੇ ਭਾਵੇਂ ਕੰਧ ਵੀਰਿਓ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

ਕੈਪਸ਼ਨ ਮੁਕਾਬਲਾ-202
ਬੀਤ ਚੁੱਕੇ ਬਚਪਨ ਦੀਆਂ ਯਾਦਾਂ,
ਫਿਰ ਤਾਜ਼ਾ ਹੋ ਗਈਆਂ।
ਵੇਖ ਕੇ ਫੋਟੋ ਖੇਡਦੇ ਬੱਚੇ,
ਅੱਖਾਂ ਨਮ ਹੋ ਗਈਆਂ।
ਮੀਂਹ ਪੈਂਦਾ ਸੀ ਜਦੋਂ ਜਦੋਂ ਵੀ,
ਮਨ ਇਹ ਖੁਸ਼ੀ ਮਨਾਉਂਦਾ ਸੀ।
ਵਿਚ ਖੁਸ਼ੀ ਦੇ ਮੋਰ ਵੀ ਮਿੱਤਰੋ,
ਬਾਗੀਂ ਪੈਲਾਂ ਪਾਉਂਦਾ ਸੀ।
ਹੁਣ ਨਹੀਂ ਆਉਂਦੇ ਪਲ ਉਹ ਵਾਪਸ,
ਜਿਹੜੇ ਬਚਪਨ ਵਿਚ ਬਿਤਾਏ।
ਰਲ ਕੇ ਯਾਰਾਂ ਦੋਸਤਾਂ ਦੇ ਸੰਗ,
ਖੁਸ਼ੀਆਂ ਵਿਚ ਲੰਘਾਏ!
***-ਗੋਰਾ ਪ੍ਰਜਾਪਤ, ਨਿਊ ਯਾਰਕ***

# ਚਿੱਤਰਕਾਰ ਅਤੇ ਕਾਰਟੂਨਿਸਟ ਪ੍ਰਤੀਕ ਆਰਟਿਸਟ ਨਾਲ ਇਕ ਸ਼ਾਮ

**ਨਿਊ ਯਾਰਕ (ਬਿਊਰੋ):** ਪੰਜਾਬੀ ਲਿਟਰੇਰੀ ਐਂਡ ਕਲਚਰਲ ਸੁਸਾਇਟੀ, ਨਿਊ ਯਾਰਕ ਵਲੋਂ ਕੈਨੇਡਾ ਵੱਸਦੇ



ਜਾਣੇ-ਪਹਿਚਾਣੇ ਪੰਜਾਬੀ ਚਿੱਤਰਕਾਰ ਅਤੇ ਕਾਰਟੂਨਿਸਟ ਪ੍ਰਤੀਕ ਆਰਟਿਸਟ ਨਾਲ ਇਕ ਸ਼ਾਮ ਮਨਾਈ ਗਈ। ਇਸ ਮੌਕੇ ਪੰਜਾਬੀ ਅਤੇ ਹਿੰਦੀ ਦੇ ਸਿਰਮੌਰ ਕਹਾਣੀਕਾਰ ਮਹੀਪ ਸਿੰਘ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ ਗਈ।

ਆਪਣੀ ਵਿਲੱਖਣ ਸ਼ੈਲੀ ਸਦਕਾ ਮਸ਼ਹੂਰ ਪ੍ਰਤੀਕ ਆਰਟਿਸਟ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਸ ਨੇ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਗੁਰਦਿਆਲ ਸਿੰਘ ਦੇ ਤਕਰੀਬਨ ਸਾਰੇ ਨਾਵਲਾਂ ਦੇ ਹੀ ਟਾਈਟਲ ਆਪਣੇ ਬੁਰਸ਼ ਨਾਲ ਉਲੀਕੇ ਹਨ। ਇਸ ਤੋਂ ਇਲਾਵਾ ਸੈਂਕੜੇ ਪੁਸਤਕਾਂ ਦੇ ਟਾਈਟਲ ਉਸ ਨੇ ਬਣਾਏ ਹਨ।

ਕੈਨੇਡਾ ਤੋਂ ਨਿਕਲਦੀ ਅਖ਼ਬਾਰ 'ਨਗਾਰਾ' ਵਿਚ ਉਸ ਨੇ 1991 ਵਿਚ ਕਾਰਟੂਨ ਬਣਾਉਣ ਵਾਲਾ ਕਾਲਮ ਲੰਮਾ ਅਰਸਾ ਬਾਖ਼ੂਬੀ ਨਿਭਾਇਆ।

ਯਾਦ ਰਹੇ, ਅੱਜਕੱਲ੍ਹ ਪੰਜਾਬ ਵਿਚ ਹੋ ਰਹੀ ਉਥਲ-ਪੁਥਲ ਨੂੰ ਆਪਣੀ ਮਹੀਨ ਸੂਝ ਨਾਲ ਪ੍ਰਤੀਕ ਨੇ ਕਾਰਟੂਨਾਂ ਰਾਹੀਂ ਬੜੀ ਕਾਮਯਾਬੀ ਨਾਲ ਪੇਸ਼ ਕੀਤਾ ਹੈ। ਉਸ ਦੇ ਕਾਰਟੂਨਾਂ ਵਿਚਲਾ ਤਿੱਖਾ ਵਿਅੰਗ ਨਿਰਾ ਹਾਸਾ ਹੀ ਪੈਦਾ ਨਹੀਂ ਕਰਦਾ, ਬਹੁਤ ਕੁਝ ਸੋਚਣ ਲਈ ਮਜਬੂਰ ਵੀ ਕਰਦਾ ਹੈ। ਇਸ ਮੌਕੇ ਰਾਣੀ ਨਗਿੰਦਰ ਨੇ ਆਪਣੀ ਪੁਸਤਕ 'ਇਜੀਪਟ ਤੋਂ ਇਸਰਾਈਲ' ਪ੍ਰਤੀਕ ਨੂੰ ਭੇਂਟ ਕੀਤੀ।

ਕਵਿਤਾ ਦੇ ਦੌਰ ਵਿਚ ਜੱਸੀ ਢਿੱਲੋਂ, ਸੁਰਿੰਦਰ ਸੋਹਲ, ਤਰਲੋਕਬੀਰ, ਰਾਣੀ ਨਗਿੰਦਰ, ਦਲਜੀਤ ਮੋਖਾ ਅਤੇ ਅਸ਼ੋਕ ਸਿੰਘ ਨੇ ਹਾਜ਼ਰੀ ਲਵਾਈ। ਇਸ ਸ਼ਾਮ ਵਿਚ ਹੋਰਨਾਂ ਤੋਂ ਇਲਾਵਾ, ਅਨੀਸ, ਰੂਬੀ ਸਿੰਘ, ਬੁਲਬੁਲ ਪਾਰਿਖ, ਵਿਸ਼ਾ ਸਾਗਰ, ਵਿਊ, ਢਿੱਲੋਂ ਅਤੇ ਰਾਜ ਮੋਖਾ ਵੀ ਹਾਜ਼ਰ ਸਨ।

ਪੰਜਾਬੀ ਲਿਟਰੇਰੀ ਐਂਡ ਕਲਚਰਲ ਸੁਸਾਇਟੀ ਦੀ ਅਗਲੀ ਮੀਟਿੰਗ ਵਿਚ ਸੁਰਿੰਦਰ ਸੋਹਲ ਦੇ ਨਵੇਂ ਛਪੇ ਗ਼ਜ਼ਲ ਸੰਗ੍ਰਿਹ 'ਕਿਤਾਬ ਆਸਮਾਨ ਦੀ' ਰਿਲੀਜ਼ ਕੀਤਾ ਜਾਵੇਗਾ।





*ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਵਸ 'ਤੇ ਗੁਰਦੁਆਰਾ ਸੈਨ ਹੋਜ਼ੇ ਵਿਚ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਵੱਲੋਂ ਸਿੱਖ ਰਹਿਤ ਮਰਿਆਦਾ 'ਤੇ ਲਿਖੀ ਕਿਤਾਬ "ਸਿੱਖ ਰਹਿਤ ਮਰਿਆਦਾ ਦਰਪਣ" ਦਾ ਇੰਗਲਿਸ਼ ਅਨੁਵਾਦ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਤੇ ਮੈਂਬਰ ਰਿਲੀਜ਼ ਕਰਦੇ ਹੋਏ। ਚੇਤੇ ਰਹੇ, ਗਿਆਨੀ ਗੁਲਸ਼ਨ ਪਿਛਲੇ ਕਈ ਦਿਨਾਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸਬੰਧੀ ਕਥਾ-ਵਿਚਾਰ, ਖਾਸਕਰ ਜ਼ਫਰਨਾਮੇ ਦੀ ਵਿਆਖਿਆ ਪ੍ਰਭਾਵਸ਼ਾਲੀ ਤਰੀਕੇ ਨਾਲ ਕਰ ਰਹੇ ਹਨ।*


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*


Medicare & Most Private Insurances Accepted



*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545



H K TRANSPORT INC
*Division of HK Incorporated*
1401 West Ray St, Indianapolis, IN 46221
Ph: 317-408-3211, web: www.hktransportinc.com



ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

*ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ*

*ਲੋੜੀਂਦੀ ਯੋਗਤਾ:*
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ

ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ



TRUCK DRIVING SCHOOL
ਏਅਰਪੋਰਟ ਤੋਂ ਪਿਕਅੱਪ ਤੇ ਡਰੌਪ ਆਫ ਦਾ ਵੀ ਖਾਸ ਪ੍ਰਬੰਧ ਹੈ।
deep@jfsinc.us



ਵਾਜ਼ਿਬ ਰੇਟ, ਫਾਸਟ ਸਰਵਿਸ, ਸਰਟੀਫਾਈਡ, ਤਜ਼ਰਬੇਕਾਰ ਇੰਸਟਰੱਕਟਰ, ਰਿਹਾਇਸ਼ ਦਾ ਬਹੁਤ ਵਧੀਆ ਪ੍ਰਬੰਧ ਹੈ।
ਅਸੀਂ ਲਾਗ ਬੁੱਕ ਅਤੇ ਸੇਫਟੀ ਦੀ ਟ੍ਰੇਨਿੰਗ ਵੀ ਦਿੰਦੇ ਹਾਂ
ਲਾਇਸੰਸ ਦੀ ਗਾਰੰਟੀ ♦ Experienced Instructors
3506 W. Nielsen Ave. Fresno CA 93706
Tel.: 559.266.4000 Cell : 559.217.5986

# ਵਿਦੇਸ਼ੀ ਪਰਵਾਸ ਪੱਖੋਂ ਭਾਰਤੀ ਅੱਗੇ

**ਸੰਯੁਕਤ ਰਾਸ਼ਟਰ:** ਵਿਦੇਸ਼ਾਂ ਵਿਚ ਰਹਿਣ ਵਾਲੇ ਪਰਵਾਸੀਆਂ ਵਿਚ ਭਾਰਤ ਦਾ ਪਹਿਲਾ ਨੰਬਰ ਹੈ। ਸੰਯੁਕਤ ਰਾਸ਼ਟਰ ਦੇ ਆਰਥਿਕ ਤੇ ਸਮਾਜਿਕ ਮਾਮਲਿਆਂ ਦੇ ਵਿਭਾਗ ਵੱਲੋਂ ਕੀਤੇ ਸਰਵੇ ਮੁਤਾਬਕ ਸਾਲ 2015 ਵਿਚ ਤਕਰੀਬਨ 1.6 ਕਰੋੜ ਭਾਰਤੀ ਆਪਣੇ ਦੇਸ਼ ਤੋਂ ਬਾਹਰ ਰਹਿ ਰਹੇ ਹਨ ਤੇ ਦੁਨੀਆਂ ਭਰ ਵਿਚ ਪਰਵਾਸੀਆਂ ਦੀ ਗਿਣਤੀ 24.4 ਕਰੋੜ ਹੋ ਚੁੱਕੀ ਹੈ। ਇਨ੍ਹਾਂ ਵਿਚੋਂ 7.6 ਕਰੋੜ ਯੂਰਪ ਤੇ 7.5 ਕਰੋੜ ਪਰਵਾਸੀ ਏਸ਼ੀਆ ਵਿਚ ਰਹਿ ਰਹੇ ਹਨ।

ਆਰਥਿਕ ਤੇ ਸਮਾਜਿਕ ਮਾਮਲਿਆਂ ਦੇ ਸੰਯੁਕਤ ਰਾਸ਼ਟਰ ਦੇ ਅਧੀਨ ਸਕੱਤਰ ਜਨਰਲ ਵੂ ਹੋਂਗਬੋ ਨੇ ਦੱਸਿਆ ਕਿ ਅੰਤਰਰਾਸ਼ਟਰੀ ਪਰਵਾਸੀਆਂ ਦੀ ਗਿਣਤੀ ਵਧਣ ਦਾ ਮੁੱਖ ਕਾਰਨ ਅਰਥ ਵਿਵਸਥਾ ਹੈ ਜੋ ਹੁਣ ਵੱਖ-ਵੱਖ ਸਮਾਜਾਂ ਦਾ ਅਨਿੱਖੜਵਾਂ ਹਿੱਸਾ ਬਣ ਚੁੱਕੀ ਹੈ। ਉਨ੍ਹਾਂ ਕਿਹਾ ਕਿ ਠੀਕ ਢੰਗ ਨਾਲ ਕੀਤਾ ਪਰਵਾਸ ਮੂਲ ਦੇਸ਼ ਤੇ ਪਰਵਾਸ ਕੀਤੇ ਜਾਣ ਵਾਲੇ ਦੇਸ਼, ਦੋਹਾਂ ਲਈ ਲਾਭਕਾਰੀ ਹੁੰਦਾ ਹੈ। ਭਾਰਤ ਦੇ 1.6 ਕਰੋੜ ਤੇ ਮੈਕਸੀਕੋ ਦੇ 1.2 ਕਰੋੜ ਲੋਕ ਪਰਵਾਸੀ ਹਨ, ਇਸ ਤੋਂ ਬਾਅਦ ਰੂਸ, ਚੀਨ, ਬੰਗਲਾਦੇਸ਼, ਪਾਕਿਸਤਾਨ ਤੇ ਯੂਕਰੇਨ ਦੇ ਲੋਕ ਵੱਡੀ ਗਿਣਤੀ ਵਿਚ ਬਾਹਰਲੇ ਦੇਸ਼ਾਂ ਵਿਚ ਪਰਵਾਸ ਕਰਕੇ ਰਹਿ ਰਹੇ ਹਨ। ਅੰਤਰਰਾਸ਼ਟਰੀ ਪਰਵਾਸੀਆਂ ਦੀ ਗਿਣਤੀ ਜਿਨ੍ਹਾਂ 20 ਦੇਸ਼ਾਂ ਵਿਚ ਸਭ ਤੋਂ ਵੱਧ ਹੈ ਉਨ੍ਹਾਂ ਵਿਚੋਂ 11 ਏਸ਼ੀਆ ਦੇ, ਛੇ ਯੂਰਪ ਦੇ, ਇਕ ਅਫਰੀਕਾ, ਇਕ ਲਾਤੀਨ ਅਮਰੀਕਾ ਤੇ ਇਕ ਉੱਤਰੀ ਅਮਰੀਕਾ ਦਾ ਹੈ। ਸਭ ਤੋਂ ਵੱਧ ਪਰਵਾਸੀ ਅਮਰੀਕਾ (4.6 ਕਰੋੜ), ਜਰਮਨੀ, ਰੂਸ, ਸਾਊਦੀ ਅਰਬ, ਬਰਤਾਨੀਆ ਤੇ ਸੰਯੁਕਤ ਅਰਬ ਅਮੀਰਾਤ ਵਿਚ ਰਹਿੰਦੇ ਹਨ। ਭਾਰਤ ਵਿਚ ਵੀ 52 ਲੱਖ ਪਰਵਾਸੀ ਰਹਿੰਦੇ ਹਨ ਤੇ 20 ਦੇਸ਼ਾਂ ਵਿਚੋਂ ਭਾਰਤ ਦਾ 12ਵਾਂ ਸਥਾਨ ਜਦੋਂ ਕਿ 1990 ਵਿਚ ਭਾਰਤ ਵਿਚ 75 ਲੱਖ ਪਰਵਾਸੀ ਰਹਿੰਦੇ ਸਨ।



## ਕੈਨੇਡਾ ਦਾ ਆਵਾਸ ਦਫਤਰ ਅਰਜ਼ੀਆਂ ਨਾਲ ਤੂੜਿਆ

**ਟੋਰਾਂਟੋ:** ਮਾਪਿਆਂ ਨੂੰ ਕੈਨੇਡਾ ਸੱਦਣ ਦੇ ਪ੍ਰੋਗਰਾਮ ਦੇ ਖੁੱਲ੍ਹਣ ਸਾਰ ਹੀ ਮਿਸੀਸਾਗਾ (ਉਂਟਾਰੀਓ) ਸਥਿਤ ਮੁੱਖ ਆਵਾਸ ਦਫਤਰ ਅਰਜ਼ੀਆਂ ਨਾਲ ਤੂੜਿਆ ਗਿਆ ਹੈ। ਇਸ ਕਾਰਨ ਮੁਲਕ ਦੇ ਆਵਾਸ ਤੇ ਨਾਗਰਿਕਤਾ ਮਹਿਕਮੇ ਨੂੰ ਆਪਣੇ ਇਸ ਪ੍ਰੋਗਰਾਮ ਨੂੰ ਤਿੰਨ ਦਿਨਾਂ ਬਾਅਦ ਹੀ ਬੰਦ ਕਰਨਾ ਪੈ ਗਿਆ ਹੈ ਕਿਉਂਕਿ ਉਨ੍ਹਾਂ ਨੂੰ 14 ਹਜ਼ਾਰ ਅਰਜ਼ੀਆਂ ਅੱਪੜ ਗਈਆਂ ਹਨ। ਬਾਕੀਆਂ ਚਾਹਵਾਨਾਂ ਨੂੰ ਅਗਲੇ ਸਾਲ ਤੱਕ ਉਡੀਕ ਕਰਨੀ ਪਵੇਗੀ। ਚਾਰ ਜਨਵਰੀ ਨੂੰ ਖੋਲ੍ਹੇ ਇਸ ਪ੍ਰੋਗਰਾਮ ਤਹਿਤ ਅਰਜ਼ੀਆਂ ਦੇਣ ਲਈ ਲੋਕਾਂ ਨੇ ਹਜ਼ਾਰਾਂ ਡਾਲਰ ਖਰਚੇ ਹਨ। ਸੂਤਰਾਂ ਮੁਤਾਬਕ ਲੋਕ ਆਪਣੇ ਮਾਪਿਆਂ ਦੀ ਰਾਹਦਾਰੀ ਦੇ ਕਾਗਜ਼ ਕੁਰੀਅਰ ਕੰਪਨੀਆਂ ਰਾਹੀਂ ਭੇਜ ਰਹੇ ਹਨ। ਕੰਪਨੀਆਂ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਉਨ੍ਹਾਂ ਰਾਹੀਂ ਭੇਜੀਆਂ ਅਰਜ਼ੀਆਂ ਨਿਬੇੜੇ ਵਾਲੀ ਲਾਈਨ ਵਿਚ ਜ਼ਰੂਰ ਲੱਗਣਗੀਆਂ। ਇਹ ਅਰਜ਼ੀਆਂ ਸਿਰਫ ਮਿਸੀਸਾਗਾ ਦਫਤਰ ਨੂੰ ਹੀ ਭੇਜੀਆਂ ਜਾ ਸਕਦੀਆਂ ਹਨ ਤੇ ਇਸ ਕੰਮ ਲਈ ਕੁਰੀਅਰ ਵਾਲੇ 80 ਤੋਂ 400 ਡਾਲਰ ਤੱਕ ਫੀਸ ਲੈ ਰਹੇ ਹਨ। ਉਧਰ, ਆਵਾਸ ਮਹਿਕਮਾ ਕਹਿ ਰਿਹਾ ਹੈ ਕਿ ਕੁਰੀਅਰ ਦੇ ਖਰਚਿਆਂ ਬਾਰੇ ਲੋਕ ਖੁਦ ਜ਼ਿੰਮੇਵਾਰ ਹਨ ਪਰ ਅਰਜ਼ੀਆਂ ਦਾ ਨਿਬੇੜਾ ਪੂਰੀ ਪਾਰਦਰਸ਼ਤਾ ਨਾਲ ਕੀਤਾ ਜਾਵੇਗਾ। ਪਿਛਲੀ ਕੰਜ਼ਰਵੇਟਿਵ ਸਰਕਾਰ ਨੇ 2014 ਵਿਚ ਮਾਪੇ ਬਜ਼ੁਰਗ ਸ਼੍ਰੇਣੀ ਦਾ ਕੋਟਾ ਸਾਲਾਨਾ 5000 ਅਰਜ਼ੀਆਂ 'ਤੇ ਨਿਰਧਾਰਤ ਕੀਤਾ ਸੀ। ਆਵਾਸ ਮਾਹਿਰਾਂ ਮੁਤਾਬਕ ਮੰਗ ਦੇ ਹਿਸਾਬ ਨਾਲ ਅਰਜ਼ੀਆਂ ਘੱਟ ਮੰਗੀਆਂ ਗਈਆਂ ਹਨ।

# ਭਾਰਤ ਨੂੰ ਚੰਗਾ ਗੁਆਂਢੀ ਨਹੀਂ ਮੰਨਦੇ ਚੀਨੀ ਲੋਕ

**ਪੇਇਚਿੰਗ:** ਚੀਨ ਦੇ ਜ਼ਿਆਦਾਤਰ ਲੋਕਾਂ ਦਾ ਭਾਰਤ ਤੋਂ ਮੋਹ ਭੰਗ ਹੋ ਗਿਆ ਹੈ। ਉਨ੍ਹਾਂ ਨੂੰ ਜੇਕਰ ਚੀਨ ਦਾ ਨਕਸ਼ਾ ਮੁੜ ਤੋਂ ਵਾਹੁਣ ਦਾ ਮੌਕਾ ਮਿਲ ਜਾਵੇ ਤਾਂ ਉਹ ਪਾਕਿਸਤਾਨ ਤੇ ਨੇਪਾਲ ਨੂੰ ਆਪਣਾ ਗੁਆਂਢੀ ਬਣਾ ਕੇ ਰੱਖਣਾ ਚਾਹੁਣਗੇ। ਚੀਨੀ ਲੋਕ ਪੇਇਚਿੰਗ ਨਾਲ ਵਿਵਾਦਤ ਇਲਾਕਾਈ ਮਸਲਿਆਂ ਵਾਲੇ ਮੁਲਕਾਂ ਤੋਂ ਖਹਿੜਾ ਛੁਡਾਉਣਾ ਚਾਹੁੰਦੇ ਹਨ।



ਚੀਨ ਦੇ ਲੋਕਾਂ ਨੂੰ 'ਰੱਬ ਬਣਨ' 'ਉਤੇ ਗੁਆਂਢੀ ਮੁਲਕ ਦੀ ਚੋਣ ਦੀ ਮੁਰਾਦ ਮੰਗੇ ਜਾਣ ਬਾਰੇ ਕੀਤੇ ਗਏ ਸਰਵੇਖਣ ਦੌਰਾਨ 13,196 ਵਿਅਕਤੀਆਂ ਨੇ ਜਪਾਨ ਤੋਂ ਅਲਹਿਦਾ ਹੋਣ ਨੂੰ ਤਰਜੀਹ ਦਿੱਤੀ। ਰਸਾਲੇ 'ਗਲੋਬਲ ਟਾਈਮਜ਼' ਵੱਲੋਂ ਇੰਟਰਨੈੱਟ ਉਤੇ ਕਰਾਏ ਗਏ ਸਰਵੇਖਣ ਵਿਚ ਦੋ ਲੱਖ ਚੀਨੀਆਂ ਨੇ ਹਿੱਸਾ ਲਿਆ। ਹੋਰ ਮੁਲਕਾਂ ਵਿਚ ਫਿਲਪੀਨਜ਼ (11,671), ਵਿਅਤਨਾਮ (11,620), ਉੱਤਰੀ ਕੋਰੀਆ (11,024), ਭਾਰਤ (10,416), ਅਫ਼ਗਾਨਿਸਤਾਨ (8,506) ਅਤੇ ਇੰਡੋਨੇਸ਼ੀਆ (8,167) ਸ਼ਾਮਲ ਹਨ।

ਹੈਰਾਨੀ ਦੀ ਗੱਲ ਇਹ ਰਹੀ ਕਿ ਜ਼ਿਆਦਾਤਰ ਲੋਕਾਂ ਨੇ ਪਾਕਿਸਤਾਨ ਨੂੰ ਗੁਆਂਢੀ ਬਣਾਈ ਰੱਖਣ ਨੂੰ ਤਰਜੀਹ ਦਿੱਤੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 11,831 ਵਿਅਕਤੀ ਪਾਕਿਸਤਾਨ ਨੂੰ ਆਪਣਾ ਗੁਆਂਢੀ ਬਣਾ ਕੇ ਰੱਖਣਾ ਚਾਹੁੰਦੇ ਹਨ। ਲੋਕ ਨੇਪਾਲ ਨਾਲ ਵੀ ਰਿਸ਼ਤੇ ਬਰਕਰਾਰ ਰੱਖਣਾ ਚਾਹੁੰਦੇ ਹਨ। ਰਸਾਲੇ ਨੇ 36 ਮੁਲਕਾਂ ਵਿਚੋਂ ਨਵੇਂ ਗੁਆਂਢੀਆਂ ਦੀ ਚੋਣ ਕਰਨ ਲਈ ਕਿਹਾ ਸੀ। ਸਵੀਡਨ ਨੂੰ 9,776 ਵੋਟ ਹਾਸਲ ਹੋਏ। ਬਾਕੀ ਮੁਲਕਾਂ ਵਿਚ ਨਿਊਜ਼ੀਲੈਂਡ, ਜਰਮਨੀ, ਮਾਲਦੀਵ, ਸਿੰਗਾਪੁਰ, ਨਾਰਵੇ ਅਤੇ ਥਾਈਲੈਂਡ ਸ਼ਾਮਲ ਹਨ।

ਚੀਨੀ ਮਾਹਿਰਾਂ ਨੇ ਕਿਹਾ ਕਿ ਜਪਾਨ ਤੋਂ ਦੂਰ ਰਹਿਣ ਦੀ ਗੱਲ ਲੋਕਾਂ ਨੇ ਇਸ ਲਈ ਕੀਤੀ ਹੋਵੇਗੀ ਕਿਉਂਕਿ ਉਨ੍ਹਾਂ ਦੇ ਮਨਾਂ 'ਤੇ ਦੂਜੀ ਵਿਸ਼ਵ ਜੰਗ ਦੌਰਾਨ ਜਪਾਨੀ ਫੌਜਾਂ ਵੱਲੋਂ ਕੀਤੇ ਗਏ ਤਸ਼ੱਦਦ ਦੀ ਯਾਦ ਅਜੇ ਵੀ ਬਾਕੀ ਹੈ। ਇਸੇ ਤਰ੍ਹਾਂ ਭਾਰਤ ਨਾਲ ਸਰਹੱਦੀ ਵਿਵਾਦ ਅਤੇ ਦਲਾਈ ਲਾਮਾ ਤੇ ਉਨ੍ਹਾਂ ਦੇ ਸਾਥੀਆਂ ਨੂੰ 'ਸੁਰੱਖਿਆ' ਦੇਣ ਕਾਰਨ ਲੋਕ ਉਸ ਤੋਂ ਵੱਖ ਹੋਣਾ ਚਾਹੁੰਦੇ ਹਨ।

ਰਾਜਨੀਤੀ ਵਿਗਿਆਨ ਤੇ ਕਾਨੂੰਨ ਬਾਰੇ ਦੱਖਣ ਪੱਛਮ ਯੂਨੀਵਰਸਿਟੀ ਵਿਚ ਡਿਪਟੀ ਡਾਇਰੈਕਟਰ ਸੁਨ ਲਿਜ਼ਾਉ ਨੇ ਗਲੋਬਲ ਟਾਈਮਜ਼ ਨੂੰ ਦੱਸਿਆ ਕਿ ਚੀਨ ਅਤੇ ਭਾਰਤ ਵਿਚਕਾਰ ਇਕ ਲੱਖ 20 ਹਜ਼ਾਰ ਸਕੁਏਅਰ ਕਿਲੋਮੀਟਰ ਜ਼ਮੀਨ ਦਾ ਵਿਵਾਦ ਹੈ ਅਤੇ ਦੋਵੇਂ ਮੁਲਕਾਂ ਨੇ ਸਰਹੱਦੀ ਵਿਵਾਦ ਨੂੰ ਸੁਲਝਾਉਣ ਲਈ ਕੋਈ ਸੰਧੀ ਵੀ ਨਹੀਂ ਕੀਤੀ ਹੈ। ਚੀਨ ਵੱਲੋਂ ਅਰੁਣਾਚਲ ਪ੍ਰਦੇਸ਼ ਨੂੰ ਦੱਖਣੀ ਤਿੱਬਤ ਦਾ ਹਿੱਸਾ ਦੱਸਿਆ ਜਾਂਦਾ ਹੈ। ਭਾਰਤ ਅਤੇ ਚੀਨ ਵੱਲੋਂ ਪਿਛਲੇ ਸਮੇਂ ਦੌਰਾਨ ਰਿਸ਼ਤਿਆਂ ਵਿਚ ਸੁਧਾਰ ਦੀ ਕਵਾਇਦ ਆਰੰਭੀ ਗਈ ਹੈ ਪਰ ਇਸ ਦਾ ਚੀਨੀ ਲੋਕਾਂ ਦੀ ਧਾਰਨਾ 'ਤੇ ਕੋਈ ਅਸਰ ਨਹੀਂ ਹੋਇਆ ਹੈ।

## ਇਸ਼ਕ ਨੇ ਭਾਰਤੀ ਨੌਜਵਾਨ ਨੂੰ ਪਹੁੰਚਾਇਆ ਜੇਲ੍ਹ

**ਪੇਸ਼ਾਵਰ:** ਸਰਹੱਦ ਪਾਰ ਦੀ ਕੁੜੀ ਨਾਲ ਇਸ਼ਕ ਕਰਨਾ ਇਕ ਭਾਰਤੀ ਨੌਜਵਾਨ ਨੂੰ ਮਹਿੰਗਾ ਪੈ ਗਿਆ। ਪਿਛਲੇ ਤਿੰਨ ਸਾਲ ਤੋਂ ਭਾਰਤੀ ਨੌਜਵਾਨ ਪਾਕਿਸਤਾਨ ਦੀ ਜੇਲ੍ਹ ਵਿਚ ਹੈ। ਇਹ ਕਹਾਣੀ ਪੂਰੀ ਤਰ੍ਹਾਂ ਫਿਲਮੀ ਹੈ। ਪਹਿਲਾਂ ਇੰਟਰਨੈੱਟ ਉਤੇ ਦੋਵਾਂ ਦੀ ਦੋਸਤੀ ਹੁੰਦੀ ਹੈ ਤੇ ਫਿਰ ਪ੍ਰੇਮੀ, ਪ੍ਰੇਮਿਕਾ ਨੂੰ ਮਿਲਣ ਲਈ ਗੈਰਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਕੇ ਪਾਕਿਸਤਾਨ ਪਹੁੰਚ ਗਿਆ। ਜਿਥੇ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਵਿਚ ਸੁੱਟ ਦਿੱਤਾ। ਪਾਕਿਸਤਾਨ ਦੀ ਸੈਨਿਕ ਅਦਾਲਤ ਵਿਚ ਭਾਰਤੀ ਨੌਜਵਾਨ ਖਿਲਾਫ ਹੁਣ ਕੇਸ ਚੱਲ ਰਿਹਾ ਹੈ। ਇਸ ਜਾਣਕਾਰੀ ਪਾਕਿਸਤਾਨੀ ਰੱਖਿਆ ਮੰਤਰਾਲੇ ਦੇ ਡਿਪਟੀ ਅਟਾਰਨੀ ਜਨਰਲ ਮੁਸਰਤੁਲ੍ਹਾ ਨੇ ਪੇਸ਼ਾਵਰ ਹਾਈਕੋਰਟ ਨੂੰ ਦਿੱਤੀ ਹੈ। ਭਾਰਤੀ ਨੌਜਵਾਨ ਦੀ ਪਛਾਣ 28 ਸਾਲ ਦੇ ਇੰਜੀਨੀਅਰ ਨਿਹਾਲ ਹਾਮਿਦ ਅੰਸਾਰੀ ਵਜੋਂ ਹੋਈ ਹੈ। ਨਿਹਾਲ ਨੌਕਰੀ ਲਈ ਅਫ਼ਗਾਨਿਸਤਾਨ ਪਹੁੰਚਿਆ ਸੀ। ਜਿਥੋਂ ਉਹ ਆਪਣੀ ਪ੍ਰੇਮਿਕਾ ਨੂੰ ਮਿਲਣ ਲਈ 2012 ਵਿਚ ਪਾਕਿਸਤਾਨ ਚਲਾ ਗਿਆ। ਨਿਹਾਲ ਦੀ ਪਾਕਿਸਤਾਨ ਦੇ ਕੋਹਾਟ ਵਿਚ ਰਹਿਣ ਵਾਲੀ ਲੜਕੀ ਨਾਲ ਸੋਸ਼ਲ ਮੀਡੀਆ 'ਤੇ ਦੋਸਤੀ ਹੋਈ ਸੀ। ਮਾਮਲੇ ਦੀ ਜਾਣਕਾਰੀ ਨਿਹਾਲ ਦੇ ਪਰਿਵਾਰ ਨੂੰ ਨਹੀਂ ਸੀ। ਇਸੇ ਦੇ ਚੱਲਦਿਆਂ ਘਰ ਵਾਲੇ ਉਸ ਦੀ ਭਾਲ ਵਿਚ ਲੱਗੇ ਰਹੇ। ਨਿਹਾਲ ਦੀ ਮਾਂ ਨੇ ਮੁੰਬਈ ਦੀ ਅਦਾਲਤ ਵਿਚ ਸ਼ਿਕਾਇਤ ਵੀ ਦਰਜ ਕਰਵਾਈ ਸੀ।

# ਸ੍ਰੀ ਹਰਿਮੰਦਰ ਸਾਹਿਬ ਪਰਿਕਰਮਾ 'ਚ ਸੇਵਾਦਾਰ ਨੂੰ ਲੱਗੀ ਗੋਲੀ

**ਅੰਮ੍ਰਿਤਸਰ:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਦੁੱਖ ਭੰਜਨੀ ਬੇਰੀ ਲਾਗੇ ਤਾਇਨਾਤ ਸ਼੍ਰੋਮਣੀ ਕਮੇਟੀ ਦੇ ਇਕ ਸੁਰੱਖਿਆ ਸੇਵਾਦਾਰ ਨੂੰ ਅਚਨਚੇਤ ਗੋਲੀ ਆਣ ਲੱਗੀ, ਪਰ ਇਹ ਗੋਲੀ ਉਸ ਦੀ ਦਸਤਾਰ ਨੂੰ ਚੀਰਦੀ ਹੋਈ ਛਾਤੀ ਨਾਲ ਖਹਿ ਕੇ ਬਾਹਰ ਨਿਕਲ ਗਈ ਤੇ ਸੇਵਾਦਾਰ ਦਾ ਬਚਾਅ ਹੋ ਗਿਆ।



ਘਟਨਾ ਤੋਂ ਬਾਅਦ ਇਸ਼ਨਾਨ ਕਰ ਰਹੇ ਤੇ ਪਰਿਕਰਮਾ ਵਿਚ ਬੈਠੇ ਸ਼ਰਧਾਲੂਆਂ 'ਚ ਦਹਿਸ਼ਤ ਫੈਲ ਗਈ। ਸ਼੍ਰੋਮਣੀ ਕਮੇਟੀ ਦੇ ਸੁਰੱਖਿਆ ਦਸਤੇ ਵਿਚ ਤਾਇਨਾਤ ਗੁਰਪ੍ਰੀਤ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਜੱਬੋਵਾਲ ਜਦੋਂ ਉਕਤ ਸਥਾਨ 'ਤੇ ਸੰਗਤ ਦੀ ਸਹਾਇਤਾ ਲਈ ਖੜ੍ਹਾ ਸੀ, ਤਾਂ ਅਚਾਨਕ ਇਕ ਗੋਲੀ ਉਸ ਦੀ ਦਸਤਾਰ ਨੂੰ ਚੀਰਦੀ ਹੋਈ ਜੈਕਟ ਸਾੜ ਕੇ ਛਾਤੀ ਨੂੰ ਜਖਮੀ ਕਰਦਿਆਂ ਨਜ਼ਦੀਕ ਹੇਠਾਂ ਹੀ ਆਣ ਡਿੱਗੀ। ਉਸ ਦੀ ਛਾਤੀ 'ਤੇ ਮਾਮੂਲੀ ਜਖਮ ਦੀ ਹੀ ਪੁਸ਼ਟੀ ਹੋਈ। ਗੋਲੀ ਪਰਿਕਰਮਾ ਸਮੂਹ ਤੋਂ ਬਾਹਰੋਂ ਆਉਣ ਦੀ ਸੰਭਾਵਨਾ ਵੇਖੀ ਜਾ ਰਹੀ ਹੈ, ਜਿਸ ਬਾਰੇ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਸ ਨੂੰ ਮੰਦਭਾਗੀ ਘਟਨਾ ਦੱਸਦਿਆਂ ਗੁਰਪ੍ਰੀਤ ਸਿੰਘ ਦਾ ਹਾਲ ਚਾਲ ਪੁੱਛਿਆ। ਪੁਲਿਸ ਦਾ ਕਹਿਣਾ ਹੈ ਕਿ ਗੋਲੀ 315 ਬੋਰ ਦੀ ਰਾਈਫਲ ਵਿਚੋਂ ਨਿਕਲੀ ਹੈ ਤੇ ਮਾਮਲੇ ਦੀ ਜਾਂਚ ਲਈ ਜਿਥੇ ਚੰਡੀਗੜ੍ਹ ਤੋਂ ਫੋਰੈਂਸਿਕ ਮਾਹਿਰ ਸੱਦੇ ਗਏ ਹਨ।

# ਕੇਰਲ ਵੱਲੋਂ ਗੁਲਾਮ ਅਲੀ ਦਾ ਸਨਮਾਨ

**ਤਿਰੂਵਨੰਤਪੁਰਮ:** ਕੇਰਲਾ ਸਰਕਾਰ ਵੱਲੋਂ ਪਾਕਿਸਤਾਨੀ ਗ਼ਜ਼ਲ ਗਾਇਕ ਗੁਲਾਮ ਅਲੀ ਦਾ ਸਨਮਾਨ ਕੀਤਾ ਗਿਆ। ਦੂਜੇ ਪਾਸੇ, ਸ਼ਿਵ ਸੈਨਾ ਦੇ ਕਾਰਕੁਨਾਂ ਵੱਲੋਂ ਪ੍ਰੋਗਰਾਮ ਪੇਸ਼ ਕਰਨ ਵਾਲੀ ਥਾਂ 'ਤੇ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਗੁਲਾਮ ਅਲੀ ਨੇ ਕਿਹਾ ਕਿ ਉਨ੍ਹਾਂ ਦੇ 55 ਸਾਲਾਂ ਦੇ ਗਾਇਕੀ ਦੇ ਜੀਵਨ ਦਾ ਇਕ ਮਹੱਤਵਪੂਰਨ ਦਿਨ ਹੈ।

ਕੇਰਲ ਦੇ ਮੁੱਖ ਮੰਤਰੀ ਓਮਨ ਚਾਂਡੀ ਸਮੇਤ ਹੋਰਨਾਂ ਸੂਬਾਈ ਆਗੂਆਂ ਦੀ ਹਾਜ਼ਰੀ ਵਿਚ ਗੁਲਾਮ ਅਲੀ ਨੇ ਕਿਹਾ ਕਿ ਉਹ ਅੱਜ ਬਹੁਤ ਖੁਸ਼ ਹਨ। ਇਸ ਤੋਂ ਪਹਿਲਾਂ ਇਨ੍ਹਾਂ ਪਿਆਰ ਉਨ੍ਹਾਂ ਨੂੰ ਕਦੇ ਨਹੀਂ ਮਿਲਿਆ। ਉਨ੍ਹਾਂ 55 ਸਾਲ ਪਹਿਲਾਂ ਗਾਉਣਾ ਸ਼ੁਰੂ ਕੀਤਾ ਸੀ ਅਤੇ ਉਨ੍ਹਾਂ ਪ੍ਰਤੀ ਲੋਕਾਂ ਦੇ ਪਿਆਰ ਕਾਰਨ ਹੀ ਅੱਜ ਦਾ ਦਿਨ ਉਨ੍ਹਾਂ ਲਈ ਖਾਸ ਥਾਂ ਰੱਖਦਾ ਹੈ। ਉਹ ਕੋਈ ਮਹਾਨ ਗਾਇਕ ਨਹੀਂ ਬਲਕਿ ਇਕ ਸਾਧਾਰਨ ਗਾਇਕ ਹਨ। ਉਨ੍ਹਾਂ ਨੂੰ ਸੰਗੀਤ ਸੁਣਨਾ ਚੰਗਾ ਲੱਗਦਾ ਹੈ ਤੇ ਉਹ ਗਾ ਵੀ ਲੈਂਦੇ ਹਨ। ਸ੍ਰੀ ਚਾਂਡੀ ਨੇ ਗੁਲਾਮ ਅਲੀ ਨੂੰ ਯਾਦ ਚਿੰਨ੍ਹ ਦਿੰਦਿਆਂ ਕਿਹਾ ਕਿ ਅੱਜ ਦਾ ਦਿਨ ਕੇਰਲ ਵਾਸੀਆਂ ਲਈ ਯਾਦਗਾਰ ਹੈ।

## ਪਾਕਿ ਏਅਰਲਾਈਨਜ਼ ਦੇ ਦਫਤਰ 'ਚ ਭੰਨਤੋੜ

**ਨਵੀਂ ਦਿੱਲੀ:** ਬਾਰਾਂਖੰਭਾ ਰੋਡ 'ਤੇ ਸਥਿਤ ਪਾਕਿਸਤਾਨ ਏਅਰਲਾਈਨਜ਼ ਦੇ ਦਫਤਰ ਵਿਚ ਹਿੰਦੂ ਸੈਨਾ ਨੇ ਭੰਨਤੋੜ ਕੀਤੀ। ਆਪਣੇ ਆਪ ਨੂੰ ਹਿੰਦੂ ਸੈਨਾ ਦਾ ਪ੍ਰਧਾਨ ਦੱਸਣ ਵਾਲੇ ਵਿਸ਼ਣੂ ਗੁਪਤਾ ਨੇ ਦਾਅਵਾ ਕੀਤਾ ਹੈ ਕਿ ਅਤਿਵਾਦੀ ਹਮਲਿਆਂ ਪ੍ਰਤੀ ਗੁੱਸਾ ਵਿਖਾਉਣ ਲਈ ਇਹ ਭੰਨਤੋੜ ਕੀਤੀ ਗਈ। ਦੱਸਿਆ ਜਾ ਰਿਹਾ ਹੈ ਕਿ 4-5 ਲੋਕਾਂ ਨੇ ਪਾਕਿ ਏਅਰਲਾਈਨਜ਼ ਦੇ ਦਫਤਰ ਵਿਚ ਵੜ ਕੇ ਭੰਨਤੋੜ ਕੀਤੀ ਤੇ ਪਾਕਿਸਤਾਨ ਖਿਲਾਫ ਨਾਅਰੇ ਲਗਾਏ। ਇਨ੍ਹਾਂ ਵਿਚੋਂ ਇਕ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਵਿਸ਼ਣੂ ਗੁਪਤਾ ਨੇ ਕਿਹਾ ਕਿ ਸਰਕਾਰ ਨੂੰ ਸਮਝਣਾ ਚਾਹੀਦਾ ਹੈ ਕਿ ਲੋਕਾਂ ਵਿਚ ਅਤਿਵਾਦੀ ਹਮਲਿਆਂ ਖਿਲਾਫ ਗੁੱਸਾ ਵਧ ਰਿਹਾ ਹੈ।

## ਮੁਲਾਜ਼ਮਾਂ ਦੀਆਂ ਰਾਈਫਲਾਂ ਲੈ ਕੇ ਫਰਾਰ ਹੋਇਆ ਸਿਪਾਹੀ

**ਸ੍ਰੀਨਗਰ:** ਜੰਮੂ-ਕਸ਼ਮੀਰ ਪੁਲਿਸ ਦਾ ਇਕ ਸਿਪਾਹੀ ਦੱਖਣੀ ਕਸ਼ਮੀਰ ਵਿਚ ਆਪਣੇ ਸਾਥੀਆਂ ਦੀਆਂ ਚਾਰ ਏ.ਕੇ. 47 ਰਾਈਫਲਾਂ ਸਮੇਤ ਇਕ ਉੱਚ ਅਧਿਕਾਰੀ ਦੇ ਘਰੋਂ ਫਰਾਰ ਹੋ ਗਿਆ। ਉਸ ਦੀ ਅਤਿਵਾਦੀ ਸੰਗਠਨ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਹੈ। ਸੂਤਰਾਂ ਅਨੁਸਾਰ ਪੁਲਿਸ ਕਰਮੀ ਸ਼ਕੂਰ ਅਹਿਮਦ ਜਿਹੜਾ ਡੀ.ਐਸ.ਪੀ. ਬਿਜਬਹਾੜਾ ਇਰਸ਼ਾਦ ਅਹਿਮਦ ਦਾ ਗਾਰਡ (ਪੀ.ਐਸ.ਓ.) ਸੀ, ਅਧਿਕਾਰੀ ਦੇ ਘਰੋਂ ਚਾਰ ਏ.ਕੇ. 47 ਰਾਈਫਲਾਂ ਲੈ ਕੇ ਫਰਾਰ ਹੋ ਗਿਆ। ਸ਼ੋਪੀਆ ਜ਼ਿਲ੍ਹੇ ਦੇ ਕੰਦਲਾਨ ਪਿੰਡ ਦਾ ਰਹਿਣ ਵਾਲਾ ਉਕਤ ਸਿਪਾਹੀ ਉਸ ਵੇਲੇ ਵੀ ਡੀ.ਐਸ.ਪੀ. ਇਰਸ਼ਾਦ ਦੇ ਨਾਲ ਡਿਊਟੀ 'ਤੇ ਸੀ ਜਦ ਡੀ.ਐਸ.ਪੀ ਈਦ ਮਿਲਾਦ ਦੇ ਜਲੂਸ ਦੌਰਾਨ ਅਤਿਵਾਦੀ ਹਮਲੇ ਵਿਚ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਸੀ।

# ਜਗਤਾਰ ਸਿੰਘ ਹਵਾਰਾ ਨੇ ਜੇਲ੍ਹ 'ਚੋਂ ਕੌਮ ਦੇ ਨਾਂ ਭੇਜਿਆ ਸੰਦੇਸ਼

**ਚੰਡੀਗੜ੍ਹ:** ਪੰਥਕ ਧਿਰਾਂ ਵੱਲੋਂ 'ਸਰਬੱਤ ਖਾਲਸਾ' ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਥਾਪੇ ਗਏ ਭਾਈ ਜਗਤਾਰ ਸਿੰਘ ਹਵਾਰਾ ਨੇ ਤਖਤ ਦੇ ਜਥੇਦਾਰ ਵਜੋਂ ਤਿਹਾੜ ਜੇਲ੍ਹ ਵਿਚੋਂ ਕੌਮ ਦੇ ਨਾਮ ਸੰਦੇਸ਼ ਜਾਰੀ ਕੀਤਾ ਹੈ। ਅਜਿਹਾ ਪਹਿਲਾ ਅਧਿਕਾਰਤ ਸੰਦੇਸ਼ ਭਾਈ ਹਵਾਰਾ ਨੇ ਆਪਣੇ ਧਰਮ ਦੇ ਪਿਤਾ ਗੁਰਚਰਨ ਸਿੰਘ ਰਾਹੀਂ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਵਕੀਲਾਂ ਨੂੰ ਭੇਜਿਆ ਹੈ, ਜਿਸ ਵਿਚ ਹਵਾਰਾ ਨੇ ਇਸ ਵਰ੍ਹੇ ਵਿਸਾਖੀ ਮੌਕੇ ਪੂਰੇ ਪੰਥਕ ਏਕੇ ਨਾਲ 'ਸਰਬੱਤ ਖਾਲਸਾ' ਸੱਦੇ ਜਾਣ ਦੀਆਂ ਤਜਵੀਜ਼ਾਂ ਦਿੰਦੇ ਹੋਏ ਸਾਰੀਆਂ ਧਿਰਾਂ ਨੂੰ ਇਸ ਵਿਚ ਸ਼ਾਮਲ ਕਰਕੇ ਵਿਧੀ ਵਿਧਾਨ ਤਿਆਰ ਕਰਨ ਦੀ ਤਜਵੀਜ਼ ਰੱਖੀ ਹੈ।



ਹਵਾਰਾ ਨੇ ਇਹ ਹਦਾਇਤ ਕੀਤੀ ਹੈ ਕਿ ਉਨ੍ਹਾਂ ਵੱਲੋਂ ਜਾਰੀ ਬਿਆਨ ਸਿਰਫ ਐਡਵੋਕੇਟ ਚਾਹਲ ਵੱਲੋਂ ਹੀ ਪੰਥ ਨਾਲ ਸਾਂਝੇ ਕੀਤੇ ਜਾਇਆ ਕਰਨਗੇ ਤੇ ਕਿਸੇ ਹੋਰ ਦੇ ਨਾਂ ਹੇਠਾਂ ਜੇ ਮੇਰਾ ਕੋਈ ਬਿਆਨ ਜਾਰੀ ਹੁੰਦਾ ਹੈ ਤਾਂ ਉਸ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਜਾਵੇ।

ਉਨ੍ਹਾਂ ਦੱਸਿਆ ਕਿ ਭਾਈ ਹਵਾਰਾ ਨੇ ਸ਼੍ਰੋਮਣੀ ਕਮੇਟੀ ਵੱਲੋਂ ਪੰਜ ਪਿਆਰਿਆਂ ਨੂੰ ਬਰਖਾਸਤ ਕਰਨ ਦੀ ਕਾਰਵਾਈ ਦਾ ਸਖਤ ਨੋਟਿਸ ਲੈਂਦਿਆਂ ਇਹ ਸੁਝਾਅ ਦਿੱਤਾ ਕਿ ਪੰਜ ਪਿਆਰਿਆਂ ਨੂੰ ਆਉਣ ਵਾਲੀ ਵਿਸਾਖੀ ਮੌਕੇ ਸਰਬੱਤ ਖਾਲਸਾ ਬੁਲਾਉਣ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ 'ਤੇ ਲੈਣੀ ਚਾਹੀਦੀ ਹੈ।

ਉਨ੍ਹਾਂ ਤਜਵੀਜ਼ ਪੇਸ਼ ਕੀਤੀ ਕਿ ਸਰਬੱਤ ਖਾਲਸਾ ਕਰਵਾਉਣ ਲਈ ਇਕ ਕਾਰਜਕਾਰੀ ਕਮੇਟੀ ਕਾਇਮ ਕੀਤੀ ਜਾਵੇ। ਸਰਬੱਤ ਖਾਲਸਾ ਵੱਲੋਂ ਹਵਾਰਾ ਨੂੰ ਅਕਾਲ ਤਖਤ ਸਾਹਿਬ ਦਾ ਜਥੇਦਾਰ ਥਾਪੇ ਜਾਣ ਤੋਂ ਬਾਅਦ ਆਪਣੇ ਹੱਥ ਨਾਲ ਲਿਖ ਕੇ ਬਾਹਰ ਭੇਜੇ ਇਸ ਪੱਤਰ ਵਿਚ ਉਸ ਨੇ ਲਿਖਿਆ ਹੈ ਕਿ ਦਿੱਲੀ ਪੁਲਿਸ ਤੇ ਜੇਲ੍ਹ ਪ੍ਰਸ਼ਾਸਨ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਕੇ ਉਸ 'ਤੇ ਸਖਤ ਪਾਬੰਦੀਆਂ ਲਾ ਦਿੱਤੀਆਂ ਹਨ। ਉਸ ਨੂੰ ਪਿੱਠ ਦਰਦ ਵਾਸਤੇ ਦਿੱਤੀ ਜਾ ਰਹੀ ਦਵਾਈ ਮਿਲਣੀ ਬੰਦ ਹੋ ਗਈ ਹੈ।

ਉਸ ਦਾ ਦੋਸ਼ ਹੈ ਕਿ ਉਸ ਨਾਲ ਫਤਹਿ ਸਾਂਝੀ ਕਰਨ ਵਾਲੇ ਦੂਜੇ ਕੈਦੀਆਂ ਨਾਲ ਵੀ ਮਾੜਾ ਵਰਤਾਰਾ ਹੋਣ ਲੱਗਾ ਹੈ। ਉਸ ਨੇ ਸਪਸ਼ਟ ਕੀਤਾ ਕਿ ਸਮੁੱਚੀ ਕੌਮ ਨੂੰ ਇਕ ਮੰਚ 'ਤੇ ਇਕੱਠਿਆਂ ਕਰਨ ਵਾਸਤੇ ਉਸ ਨੇ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਪ੍ਰਵਾਨ ਕੀਤੀ ਹੈ। ਸਮਝਿਆ ਜਾ ਰਿਹਾ ਹੈ ਕਿ ਹਵਾਰਾ ਦੀ ਜਥੇਦਾਰ ਵਜੋਂ ਨਿਯੁਕਤੀ ਤੋਂ ਬਾਅਦ ਜੇਲ੍ਹ ਵਿਚ ਮੁਸ਼ਕਲਾਂ ਵਧ ਗਈਆਂ ਹਨ।

## ਹਵਾਰਾ ਦੀਆਂ ਮੁਲਾਕਾਤਾਂ ਬੰਦ

**ਚੰਡੀਗੜ੍ਹ:** ਤਿਹਾੜ ਜੇਲ੍ਹ ਪ੍ਰਸ਼ਾਸਨ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ ਦੀਆਂ ਮੁਲਾਕਾਤਾਂ ਬੰਦ ਕਰ ਦਿੱਤੀਆਂ ਹਨ ਤੇ ਉਸ ਨੂੰ ਮੈਡੀਕਲ ਸਹੂਲਤ ਦੇਣ ਤੋਂ ਵੀ ਨਾਂਹ ਕਰ ਦਿੱਤੀ ਹੈ। ਹਵਾਰਾ ਵੱਲੋਂ ਵਕੀਲ ਅਮਰ ਸਿੰਘ ਚਾਹਲ ਰਾਹੀਂ ਸਿੱਖ ਕੌਮ ਦੇ ਨਾਂ ਭੇਜੇ ਪੱਤਰ ਵਿਚ ਦੋਸ਼ ਲਾਇਆ ਗਿਆ ਹੈ ਕਿ ਪਿਛਲੇ ਸਮੇਂ ਤੋਂ ਜੇਲ੍ਹ ਅਧਿਕਾਰੀਆਂ ਨੇ ਉਸ ਨੂੰ ਮਾਨਸਿਕ ਤੌਰ 'ਤੇ ਵੀ ਪਰੇਸ਼ਾਨ ਕਰਨਾ ਸ਼ੁਰੂ ਕਿੱਤਾ ਹੈ।

# ਇਰਾਨ ਨੂੰ ਅਮਰੀਕਾ ਦੀ ਹਰੀ ਝੰਡੀ



**ਵਾਸ਼ਿੰਗਟਨ:** ਅਮਰੀਕਾ ਨੇ ਇਰਾਨ 'ਤੇ ਲਾਈਆਂ ਸਾਰੀਆਂ ਅੰਤਰਰਾਸ਼ਟਰੀ ਰੋਕਾਂ ਹਟਾ ਦਿੱਤੀਆਂ ਹਨ। ਇਰਾਨ ਵੱਲੋਂ ਪਰਮਾਣੂ ਪ੍ਰੋਗਰਾਮ ਰੋਕਣ ਦੇ ਵਾਅਦੇ ਨੂੰ ਪੂਰਾ ਕਰਨ ਤੋਂ ਬਾਅਦ ਅਮਰੀਕਾ ਨੇ ਇਹ ਫੈਸਲਾ ਲਿਆ ਹੈ। ਇਸ ਦੇ ਨਾਲ ਹੀ ਦੋਹਾਂ ਦੇਸ਼ਾਂ ਨੇ ਇਕ-ਦੂਜੇ ਦੇ ਕੈਦੀ ਵੀ ਰਿਹਾਅ ਕਰ ਦਿੱਤੇ ਹਨ। ਰੋਕ ਹਟਾਉਣ ਦਾ ਫੈਸਲਾ ਵਿਯਨਾ ਵਿਚ ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ ਦੇ ਮੁੱਖ ਦਫਤਰ ਵਿਚ ਕੀਤਾ ਗਿਆ। ਅਮਰੀਕਾ ਨੇ ਕਿਹਾ ਕਿ ਉਹ ਇਰਾਨ 'ਤੇ ਲਗਾਈਆਂ ਸਾਰੀਆਂ ਰੋਕਾਂ ਹਟਾ ਰਿਹਾ ਹੈ।

ਯੂਰਪੀ ਸੰਘ ਦੀ ਵਿਦੇਸ਼ ਨੀਤੀ ਮੁਖੀ ਫੈਡਰੀਕੈ ਮਾਗਰੀਨੀ ਨੇ ਵੀ ਕਿਹਾ ਕਿ ਇਸ ਕਦਮ ਨਾਲ ਸ਼ਾਂਤੀ ਤੇ ਸਥਿਰਤਾ ਕਾਇਮ ਹੋਵੇਗੀ। ਵਿਯਨਾ ਵਿਚ ਮੌਜੂਦ ਇਰਾਨ ਦੇ ਵਿਦੇਸ਼ ਮੰਤਰੀ ਮੁਹੰਮਦ ਜਵਾਬ ਜ਼ਰੀਫ ਨੇ ਦੁਨੀਆਂ ਲਈ ਸਭ ਤੋਂ ਵਧੀਆ ਦਿਨ ਕਰਾਰ ਦਿੱਤਾ। ਸੰਯੁਕਤ ਰਾਸ਼ਟਰ ਦੀ ਪਰਮਾਣੂ ਨਿਗਰਾਨੀ ਸੰਸਥਾ ਮੁਤਾਬਕ ਇਰਾਨ ਨੇ ਪਰਮਾਣੂ ਪ੍ਰੋਗਰਾਮ 'ਤੇ ਸੰਸਾਰਕ ਸ਼ਕਤੀਆਂ ਨਾਲ ਹੋਏ ਜੁਲਾਈ ਦੇ ਇਤਿਹਾਸਕ ਸਮਝੌਤੇ ਦਾ ਪਾਲਣ ਕੀਤਾ ਹੈ। ਇਰਾਨ 'ਤੇ ਆਰਥਿਕ ਪਾਬੰਦੀਆਂ ਇਸ ਕਾਰਨ ਲਗਾਈਆਂ ਗਈਆਂ ਸਨ ਕਿਉਂਕਿ ਅਮਰੀਕਾ ਤੇ ਹੋਰ ਦੇਸ਼ਾਂ ਨੂੰ ਸ਼ੱਕ ਸੀ ਕਿ ਉਹ ਪਰਮਾਣੂ ਹਥਿਆਰ ਤਿਆਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਹਾਲਾਂਕਿ ਇਰਾਨ ਇਸ ਗੱਲ ਤੋਂ ਹਮੇਸ਼ਾ ਇਨਕਾਰ ਕਰਦਾ ਰਿਹਾ ਹੈ। ਸਾਰੀਆਂ ਰੋਕਾਂ ਹਟਾਏ ਜਾਣ ਤੋਂ ਪਹਿਲਾਂ ਇਰਾਨ ਨੇ ਅਮਰੀਕਾ ਦੇ ਚਾਰ ਕੈਦੀਆਂ ਨੂੰ ਵੀ ਰਿਹਾਅ ਕੀਤਾ। ਇਸ ਦੇ ਨਾਲ ਹੀ ਅਮਰੀਕਾ ਨੇ ਵੀ ਇਰਾਨ ਦੇ ਸੱਤ ਨਾਗਰਿਕਾਂ ਨੂੰ ਰਿਹਾਅ ਕਰ ਦਿੱਤਾ ਹੈ।

## ਰੋਕ ਹਟਣ ਨਾਲ ਭਾਰਤ ਨੂੰ ਮਿਲੇਗਾ ਫਾਇਦਾ

**ਵਾਸ਼ਿੰਗਟਨ:** ਅਮਰੀਕਾ ਵੱਲੋਂ ਇਰਾਨ 'ਤੇ ਲਗਾਈ ਰੋਕ ਹਟਾਉਣ ਦਾ ਸਿੱਧਾ ਫਾਇਦਾ ਭਾਰਤ ਨੂੰ ਵੀ ਮਿਲੇਗਾ। ਇਹ ਪਾਬੰਦੀਆਂ ਲਗਾਏ ਜਾਣ ਤੋਂ ਪਹਿਲਾਂ ਭਾਰਤ ਇਰਾਨ ਤੋਂ ਵੱਡੀ ਮਾਤਰਾ ਵਿਚ ਤੇਲ ਦਰਾਮਦ ਕਰਦਾ ਸੀ। ਹੁਣ ਰੋਕ ਹਟਾਏ ਜਾਣ ਤੋਂ ਬਾਅਦ ਭਾਰਤ ਫਿਰ ਤੋਂ ਵੱਡੀ ਮਾਤਰਾ ਵਿਚ ਇਰਾਨ ਤੋਂ ਤੇਲ ਦਰਾਮਦ ਕਰ ਸਕੇਗਾ ਤੇ ਇਸ ਨਾਲ ਆਰਥਿਕ ਵਿਕਾਸ 'ਚ ਤੇਜ਼ੀ ਆਵੇਗੀ। ਇਰਾਨ ਤੋਂ ਆਉਂਦੇ ਤੇਲ ਨੂੰ ਸੋਧਣ ਲਈ ਹੀ ਭਾਰਤ ਨੇ ਮੰਗਲੌਰ ਰਿਫਾਈਨਰੀ ਖਾਸ ਤੌਰ 'ਤੇ ਡਿਜ਼ਾਈਨ ਕੀਤੀ ਸੀ। ਹੁਣ ਮੰਗਲੌਰ ਰਿਫਾਈਨਰੀ ਨੂੰ ਵੀ ਤੇਲ ਮਿਲਣ ਲੱਗੇਗਾ। ਭਾਰਤ ਹੁਣ ਇਰਾਨ ਤੋਂ ਵੱਧ ਤੇਲ ਤੇ ਗੈਸ ਵਿਕਾਸ ਕਰ ਸਕੇਗਾ, ਜਿਸ ਨਾਲ ਭਾਰਤੀ ਫੈਕਟਰੀਆਂ ਨੂੰ ਬਾਲਣ ਮਿਲੇਗਾ। ਭਾਰਤ, ਇਰਾਨ ਵਿਚ ਇਕ ਰੁਕੇ ਹੋਏ ਵੱਡੇ ਗੈਸ ਪਲਾਂਟ ਨੂੰ ਲੈਣ ਦੀ ਪੇਸ਼ਕਸ਼ ਵੀ ਕਰ ਸਕਦਾ ਹੈ।

# ਓਬਾਮਾ ਨੇ ਸਿੱਖਾਂ ਤੇ ਹੋਰ ਧਰਮਾਂ ਦੀ ਸੁਰੱਖਿਆ ਦਾ ਲਿਆ ਪ੍ਰਣ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਦੇਸ਼ ਤੇ ਵਿਦੇਸ਼ ਦੋਵਾਂ ਥਾਵਾਂ ਉੱਤੇ ਧਾਰਮਿਕ ਘੱਟ ਗਿਣਤੀ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਪ੍ਰਣ ਲਿਆ ਹੈ। ਉਨ੍ਹਾਂ ਆਖਿਆ ਕਿ ਧਾਰਮਿਕ ਆਜ਼ਾਦੀ ਨੂੰ ਲੈ ਕੇ ਸਾਡੀ ਵਚਨਬੱਧਤਾ ਨੇ ਧਰਮ ਨਿਰਪੱਖਤਾ ਨੂੰ ਵਧਾਵਾ ਦਿੱਤਾ ਹੈ। ਉਧਰ, ਇਕ ਉਚ ਅਮਰੀਕੀ ਅਧਿਕਾਰੀ ਨੇ ਕਿਹਾ ਕਿ ਭਾਰਤ ਵਿਚ ਮੁਸਲਮਾਨ ਅਤੇ ਬੰਗਲਾਦੇਸ਼ -ਪਾਕਿਸਤਾਨ ਵਿਚ ਹਿੰਦੂ ਧਰਮ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੌਰਾਨ ਓਬਾਮਾ ਨੇ ਕਿਸੇ ਵੀ ਦੇਸ਼ ਦਾ ਜ਼ਿਕਰ ਕੀਤੇ ਬਿਨਾਂ ਆਖਿਆ ਕਿ ਅਮਰੀਕਾ ਦੁਨੀਆ ਭਰ ਵਿੱਚ ਧਾਰਮਿਕ ਸੁਤੰਤਰਤਾ ਨੂੰ ਵਧਾਵਾ ਦੇਣ ਲਈ ਕੰਮ ਕਰ ਰਿਹਾ ਹੈ। ਅਮਰੀਕਾ ਵਿਚ ਮੁਸਲਮਾਨਾਂ ਤੇ ਸਿੱਖਾਂ ਨੂੰ ਲਗਾਤਾਰ ਨਸਲੀ ਹਮਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖਾਸ ਤੌਰ ਉੱਤੇ ਸੈਨਬਰਡਿਨੋ ਵਿਖੇ ਹੋਈ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਸਿੱਖਾਂ ਉੱਤੇ ਨਸਲੀ ਹਮਲੇ ਫਿਰ ਤੋਂ ਵਧ ਗਏ ਹਨ। ਅਮਰੀਕਾ ਵਿਚ ਰਹਿਣ ਵਾਲੇ ਘੱਟ ਗਿਣਤੀ ਭਾਈਚਾਰੇ ਲਈ ਇਹ ਗੱਲ ਕਾਫੀ ਚਿੰਤਾਜਨਕ ਹੈ।

## ਬਰਾਕ ਓਬਾਮਾ ਬਜਰੰਗ ਬਲੀ ਦੇ ਭਗਤ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਬਜਰੰਗ ਬਲੀ ਦੇ ਪੁਜਾਰੀ ਹਨ। ਓਬਾਮਾ ਜਦ ਥੱਕ ਜਾਂਦੇ ਹਨ ਜਾਂ ਖੁਦ ਨੂੰ ਕਮਜ਼ੋਰ ਮਹਿਸੂਸ ਕਰਦੇ ਹਨ ਤਾਂ ਜਿਹੜੀਆਂ ਚੀਜ਼ਾਂ ਦਾ ਸਹਾਰਾ ਲੈਂਦੇ ਹਨ ਉਨ੍ਹਾਂ ਵਿਚ ਬਜਰੰਗ ਬਲੀ ਵੀ ਸ਼ਾਮਲ ਹਨ।



ਯੂ-ਟਿਊਬ ਦੇ ਤਿੰਨ ਮਸ਼ਹੂਰ ਚੈਨਲਾਂ ਨੂੰ ਦਿੱਤੇ ਇੰਟਰਵਿਊ ਦੌਰਾਨ ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਉਹ ਆਪਣੇ ਘਰ ਵਿਚੋਂ ਕੋਈ ਅਜਿਹਾ ਸਾਮਾਨ ਲਿਆਉਣ ਜਿਹੜਾ ਉਨ੍ਹਾਂ ਲਈ ਬਹੁਤ ਮਹੱਤਤਾ ਰੱਖਦਾ ਹੋਵੇ। ਇੰਟਰਵਿਊ ਦੌਰਾਨ ਜਦ ਉਨ੍ਹਾਂ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਆਪਣੀ ਜੇਬ ਵਿਚ ਹੱਥ ਪਾ ਕੇ ਪੰਜ ਚੀਜ਼ਾਂ ਕੱਢੀਆਂ ਜਿਨ੍ਹਾਂ ਵਿਚ ਪੋਪ ਫਰਾਂਸਿਸ ਵੱਲੋਂ ਦਿੱਤੀ ਗਈ ਇਕ ਮਾਲਾ, ਇਕ ਨਿੱਕੀ ਜਿਹੀ ਬੁੱਧ ਦੀ ਮੂਰਤੀ, ਇਕ ਪੋਕਰ ਚਿੱਪ ਜਿਹੜੀ ਇਕ ਬਾਈਕਰ ਨੇ ਦਿੱਤੀ ਸੀ, ਇਥੋਪੀਆ ਦਾ ਇਕ ਕਰਾਸ ਤੇ ਹਨੂੰਮਾਨ ਜੀ ਦੀ ਇਕ ਛੋਟੀ ਮੂਰਤੀ, ਜਿਹੜੀ ਇਕ ਔਰਤ ਨੇ ਦਿੱਤੀ ਸੀ।

ਉਨ੍ਹਾਂ ਦਾ ਕਹਿਣਾ ਸੀ ਕਿ ਇਹ ਚੀਜ਼ਾਂ ਉਨ੍ਹਾਂ ਨੂੰ ਯਾਦ ਦਵਾਉਂਦੀਆਂ ਹਨ ਕਿ ਜਦ ਉਨ੍ਹਾਂ ਨੇ ਵ੍ਹਾਈਟ ਹਾਊਸ ਤੱਕ ਪਹੁੰਚਣ ਦੀ ਮੁਹਿੰਮ ਸ਼ੁਰੂ ਕੀਤੀ ਤੇ ਉਸ ਸਫਰ ਵਿਚ ਜਿਹੜੇ ਲੋਕ ਉਨ੍ਹਾਂ ਨੂੰ ਮਿਲੇ, ਉਨ੍ਹਾਂ ਦੀਆਂ ਉਮੀਦਾਂ ਕੀ ਸਨ।

# ਪੰਜਾਬ 'ਚ ਪ੍ਰਦੂਸ਼ਣ 'ਤੇ ਕਾਬੂ ਪਾਉਣ ਲਈ ਜਿਸਤ-ਟਾਂਕ ਦੀ ਨਹੀਂ ਲੋੜ: ਛਤਵਾਲ

**ਚੰਡੀਗੜ੍ਹ:** ਪੰਜਾਬ ਵਿਚ ਪ੍ਰਦੂਸ਼ਣ 'ਤੇ ਕਾਬੂ ਪਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਅਜਿਹੇ ਵਿਚ ਦਿੱਲੀ ਦੀ ਤਰਜ਼ ਉਤੇ ਪੰਜਾਬ ਵਿਚ ਜਿਸਤ-ਟਾਂਕ ਵਰਗੀਆਂ ਕੋਸ਼ਿਸ਼ਾਂ ਦੀ ਜ਼ਰੂਰਤ ਨਹੀਂ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਮਨਪ੍ਰੀਤ ਸਿੰਘ ਛਤਵਾਲ ਨੇ ਇਹ ਦਾਅਵਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਪ੍ਰਦੂਸ਼ਣ ਦੀ ਰੋਕਥਾਮ ਦੇ ਲਈ ਬੇਹਤਰ ਸਹਿਯੋਗ ਕਰ ਰਹੇ ਹਨ। ਇਸ ਲਈ ਵਿਭਾਗ ਦੇ ਨਾਲ-ਨਾਲ ਸਮਾਜਿਕ ਸੰਗਠਨ ਵੀ ਅਹਿਮ ਭੂਮਿਕਾ ਅਦਾ ਕਰ ਰਹੇ ਹਨ। ਇੰਡਸਟਰੀਅਲ ਪ੍ਰਦੂਸ਼ਣ ਦੀ ਗੱਲ ਕਰੀਏ ਤਾਂ ਇਸ ਵਿਚ ਵੀ ਬੇਹਤਰ ਸੁਧਾਰ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸੀਈਟੀਪੀ ਦੇ ਨਿਰਮਾਣ ਨੂੰ ਲੈ ਕੇ ਸਰਕਾਰ ਗੰਭੀਰ ਹੈ ਅਤੇ ਇਸ ਦੇ ਲਈ ਵਿਭਾਗ ਦੇ ਵੱਲੋਂ ਇੰਡਸਟਰੀ ਦੇ ਨਾਲ ਮਿਲ ਕੇ ਬੇਹਤਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਇਸ ਲਈ ਪ੍ਰਾਈਪਿੰਗ ਦੇ ਰਾਹੀਂ ਟ੍ਰਾਂਸਪੋਰਟੇਸ਼ਨ ਕਾਸਟ ਨੂੰ ਵੀ ਘੱਟ ਕੀਤਾ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਦਿੱਲੀ ਤੋਂ ਬਾਅਦ ਹਰਿਆਣਾ 'ਚ ਜਿਸਤ-ਟਾਂਕ ਫਾਰਮੂਲਾ ਲਾਗੂ ਕੀਤਾ ਗਿਆ ਸੀ। ਜਿਸ ਤੋਂ ਬਾਅਦ ਪੰਜਾਬ ਵਿਚ ਇਸ ਨੂੰ ਲਾਗੂ ਕਰਨ ਦੀ ਚਰਚਾ ਚੱਲ ਰਹੀ ਸੀ, ਪਰ ਇਸ ਤੋਂ ਬਿਨਾਂ ਹੀ ਪੰਜਾਬ ਦਾ ਪ੍ਰਦੂਸ਼ਣ ਦੂਰ ਕੀਤਾ ਜਾਵੇਗਾ।

# 70ਵੇਂ ਜਨਮ ਦਿਨ ਉਤੇ ਕਬੀਰ ਬੇਦੀ ਨੇ ਰਚਾਇਆ ਵਿਆਹ



**ਮੁੰਬਈ:** ਦਿੱਗਜ ਅਦਾਕਾਰ ਕਬੀਰ ਬੇਦੀ ਲਈ ਉਨ੍ਹਾਂ ਦਾ 70ਵਾਂ ਜਨਮ ਦਿਨ ਬੇਹੱਦ ਖਾਸ ਰਿਹਾ। ਜਨਮ ਦਿਨ ਤੋਂ ਇਕ ਦਿਨ ਪਹਿਲਾਂ ਹੀ ਬੇਦੀ ਆਪਣੀ ਕਰੀਬੀ ਦੋਸਤ ਪਰਵੀਨ ਦੁਸਾਂਝ (42) ਨਾਲ ਵਿਆਹ ਦੇ ਬੰਧਨ ਵਿਚ ਬੱਝ ਗਏ ਹਨ। ਬੇਦੀ ਦੇ ਵਿਆਹ ਸਮਾਗਮ ਦਾ ਹਿੱਸਾ ਬਣੇ ਗੁਲਸ਼ਨ ਗਰੋਵਰ ਨੇ ਕਿਹਾ ਕਿ"ਬੇਦੀ ਮੇਰੇ ਪਸੰਦੀਦਾ ਹਨ, ਉਨ੍ਹਾਂ ਬਹੁਤ ਚੰਗਾ ਕੰਮ ਕੀਤਾ ਹੈ। ਉਹ ਫਿਲਮ ਜਗਤ ਦੇ ਸਭ ਤੋਂ ਬਿਹਤਰੀਨ ਇਨਸਾਨ ਹਨ।

ਸ਼ੁਭਕਾਮਨਾਵਾਂ ਦਿਲ ਤੋਂ ਆਉਂਦੀਆਂ ਹਨ। ਮੈਂ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੰਦਾ ਹਾਂ ਕਿ ਉਹ 10 ਹੋਰ ਵਿਆਹ ਕਰਾਉਣ।"ਕਬੀਰ ਨੇ ਕਿਹਾ ਕਿ"ਮੇਰੇ 70ਵੇਂ ਜਨਮ ਦਿਨ 'ਤੇ ਸਾਰਿਆਂ ਦਾ ਸਵਾਗਤ ਹੈ। ਮੇਰਾ ਮੰਨਣਾ ਹੈ ਕਿ ਇਸ ਖੇਤਰ 'ਚ ਕੈਰੀਅਰ ਦੇ 25 ਸਾਲ ਬਿਤਾਉਣ ਵਾਲੇ ਹਰੇਕ ਵਿਅਕਤੀ ਨੂੰ ਆਸਕਰ ਮਿਲਨਾ ਚਾਹੀਦਾ। ਇਸ ਵਿਚ ਮੈਂ ਵੀ ਸ਼ਾਮਲ ਹਾਂ।"

# 'ਚਾਰਲੀ ਹੈਬਦੋ' ਦੀ ਐਲਨ ਬਾਰੇ ਟਿੱਪਣੀ ਨੇ ਮਾਪੇ ਰੁਆਏ

**ਰੱਕਾ:** ਸੀਰੀਆ ਵਿਚ ਪਿਛਲੇ ਸਾਲ ਸਮੁੰਦਰ ਵਿਚ ਡੁੱਬ ਕੇ ਮਰਨ ਵਾਲੇ ਮਾਸੂਮ ਕੁਰਦੀ ਬੱਚੇ ਐਲਨ ਦੀ ਮੌਤ ਨੇ ਪੂਰੀ ਦੁਨੀਆਂ ਨੂੰ ਰਵਾ ਦਿੱਤਾ ਸੀ। ਤੁਰਕੀ ਦੇ ਤੱਟ 'ਤੇ ਰੁੜ੍ਹ ਕੇ ਆਈ ਤਿੰਨ ਸਾਲਾ ਮਾਸੂਮ ਐਲਨ ਕੁਰਦੀ ਦੀ ਲਾਸ਼ ਨੂੰ ਕੋਈ ਨਹੀਂ ਭੁੱਲ ਸਕਦਾ, ਪਰ ਫਰਾਂਸੀਸੀ ਮੈਗਜ਼ੀਨ 'ਚਾਰਲੀ ਹੈਬਦੋ' ਨੇ ਐਲਨ ਦਾ ਮਜ਼ਾਕ ਉਡਾ ਕੇ ਉਸ ਦੇ ਪਿਤਾ ਸਮੇਤ ਕਈ ਲੋਕਾਂ ਦੇ ਹਿਰਦੇ ਨੂੰ ਵਲੂੰਧਰਿਆ ਹੈ। 'ਚਾਰਲੀ ਹੈਬਦੋ' ਮੈਗਜ਼ੀਨ ਵਿਚ ਐਲਨ ਨੂੰ ਭਵਿੱਖ ਦੇ ਸੰਭਾਵੀ ਬਲਾਤਕਾਰੀ ਵਜੋਂ ਪੇਸ਼ ਕੀਤਾ ਗਿਆ।

ਆਪਣੇ ਮਰ ਚੁੱਕੇ ਮਾਸੂਮ ਬੇਟੇ ਬਾਰੇ ਇਹ ਸਭ ਦੇਖ ਕੇ ਐਲਨ ਦੇ ਪਿਤਾ ਅਬਦੁੱਲਾ ਕੁਰਦੀ ਦੇ ਹੰਝੂ ਵਹਿ ਨਿਕਲੇ। ਅਬਦੁੱਲਾ ਨੇ ਕਿਹਾ ਕਿ ਫਰਾਂਸੀਸੀ ਮੈਗਜ਼ੀਨ ਵਿਚ ਛਾਪਿਆ ਇਹ ਕਾਰਟੂਨ 'ਅਣਮਨੁੱਖੀ ਤੇ ਅਨੈਤਿਕ' ਹੈ ਤੇ ਉੱਨਾ ਹੀ ਬੁਰਾ ਹੈ, ਜਿੰਨਾ ਕਿਸੇ ਯੁੱਧ ਅਪਰਾਧੀ ਅਤੇ ਅਤਿਵਾਦੀ ਦੀਆਂ ਗਤੀਵਿਧੀਆਂ, ਜਿਸ ਕਾਰਨ ਸੀਰੀਆ ਵਿਚ ਮੌਤ ਦਾ ਮੰਜ਼ਰ ਅਤੇ ਉਜਾੜਾ ਦੇਖਣ ਨੂੰ ਮਿਲ ਰਿਹਾ ਹੈ।

'ਚਾਰਲੀ ਹੈਬਦੋ' ਨੇ ਐਲਨ ਦਾ ਇਕ ਕਾਰਟੂਨ ਛਾਪਿਆ ਹੈ, ਜਿਸ ਵਿਚ ਦਿਖਾਇਆ ਗਿਆ ਹੈ ਕਿ ਜੇਕਰ ਐਲਨ ਬਚ ਜਾਂਦਾ ਤਾਂ ਯੂਰਪੀ ਦੇਸ਼ਾਂ ਵਿਚ ਜਾ ਕੇ ਉਹ ਜਾਂ ਤਾਂ ਬਲਾਤਕਾਰੀ ਬਣਦਾ ਜਾਂ ਕੋਈ ਹੋਰ ਅਪਰਾਧੀ। ਇਸ ਕਾਰਟੂਨ ਵਿਚ ਐਲਨ ਨੂੰ ਇਕ ਔਰਤ ਦੇ ਪਿੱਛੇ ਦੌੜਦਾ ਦਿਖਾਇਆ ਗਿਆ ਤੇ ਕੈਪਸ਼ਨ ਵਿਚ ਲਿਖਿਆ ਗਿਆ- ਜੇਕਰ ਛੋਟਾ ਐਲਨ ਵੱਡਾ ਹੋ ਜਾਂਦਾ ਤਾਂ ਉਹ ਕੀ ਬਣੇਗਾ? ਸੋਸ਼ਲ ਮੀਡੀਆ 'ਤੇ 'ਚਾਰਲੀ ਹੈਬਦੋ' ਦੇ ਇਸ ਕਾਰਟੂਨ ਦੀ ਕਾਫੀ ਨਿੰਦਾ ਹੋ ਰਹੀ ਹੈ। ਦੂਜੇ ਪਾਸੇ ਮੈਗਜ਼ੀਨ ਨੇ ਇਸ ਬਾਰੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ।

ਯਾਦ ਰਹੇ ਕਿ ਐਲਨ ਕੁਰਦੀ ਦੀ ਮੌਤ ਨੇ ਉਸ ਸਮੇਂ ਸਾਰੀ ਦੁਨੀਆ ਨੂੰ ਝੰਜੋੜ ਦਿੱਤਾ ਸੀ, ਜਦੋਂ ਆਈ.ਐਸ. ਤੋਂ ਬਚਣ ਲਈ ਦੇਸ਼ ਛੱਡ ਕੇ ਜਾਣ ਦੀ ਕੋਸ਼ਿਸ਼ 'ਚ ਸ਼ਰਨਾਰਥੀਆਂ ਨਾਲ ਭਰੀ ਕਿਸ਼ਤੀ ਵਿਚ ਅਬਦੁੱਲਾ ਕੁਰਦੀ ਦਾ ਬੇਟਾ ਐਲਨ ਤੇ ਬਾਕੀ ਪਰਿਵਾਰਕ ਮੈਂਬਰ ਤੁਰਕੀ ਦੇ ਸਮੁੰਦਰ ਵਿਚ ਡੁੱਬ ਗਏ ਸਨ।

# ਕਿਸਾਨਾਂ ਨੂੰ ਟਿਊਬਵੈਲ ਕੁਨੈਕਸ਼ਨਾਂ ਦੇ ਸਿਆਸੀ ਚੋਗੇ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਟਿਊਬਵੈਲ ਕੁਨੈਕਸ਼ਨਾਂ ਦਾ ਸਿਆਸੀ ਚੋਗਾ ਕਿਸਾਨਾਂ ਨੂੰ ਪਾਉਣਾ ਸ਼ੁਰੂ ਕਰ ਦਿੱਤਾ ਹੈ। ਇਹ ਕੁਨੈਕਸ਼ਨ ਸੱਤਾ ਧਿਰ ਦੇ ਚੇਅਰਮੈਨਾਂ ਦੀ ਸਲਾਹ 'ਤੇ ਦਿੱਤੇ ਜਾਣਗੇ। ਇਸ ਦਾ ਮਤਲਬ ਇਹ ਹੈ ਕਿ ਟਿਊਬਵੈਲ ਕੁਨੈਕਸ਼ਨ ਵਿਰੋਧੀਆਂ ਨੂੰ ਨਹੀਂ, ਸਿਰਫ ਸੱਤਾ ਧਿਰ ਦੇ ਹਰਮਨ ਪਿਆਰਿਆਂ ਨੂੰ ਹੀ ਮਿਲਣਗੇ। ਦੱਸਣਯੋਗ ਹੈ ਕਿ ਲੋਕ ਸਭਾ ਚੋਣਾਂ 2014 ਤੋਂ ਐਨ ਪਹਿਲਾਂ ਵੰਡੇ ਟਿਊਬਵੈਲ ਕੁਨੈਕਸ਼ਨ ਹਾਲੇ ਤੱਕ ਚਾਲੂ ਨਹੀਂ ਹੋਏ ਹਨ। ਹੁਣ ਚੇਅਰਮੈਨੀ ਕੋਟੇ ਦੇ ਤਕਰੀਬਨ 25 ਹਜ਼ਾਰ ਟਿਊਬਵੈਲ ਕੁਨੈਕਸ਼ਨ ਵੰਡੇ ਜਾਣੇ ਹਨ।

ਹਾਕਮ ਧਿਰ ਦੇ ਹਲਕਾ ਇੰਚਾਰਜਾਂ ਤੇ ਵਿਧਾਇਕਾਂ ਦੀ ਸਿਫਾਰਸ਼ 'ਤੇ ਹੀ ਪਾਵਰਕੌਮ ਇਨ੍ਹਾਂ ਕੁਨੈਕਸ਼ਨਾਂ ਨੂੰ ਜਾਰੀ ਕਰੇਗਾ। ਪਿੰਡਾਂ ਵਿਚ ਇਨ੍ਹਾਂ ਕੁਨੈਕਸ਼ਨਾਂ ਲਈ ਕਿਸਾਨ ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਕੋਲ ਗੇੜੇ ਮਾਰਨ ਲੱਗੇ ਹਨ। ਹਾਲਾਂਕਿ ਇਨ੍ਹਾਂ ਕੁਨੈਕਸ਼ਨਾਂ 'ਤੇ ਸਾਰਾ ਖਰਚਾ ਖਪਤਕਾਰ ਹੀ ਝੱਲਣਗੇ, ਪਰ ਹਾਕਮ ਧਿਰ ਤਰਜੀਹੀ ਆਧਾਰ 'ਤੇ ਕੁਨੈਕਸ਼ਨ ਦਾ ਸਿਆਸੀ ਲਾਹਾ ਖੱਟਣ ਦੇ ਰੌਂਅ ਵਿਚ ਹੈ। ਆਮ ਆਦਮੀ ਪਾਰਟੀ ਦਾ




ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦਾ ਕਹਿਣਾ ਹੈ ਕਿ ਇਹ ਤਾਂ ਅਕਾਲੀ ਪਹਿਲਾਂ ਵੀ ਕਰਦੇ ਰਹੇ ਹਨ ਤੇ ਹੁਣ ਵੀ ਉਹੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਵਿਧਾਨ ਸਭਾ ਚੋਣਾਂ 'ਚ ਅਕਾਲੀ-ਭਾਜਪਾ ਨੂੰ ਦਿਵਾਉਣਗੇ।

# ਭਾਜਪਾ ਆਗੂ ਮਨੋਰੰਜਨ ਕਾਲੀਆ ਤੇ ਸ਼ਾਂਤਾ ਕੁਮਾਰ ਮੁੜ ਖਹਿਬੜੇ

**ਜਲੰਧਰ:** ਭਾਜਪਾ ਦੇ ਵਿਧਾਇਕ ਤੇ ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਮਨੋਰੰਜਨ ਕਾਲੀਆ ਤੇ ਪਾਰਟੀ ਦੇ ਸੀਨੀਅਰ ਆਗੂ ਸ਼ਾਂਤਾ ਕੁਮਾਰ ਵਿਚ ਫਿਰ ਖੜਕ ਗਈ ਹੈ। ਮਨੋਰੰਜਨ ਕਾਲੀਆ ਨੇ ਯੂ.ਪੀ.ਏ ਸਰਕਾਰ ਦੀਆਂ ਇਕ ਲੇਖ ਵਿਚ ਸਿਫਤਾਂ ਕਰਨ ਦੇ ਮਾਮਲੇ ਉਤੇ ਸ਼ਾਂਤਾ ਕੁਮਾਰ ਨੂੰ ਰਗੜੇ ਲਾਏ ਹਨ। ਸ੍ਰੀ ਕਾਲੀਆ ਨੇ ਆਪਣੇ ਫੇਸਬੁੱਕ ਅਕਾਊਂਟ ਉਤੇ ਸ਼ਾਂਤਾ ਕੁਮਾਰ ਨੂੰ ਲਿਖੇ ਪੱਤਰ ਵਿਚ ਪੁੱਛਿਆ ਹੈ ਕਿ ਕੀ ਉਨ੍ਹਾਂ ਨੂੰ ਡੇਢ ਸਾਲ ਤੋਂ ਮੋਦੀ ਸਰਕਾਰ ਦੀ ਕੋਈ ਖੂਬੀ ਨਜ਼ਰ ਨਹੀਂ ਆਈ।

ਜ਼ਿਕਰਯੋਗ ਹੈ ਕਿ ਭਾਜਪਾ ਦੇ ਬਜ਼ੁਰਗ ਆਗੂ ਸ਼ਾਂਤਾ ਕੁਮਾਰ ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ ਕਿ ਕਿਵੇਂ ਯੂ.ਪੀ.ਏ ਦੀ ਸਰਕਾਰ ਨੇ ਤਰੱਕੀ ਕਰਕੇ ਦੇਸ਼ ਨੂੰ ਮਜ਼ਬੂਤ ਬਣਾਇਆ ਸੀ। ਭਾਜਪਾ ਦੇ ਬਜ਼ੁਰਗ ਆਗੂ ਵੱਲੋਂ ਯੂ.ਪੀ.ਏ ਸਰਕਾਰ ਦੀਆਂ ਕੀਤੀਆਂ





ਸਿਫਤਾਂ ਬਾਰੇ ਆਪਣੇ ਫੇਸਬੁੱਕ ਅਕਾਊਂਟ 'ਤੇ ਟਿੱਪਣੀਆਂ ਕਰਦਿਆਂ ਸ੍ਰੀ ਕਾਲੀਆ ਨੇ ਲਿਖਿਆ ਹੈ ਕਿ ਦੇਸ਼ ਅੰਦਰ ਮਈ 2014 ਤੋਂ ਨਰੇਂਦਰ ਮੋਦੀ ਦੀ ਅਗਵਾਈ ਹੇਠ ਬਣੀ ਸਰਕਾਰ ਨੂੰ ਡੇਢ ਸਾਲ ਹੋ ਗਿਆ ਹੈ।

ਇਸ ਸਮੇਂ ਦੌਰਾਨ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਵਿਦੇਸ਼ ਨੀਤੀ ਨੂੰ ਕਿਥੇ ਤੋਂ ਕਿਥੇ ਤੱਕ ਪਹੁੰਚਾ ਦਿੱਤਾ ਹੈ। ਨਿਤਿਨ ਗਡਕਰੀ ਨੇ ਆਪਣੇ ਵਿਭਾਗ ਵਿਚ ਇੰਨੇ ਕੰਮ ਕੀਤੇ ਹਨ। ਦੇਸ਼ ਦੇ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿੰਨੇ ਸੁਧਾਰ ਲਿਆਂਦੇ ਹਨ, ਉਹ ਤੁਹਾਨੂੰ ਕਿਉਂ ਨਹੀਂ ਨਜ਼ਰ ਆ ਰਹੇ। ਸ੍ਰੀ ਕਾਲੀਆ ਨੇ ਲਿਖਿਆ ਹੈ ਕਿ ਅਜ-ਕਲ੍ਹ ਦੂਜੀਆਂ ਪਾਰਟੀਆਂ ਦੀਆਂ ਕਾਰਵਾਈਆਂ ਦੀ ਪ੍ਰਸ਼ੰਸਾ ਕਰਨ ਦਾ ਰਿਵਾਜ ਹੋ ਗਿਆ ਹੈ। ਜਗਮੀਤ ਸਿੰਘ ਬਰਾੜ ਨੇ 'ਆਪ' ਦੀ ਮੁਕਤਸਰ ਦੀ ਰੈਲੀ ਦੀ ਪ੍ਰਸ਼ੰਸਾ ਕੀਤੀ ਹੈ।

ਉਨ੍ਹਾਂ ਇਹ ਟਿੱਪਣੀ ਕਰਦਿਆ ਕਿਹਾ ਹੈ ਕਿ ਪਹਿਲਾਂ ਵੀ ਉਨ੍ਹਾਂ ਨੇ ਵਿਆਪਮ ਘੁਟਾਲੇ ਬਾਰੇ ਪਾਰਟੀ ਪ੍ਰਧਾਨ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਪਾਰਟੀ ਨੂੰ ਸੰਕਟ ਵਿਚ ਪਾਇਆ ਸੀ। ਸ੍ਰੀ ਕਾਲੀਆ ਨੇ ਇਹ ਟਿੱਪਣੀ ਵੀ ਕੀਤੀ ਹੈ ਕਿ ਉਹ ਜਦੋਂ ਹਿਮਾਚਲ ਪ੍ਰਦੇਸ਼ ਗਏ ਸਨ ਤਾਂ ਭਾਜਪਾ ਵਰਕਰਾਂ ਨੇ ਬੜੇ ਰੋਸ ਪ੍ਰਗਟ ਕੀਤੇ ਸਨ ਕਿ ਕਿਵੇਂ ਪਾਰਟੀ 2012 ਦੀਆਂ ਚੋਣਾਂ ਦੌਰਾਨ ਭਾਜਪਾ ਸੱਤਾ ਵਿਚ ਵਾਪਸ ਨਹੀਂ ਸੀ ਆ ਸਕੀ।

# ਖਡੂਰ ਸਾਹਿਬ ਦੀ ਜ਼ਿਮਨੀ ਚੋਣ


ਖਡੂਰ ਸਾਹਿਬ ਦੀ ਜ਼ਿਮਨੀ ਚੋਣ ਦੇ ਐਲਾਨ ਨਾਲ ਪੰਜਾਬ ਦੇ ਸਿਆਲੂ ਦਿਨਾਂ ਦੇ ਪਹਿਲਾਂ ਤੋਂ ਹੀ ਗਰਮ ਸਿਆਸੀ ਮਾਹੌਲ ਵਿਚ ਹੋਰ ਗਰਮਾਹਟ ਆ ਗਈ ਹੈ। ਆਮ ਹਾਲਤਾਂ ਵਿਚ ਜੇ ਮੁੱਖ ਚੋਣਾਂ ਵਿਚ ਅੱਧ ਤੋਂ ਵੱਧ ਸਮਾਂ ਰਹਿੰਦਾ ਹੋਵੇ ਤਾਂ ਜ਼ਿਮਨੀ ਚੋਣ ਮਹਿਜ਼ ਰਸਮੀ ਸੰਵਿਧਾਨਕ ਕਾਰਵਾਈ ਹੀ ਹੁੰਦੀ ਹੈ। ਅਜਿਹੀ ਜ਼ਿਮਨੀ ਚੋਣ ਵਿਚ ਆਮ ਕਰ ਕੇ ਹਾਕਮ ਧਿਰ ਹੀ ਜਿੱਤ ਪ੍ਰਾਪਤ ਕਰਦੀ ਹੈ। ਇਸ ਕਰ ਕੇ ਕਈ ਵਿਅਕਤੀ ਇਹ ਵੀ ਸੋਚਦੇ ਹਨ ਕਿ ਜ਼ਿਮਨੀ ਚੋਣ ਨਾਲ ਇੱਕ ਪਾਸੇ ਤਾਂ ਪੈਸੇ ਦੀ ਬਰਬਾਦੀ ਹੁੰਦੀ ਹੈ ਅਤੇ ਦੂਜੇ ਪਾਸੇ ਚੋਣ ਜ਼ਾਬਤਾ ਲੱਗਣ ਨਾਲ ਸਰਕਾਰੀ ਕੰਮ-ਕਾਜ ਰੁਕ ਜਾਂਦੇ ਹਨ। ਇਸ ਲਈ ਚੋਣ ਕਮਿਸ਼ਨ ਨੂੰ ਜ਼ਿਮਨੀ ਚੋਣ ਦੀ ਥਾਂ ਨਾਮਜ਼ਦਗੀ ਦਾ ਕੋਈ ਤਰੀਕਾ ਹੀ ਅਪਣਾ ਲੈਣਾ ਚਾਹੀਦਾ ਹੈ। ਇਹ ਸੰਵਿਧਾਨਕ

ਰਾਜਿੰਦਰ ਪਾਲ ਸਿੰਘ ਬਰਾੜ

ਕਾਨੂੰਨੀ ਵਿਵਾਦ ਦਾ ਮੁੱਦਾ ਹੈ ਜਿਸ ਸਬੰਧੀ ਹਾਲੇ ਸੰਜੀਦਾ ਵਿਚਾਰ-ਵਟਾਂਦਰੇ ਦੀ ਜ਼ਰੂਰਤ ਹੈ। ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਹੋਣ ਵਿਚ ਭਾਵੇਂ ਕੇਵਲ 8-10 ਮਹੀਨੇ ਹੀ ਬਾਕੀ ਹਨ ਫਿਰ ਵੀ ਪੰਜਾਬ ਦੀ ਮੌਜੂਦਾ ਸਥਿਤੀ ਵਿਚ ਖਡੂਰ ਸਾਹਿਬ ਦੀ ਜ਼ਿਮਨੀ ਚੋਣ ਬੜੀ ਅਹਿਮ ਹੋ ਗਈ ਹੈ। ਇਹ ਜ਼ਿਮਨੀ ਚੋਣ ਪੰਜਾਬ ਦੇ 2017 ਵਿਚ ਹੋਣ ਵਾਲੇ ਸਿਆਸੀ ਦੰਗਲ ਲਈ ਸੈਮੀਫਾਈਨਲ ਮੰਨੀ ਜਾ ਰਹੀ ਹੈ। ਜ਼ਿਮਨੀ ਚੋਣ ਆਮ ਕਰ ਕੇ ਮੈਂਬਰ ਦੀ ਮੌਤ, ਮੈਂਬਰੀ ਤੋਂ ਅਯੋਗ ਕਰਾਰ ਦੇਣ ਜਾਂ ਮੈਂਬਰ ਵੱਲੋਂ ਅਸਤੀਫ਼ਾ ਦੇਣ ਆਦਿ ਕਰ ਕੇ ਕਰਵਾਈ ਜਾਂਦੀ ਹੈ। ਪਹਿਲੀ ਸਥਿਤੀ ਵਿਚ ਆਮ ਕਰ ਕੇ ਹਮਦਰਦੀ ਦੀ ਵੋਟ ਪਾਰਟੀ ਜਾਂ ਪਰਿਵਾਰ ਨੂੰ ਪੈਂਦੀ ਹੈ। ਅਯੋਗ ਕਰਾਰ ਦੇਣ ਸਮੇਂ ਅਕਸਰ ਦੋਸ਼ੀ ਵਿਅਕਤੀ ਦੇ ਖ਼ਿਲਾਫ਼ ਵੋਟ ਭੁਗਤਣ ਦੇ ਆਸਾਰ ਵੀ ਹੁੰਦੇ ਹਨ ਅਤੇ ਜਦੋਂ ਕੋਈ ਮੈਂਬਰ ਕਿਸੇ ਵਿਸ਼ੇਸ਼ ਮੁੱਦੇ 'ਤੇ ਅਸਤੀਫ਼ਾ ਦਿੰਦਾ ਹੈ ਤਾਂ ਉਹ ਮੁੱਦਾ ਕੇਂਦਰ ਵਿਚ ਆ ਜਾਂਦਾ ਹੈ। ਇਸ ਹਾਲਤ ਵਿਚ ਜ਼ਿਮਨੀ ਚੋਣ ਨੂੰ ਉਸ ਮੁੱਦੇ ਪ੍ਰਤੀ ਲੋਕ ਰਾਏ ਵੀ ਸਮਝ ਲਿਆ ਜਾਂਦਾ ਹੈ।

ਖਡੂਰ ਸਾਹਿਬ ਤੋਂ ਕਾਂਗਰਸੀ ਐਮ.ਐਲ.ਏ. ਰਮਨਜੀਤ ਸਿੰਘ ਸਿੱਕੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ 'ਤੇ ਅਸਤੀਫ਼ਾ ਦੇ ਦਿੱਤਾ ਸੀ। ਪੰਜਾਬ ਵਿਚ ਇਸ ਸਮੇਂ ਅਕਾਲੀ ਦਲ ਤੇ ਭਾਜਪਾ ਦੀ ਸਰਕਾਰ ਹੈ ਅਤੇ ਬੇਅਦਬੀ ਦੇ ਮਾਮਲੇ ਦੀ ਜ਼ਿੰਮੇਵਾਰੀ ਵੀ ਸਰਕਾਰੀ ਧਿਰ ਦੀ ਹੈ। ਇਸ ਲਈ ਰਮਨਜੀਤ ਸਿੰਘ ਸਿੱਕੀ ਤੋਂ ਕਿਸੇ ਨੇ ਅਸਤੀਫ਼ਾ ਮੰਗਿਆ ਨਹੀਂ ਸੀ ਅਤੇ ਨਾ ਹੀ ਉਸ ਦੇ ਅਸਤੀਫ਼ੇ ਨਾਲ ਸਰਕਾਰ ਦੀ ਸਥਿਰਤਾ ਉਪਰ ਕੋਈ ਅਸਰ ਪੈਣਾ ਸੀ ਕਿਉਂਕਿ ਉਹ ਪਹਿਲਾਂ ਹੀ ਵਿਰੋਧੀ ਧਿਰ ਦਾ ਐਮ.ਐਲ.ਏ. ਸੀ। ਇਹ ਉਸ ਦਾ ਜ਼ਾਤੀ ਅਤੇ ਜਜ਼ਬਾਤੀ ਫ਼ੈਸਲਾ ਸੀ। ਇਸ ਦਾ ਸਰਕਾਰੀ ਧਿਰ ਉਪਰ ਕੁਝ ਨੈਤਿਕ ਦਬਾਅ ਪਿਆ ਹੋ ਸਕਦਾ ਹੈ। ਇਸ ਨਾਲ ਸਰਕਾਰੀ ਅਤੇ ਵਿਰੋਧੀ, ਦੋਹਾਂ ਧਿਰਾਂ ਨੇ ਮਸਲੇ ਦੀ ਸੰਵੇਦਨਸ਼ੀਲਤਾ ਨੂੰ ਮਹਿਸੂਸ ਕੀਤਾ ਹੋਵੇਗਾ, ਪਰ ਸਿਆਸੀ ਗਿਣਤੀਆਂ-ਮਿਣਤੀਆਂ ਵਿਚ ਇਸ ਅਸਤੀਫ਼ੇ ਦੇ ਕੋਈ ਵੱਡੇ ਮਾਅਨੇ ਨਿਕਲਣ, ਇਹ ਅਜੇ ਨਹੀਂ ਕਿਹਾ ਜਾ ਸਕਦਾ।

ਸਵਾਲ ਇਹ ਹੈ ਕਿ ਇਸ ਚੋਣ ਹਲਕੇ ਦੀ ਜ਼ਿਮਨੀ ਚੋਣ ਸਮੇਂ ਕੀ ਕਾਂਗਰਸ ਜਾਂ ਅਕਾਲੀ ਇਸ ਮੁੱਦੇ ਦੀ ਗੇਂਦ ਨਾਲ ਖੇਡਣਾ ਪਸੰਦ ਕਰਨਗੇ ਜਾਂ ਕੋਈ ਹੋਰ ਰਾਹ ਅਖ਼ਤਿਆਰ ਕਰਨਗੇ? ਇਸ ਸਥਿਤੀ ਨੂੰ ਦਿਲਚਸਪ ਬਣਾਉਣ ਵਾਲੀ ਗੱਲ ਇਹ ਹੈ ਕਿ ਸੱਤਾ ਪ੍ਰਾਪਤੀ ਲਈ ਤਿੰਨੇ ਧਿਰਾਂ ਅਕਾਲੀ ਦਲ ਭਾਜਪਾ, ਕਾਂਗਰਸ ਅਤੇ ਆਮ ਆਦਮੀ ਪਾਰਟੀ ਬਰਾਬਰ ਦੀਆਂ ਦਾਅਵੇਦਾਰ ਹਨ। ਅਕਾਲੀ ਦਲ (ਅੰਮ੍ਰਿਤਸਰ), ਬਸਪਾ ਅਤੇ ਕਮਿਊਨਿਸਟ ਪਾਰਟੀਆਂ ਕਿਸੇ ਨਾਲ ਗੱਠਜੋੜ ਵਿਚ ਭਾਵੇਂ ਕੋਈ ਭੂਮਿਕਾ ਨਿਭਾਅ ਸਕਣ ਪਰ ਇਕੱਲਿਆਂ ਪਾਸਾ ਪਲਟ ਕਰਨ ਦੀ ਸਥਿਤੀ ਵਿਚ ਨਹੀਂ ਹਨ। ਕਾਂਗਰਸ ਅਤੇ ਅਕਾਲੀ ਦੋਹਾਂ ਪਾਰਟੀਆਂ ਦਾ ਚੋਣ ਲੜਨਾ ਨਿਸਚਿਤ ਹੈ। ਆਮ ਆਦਮੀ ਪਾਰਟੀ ਦੇ ਹੁਣ ਤਕ ਦੇ ਬਿਆਨਾਂ ਅਨੁਸਾਰ ਉਹ ਚੋਣ ਨਹੀਂ ਲੜ ਰਹੀ, ਪਰ ਪਹਿਲਾਂ ਉਸ ਦੇ ਹੀ ਨਾਲ ਜੁੜੇ ਰਹੇ ਅਤੇ ਹੁਣ ਪਾਰਟੀ ਤੋਂ ਦੂਰ ਹੋ ਚੁੱਕੇ ਦੋ ਵਿਅਕਤੀ ਚੋਣ ਲੜਨ ਦਾ ਐਲਾਨ ਕਰ ਚੁੱਕੇ ਹਨ। ਇੱਕ ਪਾਸੇ ਪਿਛਲੀਆਂ ਲੋਕ ਸਭਾ ਚੋਣਾਂ ਸਮੇਂ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਭਾਈ ਬਲਦੀਪ ਸਿੰਘ ਹਨ ਅਤੇ ਦੂਜੇ ਪਾਸੇ ਉਸ ਸਮੇਂ ਪੰਜਾਬ ਦੇ ਇੰਚਾਰਜ ਰਹੇ ਸ੍ਰੀ ਸੁਮੇਲ ਸਿੰਘ ਸਿੱਧੂ ਹਨ। ਦੋਵੇਂ ਹੀ ਆਮ ਆਦਮੀ ਪਾਰਟੀ ਨਾਲ ਜੁੜੇ ਰਹੇ ਹਨ, ਪਰ ਸ੍ਰੀ ਅਰਵਿੰਦ ਕੇਜਰੀਵਾਲ ਨਾਲ ਸਿਧਾਂਤਕ ਮੱਤਭੇਦਾਂ ਕਾਰਨ ਯੋਗਿੰਦਰ ਯਾਦਵ, ਪ੍ਰਸ਼ਾਂਤ ਭੂਸ਼ਨ, ਧਰਮਵੀਰ ਗਾਂਧੀ, ਅਨੰਦ ਕੁਮਾਰ ਅਤੇ ਹਰਿੰਦਰ ਸਿੰਘ ਖ਼ਾਲਸਾ ਹੋਰਾਂ ਦੇ ਧੜੇ ਜਾਂ ਉਨ੍ਹਾਂ ਦੀਆਂ ਨਵੀਆਂ ਬਣੀਆਂ ਜਨਤਕ ਜਥੇਬੰਦੀਆਂ ਸਵਰਾਜ ਅਭਿਆਨ ਅਤੇ ਆਮ ਆਦਮੀ ਪਾਰਟੀ ਵਲੰਟੀਅਰ ਫੋਰਮ ਨਾਲ ਜੁੜੇ ਹੋਏ ਹਨ ਜਾਂ ਉਨ੍ਹਾਂ ਪ੍ਰਤੀ ਹਮਦਰਦੀ ਰੱਖਦੇ ਹਨ। ਇਸ ਸਥਿਤੀ ਵਿਚ ਜੇ ਇੱਕ ਉਮੀਦਵਾਰ ਖੜ੍ਹਦਾ ਹੈ ਤਾਂ ਉਹ ਅਕਾਲੀ, ਕਾਂਗਰਸ ਅਤੇ ਚੋਣਾਂ ਨਾ ਲੜਨ ਵਾਲੀ ਆਮ ਆਦਮੀ ਪਾਰਟੀ ਤਿੰਨਾਂ ਨੂੰ ਵਖਤ ਪਾ ਦੇਵੇਗਾ,



ਪਰ ਜੇ ਦੋਵੇਂ ਖੜ੍ਹ ਜਾਂਦੇ ਹਨ ਤਾਂ ਇਹ ਸਥਿਤੀ ਆਮ ਆਦਮੀ ਪਾਰਟੀ ਦੇ ਬਾਗ਼ੀਆਂ ਅਤੇ ਉਨ੍ਹਾਂ ਵੱਲ ਝੁਕਾਅ ਰੱਖਣ ਵਾਲਿਆਂ ਲਈ ਹਾਸੋ-ਹੀਣੀ ਹੋਵੇਗੀ, ਸਗੋਂ ਇਹ ਆਮ ਆਦਮੀ ਪਾਰਟੀ ਲਈ ਸਭ ਤੋਂ ਵਧੀਆ ਹੋਵੇਗੀ।

ਇਸ ਸਥਿਤੀ ਵਿਚ ਮੁੱਖ ਮੁਕਾਬਲਾ ਅਕਾਲੀ ਅਤੇ ਕਾਂਗਰਸੀਆਂ ਦਰਮਿਆਨ ਹੀ ਰਹੇਗਾ। ਆਮ ਆਦਮੀ ਪਾਰਟੀ ਆਪਣੀ ਸ਼ਾਖ ਬਚਾਈ ਰੱਖੇਗੀ ਅਤੇ ਆਪਣੇ ਚੋਣ ਨਾ ਲੜਨ ਦੇ ਫ਼ੈਸਲੇ ਨੂੰ ਸਹੀ ਠਹਿਰਾਵੇਗੀ। ਇਸ ਦੇ ਉਲਟ ਜੇ ਆਮ ਆਦਮੀ ਪਾਰਟੀ ਦੇ ਬਾਗ਼ੀ ਇੱਕੋ ਉਮੀਦਵਾਰ ਉਤਾਰਨ ਵਿਚ ਸਫਲ ਹੋ ਜਾਂਦੇ ਹਨ ਤਾਂ ਸਥਿਤੀ ਅਤਿਅੰਤ ਦਿਲਚਸਪ ਹੋ ਸਕਦੀ ਹੈ। ਚੋਣ ਦੰਗਲ ਅੰਦਰ ਆਮ ਆਦਮੀ ਪਾਰਟੀ ਦੀ ਗ਼ੈਰ-ਮੌਜੂਦਗੀ ਵਿਚ ਆਮ ਆਦਮੀ ਪਾਰਟੀ ਦੀ ਵੋਟ ਬਾਗ਼ੀ ਉਮੀਦਵਾਰ ਨੂੰ ਪੈ ਜਾਵੇਗੀ ਅਤੇ ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਦੇ ਬਾਗ਼ੀਆਂ ਨੂੰ ਇੱਕ-ਜੁੱਟ ਹੋਣ, ਪਾਰਟੀ ਬਣਾਉਣ ਅਤੇ ਆਪਣੇ ਸਿਧਾਂਤਾਂ ਨੂੰ ਪ੍ਰਚਾਰਨ ਦਾ ਸੁਨਹਿਰੀ ਮੌਕਾ ਮਿਲ ਜਾਵੇਗਾ ਅਤੇ ਜੇ ਉਹ ਸ੍ਰੀ ਅਰਵਿੰਦ ਕੇਜਰੀਵਾਲ ਦੀ ਸ਼ਖ਼ਸੀਅਤ ਅਤੇ ਚੋਣ ਨਿਸ਼ਾਨ ਝਾੜੂ ਤੋਂ ਬਗ਼ੈਰ ਕੋਈ ਕ੍ਰਿਸ਼ਮਾ ਵਿਖਾਉਣ ਵਿਚ ਸਫਲ ਹੋ ਜਾਂਦੇ ਹਨ ਤਾਂ ਇਹ ਕੇਵਲ ਅਕਾਲੀ ਅਤੇ ਕਾਂਗਰਸੀ ਪਾਰਟੀਆਂ ਲਈ ਹੀ ਨਹੀਂ, ਸਗੋਂ ਆਮ ਆਦਮੀ ਪਾਰਟੀ ਲਈ ਵੀ ਖ਼ਤਰੇ ਦੀ ਘੰਟੀ ਹੋਵੇਗੀ।

ਇਹ ਚੋਣ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ ਲਈ ਪ੍ਰਧਾਨਗੀ ਮਿਲਣ ਤੋਂ ਬਾਅਦ ਅਤੇ ਮਨਪ੍ਰੀਤ ਸਿੰਘ ਦੀ ਪੀਪਲਜ਼ ਪਾਰਟੀ ਦੇ ਕਾਂਗਰਸ ਵਿਚ ਰਲੇਵੇਂ ਤੋਂ ਬਾਅਦ ਮੁੱਛ ਦਾ ਸਵਾਲ ਹੈ। ਇਹ ਸੀਟ ਪਹਿਲਾਂ ਵੀ ਕਾਂਗਰਸ ਕੋਲ ਸੀ ਅਤੇ ਜੇ ਹੁਣ ਵੀ ਰਹਿੰਦੀ ਹੈ ਤਾਂ ਇਸ ਨਾਲ ਕਾਂਗਰਸ ਦਾ ਹੱਥ ਉਚਾ ਰਹਿੰਦਾ ਹੈ, ਪਰ ਜੇ ਪਛੜ ਜਾਂਦੀ ਹੈ ਤਾਂ ਬਿਨਾਂ ਸ਼ੱਕ ਉਹ ਸੈਮੀ ਫਾਈਨਲ ਹਾਰ ਗਈ ਹੈ ਅਤੇ ਅਗਲਾ 2017 ਦਾ ਅਸਲੀ ਮੁਕਾਬਲਾ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਵਿਚ ਹੋਣ ਜਾ ਰਿਹਾ ਹੋਵੇਗਾ। ਇਸ ਦੇ ਉਲਟ ਜੇ ਅਕਾਲੀ ਦਲ ਇਹ ਚੋਣ ਹਾਰ ਜਾਂਦਾ ਹੈ ਤਾਂ ਅਗਲੀ ਚੋਣ ਵਿਚ ਬਾਜ਼ੀ ਕਾਂਗਰਸ ਜਾਂ ਆਮ ਆਦਮੀ ਪਾਰਟੀ ਵਿਚਕਾਰ ਰਹਿ ਜਾਵੇਗੀ। ਅਕਾਲੀ ਦਲ ਤੀਜੇ ਨੰਬਰ 'ਤੇ ਚਲਾ ਜਾਵੇਗਾ। ਹਾਲ ਦੀ ਘੜੀ ਆਮ ਆਦਮੀ ਪਾਰਟੀ ਬੜੀ ਚੁਸਤੀ ਨਾਲ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਵਿਚ ਹੈ ਕਿ ਇਹ ਹਰ ਸਥਿਤੀ ਵਿੱਚ ਅਗਲੀ ਅਸਲੀ ਚੋਣ ਲਈ ਮੁੱਖ ਧਿਰ ਬਣੀ ਰਹੇ। ਉਹ ਸੈਮੀ ਫਾਈਨਲ ਵਿਚ ਲੜਨ ਦੀ ਥਾਂ ਟੀ.ਵੀ. ਸ਼ੋਅ ਰਾਹੀਂ ਪ੍ਰਚੱਲਤ ਹੋਏ 'ਵਾਈਲਡ ਕਾਰਡ ਐਂਟਰੀ' ਭਾਵ ਸਿੱਧਾ ਦਾਖ਼ਲਾ ਚਾਹੁੰਦੀ ਹੈ, ਪਰ ਉਸ ਦੇ ਬਾਗ਼ੀ ਸਾਥੀ ਉਸ ਨੂੰ ਇਹ ਸਿਆਸੀ ਚਾਲ ਚੱਲਣ ਨਹੀਂ ਦੇ ਰਹੇ ਅਤੇ ਜੋਖਮ ਭਰਪੂਰ ਖੇਡ ਖੇਡਣ ਲਈ ਮਜਬੂਰ ਕਰ ਰਹੇ ਹਨ।

ਇਨ੍ਹਾਂ ਚੋਣਾਂ ਵਿਚ ਕਾਂਗਰਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮੁੱਦਾ ਜਿਸ 'ਤੇ ਸ੍ਰੀ ਸਿੱਕੀ ਨੇ ਅਸਤੀਫ਼ਾ ਦਿੱਤਾ ਸੀ, ਨਸ਼ਿਆਂ ਦੀ ਵਿਕਰੀ ਅਤੇ ਕਿਸਾਨਾਂ ਦੀ ਦੁਰਦਸ਼ਾ ਵਰਗੇ ਮੁੱਦਿਆਂ ਨੂੰ ਅੱਗੇ ਲਿਆਵੇਗੀ। ਇਸ ਦੇ ਬਾਵਜੂਦ ਜਾਪਦਾ ਹੈ ਕਿ ਸਭ ਤੋਂ ਵੱਧ ਅਹਿਮ ਮੁੱਦਾ ਪ੍ਰਬੰਧਕੀ ਅਕੁਸ਼ਲਤਾ ਅਤੇ ਭ੍ਰਿਸ਼ਟਾਚਾਰ ਦਾ ਹੀ ਬਣਿਆ ਰਹੇਗਾ। ਅਕਾਲੀ ਦਲ ਦੂਹਰਾ ਰਾਗ ਅਲਾਪੇਗਾ। ਇੱਕ ਪਾਸੇ ਉਹ ਬੇਅਦਬੀ ਤੋਂ ਬਾਅਦ ਹੋਏ ਸਰਬੱਤ ਖ਼ਾਲਸਾ ਨੂੰ ਖ਼ਾਲਿਸਤਾਨ ਦੇ ਮੁੱਦੇ ਨਾਲ ਜੋੜਦਿਆਂ ਹਿੰਦੂ ਵੋਟਾਂ ਨੂੰ ਡਰਾ ਕੇ ਇਕੱਠਾ ਕਰੇਗਾ ਅਤੇ ਆਪਣੀ ਵੱਡੀ ਪ੍ਰਾਪਤੀ ਅਮਨ, ਸ਼ਾਂਤੀ ਅਤੇ ਭਾਈਚਾਰਾ ਦੱਸੇਗਾ। ਦੂਜੇ ਪਾਸੇ ਸੁਖਬੀਰ ਸਿੰਘ ਬਾਦਲ ਏਅਰਪੋਰਟ, ਚਹੁੰਮਾਰਗੀਆਂ ਸੜਕਾਂ ਅਤੇ ਨਵੀਆਂ ਬਣੀਆਂ ਮਾਲਾਂ ਨੂੰ ਵਿਕਾਸ ਵਜੋਂ ਦਰਸਾਵੇਗਾ। ਇਸ ਸਥਿਤੀ ਵਿਚ ਆਮ ਆਦਮੀ ਪਾਰਟੀ ਦੇ ਬਾਗ਼ੀ ਉਮੀਦਵਾਰ ਦੋਹਾਂ ਨੂੰ ਭੰਡਣ ਦੇ ਨਾਲੋ ਨਾਲ ਮਨਮਰਜ਼ੀ ਦਾ ਸਬਜ਼ ਬਾਗ਼ ਦਿਖਾਉਣ ਲਈ ਸੁਤੰਤਰ ਹੈ ਕਿਉਂਕਿ ਉਨ੍ਹਾਂ ਦੀ ਕਿਤੇ ਵੀ ਸਰਕਾਰ ਨਹੀਂ ਹੈ। ਚੋਣ ਦੰਗਲ ਦੀ ਅਸਲ ਸਥਿਤੀ ਤਾਂ 30 ਜਨਵਰੀ 2016 ਨੂੰ ਨਾਂ ਵਾਪਸੀ ਤੋਂ ਬਾਅਦ ਹੀ ਸਪਸ਼ਟ ਹੋਵੇਗੀ, ਪਰ ਲੋਕਾਂ ਦੇ ਮਨ ਵਿਚ ਕੀ ਹੈ, ਇਹ 13 ਫਰਵਰੀ ਨੂੰ ਮਸ਼ੀਨਾਂ ਵਿਚ ਬੰਦ ਹੋ ਜਾਵੇਗਾ। 16 ਫਰਵਰੀ ਦਾ ਦਿਨ ਪੰਜਾਬ ਦੇ ਲੋਕਾਂ ਲਈ ਮਹੱਤਵਪੂਰਨ ਹੋਵੇਗਾ ਕਿਉਂਕਿ ਉਸ ਦਿਨ ਨਤੀਜਾ ਕੋਈ ਵੀ ਨਿਕਲੇ, ਪੰਜਾਬ ਦੀ ਸਿਆਸੀ ਫਿਜ਼ਾ ਨੂੰ ਦੂਰ ਤਕ ਪ੍ਰਭਾਵਿਤ ਕਰੇਗਾ। ਉਂਜ, ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਕਾਂਗਰਸ ਦੇ ਕਈ ਦਹਾਕੇ ਲੰਮੇ ਸ਼ਾਸਨ ਨੂੰ ਜੜ੍ਹੋਂ ਪੁੱਟਣ ਵਾਲੀ ਜੇ.ਪੀ. ਲਹਿਰ ਦੀ ਸ਼ੁਰੂਆਤ 1974 ਵਿਚ ਜਬਲਪੁਰ (ਮੱਧ ਪ੍ਰਦੇਸ਼) ਵਿਚ ਹੋਈ ਜ਼ਿਮਨੀ ਚੋਣ 'ਚ ਸ਼ਰਦ ਯਾਦਵ ਦੀ ਜਿੱਤ ਨਾਲ ਹੋਈ ਸੀ।

# ਨਫਰਤ ਤੇ ਹਿੰਸਾ ਦੀ ਸਿਆਸਤ

ਭਾਰਤੀਆਂ ਵਿਚ ਕੀ ਖ਼ਰਾਬੀ ਹੈ? ਅਸੀਂ ਗੁੰਡਾਗਰਦੀ ਪ੍ਰਤੀ ਉਦਾਸੀਨ ਕਿਉਂ ਰਹਿੰਦੇ ਹਾਂ? ਸਾਡੇ 'ਤੇ ਹਮੇਸ਼ਾ ਹੁੜਦੰਗਬਾਜ਼ ਹਾਵੀ ਕਿਉਂ ਰਹਿੰਦੇ ਹਨ? ਜਿਥੋਂ ਤਕ ਰਾਜਨੇਤਾਵਾਂ ਦਾ ਸਵਾਲ ਹੈ, ਇਸ ਬਾਰੇ ਉਨ੍ਹਾਂ ਦੀ ਰਾਏ ਜਾਂ ਸ਼ਬਦ ਸਿਰਫ 'ਰਾਏ ਅਤੇ ਸ਼ਬਦ' ਹੀ ਹੁੰਦੇ ਹਨ- ਨਿਰੇ ਖੋਖਲੇ ਸ਼ਬਦ। ਅਸੀਂ ਇੰਨੇ ਪਾਖੰਡੀ ਤੇ ਲਾਚਾਰ ਕਿਉਂ ਹਾਂ?

ਜਦੋਂ ਅਸੀਂ ਹਿੰਦੂ-ਮੁਸਲਿਮ ਹਿੰਸਾ ਜਾਂ ਫਿਰਕਾਪ੍ਰਸਤੀ ਦੀ ਗੱਲ ਕਰਦੇ ਹਾਂ ਤਾਂ ਇਹ ਸਵਾਲ ਉਠਦੇ ਹਨ। ਲੱਗਦਾ ਹੈ, ਝੂਠੀ ਧਰਮ ਨਿਰਪੱਖਤਾ ਦਾ ਪਹੀਆ ਪੂਰਾ ਘੁੰਮ ਚੁੱਕਾ ਹੈ ਅਤੇ ਅੱਜ ਫਿਰ ਫਿਰਕਾਪ੍ਰਸਤੀ ਸਿਖਰਾਂ 'ਤੇ ਹੈ। ਇਸੇ ਕ੍ਰਮ ਵਿਚ ਤਾਜ਼ਾ ਘਟਨਾ ਪੱਛਮੀ ਬੰਗਾਲ ਦੇ ਮਾਲਦਾ ਜ਼ਿਲ੍ਹੇ ਦੀ ਹੈ, ਜਿਥੇ ਕਈ ਮੋਟਰ ਗੱਡੀਆਂ ਤੇ ਪੁਲਿਸ ਥਾਣਿਆਂ ਨੂੰ ਅੱਗ ਲਗਾ ਕੇ ਸਾੜ

ਪੂਨਮ ਆਈ. ਕੌਸ਼ਿਸ਼

ਦਿੱਤਾ ਗਿਆ। ਇਹ ਸਭ ਕੁਝ ਹਿੰਦੂਆਂ ਤੇ ਮੁਸਲਮਾਨਾਂ ਦਰਮਿਆਨ ਹੋਈ ਹਿੰਸਾ ਤੋਂ ਬਾਅਦ ਹੋਇਆ। ਇਸ ਦੀ ਸ਼ੁਰੂਆਤ ਦੋ ਵੱਖ-ਵੱਖ ਪਾਰਟੀਆਂ ਦੇ ਨੇਤਾਵਾਂ ਵਲੋਂ ਦਿੱਤੇ ਗਏ ਬਿਆਨਾਂ ਨਾਲ ਹੋਈ। ਇਹ ਨੇਤਾ ਹਨ ਸਮਾਜਵਾਦੀ ਪਾਰਟੀ ਦੇ ਆਜ਼ਮ ਖਾਨ ਅਤੇ ਹਿੰਦੂ ਮਹਾਸਭਾ ਦੇ ਆਪੇ ਬਣੇ ਨੇਤਾ ਕਮਲੇਸ਼ ਤਿਵਾੜੀ ਪਰ ਉਨ੍ਹਾਂ ਦੇ ਬਿਆਨਾਂ ਤੋਂ ਬਾਅਦ ਠੀਕ ਇਕ ਮਹੀਨੇ ਮਗਰੋਂ 3 ਜਨਵਰੀ ਨੂੰ ਇਨ੍ਹਾਂ ਬਿਆਨਾਂ ਨੂੰ ਲੈ ਕੇ ਹਿੰਸਾ ਭੜਕ ਉਠੀ। ਦੋਹਾਂ ਭਾਈਚਾਰਿਆਂ ਨੇ ਧਾਰਮਿਕ ਜਨੂੰਨ ਦਾ ਪ੍ਰਦਰਸ਼ਨ ਕੀਤਾ ਅਤੇ ਫਿਰਕਾਪ੍ਰਸਤੀ ਦੀ ਸਿਆਸਤ ਫਿਰ ਸ਼ੁਰੂ ਹੋ ਗਈ।

ਆਸ ਮੁਤਾਬਿਕ ਸੂਬੇ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇਸ ਫਿਰਕੂ ਹਿੰਸਾ ਨੂੰ ਅਣਡਿੱਠ ਕਰਨ ਦੀ ਕੋਸ਼ਿਸ਼ ਕੀਤੀ ਤੇ ਕਿਹਾ ਕਿ ਇਹ ਫਿਰਕੂ ਹਿੰਸਾ ਨਹੀਂ, ਸਗੋਂ ਬੀ.ਐਸ.ਐਫ. ਦੇ ਜਵਾਨਾਂ ਤੇ ਸਥਾਨਕ ਲੋਕਾਂ ਵਿਚਾਲੇ ਵਿਵਾਦ ਸੀ। ਦੂਜੇ ਪਾਸੇ ਭਾਜਪਾ ਨੇ ਮਮਤਾ 'ਤੇ ਵੋਟ ਬੈਂਕ ਦੀ ਸਿਆਸਤ ਕਰਨ ਦਾ ਦੋਸ਼ ਲਗਾਇਆ। ਸਥਿਤੀ ਉਦੋਂ ਵਿਗੜੀ, ਜਦੋਂ ਜ਼ਿਲ੍ਹਾ ਪ੍ਰਸ਼ਾਸਨ ਨੇ ਭਾਜਪਾ ਅਤੇ ਸੀ.ਪੀ.ਐਮ.ਦੇ 6 ਸੰਸਦ ਮੈਂਬਰਾਂ ਨੂੰ ਮਾਲਦਾ ਵਿਚ ਦਾਖ਼ਲ ਨਹੀਂ ਹੋਣ ਦਿੱਤਾ। ਇਸ ਤੋਂ ਬਾਅਦ ਤ੍ਰਿਣਮੂਲ ਅਤੇ ਭਾਜਪਾ ਵਿਚਾਲੇ ਸ਼ਬਦੀ ਜੰਗ ਛਿੜ ਗਈ ਤੇ ਦੋਹਾਂ ਨੇ ਇਕ-ਦੂਜੇ 'ਤੇ ਅਗਲੇ ਸਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰਾਂ ਦਾ ਧਰੁਵੀਕਰਨ ਕਰਨ ਦਾ ਦੋਸ਼ ਲਗਾਇਆ।

ਗੋਧਰਾ (2002) ਤੋਂ ਲੈ ਕੇ ਜੰਮੂ ਕਸ਼ਮੀਰ (2008), ਮੁਜ਼ੱਫਰਨਗਰ (2013) ਅਤੇ ਮੇਰਠ (2014) ਆਦਿ ਤਕ ਕਈ ਮਿਸਾਲਾਂ ਹਨ ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਸਿਆਸੀ ਪਾਰਟੀਆਂ ਅਜਿਹੀਆਂ ਘਟਨਾਵਾਂ ਤੋਂ ਕਿਸ ਤਰ੍ਹਾਂ ਚੋਣ ਲਾਭ ਲੈਣ ਦੀ ਕੋਸ਼ਿਸ਼ ਕਰਦੇ ਹਨ? ਪਿਛਲੇ ਸਾਲ ਅਕਤੂਬਰ ਵਿਚ ਯੂ.ਪੀ. ਦੇ ਦਾਦਰੀ ਵਿਚ ਖ਼ੂਬ ਹੰਗਾਮਾ ਹੋਇਆ, ਜਦੋਂ ਇਕ ਮੁਸਲਿਮ ਨੂੰ ਇਸ ਅਫਵਾਹ 'ਤੇ ਮਾਰ ਦਿੱਤਾ ਗਿਆ ਕਿ ਉਸ ਦੇ ਪਰਿਵਾਰ ਨੇ ਗਊ ਦਾ ਮਾਸ ਖਾਧਾ ਸੀ ਤੇ ਉਸ ਨੇ ਆਪਣੇ ਘਰ ਵਿਚ ਗਊ ਦਾ ਮਾਸ ਰੱਖਿਆ ਸੀ। ਇਸ ਤੋਂ ਬਾਅਦ ਗਊ ਹੱਤਿਆ ਅਤੇ ਗਊ ਮਾਸ ਖਾਣ/ਨਾ ਖਾਣ ਨੂੰ ਲੈ ਕੇ ਸਿਆਸੀ ਪਾਰਟੀਆਂ ਵਿਚਾਲੇ ਖ਼ੂਬ ਬਹਿਸ ਛਿੜੀ ਜਿਸ ਕਾਰਨ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਕਹਿਣਾ ਪਿਆ ਕਿ ਸਹਿਣਸ਼ੀਲਤਾ ਅਤੇ ਬਹੁਲਤਾ ਭਾਰਤ ਦੀਆਂ ਮੂਲ ਕਦਰਾਂ-ਕੀਮਤਾਂ ਹਨ, ਹਾਲਾਂਕਿ ਗ੍ਰਹਿ ਮੰਤਰਾਲੇ ਨੇ ਇਸ ਘਟਨਾ ਦਾ ਦੋਸ਼ ਸੂਬਾ ਸਰਕਾਰ ਦੇ ਸਿਰ ਮੜ੍ਹਿਆ ਸੀ।

ਜੁਲਾਈ 2012 'ਚ ਆਸਾਮ ਵਿਚ ਬੋਡੋ ਅਤੇ ਮੁਸਲਿਮ ਭਾਈਚਾਰਿਆਂ ਵਿਚਾਲੇ ਹਿੰਸਾ ਹੋਈ ਪਰ ਮੁਸਲਮਾਨਾਂ ਨੇ ਇਸ ਦੇ ਵਿਰੋਧ ਵਿਚ ਮੁਜ਼ਾਹਰਾ ਮੁੰਬਈ ਦੇ ਆਜ਼ਾਦ ਮੈਦਾਨ ਵਿਚ ਕੀਤਾ ਸੀ ਜੋ ਹਿੰਸਕ ਹੋ ਗਿਆ। ਉਸ ਮੁਜ਼ਾਹਰੇ 'ਚ ਕੱਟੜਪੰਥੀ ਅਨਸਰਾਂ ਦਾ ਬੋਲਬਾਲਾ ਰਿਹਾ ਜਿਨ੍ਹਾਂ ਨੇ ਭੜਕਾਊ ਫੋਟੋਆਂ ਦਿਖਾ ਕੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਇਆ। ਹੈਰਾਨੀ ਦੀ ਗੱਲ ਇਹ ਹੈ ਕਿ ਸਾਡੇ ਨੇਤਾ ਜੇਕਰ ਕਿਸੇ ਵਿਸ਼ੇਸ਼ ਭਾਈਚਾਰੇ ਨੂੰ ਭੜਕਾ ਕੇ ਸਿਆਸੀ ਲਾਭ ਪ੍ਰਾਪਤ ਕਰਦੇ ਹਨ ਤਾਂ ਉਸ ਦੇ ਲਈ ਉਹ ਦੇਸ਼ ਦੇ ਰਣਨੀਤਕ ਹਿੱਤਾਂ ਨੂੰ ਵੀ ਦਾਅ 'ਤੇ ਲਗਾਉਣ ਲਈ ਤਿਆਰ ਹਨ। ਇਸ ਦੀ ਇਕ ਮਿਸਾਲ ਜੁਲਾਈ 2008 ਦੀ ਹੈ, ਜਦੋਂ ਜੰਮੂ ਕਸ਼ਮੀਰ ਦੀ ਕਾਂਗਰਸ ਸਰਕਾਰ ਨੇ 38.88 ਹੈਕਟੇਅਰ ਜ਼ਮੀਨ ਅਸਥਾਈ ਕੈਂਪ ਬਣਾਉਣ ਵਾਸਤੇ ਸ੍ਰੀ ਅਮਰਨਾਥ ਸ਼੍ਰਾਈਨ ਬੋਰਡ ਨੂੰ ਦਿੱਤੀ ਸੀ ਪਰ ਇਸ ਮੁੱਦੇ 'ਤੇ ਸੂਬੇ ਵਿਚ ਫੈਲੀ ਫਿਰਕੂ ਹਿੰਸਾ ਤੋਂ ਬਾਅਦ ਉਸ ਨੂੰ ਇਹ ਜ਼ਮੀਨ ਵਾਪਸ ਲੈਣੀ ਪਈ। ਮੁਸਲਿਮ ਬਹੁਲਤਾ ਵਾਲੇ ਕਸ਼ਮੀਰ ਵਿਚ ਇਸ 'ਤੇ ਹਿੰਸਕ ਪ੍ਰਤੀਕਿਰਿਆ ਹੋਈ। ਹੁਰੀਅਤ ਤੇ ਹੋਰ ਵੱਖਵਾਦੀ ਨੇਤਾਵਾਂ ਦੀ ਅਗਵਾਈ ਹੇਠ ਕਸ਼ਮੀਰੀ ਮੁਸਲਮਾਨਾਂ ਦੇ ਇਕ ਵਰਗ ਨੇ ਦੋਸ਼ ਲਗਾਇਆ ਕਿ ਇਹ ਜ਼ਮੀਨ ਇਸ ਖੇਤਰ ਦੇ ਆਬਾਦੀ ਸਰੂਪ ਨੂੰ ਬਦਲਣ ਲਈ ਦਿੱਤੀ ਗਈ ਹੈ ਅਤੇ ਇਹ ਕਸ਼ਮੀਰ ਵਿਚ ਮੁਸਲਮਾਨਾਂ ਨੂੰ ਘੱਟ-ਗਿਣਤੀ ਬਣਾਉਣ ਦੀ ਸਾਜ਼ਿਸ਼ ਹੈ। ਇਸ ਤੋਂ ਬਾਅਦ ਕਾਂਗਰਸ-ਨੈਸ਼ਨਲ ਕਾਂਗਰਸ ਸਰਕਾਰ ਨੇ ਇਹ ਹੁਕਮ ਵਾਪਸ ਲਿਆ, ਜਿਸ ਕਾਰਨ ਹਿੰਦੂਆਂ ਨੇ ਹਿੰਸਕ ਮੁਜ਼ਾਹਰਾ ਕੀਤਾ। ਜੰਮੂ ਖੇਤਰ ਵਿਚ ਇਸ ਨੂੰ ਲੈ ਕੇ ਵੱਡੇ ਪੱਧਰ 'ਤੇ ਹਿੰਸਾ ਅਤੇ ਵਿਰੋਧ ਮੁਜ਼ਾਹਰੇ ਹੋਏ। ਭਾਜਪਾ ਨੇ ਇਸ ਮੌਕੇ ਦਾ ਲਾਭ ਉਠਾਇਆ ਅਤੇ ਇਹ ਦੋਸ਼ ਲਗਾਉਂਦਿਆਂ ਕਾਂਗਰਸ 'ਤੇ ਹੱਲਾ ਬੋਲਿਆ ਕਿ ਉਹ ਮੁਸਲਿਮ ਵੱਖਵਾਦੀਆਂ ਦੀ ਮੰਗ ਅੱਗੇ ਝੁਕ ਗਈ ਹੈ ਅਤੇ ਇਸ ਹੁਕਮ ਨੂੰ ਵਾਪਸ ਲੈਣਾ ਹਿੰਦੂ ਵਿਰੋਧੀ ਹੈ। ਪਾਰਟੀ ਦੇ ਬੁਲਾਰੇ ਨੇ ਕਿਹਾ- 'ਵਾਦੀ ਵਿਚ ਕੁਝ ਤਾਕਤਾਂ ਕਹਿੰਦੀਆਂ ਹਨ ਕਿ ਅਮਰਨਾਥ ਸ਼੍ਰਾਈਨ ਬੋਰਡ ਨੂੰ ਜ਼ਮੀਨ ਅਲਾਟ ਕਰਨ ਨਾਲ ਉਥੋਂ ਦਾ ਆਬਾਦੀ ਸਰੂਪ ਬਦਲ ਜਾਵੇਗਾ, ਪਰ ਅਸਲ ਵਿਚ ਇਨ੍ਹਾਂ ਵੱਖਵਾਦੀ ਤਾਕਤਾਂ ਨੇ ਕਸ਼ਮੀਰੀ ਪੰਡਿਤਾਂ ਨੂੰ ਉਥੋਂ ਖਦੇੜ ਕੇ ਉਥੋਂ ਦਾ ਆਬਾਦੀ ਸਰੂਪ ਬਦਲ ਦਿੱਤਾ ਹੈ।'

ਖ਼ੁਦ ਨੂੰ ਧਰਮ ਨਿਰਪੱਖਤਾ ਅਤੇ ਲੋਕਤੰਤਰ ਦੇ ਰੱਖਿਅਕ ਵਜੋਂ ਪੇਸ਼ ਕਰਦਿਆਂ ਭਾਜਪਾ ਅਤੇ ਸੰਘ ਪਰਿਵਾਰ ਨੇ ਜ਼ਮੀਨ ਦੀ ਅਲਾਟਮੈਂਟ ਦੇ ਮੁੱਦੇ ਨੂੰ ਕੇਂਦਰ ਤੇ ਵਾਦੀ ਵਿਚ ਕਾਂਗਰਸ ਵਿਰੁੱਧ ਮੁਹਿੰਮ ਚਲਾਉਣ ਲਈ ਮੁੱਖ ਹਿੰਦੂਵਾਦੀ ਮੁੱਦਾ ਬਣਾਇਆ ਤੇ ਇਸ ਮੁੱਦੇ 'ਤੇ ਰਾਸ਼ਟਰਵਿਆਪੀ ਬੰਦ ਦਾ ਸੱਦਾ ਦਿੱਤਾ, ਹਾਲਾਂਕਿ ਇਸ ਨਾਲ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਪਾੜਾ ਹੋਰ ਵਧਿਆ। ਸਵਾਲ ਹੈ ਕਿ ਅਜਿਹੀਆਂ ਘਟਨਾਵਾਂ 'ਤੇ ਵਿਰੋਧ-ਮੁਜ਼ਾਹਰੇ ਕਰਨ ਵਾਲਿਆਂ ਨੂੰ ਕੀ ਮਿਲਦਾ ਹੈ? ਇਨ੍ਹਾਂ ਘਟਨਾਵਾਂ ਵਿਚ ਆਮ ਆਦਮੀ ਤੇ ਸੁਰੱਖਿਆ ਮੁਲਾਜ਼ਮ ਨਿਸ਼ਾਨੇ 'ਤੇ ਹੁੰਦੇ ਹਨ। ਅਸਲ ਵਿਚ ਕਿਸੇ ਨੂੰ ਵੀ ਅਜਿਹੇ ਹਮਲੇ ਕਰਨ ਦਾ ਅਧਿਕਾਰ ਨਹੀਂ ਹੈ।

ਅਜਿਹੀਆਂ ਘਟਨਾਵਾਂ ਦਾ ਕਾਰਨ ਚਾਹੇ ਕੁਝ ਵੀ ਹੋਵੇ ਪਰ ਅਜਿਹੇ ਮਾਮਲਿਆਂ ਵਿਚ ਕਾਨੂੰਨ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਕਿਸੇ ਵੀ ਤਰ੍ਹਾਂ ਦੀ ਹਿੰਸਾ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਹਿੰਸਾ ਲਈ ਉਕਸਾਉਣਾ ਕਾਨੂੰਨ ਦੀ ਸਿੱਧੀ ਉਲੰਘਣਾ ਹੈ। ਜੇ ਹਿੰਦੂਆਂ ਨੂੰ ਮੁਸਲਮਾਨਾਂ ਅਤੇ ਮੁਸਲਮਾਨਾਂ ਨੂੰ ਹਿੰਦੂਆਂ ਪ੍ਰਤੀ ਕੋਈ ਗੁੱਸਾ ਹੈ ਤਾਂ ਉਹ ਕਾਨੂੰਨੀ ਰਾਹ ਅਖ਼ਤਿਆਰ ਕਰ ਸਕਦੇ ਹਨ ਪਰ ਉਨ੍ਹਾਂ ਵਲੋਂ ਵਾਰ-ਵਾਰ ਇਕ-ਦੂਜੇ 'ਤੇ ਉਂਗਲ ਉਠਾਉਣ ਤੋਂ ਸਪੱਸ਼ਟ ਹੈ ਕਿ ਕਥਿਤ ਧਰਮ ਨਿਰਪੱਖ ਜਾਂ ਫਿਰਕੂ ਪਾਰਟੀਆਂ ਇਕ ਹੀ ਰੰਗ ਵਿਚ ਰੰਗੀਆਂ ਹੋਈਆਂ ਹਨ। ਇਹ ਇਕ ਤਰ੍ਹਾਂ ਨਾਲ 'ਸਿਆਸੀ ਅੱਤਿਵਾਦ' ਹੈ।

ਸੱਤਾ ਲਈ ਇਹ ਪਾਰਟੀਆਂ ਕੁਝ ਵੀ ਕਰ ਸਕਦੀਆਂ ਹਨ, ਇਥੋਂ ਤਕ ਕਿ ਧਰਮ ਨਿਰਪੱਖ ਫਿਰਕੂ ਮੱਤਭੇਦ ਵੀ ਪੈਦਾ ਕਰ ਸਕਦੀਆਂ ਹਨ। ਉਨ੍ਹਾਂ ਵਿਚ ਵੱਖ-ਵੱਖ ਧਰਮਾਂ ਦਾ ਸਤਿਕਾਰ ਕਰਨ ਦੀ ਕੋਈ ਇੱਛਾ ਨਹੀਂ ਹੁੰਦੀ, ਸਗੋਂ ਉਹ ਤਾਂ ਵੋਟਰਾਂ ਵਿਚ ਆਪਣੀ ਕਥਿਤ ਹਰਮਨਪਿਆਰਤਾ ਵਧਾਉਣ ਲਈ ਧਰਮ ਦੀ ਬੇਸ਼ਰਮੀ ਨਾਲ ਵਰਤੋਂ ਕਰਦੀਆਂ ਹਨ। ਮਾਲਦਾ ਕਾਂਡ ਸਾਡੇ ਰਾਜਨੇਤਾਵਾਂ ਲਈ ਇਕ ਸਬਕ ਹੋਣਾ ਚਾਹੀਦਾ ਹੈ ਕਿ ਵੋਟ ਬੈਂਕ ਖ਼ਾਤਰ ਫਿਰਕਾਪ੍ਰਸਤੀ ਦੀ ਖੇਡ ਖੇਡਣ ਤੋਂ ਪ੍ਰਹੇਜ਼ ਕਰਨ ਅਤੇ ਆਪਣੇ ਫੈਸਲਿਆਂ ਦੇ ਖ਼ਤਰਨਾਕ ਨਤੀਜਿਆਂ 'ਤੇ ਵਿਚਾਰ ਕਰਨ ਕਿਉਂਕਿ ਇਨ੍ਹਾਂ ਕਦਮਾਂ ਨਾਲ ਮੁਲਕ ਫਿਰਕਾਪ੍ਰਸਤੀ ਵੱਲ ਵਧ ਰਿਹਾ ਹੈ ਤੇ ਕੌਮੀ ਹਿੱਤਾਂ ਦੀ ਅਣਦੇਖੀ ਹੋ ਰਹੀ ਹੈ।

ਸਮਾਂ ਆ ਗਿਆ ਹੈ ਕਿ ਸਾਡੇ ਨੇਤਾ ਉਨ੍ਹਾਂ ਲੋਕਾਂ ਬਾਰੇ ਸੋਚਣ, ਜੋ ਪਿਛਲੇ ਸਾਲਾਂ ਵਿਚ ਇਸ ਫਜ਼ੂਲ ਦੀ ਹਿੰਸਾ ਦਾ ਸ਼ਿਕਾਰ ਬਣੇ ਹਨ। ਧਰਮ ਨੂੰ ਸਿਆਸਤ ਤੋਂ ਦੂਰ ਰੱਖਿਆ ਜਾਵੇ। ਆਪਣੇ ਨਾਂ 'ਤੇ ਸਿਆਸੀ ਖਿਲਵਾੜ ਕਰਨ ਲਈ ਨਾ ਤਾਂ ਭਗਵਾਨ ਰਾਮ ਤੇ ਨਾ ਹੀ ਅੱਲ੍ਹਾ ਸਾਡੇ ਰਾਜਨੇਤਾਵਾਂ ਨੂੰ ਕਦੇ ਮੁਆਫ ਕਰਨਗੇ। ਉਨ੍ਹਾਂ ਨੂੰ ਇਹ ਵੀ ਸਮਝਣਾ ਪਵੇਗਾ ਕਿ ਹਿੰਦੂਆਂ-ਮੁਸਲਮਾਨਾਂ ਨੂੰ ਇਕ-ਦੂਜੇ ਨਾਲ ਲੜਾ ਕੇ ਉਹ ਸਿਰਫ ਆਪਣਾ ਉੱਲੂ ਸਿੱਧਾ ਕਰ ਰਹੇ ਹਨ। ਫਿਰਕਾਪ੍ਰਸਤੀ ਉਦੋਂ ਵਧਦੀ ਹੈ, ਜਦੋਂ ਕਿਸੇ ਦੂਜੇ ਭਾਈਚਾਰੇ ਪ੍ਰਤੀ ਇਕ ਭਾਈਚਾਰੇ ਦੀ ਨਫਰਤ ਨੂੰ ਸ਼ਹਿ ਦਿੱਤੀ ਜਾਂਦੀ ਹੈ ਅਤੇ ਦੂਜਾ ਭਾਈਚਾਰਾ ਬਦਲੇ ਦੀ ਕਾਰਵਾਈ ਬਾਰੇ ਸੋਚਦਾ ਹੈ।

**ਸੱਤਾ ਲਈ ਇਹ ਪਾਰਟੀਆਂ ਕੁਝ ਵੀ ਕਰ ਸਕਦੀਆਂ ਹਨ, ਇਥੋਂ ਤਕ ਕਿ ਧਰਮ ਨਿਰਪੱਖ ਫਿਰਕੂ ਮੱਤਭੇਦ ਵੀ ਪੈਦਾ ਕਰ ਸਕਦੀਆਂ ਹਨ। ਉਨ੍ਹਾਂ ਵਿਚ ਵੱਖ-ਵੱਖ ਧਰਮਾਂ ਦਾ ਸਤਿਕਾਰ ਕਰਨ ਦੀ ਕੋਈ ਇੱਛਾ ਨਹੀਂ ਹੁੰਦੀ, ਸਗੋਂ ਉਹ ਤਾਂ ਵੋਟਰਾਂ ਵਿਚ ਆਪਣੀ ਕਥਿਤ ਹਰਮਨਪਿਆਰਤਾ ਵਧਾਉਣ ਲਈ ਧਰਮ ਦੀ ਬੇਸ਼ਰਮੀ ਨਾਲ ਵਰਤੋਂ ਕਰਦੀਆਂ ਹਨ। ਮਾਲਦਾ ਕਾਂਡ ਸਾਡੇ ਰਾਜਨੇਤਾਵਾਂ ਲਈ ਇਕ ਸਬਕ ਹੋਣਾ ਚਾਹੀਦਾ ਹੈ ਕਿ ਵੋਟ ਬੈਂਕ ਖ਼ਾਤਰ ਫਿਰਕਾਪ੍ਰਸਤੀ ਦੀ ਖੇਡ ਖੇਡਣ ਤੋਂ ਪ੍ਰਹੇਜ਼ ਕਰਨ ਅਤੇ ਆਪਣੇ ਫੈਸਲਿਆਂ ਦੇ ਖ਼ਤਰਨਾਕ ਨਤੀਜਿਆਂ 'ਤੇ ਵਿਚਾਰ ਕਰਨ ਕਿਉਂਕਿ ਇਨ੍ਹਾਂ ਕਦਮਾਂ ਨਾਲ ਮੁਲਕ ਫਿਰਕਾਪ੍ਰਸਤੀ ਵੱਲ ਵਧ ਰਿਹਾ ਹੈ**

# ਹਰੀਕੇ ਝੀਲ 'ਤੇ ਆਉਣ ਵਾਲੇ ਪ੍ਰਵਾਸੀ ਪੰਛੀ ਕਿਉਂ ਰੁੱਸੇ ਰਹੇ?

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

ਵਿਗਿਆਨ ਦੀਆਂ ਟਾਹਰਾਂ ਮਾਰਨ ਵਾਲਾ ਮਨੁੱਖ ਆਪਣੇ ਆਪ ਨੂੰ ਤਾਕਤਵਰ ਹੋਣ ਦਾ ਕਿੰਨਾ ਵੀ ਭਰਮ ਕਿਉਂ ਨਾ ਪਾਲ ਰਿਹਾ ਹੋਵੇ, ਜੇ ਘਰਾਂ ਦੁਆਲੇ ਜੰਗਲੇ, ਖੇਤਾਂ ਦੁਆਲੇ ਵਾੜ ਤੇ ਸਰਹੱਦਾਂ 'ਤੇ ਸੰਗੀਨਾਂ ਦੇ ਪਹਿਰੇ ਰੱਖ ਰਿਹਾ ਹੈ ਤਾਂ ਇਸ ਗੱਲ ਨੂੰ ਮੰਨਣਾ ਪਵੇਗਾ ਕਿ ਮਨੁੱਖ ਸੱਚੀਂ ਅੰਦਰੋਂ ਡਰਿਆ ਹੋਇਆ ਹੈ ਅਤੇ ਡਰ ਕੇ ਜੀਅ ਰਿਹਾ ਹੈ। ਪਰ ਇਸ ਸਾਰੇ ਭੈਅ ਤੋਂ ਜੇ ਮੁਕਤ ਹਨ ਤਾਂ ਉਹ ਸਿਰਫ ਪੰਛੀ ਹਨ, ਬਿਨਾਂ ਵੀਜ਼ੇ ਅਤੇ ਪਾਸਪੋਰਟ ਤੋਂ ਜੇ ਕਿਸੇ ਨੂੰ ਹੱਦਾਂ ਲੰਘਣ ਦਾ



ਅਧਿਕਾਰ ਹੈ ਤਾਂ ਉਹ ਸਿਰਫ ਹਾਲੇ ਪੰਛੀਆਂ ਕੋਲ ਹੀ ਹੈ। ਹਾਲਾਂਕਿ ਸ਼ਾਂਤੀ ਦੇ ਸੁਨੇਹੇ ਦਾ ਪ੍ਰਤੀਕ ਅਤੇ ਸਭ ਤੋਂ ਸ਼ਰੀਫ ਪੰਛੀ ਕਬੂਤਰ ਦੇ ਪੈਰਾਂ ਵਿਚ ਕੈਮਰਾ ਬੰਨ੍ਹ ਕੇ ਅਮਰੀਕਾ ਸੂਹੀਆ ਕੰਮ ਕਰਵਾ ਰਿਹਾ ਹੈ ਅਤੇ ਜੇ ਮਨੁੱਖਾਂ ਵਾਂਗ ਸ਼ੱਕੀ ਕਬੂਤਰ ਭਾਰਤ-ਪਾਕਿਸਤਾਨ ਦੀ ਸਰਹੱਦ 'ਤੇ ਫੜੇ ਜਾ ਰਹੇ ਹਨ ਤਾਂ ਸੱਚ ਹੈ ਕਿ ਮਨੁੱਖ ਨੇ ਸ਼ੈਤਾਨੀ ਪੰਛੀਆਂ ਜ਼ਰੀਏ ਵੀ ਕਰਨੀ ਸ਼ੁਰੂ ਕਰ ਦਿੱਤੀ ਹੈ।

ਬਿਆਸ ਤੇ ਸਤਲੁਜ ਦੇ ਸੰਗਮ ਹਰੀਕੇ ਝੀਲ 'ਤੇ ਹਜ਼ਾਰਾਂ ਨਹੀਂ, ਲੱਖਾਂ ਦੀ ਗਿਣਤੀ ਵਿਚ ਦੁਨੀਆਂ ਦੇ ਅਦਭੁੱਤ ਪੰਛੀਆਂ ਦਾ ਇਨ੍ਹਾਂ ਦਿਨਾਂ ਵਿਚ ਕੁੰਭ ਵਰਗਾ ਮੇਲਾ ਲੱਗਾ ਹੋਇਆ ਹੈ। ਇਹ ਪ੍ਰਵਾਸੀ ਪੰਛੀਆਂ ਦੀ ਗਿਣਤੀ ਵਿਚ ਕਰੀਬ ਇਕ ਦਹਾਕੇ ਤੋਂ ਬਾਅਦ ਐਡਾ ਵੱਡਾ ਵਾਧਾ ਹੋਇਆ ਹੈ।

ਹਰੀਕੇ ਝੀਲ ਵਿਚ ਰੂਸ, ਤਜ਼ਾਕਿਸਤਾਨ, ਸਾਈਬੇਰੀਆ ਆਦਿ ਦੇਸ਼ਾਂ ਤੋਂ ਹਜ਼ਾਰਾਂ ਮੀਲਾਂ ਦਾ ਸਫਰ ਤੈਅ ਕਰਕੇ ਅਫਗਾਨਿਸਤਾਨ ਰਸਤੇ ਪੰਜਾਬ ਪੁੱਜਣ ਵਾਲੇ ਇਹ ਪੰਛੀ ਕਰੀਬ ਇਕ ਦਹਾਕਾ ਉਦਾਸ ਕਿਉਂ ਰਹੇ? ਯੂਰੋਪ ਦੀ ਸਰਦੀ ਵਿਚ ਜੰਮਦੀਆਂ ਝੀਲਾਂ 'ਚ ਵੀ ਜੀਵਨ ਬਸਰ ਕਰਨ ਲਈ ਮਜਬੂਰ ਕਿਉਂ ਰਹੇ? ਪੰਛੀਆਂ ਦੇ ਇਸ ਦਰਦ ਪ੍ਰਤੀ ਮਨੁੱਖ, ਹਾਕਮ ਅਤੇ ਬੰਬਾਂ-ਗੋਲੀਆਂ ਦਾ ਮੀਂਹ ਵਰ੍ਹਾਉਣ ਵਾਲੇ ਕਾਇਨਾਤ ਨੂੰ ਚੀਰਦੇ ਲੜਾਕੂ ਜਹਾਜ਼ਾਂ ਨੂੰ ਨਹੀਂ ਪਤਾ ਸੀ ਕਿ ਇਨ੍ਹਾਂ ਪੰਛੀਆਂ ਦਾ ਰੋਸਾ ਫਿਰ ਏਡਾ ਲੰਮਾ ਵੀ ਹੋ ਜਾਵੇਗਾ। ਕੁਦਰਤੀ ਵਾਤਾਵਰਣ ਨੂੰ ਪਿਆਰ ਕਰਨ ਵਾਲੇ ਲੋਕ ਖਾਸ ਤੌਰ 'ਤੇ ਪੰਜਾਬ ਦੇ ਇਸ ਦੋ ਦਰਿਆਵਾਂ ਦੇ ਸੰਗਮ ਦੁਆਲੇ ਖੂਬਸੂਰਤ ਪੰਛੀਆਂ ਦੇ ਝੁਰਮਟ ਸਚਮੁੱਚ ਹੀ ਮਨੁੱਖ ਦੇ ਅੰਦਰਲੇ ਚਾਅ ਨੂੰ ਕੁਦਰਤ ਨਾਲ ਮੋਹ ਪੈਦਾ ਕਰਨ ਦਾ ਸੰਕੇਤ ਦੇ ਰਹੇ ਹਨ। ਇਸ ਵਾਰ ਦੇ ਪ੍ਰਵਾਸੀ ਪੰਛੀਆਂ ਵਿਚ ਹੈਡਡ ਰਲੀਜ਼ ਰੂਡੀ ਸ਼ੈਲਡਕ, ਸਟਰੋਕ, ਰੈਡ ਕਰੱਸਡ ਪੋਚਡ, ਸਨੇਕ ਵਰਲਡ ਆਦਿ ਨਸਲਾਂ ਦੇ ਸਭ ਤੋਂ ਸੁੰਦਰ ਪੰਛੀ ਬੜੀ ਦੇਰ ਬਾਅਦ ਹਰੀਕੇ ਝੀਲ ਦਾ ਸ਼ਿੰਗਾਰ ਬਣੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਜਿਹੜੇ ਪੰਛੀ ਹਰੀਕੇ ਝੀਲ ਵਿਚ ਡੁਬਕੀਆਂ ਲਾ ਰਹੇ ਹਨ ਉਨ੍ਹਾਂ ਵਿਚ ਗਾਰਦਨੀ, ਪਿੰਨਟੇਲ, ਮਲਾਰਡ ਕਿਸਮਾਂ ਦੇ ਪੰਛੀ ਮਨੁੱਖ ਅੱਖ ਨੂੰ ਇਕ ਖਾਸ ਕਿਸਮ ਦਾ ਨਜ਼ਾਰਾ ਦੇ ਰਹੇ ਹਨ।

ਇਹ ਪੰਛੀ ਹਰੀਕੇ ਝੀਲ ਨਾਲ ਕਿਉਂ ਰੁੱਸੇ ਰਹੇ? ਕਿਉਂ ਹਾਲੇ ਤੱਕ ਸਾਈਬੇਰੀਆ ਤੋਂ ਆਉਣ ਵਾਲਾ ਹੰਸ ਗੈਰ ਹਾਜ਼ਰ ਹੈ? ਅਤੀਤ 'ਚ ਬੰਬਾਂ-ਤੋਪਾਂ ਦੀ ਲੜਾਈ ਵਿਚ ਉਲਝਿਆ ਮਨੁੱਖ ਇਨ੍ਹਾਂ ਬੇਜ਼ੁਬਾਨਾਂ ਨਾਲ ਕਿਵੇਂ ਧੋਖਾ ਕਰ ਗਿਆ? ਇਸ ਦਾ ਕੁਝ ਵਿਆਖਿਆ ਵਿਸ਼ਲੇਸ਼ਣ ਇਥੇ ਕਰਦੇ ਹਾਂ। ਕਿਹਾ ਜਾ ਸਕਦਾ ਹੈ ਕਿ ਧੱਕੇਸ਼ਾਹੀਆਂ ਕਿਸੇ ਨਾਲ ਵੀ ਹੋਣ, ਇਨ੍ਹਾਂ ਨੂੰ ਨਿੰਦਣਾ ਹੀ ਚਾਹੀਦਾ ਹੈ ਅਤੇ ਘੱਟੋ ਘੱਟ ਮਨੁੱਖ ਨਾਲ ਸਭ ਤੋਂ ਵੱਧ ਲਾਡ ਤੇਹ ਕਰਨ ਵਾਲੇ ਪੰਛੀ ਮਨੁੱਖੀ ਕੁਤਾਹੀਆਂ ਕਾਰਨ ਉਦਾਸ ਹੋਣੇ ਹੀ ਨਹੀਂ ਚਾਹੀਦੇ।

ਧਰਤੀ ਜਦੋਂ ਭੁਚਾਲ ਨਾਲ ਕੰਬਦੀ ਹੈ ਤਾਂ ਇਸ ਦਾ ਪਹਿਲਾ ਅਨੁਭਵ ਪੰਛੀਆਂ ਨੂੰ ਹੁੰਦਾ ਹੈ ਪਰ ਜਦੋਂ 11 ਸਤੰਬਰ 2001 ਨੂੰ ਅਮਰੀਕਾ ਦੇ ਵਰਲਡ ਟਰੇਡ ਸੈਂਟਰ ਅਤੇ ਪੈਂਟਾਗਨ ਦਹਿਸ਼ਤਗਰਦੀ ਹਮਲਿਆਂ ਨਾਲ ਤਬਾਹ ਹੋ ਗਏ ਸਨ ਤੇ ਅਮਰੀਕਾ ਰੱਜ ਕੇ ਗੁੱਸੇ ਵਿਚ ਸੀ ਤੇ ਜਾਰਜ ਬੁਸ਼ ਨੇ ਇਨ੍ਹਾਂ ਹਮਲਿਆਂ ਵਿਚ ਮੁੱਖ ਦੋਸ਼ੀ ਸਮਝੇ ਜਾਂਦੇ ਉਸਾਮਾ ਬਿਨ ਲਾਦੇਨ ਨੂੰ ਮਾਰ ਮੁਕਾਉਣ ਦੇ ਐਲਾਨ ਨਾਲ ਅਫਗਾਨਿਸਤਾਨ ਵਿਚ ਬੰਬਾਂ ਦਾ ਮੀਂਹ ਵਰ੍ਹਾਇਆ ਜਾ ਰਿਹਾ ਸੀ, ਧਰਤੀ ਨੂੰ ਝਟਕੇ ਲੱਗ ਰਹੇ ਸਨ, ਗਾੜ-ਗਾੜ ਦਾ ਤੂਫਾਨ ਉੱਠ ਰਿਹਾ ਸੀ, ਪੂਰੀ ਕਾਇਨਾਤ ਕੰਬ ਰਹੀ ਸੀ ਤਾਂ ਫਿਰ ਕਿਵੇਂ ਬਚੇ ਰਹਿ ਸਕਦੇ ਸਨ ਇਸ ਪ੍ਰਭਾਵ ਤੋਂ ਕੋਮਲ ਦਿਲ ਪੰਛੀ। ਇਸੇ ਕਰਕੇ ਜਦੋਂ ਗੂੰਜਦੇ ਜਹਾਜ਼ ਆਪਣਾ ਹੱਲਾ ਬੋਲ ਕੇ ਲੰਘ ਜਾਂਦੇ ਸਨ ਤਾਂ ਜਨ-ਜੀਵਨ ਵਿਚ ਹੀ ਚੁੱਪ ਨਹੀਂ ਵਰਤਦੀ ਸਗੋਂ ਅਫਗਾਨਿਸਤਾਨ ਦੀਆਂ ਖੂਬਸੂਰਤ ਚਿੜੀਆਂ ਅਤੇ ਗੁਟਾਰਾਂ ਦੀ ਚੀਂ-ਚੀਂ ਤੇ ਘੂੰ-ਘੂੰ ਵੀ ਚੁੱਪ ਜੋ ਜਾਂਦੀ ਸੀ, ਤੇ ਸਾਰਾ ਦਾ ਸਾਰਾ ਵਾਤਾਵਰਨ ਸਿਵਿਆਂ ਦੀ ਹਨੇਰੀ ਰਾਤ ਵਾਂਗ ਖਾਮੋਸ਼ ਹੋ ਜਾਂਦਾ ਸੀ। ਇਨ੍ਹਾਂ ਜੰਗੀ ਦਿਨਾਂ ਵਿਚ ਅਫਗਾਨੀ ਵਾਯੂਮੰਡਲ ਵਿਚ ਸਿਰਫ ਲੜਾਕੂ ਜਹਾਜ਼ ਹੀ ਤੇਜ਼ ਰਫਤਾਰ ਨਾਲ ਗੜ੍ਹ-ਗੜਾਹਟ ਪਾਉਂਦੇ ਲੰਘਦੇ ਸਨ। ਕੂੰਜਾਂ ਦੀਆਂ ਡਾਰਾਂ ਤਾਂ ਕੀ ਕੋਈ ਪਰਿੰਦਾ ਵੀ ਅਸਮਾਨੀਂ ਉਡਦਾ ਨਜ਼ਰ ਨਹੀਂ ਆਉਂਦਾ ਸੀ। ਅਸੀਂ ਆਪਣੇ ਆਪ ਨੂੰ ਬਹੁ ਸੱਭਿਅਕ ਸਿੱਧ ਕਰਨ ਲਈ ਆਪਣੀਆਂ ਸਰਹੱਦਾਂ 'ਤੇ ਸੀਨ ਮਾਰ ਲਈ ਹੈ। ਪਰ ਖੁਸ਼ਕਿਸਮਤੀ ਨਾਲ ਸਾਡੇ ਲੰਬੀਆਂ ਉਡਾਰੀਆਂ ਮਾਰਨ ਵਾਲੇ ਪੰਛੀਆਂ 'ਤੇ ਇਹ ਸਰਹੱਦਾਂ ਰੋਕ ਨਹੀਂ ਲਾ ਸਕੀਆਂ। ਇਸੇ ਲਈ ਬਿਨਾ ਡਰ ਭੈਅ ਤੋਂ ਸਰਹੱਦਾਂ ਟੱਪ ਕੇ ਆਸ ਪ੍ਰਵਾਸ ਕਰਦੇ ਰਹੇ ਹਨ ਦੁਨੀਆਂ ਭਰ ਦੇ ਇਹ ਮਸੂਮ ਪਰਿੰਦੇ।

ਕਜ਼ਾਕਿਸਤਾਨ ਦੇ ਜੀਵ-ਜੰਤੂ ਤੇ ਪੰਛੀ ਵਿਗਿਆਨੀ ਨੇ ਮੰਨਿਆ ਹੈ ਕਿ ਅਫਗਾਨ ਜੰਗ ਕਾਰਨ ਬਹੁਤੇ ਪ੍ਰਵਾਸੀ ਪੰਛੀ ਦੱਖਣੀ ਏਸ਼ੀਆ ਖੇਤਰ ਈਰਾਨ, ਕਜ਼ਾਕਿਸਤਾਨ ਤੇ ਭਾਰਤ ਦੀਆਂ



ਰਵਾਇਤੀ ਪਨਾਹਗਾਹਾਂ 'ਤੇ ਨਹੀਂ ਪਹੁੰਚ ਸਕੇ। ਭਾਰਤ ਵਿਚ ਤਾਂ ਇਨ੍ਹਾਂ ਦੀ ਹਾਜ਼ਰੀ ਨਾ-ਮਾਤਰ ਹੀ ਰਹੀ। ਇਸੇ ਕਰਕੇ ਹੀ ਸਾਡਾ ਹਰੀਕੇ ਪੱਤਣ ਵੀ ਖੂਬਸੂਰਤ ਮਹਿਮਾਨ ਪੰਛੀਆਂ ਦੀਆਂ ਆਮਦ ਤੋਂ ਕਈ ਸਾਲਾਂ ਤੋਂ ਵਿਰਵਾ ਅਤੇ ਸੁੰਨਾ ਹੀ ਰਿਹਾ। ਇਨ੍ਹਾਂ ਵਿਗਿਆਨੀਆਂ ਨੇ ਚਿੰਤਾ ਜ਼ਾਹਿਰ ਕੀਤੀ ਹੈ ਕਿ ਦੱਖਣੀ ਏਸ਼ੀਆ 'ਤੇ ਮੱਧ ਏਸ਼ੀਆ ਵਿਚ ਦਾਖਲ ਹੋਣ ਲਈ ਜਦੋਂ ਇਹ ਅਫਗਾਨੀ ਵਾਯੂ-ਮੰਡਲ 'ਚੋਂ ਗੁਜ਼ਰਨਗੇ ਤਾਂ ਹਵਾਈ ਬੰਬਾਰੀ ਦੀ ਘਬਰਾਹਟ ਨਾਲ ਇਹ ਅਲੱਗ-ਥਲੱਗ ਹੋ ਗਏ ਤੇ ਕਈ ਸਹਿਮ ਨਾਲ ਮਰ ਹੀ ਗਏ। ਦੁੱਖ ਦੀ ਗੱਲ ਇਹ ਹੈ ਕਿ ਇਹ ਕੋਮਲ ਪੰਛੀ ਮਾਨਸਿਕ ਤੌਰ 'ਤੇ ਕਮਜ਼ੋਰ ਹੋ ਗਏ ਅਤੇ ਕਈ ਸਰਦੀਆਂ ਵਿਚ ਇਨ੍ਹਾਂ ਆਪਣੀਆਂ ਪ੍ਰਵਾਸੀ ਰਿਹਾਇਸ਼ੀ ਥਾਂਵਾਂ 'ਤੇ ਆਉਣਾ ਹੀ ਬੰਦ ਕਰ ਦਿੱਤਾ।

ਸੱਚਾਈ ਇਹ ਹੈ ਕਿ ਪੰਛੀ ਉਤਰੀ ਏਸ਼ੀਆ ਦੀ ਲੋਹੜੇ ਦੀ ਸਰਦੀ ਤੋਂ ਬਚਣ ਲਈ ਗਰਮ ਸਥਾਨਾਂ ਵੱਲ ਪਲਾਇਨ ਕਰਦੇ ਹਨ ਅਤੇ ਇਨ੍ਹਾਂ ਵਿਚੋਂ ਨੱਬੇ ਫੀਸਦੀ ਪੰਛੀ ਅਫਗਾਨਿਸਤਾਨ ਹੋ ਕੇ ਹੀ ਦੱਖਣੀ ਏਸ਼ੀਆ ਵਿਚ ਪ੍ਰਵੇਸ਼ ਕਰਦੇ ਹਨ। ਪੰਛੀਆਂ ਦੀ ਪਲਾਇਨ ਕਰਨ ਦੀ ਇਹ ਸਦੀਆਂ ਪੁਰਾਣੀ ਪਰੰਪਰਾ ਹੈ। ਮਨੁੱਖਾਂ ਵਾਂਗ ਸੈਲਾਨੀ ਪ੍ਰਵਿਰਤੀ ਵਾਲੇ ਇਹ ਪੰਛੀ ਆਪਣੀਆਂ ਲੰਬੀਆਂ ਉਡਾਣਾਂ ਦੌਰਾਨ ਵੀ ਖਰਮਸਤੀਆਂ ਕਰਦੇ ਹਨ ਅਤੇ ਨਰ ਤੇ ਮਾਦਾ ਦੋਵੇਂ ਰੂਪ ਵਿਚ ਹੁੰਦੇ ਹਨ। ਕਈ ਵਾਰ ਇਹ ਆਪਣੇ ਮਿਥੇ ਟਿਕਾਣੇ 'ਤੇ ਪਹੁੰਚ ਕੇ ਦਿਲਕਸ਼ ਆਵਾਜ਼ਾਂ ਕੱਢਦੇ ਹਨ ਅਤੇ ਅਕਾਸ਼ ਗੂੰਜਣ ਲਾ ਦਿੰਦੇ ਹਨ। ਵਾਪਸੀ ਵੇਲੇ ਵੀ ਇਹ ਇਕ ਇਕ ਕਰਕੇ ਨਹੀਂ, ਝੁੰਡਾਂ ਦੇ ਰੂਪ ਵਿਚ ਪਰਤਦੇ ਹਨ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਪੰਛੀਆਂ ਵਿਚ ਕਈ ਉਨ੍ਹਾਂ ਜਾਤੀਆਂ ਦੇ ਪੰਛੀ ਵੀ ਆਉਂਦੇ ਹਨ ਜਿਨ੍ਹਾਂ ਦੀਆਂ ਨਸਲਾਂ ਬਹੁਤ ਘੱਟ ਹਨ ਤੇ ਉਨ੍ਹਾਂ ਨੂੰ ਵੇਖਣ ਲਈ ਹੀ ਲੱਖਾਂ ਨਜ਼ਰਾਂ ਇਨ੍ਹਾਂ ਦੀਆਂ ਰਿਹਾਇਸ਼ੀ ਥਾਂਵਾਂ 'ਤੇ ਪਹੁੰਚਦੀਆਂ ਹਨ। ਇਨ੍ਹਾਂ ਵਿਚ 'ਜਲ ਸਿੰਘੀ' ਨਾਮੀ ਪੰਛੀ ਦੀ ਨਸਲ ਮੱਧ ਏਸ਼ੀਆਈ ਦੇਸ਼ਾਂ ਵਿਚ ਉਕਾ ਹੀ ਨਹੀਂ ਤੇ ਇਹ ਪੰਛੀ ਆਪਣੇ 'ਹੁਸਨ' ਨਾਲ ਹੀ ਅੱਖਾਂ ਨਹੀਂ ਚੁੰਧਿਆ ਦਿੰਦਾ ਬਲਕਿ ਕੋਇਲ ਵਾਂਗ ਬਹੁਤ ਸੁਰੀਲੀ ਅਵਾਜ਼ ਵੀ ਕੱਢਦਾ ਹੈ।

ਪੰਛੀਆਂ ਦੇ ਇਨ੍ਹਾਂ ਕਾਫਲਿਆਂ ਵਿਚ ਹੀ ਆਉਂਦੇ ਹਨ ਸਾਇਬੇਰੀਆ ਦੇ ਸਾਰਸ। 'ਇੰਟਰਨੈਸ਼ਨਲ ਕਰੇਨ ਫਾਊਂਡੇਸ਼ਨ' ਦਾ ਦਾਅਵਾ ਹੈ ਕਿ ਪੂਰੀ ਦੁਨੀਆਂ ਵਿਚ ਸਾਇਬੇਰੀਆ ਦੇ ਸਾਰਸ (ਸਾਇਬੇਰੀਆ ਕਰੇਨਜ਼) ਤੀਜੇ ਨੰਬਰ 'ਤੇ ਹਨ ਅਤੇ ਸਭ ਤੋਂ ਘੱਟ ਮਿਲਦੇ ਹਨ। ਦਰਅਸਲ ਹਵਾ ਵਿਚ ਪਰਿਵਰਤਨ ਦਾ ਸਿੱਧਾ ਪ੍ਰਭਾਵ ਸਾਇਬੇਰੀਆ ਦੇ ਸਾਰਸ 'ਤੇ ਪੈਂਦਾ ਹੈ। ਇਹ ਬਹੁਤ ਹੀ ਸੰਵੇਦਨਸ਼ੀਲ ਪੰਛੀ ਹੈ, ਇਸ ਲਈ ਅਫਗਾਨਿਸਤਾਨ ਦੀ ਹਮਲਿਆਂ ਨਾਲ ਦੂਸ਼ਿਤ ਆਬੋ-ਹਵਾ 'ਚੋਂ ਗੁਜ਼ਰਨ ਦਾ ਹੌਸਲਾ ਨਹੀਂ ਕਰ ਸਕਿਆ।

ਮਨੁੱਖ ਵਾਂਗ ਪੰਛੀਆਂ ਦੇ ਵੀ ਅਰਮਾਨ ਹਨ ਅਤੇ ਜ਼ਰਾ ਅਨੁਮਾਨ ਲਗਾ ਕੇ ਵੇਖੋ ਕਿ ਜੇ ਤੁਹਾਡੀ ਸਮਾਂ ਸਾਰਣੀ ਜਾਂ ਘੁੰਮਣ ਫਿਰਨ 'ਤੇ ਮੌਸਮ ਬਦਲਾਓ ਦੀ ਯੋਜਨਾ ਵਿਚ ਕੋਈ ਤੀਜਾ ਵਿਅਕਤੀ ਅੜਿੱਕਾ ਡਾਹ ਦੇਵੇ ਤਾਂ ਮਨ 'ਤੇ ਕੀ ਗੁਜ਼ਰੇਗੀ? ਇਸ ਲਈ ਜੀਵ ਤੇ ਪੰਛੀ ਵਿਗਿਆਨੀ ਇਹ ਕਹਿ ਰਹੇ ਹਨ ਕਿ ਖੁਸ਼ੀਆਂ ਮਨਾਉਣ ਲਈ ਹਜ਼ਾਰਾਂ ਮੀਲ ਯਾਤਰਾ ਤੈਅ ਕਰਨ ਦੀ ਰੁਚੀ ਤੋਂ ਵਾਂਝੇ ਇਹ ਪੰਛੀ ਕਈ ਸਾਲ ਉਦਾਸ ਮੁਦਰਾ ਵਿਚ ਰਹੇ। ਬਿਨਾਂ ਸ਼ੱਕ ਇਨ੍ਹਾਂ ਦੀ ਪੈਦਾਇਸ਼ ਵਿਚ ਵੀ ਕਮੀ ਆਈ ਹੋਵੇਗੀ ਕਿਉਂਕਿ ਜਦੋਂ ਇਹ ਗਰਮ ਮੌਸਮ ਵਿਚੋਂ ਵਾਪਿਸ ਪਰਤਦੇ ਹਨ ਤਾਂ ਇਨ੍ਹਾਂ ਵਿਚੋਂ ਬਹੁਤੇ ਮਾਦਾ ਪੰਛੀ ਬੱਚੇ ਪੈਦਾ ਕਰਨ ਜਾਂ ਆਂਡੇ ਦੇਣ ਦੀ ਅਵਸਥਾ ਵਿਚ ਹੁੰਦੇ ਹਨ।

ਪੰਛੀ ਵਿਗਿਆਨੀ ਇਸ ਗੱਲ ਤੋਂ ਵਧੇਰੇ ਚਿੰਤਤ ਸਨ ਕਿ ਜੇ ਪੰਛੀਆਂ ਨੇ ਮਾਨਸਿਕ ਅਨੁਭਵ ਨੂੰ ਸਥਾਈ ਰੂਪ ਵਿਚ ਗ੍ਰਹਿਣ ਕਰ ਲਿਆ ਤਾਂ ਸ਼ਾਇਦ ਉਹ ਭਵਿੱਖ ਵਿਚ ਉਕਾ ਹੀ ਪ੍ਰਵਾਸ ਕਰਨਾ ਬੰਦ ਕਰ ਦੇਣ ਕਿਉਂਕਿ ਇਨ੍ਹਾਂ ਵਿਚ ਕਈ ਪੰਛੀ 5000 ਕਿਲੋਮੀਟਰ ਦੀ ਉਡਾਰੀ ਮਾਰ ਕੇ ਭਾਰਤ 'ਤੇ ਈਰਾਨ ਪਹੁੰਚਦੇ ਹਨ।

ਮੰਨਣ ਵਾਲੀ ਗੱਲ ਹੈ ਕਿ ਪਾਣੀਆਂ ਵਾਲੀਆਂ ਥਾਂਵਾਂ ਮਨੁੱਖੀ ਮਨ ਨੂੰ ਵਧੇਰੇ ਖਿੱਚ ਪਾਉਂਦੀਆਂ ਹਨ ਤੇ ਇਨ੍ਹਾਂ ਥਾਂਵਾਂ ਉਤੇ ਜਦੋਂ ਮਹਿਮਾਨ ਪੰਛੀ ਪਹੁੰਚੇ ਹੋਣ ਤਾਂ ਨਜ਼ਾਰਾ ਹੋਰ ਵੀ ਆਕਰਸ਼ਕ ਬਣਦਾ ਹੋਵੇਗਾ।

ਪੰਛੀਆਂ ਕੋਲ ਮਨੁੱਖ ਨਾਲੋਂ ਵਧੇਰੇ ਅਜ਼ਾਦੀ ਹੈ ਪਰ ਅਫਗਾਨ ਜੰਗ ਨੇ ਇਸ ਅਜ਼ਾਦੀ 'ਤੇ ਯਕੀਨਨ ਹੀ ਬੁਰਾ ਅਸਰ ਪਾਇਆ ਹੈ ਜੋ ਇੰਨੇ ਸਾਲ ਪ੍ਰਵਾਸੀ ਪੰਛੀ ਆਪਣੀ ਮਨਪਸੰਦ ਜਗ੍ਹਾ ਹਰੀਕੇ ਝੀਲ 'ਤੇ ਨਹੀਂ ਆ ਸਕੇ ਜਦੋਂਕਿ ਵਿਚਾਰੇ ਸਾਰਸ ਨੂੰ, ਹੰਸ ਨੂੰ, ਜਾਂ ਬੱਤਖ ਨੂੰ ਕੀ ਪਤਾ ਕਿ ਕੌਣ ਸੀ ਬਿਨ ਲਾਦੇਨ? ਕੀ ਹੈ ਅਲ ਕਾਇਦਾ? ਕੌਣ ਸੀ ਜਾਰਜ ਬੁਸ਼? ਤੇ ਬੰਬਾਂ ਦਾ ਸ਼ੋਰ ਸ਼ਰਾਬਾ ਕਿਉਂ ਹੈ? ਉਹ ਤਾਂ ਸਿਰਫ ਉਦਾਸ ਹੋ ਕੇ ਹੀ ਇਕ ਠੰਡਾ ਹਾਉਕਾ ਖਿੱਚ ਸਕਦੇ ਸਨ।



ਪਰ ਮਨੁੱਖਤਾ ਨੂੰ ਇਨ੍ਹਾਂ ਪੰਛੀਆਂ ਦੇ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਨਾਲ ਹੋਏ ਨਾਜਾਇਜ਼ ਧੱਕੇ ਦੇ ਬਾਵਜੂਦ ਸਭ ਕੁਝ ਭੁੱਲ-ਭੁਲਾ ਕੇ ਕੁਦਰਤ ਦੀ ਸੁੰਦਰਤਾ ਨੂੰ ਵਧਾਉਣ ਵਿਚ ਆਪਣਾ ਯੋਗਦਾਨ ਪਾਉਣ ਲਈ ਫਿਰ ਪ੍ਰਵਾਸ ਸ਼ੁਰੂ ਕਰਨ ਵਿਚ ਪਹਿਲ ਕਰਕੇ ਦਿਖਾ ਰਹੇ ਹਨ।

ਰੱਬ ਕਰੇ ਕਾਇਨਾਤ ਵਿਚ ਫਿਰ ਬੰਬਾਂ ਤੇ ਲੜਾਕੂ ਜਹਾਜ਼ਾਂ ਦੀ ਗੂੰਜ ਨਾ ਉਠੇ ਤੇ ਇਹ ਮੌਜ-ਮਸਤੀਆਂ ਕਰਨ ਵਾਲੇ ਪੰਛੀ ਹਰੀਕੇ ਝੀਲ ਵੱਲ ਇਵੇਂ ਹੀ ਹਜ਼ਾਰਾਂ ਕੋਹਾਂ ਦੀ ਵਾਟ ਤੈਅ ਕਰਕੇ ਬਾਘੀਆਂ ਪਾਉਂਦੇ ਰਹਿਣ ਅਤੇ ਇਨਸਾਨੀਅਤ ਇਨ੍ਹਾਂ ਸ਼ਾਂਤੀ ਦੇ ਪੁਜਾਰੀਆਂ ਤੋਂ ਕੋਈ ਸਬਕ ਸਿੱਖ ਸਕੇ।

## ਬੋਲੀ ਦੀ ਮਹਿਕ

ਸ਼ੁੱਧ ਲਿਖਣੀ ਪੰਜਾਬੀ, ਸ਼ੁੱਧ ਬੋਲਣੀ।
ਮੇਰੇ ਸਾਥੀਓ, ਪੌਣਾਂ 'ਚ ਮਹਿਕ ਘੋਲਣੀ।

ਹੱਥ ਵਿਚ ਕਾਨੀ ਫੜ੍ਹਨ ਤੋਂ ਪਹਿਲਾਂ,
ਬਣਦਾ ਫਰਜ਼ ਪਛਾਣਾਂ।
ਵਿਆਕਰਨ ਨੂੰ ਗਹੁ ਨਾਲ ਪੜ੍ਹ ਕੇ,
ਭੇਦ ਲਿੱਪੀ ਦੇ ਜਾਣਾਂ।
ਕਿਸੇ ਸ਼ਬਦ ਦਾ ਅਰਥ ਨਾ ਬਦਲੇ,
ਡਾਇਰੀ ਨਜ਼ਮਾਂ ਦੀ ਜਦ ਖੋਲ੍ਹਣੀ

ਬੇਲੋੜੀ ਪਾ ਅੱਧਕ ਤੇ ਬਿੰਦੀ,
ਬਿਨ ਮਤਲਬ ਲਾ ਡੰਡੀ।
ਆਪਣੇ ਹੱਥੀਂ ਨਹੀਂ ਕਰਵਾਉਣੀ,
ਮਾਤ-ਭਾਸ਼ਾ ਦੀ ਭੰਡੀ।
ਮਾਖਿਓਂ ਮਿੱਠੀ ਬੋਲੀ ਸਾਡੀ,
ਬੋਲਣੇ ਤੋਂ ਪਹਿਲਾਂ ਹੁਣ ਤੋਲਣੀ।

ਹੋੜਾ ਅਤੇ ਕਨੌੜਾ ਪਾਉਂਦੇ ,
ਕਰਨਾ ਸਦਾ ਬਿਖੇੜਾ।
'ਕੋੜੇ' ਤੇ ਕੌੜੇ ਵਿਚ ਸੱਚਮੁਚ,
ਹੁੰਦਾ ਫਰਕ ਬਥੇਰਾ।
ਪੇਟ-ਪੈਂਟ ਵਿਚ ਅੰਤਰ ਦੱਸੇ,
ਲਾਂਵ ਵੀ ਹਰ ਥਾਂ ਗੌਲਣੀ।

'ਙ' ਨਾਲ ਹੀ ਲਿਖਣੀਆਂ ਵੰਙਾਂ,
ਵੀਣੀ ਵਿਚ ਇਹ ਛਣਕਣ।
'ਞ' ਝਾਂਜਰਾਂ 'ਵ' ਜੰਵ ਵਿਚ,
ਪੈਰੀਂ ਪਾਈਆਂ ਛਣਕਣ।
ਅਨਮੋਲ ਏ ਮੇਰੀ ਪੈਂਤੀ ਅੱਖਰੀ,
ਮੈਂ ਕੌਡੀਆਂ ਭਾਅ ਨਹੀਂ ਤੋਲਣੀ।

ਸ਼ਬਦ ਜੋੜ ਸਭ ਠੀਕ ਹੋਣ ਜੇ,
ਕਦੀ ਨਾ ਹੋਏ ਨਿਰਾਸ਼ਾ।
ਸਭ ਤੋਂ ਉਤਮ ਬੋਲੀ ਸਾਡੀ,
ਸਭ ਤੋਂ ਉਤਮ ਭਾਸ਼ਾ।
ਸੱਤ ਸਮੁੰਦਰੋਂ ਪਾਰ ਵੀ 'ਨੀਲਮ',
ਹਰ ਪਲ ਹਰ ਥਾਂ ਟੋਲਣੀ।

-ਨੀਲਮ ਸੈਣੀ
ਫੋਨ: 510-502-0551

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ


### ਫੁਕਰ ਵਿਦਿਆ

ਕਰਦੇ ਕੰਮ ਬਦਨਾਮੀ ਵਾਲਾ, ਲੱਭਦੇ ਨੇ ਮਸ਼ਹੂਰੀ ਜੀ,
ਫਿਰ ਪੁੱਛਦੇ ਨੇ ਲੋਕੀਂ ਸਾਥੋਂ, ਕਾਹਤੋਂ ਰੱਖਦੇ ਦੂਰੀ ਜੀ।
ਨਾਲ ਚਲਾਕੀ ਗਲ ਬਾਹਾਂ ਜਾ ਪਾ ਲਈਆਂ 'ਹੀਂ ਹੀਂ' ਕਰਕੇ,
ਆਖੀ ਜਾਣਗੇ ਥੋੜੇ ਬਿਨ ਨਹੀਂ, ਪੈਣੀ ਸਾਡੀ ਪੂਰੀ ਜੀ,
ਸਾਜ਼ ਹੋਰ ਤੇ ਰਾਗ ਹੋਰ ਨੇ, ਤੋੜੇ ਤਬਲੇ ਧਾਮੇ ਸਭ,
ਲੰਬੀਆਂ ਹੇਕਾਂ ਨਹੀਂ ਲੱਗਣੀਆਂ, ਵੱਟ ਕੇ ਮਿੱਤਰੋ ਘੂਰੀ ਜੀ।
ਨਕਲੀ ਸੱਸੀ, ਨਕਲੀ ਪੁੰਨੂ ਨਕਲੀ ਪਿਆਰ ਵਿਖਾਵੇ ਦਾ,
ਰਾਂਝੇ ਹੁਣ ਨੀਂ ਜੋਗੀ ਬਣਦੇ, ਹੋਣੀ ਕੋਈ ਮਜਬੂਰੀ ਜੀ।
ਕਿਸੇ ਤੋਂ ਗਾਨੀ, ਕਿਸੇ ਤੋਂ ਛੱਲਾ, ਮੁੰਦਰੀ ਲੈ ਲਈ ਹੋਰਾਂ ਤੋਂ,
ਫਿਰ ਕਹਿੰਦੇ ਨਹੀਂ ਹੀਰ ਖਵਾਉਂਦੀ, ਦੇਸੀ ਘਿਓ ਦੀ ਚੂਰੀ ਜੀ।
ਦਗਾ ਕਮਾਉਣਾ, ਧੋਖਾ ਕਰਨਾ, ਜੜ੍ਹ ਵੱਢਣੀ ਗੱਲ ਆਮ ਜਿਹੀ,
ਇਹ ਕੀਤੇ ਬਿਨ ਇਉਂ ਲੱਗਦਾ ਏ, ਜ਼ਿੰਦਗੀ ਬੜੀ ਅਧੂਰੀ ਜੀ।
ਬੱਕਰੀ ਹੈ ਨੀਂ ਘਰ ਵਿਚ, ਕੁੱਤੀ ਦਰ ਦੇ ਮੂਹਰਿਓਂ ਨਹੀਂ ਲੰਘਦੀ,
ਆ ਜਾਓ ਦੁੱਧ ਪਿਲਾਉਣਾ, ਆਂਦੀ ਨਵੀਂ ਲਵੇਰੀ ਬੂਰੀ ਜੀ।
ਬੜੇ ਚਿਰਾਂ ਦਾ ਤੀਲੀ ਲਾ ਕੇ, ਡੱਬੂ ਕੰਧ 'ਤੇ ਨਹੀਂ ਬਹਿੰਦਾ,
ਇਸ ਕਾਰਜ ਲਈ ਬੰਦਿਆਂ ਅੰਦਰ, ਵਧ ਗਈ ਬਹੁ-ਮਗਰੂਰੀ ਜੀ।
ਜੇਬਾਂ ਖਾਲੀ, ਭੰਗ ਭੁੱਜਦੀ ਏ, ਟੈਨਸ਼ਨ ਅੰਦਰੋਂ ਖਾ ਗਈ ਏ,
ਖੌਰੇ! ਕਾਹਤੋਂ ਫਿਰ ਵੀ 'ਭੌਰੇ' ਰਹਿੰਦੀ ਚੜ੍ਹੀ ਗਰੂਰੀ ਜੀ।

# ਸਿੱਖ ਸੰਸਥਾਵਾਂ ਬਨਾਮ ਸਿੱਖ ਸਿਆਸਤਦਾਨ

***ਸਿੱਖ ਸਿਆਸਤ ਦਾ ਬੋਲਬਾਲਾ ਇਸ ਹੱਦ ਤੱਕ ਹੋ ਗਿਆ ਹੈ ਕਿ ਸਿੱਖ ਚੇਤਿਆਂ ਵਿਚ ਜਿਸ ਤਰ੍ਹਾਂ 'ਰਾਜ ਬਿਨਾ ਨਹੀਂ ਧਰਮ ਚਲਹਿ ਹੈ' ਨੂੰ ਪੱਕਿਆਂ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਉਸ ਤਰ੍ਹਾਂ ਇਸੇ ਬੰਦ ਦੇ ਦੂਜੇ ਹਿੱਸੇ 'ਧਰਮ ਬਿਨਾ ਸਭ ਦਲਹਿ ਮਲਹਿ ਹੈ' ਵੱਲ ਧਿਆਨ ਨਹੀਂ ਦਿੱਤਾ ਗਿਆ। ਇਸ ਨਾਲ ਧਰਮ ਨਾਲੋਂ ਸਿਆਸਤ ਨੂੰ ਪਹਿਲ ਦੇਣ ਦੀ ਸਿੱਖ ਮਾਨਸਿਕਤਾ, ਆਪਣੇ ਆਪ ਵਿਚ ਚੁਣੌਤੀ ਹੁੰਦੀ ਜਾ ਰਹੀ ਹੈ। ਇਹ ਸਥਿਤੀ ਸਿੱਖ ਸਿਆਸਤ ਦੀ ਅਗਵਾਈ ਵਿਚ ਸਿੱਖ ਧਰਮ ਨੂੰ ਤੋਰਨ ਦੀ 'ਅਸਿੱਖ' ਪੈਂਤੜਬਾਜ਼ੀ ਨਾਲ ਜੁੜੀ ਹੋਈ ਹੈ। ਇਸੇ ਹੀ ਦ੍ਰਿਸ਼ਟੀ ਤੋਂ ਸਿੱਖ ਸੰਸਥਾਵਾਂ ਦਾ ਸਿਆਸੀ ਅਪਹਰਨ ਸਿੱਖ ਸਿਆਸਤ ਦਾ ਹਿੱਸਾ ਹੋ ਗਿਆ ਹੈ ਅਤੇ ਇਸ ਦੀ ਕੀਮਤ ਆਮ ਸਿੱਖ ਨੂੰ ਚੁਕਾਉਣੀ ਪੈ ਰਹੀ ਹੈ। ਸਿੱਖ ਸੰਸਥਾਵਾਂ ਨੂੰ ਅਪੰਥਕ ਸੁਰ ਵਿਚ ਚਿਤਵਿਆ ਹੀ ਨਹੀਂ ਜਾ ਸਕਦਾ, ਕਿਉਂਕਿ ਇਹ ਪੰਥ ਵੱਲੋਂ ਅਤੇ ਪੰਥ ਵਾਸਤੇ ਹੀ ਚਿਤਵੀਆਂ ਤੇ ਉਸਾਰੀਆਂ ਗਈਆਂ ਹਨ, ਪਰ ਸਿੱਖ ਸਿਆਸਤ ਨੂੰ ਪੰਥਕ ਸੁਰ ਵਿਚ ਨਿਭਾਇਆ ਨਹੀਂ ਜਾ ਸਕਦਾ, ਕਿਉਂਕਿ ਇਸ ਨੂੰ ਮੁਲਕ ਦੇ ਵਿਧਾਨ ਮੁਤਾਬਿਕ ਹੀ ਚਿਤਵਿਆ ਅਤੇ ਉਸਾਰਿਆ ਜਾ ਸਕਦਾ ਹੈ।***

ਜਿੰਨਾ ਪਾਣੀ ਸਿੱਖ ਸੰਸਥਾਵਾਂ ਦੇ ਪੁਲਾਂ ਹੇਠੋਂ ਲੰਘ ਚੁੱਕਿਆ ਹੈ, ਉਨਾ ਸਿੱਖ ਸਿਆਸਤ ਦੇ ਪੁਲਾਂ ਹੇਠ ਦੀ ਨਹੀਂ ਲੰਘਿਆ, ਕਿਉਂਕਿ ਸਿੱਖ ਸਿਆਸਤ ਦੀ ਉਮਰ ਸਿੱਖ ਧਰਮ ਨਾਲੋਂ ਬਹੁਤ ਛੋਟੀ ਹੈ। ਇਸ ਨਾਲ ਇਹ ਸੱਚ ਸਾਹਮਣੇ ਆ ਜਾਂਦਾ ਹੈ ਕਿ ਸਿੱਖ ਧਰਮ ਦਾ ਕੇਂਦਰੀ ਸਰੋਕਾਰ, ਸਿੱਖ ਅਮਲ ਦੀਆਂ ਪਹਿਰੇਦਾਰ ਸਿੱਖ ਸੰਸਥਾਵਾਂ ਹਨ ਅਤੇ ਸਿੱਖ ਸਿਆਸਤ ਨੂੰ ਸਿੱਖ ਪ੍ਰਸੰਗ ਵਿਚ ਹਾਸ਼ੀਆ ਸਰੋਕਾਰਾਂ ਵਿਚ ਰੱਖ ਕੇ ਹੀ ਵਿਚਾਰਿਆ ਜਾ ਸਕਦਾ ਹੈ, ਪਰ ਇਸ ਵੇਲੇ ਇਹ ਸਿੱਖ ਕ੍ਰਮ ਉਲਟ-ਪੁਲਟ ਹੋ ਗਿਆ ਲੱਗਦਾ ਹੈ, ਕਿਉਂਕਿ ਸਿੱਖ ਸਿਆਸਤ, ਸਿੱਖ ਸੰਸਥਾਵਾਂ ਨੂੰ ਹਾਸ਼ੀਏ ਤੇ ਧੱਕ ਕੇ ਆਪ ਕੇਂਦਰ ਵਿਚ ਸਥਾਪਤ ਹੋ ਚੁੱਕੀ ਹੈ। ਇਸ ਵਿਚ ਸੰਸਥਾਈ ਪ੍ਰਬੰਧ ਨਾਲ ਜੁੜੇ ਹੋਏ



**ਪ੍ਰੋ. ਬਲਕਾਰ ਸਿੰਘ**
ਫੋਨ: +91-93163-01328

ਅਹੁਦੇਦਾਰ ਮਰਜ਼ੀ ਨਾਲ ਭਾਈਵਾਲ ਹੋ ਗਏ ਹਨ। ਇਸ ਨਾਲ ਸਿੱਧੇ ਅਤੇ ਅਸਿੱਧੇ ਰੂਪ ਵਿਚ ਸਿਆਸਤਦਾਨਾਂ ਦੀਆਂ ਬਹੁਤ ਸਾਰੀਆਂ ਸਿੱਖ ਕੋਟੀਆਂ ਪੈਦਾ ਹੋ ਗਈਆਂ ਹਨ। ਇਸ ਦੇ ਵਿਸਥਾਰ ਵਿਚ ਜਾਏ ਬਿਨਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਰਾਜ ਕਰਦੇ ਸਿੱਖ, ਰਾਜ ਉਡੀਕਦੇ ਸਿੱਖ, ਰਾਜ ਸਮਰਥਕ ਸਿੱਖ, ਰਾਜ ਵਿਰੋਧੀ ਸਿੱਖ ਅਤੇ ਰਾਜ ਕਰਨ ਲਈ ਵਰਤੇ ਜਾ ਰਹੇ ਵੋਟ ਬੈਂਕ ਸਿੱਖ, ਕਿਸੇ ਨਾ ਕਿਸੇ ਰੂਪ ਵਿਚ ਸਿੱਖ ਸਿਆਸਤ ਦੀਆਂ ਪਰਤਾਂ ਹੀ ਤਾਂ ਹਨ। ਇਸ ਦੇ ਬਾਵਜੂਦ ਇਹੋ ਜਿਹੇ ਸਿੱਖ, ਗਿਣਤੀ ਦੇ ਹਿਸਾਬ ਨਾਲ ਬਿਲਕੁਲ ਘੱਟ-ਗਿਣਤੀ ਹਨ, ਪਰ ਬਹੁ-ਗਿਣਤੀ ਸਿੱਖਾਂ ਦੇ ਪ੍ਰਤੀਨਿਧ ਹੋਣ ਦੀ ਸਿਆਸਤ ਜਿਨ੍ਹਾਂ ਨੂੰ ਮੁਆਫਕ ਆ ਗਈ ਹੈ। ਉਹ ਸਿੱਖਾਂ ਦੇ ਵੋਟ ਬੈਂਕ ਵਾਂਗ ਹੀ ਸਿੱਖ ਸੰਸਥਾਵਾਂ ਨੂੰ ਵੀ ਆਪਣੀ-ਆਪਣੀ ਸਿਆਸਤ ਮੁਤਾਬਿਕ ਚਲਾਉਣ ਦੀ ਕੋਸ਼ਿਸ਼ ਕਰਦੇ ਨਜ਼ਰ ਆਉਣ ਲੱਗ ਪਏ ਹਨ। ਗੁਰਦੁਆਰਾ ਸੰਸਥਾ ਨੂੰ ਜਿਸ ਤਰ੍ਹਾਂ ਸਿਆਸੀ ਸਰੋਕਾਰਾਂ ਵਾਸਤੇ ਵਰਤਿਆ ਜਾਣ ਲੱਗ ਪਿਆ ਹੈ, ਇਸ ਨਾਲ ਸਿੱਖ ਸਿਆਸਤ ਵਾਸਤੇ ਚੁਣੌਤੀਆਂ ਹੀ ਚੁਣੌਤੀਆਂ ਪੈਦਾ ਹੋ ਗਈਆਂ ਨਜ਼ਰ ਆਉਣ ਲੱਗ ਪਈਆਂ ਹਨ। ਚੁਣੌਤੀਆਂ ਦਾ ਆਧਾਰ ਇਹ ਬਣ ਗਿਆ ਹੈ ਕਿ ਸਿੱਖ ਸੰਗਤ ਵਿਚਕਾਰ ਸੇਹ ਦਾ ਤੱਕਲਾ ਗੱਡਿਆ ਗਿਆ ਹੈ। ਸਿੱਖ ਸੁਰ ਵਿਚ ਸਹਿਮਤੀ ਸਰੋਕਾਰਾਂ ਦੀ ਥਾਂ ਤੇ ਸਿਆਸੀ ਸੁਰ ਵਿਚ ਅਸਹਿਮਤੀ ਸਰੋਕਾਰ ਭਾਰੂ ਹੁੰਦੇ ਜਾ ਰਹੇ ਹਨ। ਸਰਬੱਤ ਖਾਲਸਾ, ਗੁਰਮਤਾ ਅਤੇ ਪੰਜ ਪਿਆਰਿਆਂ ਵਰਗੇ ਸਥਾਪਤ ਮਸਲਿਆਂ ਤੇ ਕਿਰਪਾਨਾਂ ਪਹਿਲਾਂ ਕੱਢੀਆਂ ਜਾ ਰਹੀਆਂ ਅਤੇ ਗੱਲ ਪਿੱਛੋਂ ਕੀਤੀ ਜਾ ਰਹੀ ਹੈ। ਜਿੰਨਾ ਕਿਸੇ ਨੂੰ ਘੱਟ ਪਤਾ ਹੈ, ਉਨਾ ਹੀ ਉਹ ਵੱਧ ਤੇ ਉਚੀ ਬੋਲਣ ਦੀ ਕੋਸ਼ਿਸ਼ ਕਰ ਰਿਹਾ ਵੇਖਿਆ ਤੇ ਸੁਣਿਆ ਜਾ ਸਕਦਾ ਹੈ। ਮਾਧਿਅਮ ਨੂੰ ਮੰਜ਼ਲ ਸਮਝਣ ਦੀ ਗਲਤੀ ਕਰਾਂਗੇ ਜਾਂ ਪੰਥਕ ਜੁਗਤਾਂ ਨੂੰ ਸੰਸਥਾ ਸਮਝਣ ਦੀ ਵਧੀਕੀ ਕਰਾਂਗੇ, ਤਾਂ ਨਤੀਜੇ ਇਹੋ ਜਿਹੇ ਹੀ ਨਿਕਲਣਗੇ, ਜਿਨ੍ਹਾਂ ਨੂੰ ਧਿਆਨ ਵਿਚ ਰੱਖ ਕੇ ਗੱਲ ਕੀਤੀ ਜਾ ਰਹੀ ਹੈ। ਮੂਲ ਮਸਲਾ ਇਹ ਹੋ ਗਿਆ ਹੈ ਕਿ ਸਿੱਖ ਸਿਆਸਤ ਅਤੇ ਸਿੱਖ ਸੰਸਥਾਵਾਂ ਨੂੰ ਇਕੱਠੇ ਤੋਰਨ ਦੇ ਲਾਲਚ ਵਿਚ ਜਾਂ ਮਜਬੂਰੀ ਅਧੀਨ ਜੋ ਕੁਝ ਪੱਲੇ ਪੈਂਦਾ ਜਾ ਰਿਹਾ ਹੈ, ਜਾਂ ਜੋ ਕੁਝ ਭੁਗਤਣਾ ਪੈ ਰਿਹਾ ਹੈ, ਉਸ ਨਾਲ ਕਿਵੇਂ ਨਜਿੱਠਿਆ ਜਾਵੇ? ਲੱਗਦਾ ਇਹੀ ਹੈ ਕਿ ਜੇ ਇਸ ਹਾਲਤ ਵਿਚੋਂ ਬਾਹਰ ਨਿਕਲਣਾ ਹੈ ਤਾਂ ਇਸ ਚੁਣੌਤੀ ਦੇ ਸਨਮੁਖ ਹੋਣਾ ਪਵੇਗਾ ਕਿ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਕਿਵੇਂ ਬਚਾਇਆ ਜਾਵੇ? ਇਹ ਮਸਲਾ ਸਾਰੇ ਸਿੱਖ ਭਾਈਚਾਰੇ ਦਾ ਹੈ ਅਤੇ ਇਸ ਨੂੰ ਹੱਕ ਜਾਂ ਵਿਰੋਧ ਦੀ ਆੜ ਵਿਚ ਹੋਰ ਉਲਝਾਏ ਜਾਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

ਸਿੱਖ ਵਿਰਾਸਤ ਵਿਚ ਜੋ ਕੁਝ ਸੁਰੱਖਿਅਤ ਪਿਆ ਹੈ, ਜੇ ਉਸ ਦੇ ਹਵਾਲੇ ਨਾਲ ਗੱਲ ਕਰਨੀ ਹੋਵੇ ਤਾਂ ਸ਼ੁਰੂਆਤ ਇਥੋਂ ਕੀਤੀ ਜਾ ਸਕਦੀ ਹੈ ਕਿ ਸਿੱਖ ਚਿੰਤਕਾਂ ਨੇ ਆਪਣੀਆਂ ਲਿਖਤਾਂ ਰਾਹੀਂ ਸਿੰਘ ਸਭਾ ਲਹਿਰ ਦੇ ਨਤੀਜਿਆਂ ਨੂੰ ਸਾਹਮਣੇ ਲਿਆਂਦਾ ਸੀ ਅਤੇ ਇਹੋ ਨਤੀਜੇ, ਉਸ ਅਕਾਲੀਅਤ ਦਾ ਆਧਾਰ ਬਣੇ ਸਨ ਜਿਸ ਅਕਾਲੀਅਤ ਦੀ ਇਕ ਪਰਤ ਨੂੰ ਇਥੇ ਸਿੱਖ ਸਿਆਸਤ ਕਿਹਾ ਜਾ ਰਿਹਾ ਹੈ। ਸਿੱਖ ਸਿਆਸਤ ਦੇ ਪ੍ਰਸੰਗ ਵਿਚ ਅਕਾਲੀਅਤ ਨੇ ਇਕ ਪਾਸੇ ਰਣਜੀਤ ਸਿੰਘੀਅਨ ਸਿੱਖ ਸਿਆਸਤ ਦੀ ਨਿਰੰਤਰਤਾ ਵਿਚ ਤੁਰਨ ਦੀ ਥਾਂ ਸਿੱਖ-ਲੋਕ-ਤੰਤ੍ਰ ਦੀਆਂ ਪੈੜਾਂ ਪਾਈਆਂ ਸਨ ਅਤੇ ਦੂਜੇ ਪਾਸੇ ਸਿੱਖ ਸੰਸਥਾਵਾਂ ਦੇ ਪ੍ਰਬੰਧ ਨੂੰ ਇਸੇ ਸੁਰ ਵਿਚ ਚਲਾਉਣ ਦਾ ਸਿੱਖ ਅਧਿਕਾਰ ਮੰਗਿਆ ਸੀ। ਇਸ ਸਾਰੇ ਵਰਤਾਰੇ ਨੂੰ ਕਲੋਨੀਅਲ-ਕੂਟਨੀਤੀ ਧਿਆਨ ਨਾਲ ਵੇਖ ਵੀ ਰਹੀ ਸੀ ਅਤੇ ਇਸ ਨੂੰ ਮਨ ਮਰਜ਼ੀ ਦੀ ਸਿਆਸਤ ਵਲ ਤੋਰਨ ਦੀਆਂ ਨੀਤੀਆਂ ਵੀ ਘੜ ਰਹੀ ਸੀ। ਅਕਾਲੀਅਤ, ਸਿੱਖ ਮਾਨਸਿਕਤਾ ਦਾ ਚੂਲਕ ਆਧਾਰ ਹੈ ਅਤੇ ਇਸ ਦਾ ਕੁਦਰਤੀ ਅਤੇ ਨਿਸ਼ੰਗ ਪ੍ਰਗਟਾਵਾ ਗੁਰਦੁਆਰਾ ਸੁਧਾਰ ਲਹਿਰ ਵੇਲੇ ਹੋ ਗਿਆ ਸੀ। ਇਸੇ ਲਹਿਰ ਨੂੰ ਸਿੱਖ ਸਿਆਸਤ ਦਾ ਆਰੰਭਕ ਪੜਾਅ ਮੰਨਿਆ ਜਾ ਸਕਦਾ ਹੈ। ਸਿੱਖ ਬਚਨਬੱਧਤਾ ਵਿਚੋਂ ਪੈਦਾ ਹੋਈ ਸਿੱਖ ਸਿਆਸਤ ਆਪਣੇ ਇਸ ਆਰੰਭਕ ਪੜਾਅ ਵਿਚ ਹੀ ਸਿੱਖ ਰਾਜ ਦੇ ਉਦਰੇਵੇਂ ਦਾ ਸ਼ਿਕਾਰ ਹੋ ਕੇ ਗੁਰਮਤਿ ਦੇ ਵਿਰਾਸਤੀ ਰੰਗ ਨਾਲੋਂ ਪਾਸੇ ਹੋਣਾ ਸ਼ੁਰੂ ਹੋ ਗਈ ਸੀ। ਇਸ ਨਾਲ ਸਿੱਖ ਸਿਆਸਤ ਦਾ ਜੋ ਰੰਗ ਉਘੜਨਾ ਸ਼ੁਰੂ ਹੋ ਗਿਆ ਸੀ, ਉਹ ਸਮਕਾਲੀ ਸਿਆਸੀ ਰੰਗਾਂ ਨਾਲੋਂ ਉਸ ਤਰ੍ਹਾਂ ਵਿਲੱਖਣ ਨਹੀਂ ਰਹਿ ਸਕਿਆ ਸੀ, ਜਿਸ ਤਰ੍ਹਾਂ ਸਿੱਖ ਧਰਮ, ਆਪਣੇ ਸਮਕਾਲੀ ਧਰਮਾਂ ਨਾਲੋਂ ਵੱਖਰੇ ਹੋਣ ਦਾ ਬਿਰਦ ਪਾਲਦਾ ਆ ਰਿਹਾ ਸੀ। ਇਥੋਂ ਹੀ ਸਿੱਖ ਪ੍ਰਸੰਗ ਵਿਚ ਧਰਮ ਅਤੇ ਸਿਆਸਤ ਦਾ ਉਹ ਵਰਤਾਰਾ ਸ਼ੁਰੂ ਹੋ ਜਾਂਦਾ ਹੈ, ਜਿਸ ਵਿਚੋਂ ਨਿਕਲ ਸਕਣ ਦੀਆਂ ਸੰਭਾਵਨਾਵਾਂ ਦਿਨੋਂ ਦਿਨ ਮੱਧਮ ਪੈਂਦੀਆਂ ਗਈਆਂ ਹਨ ਅਤੇ ਇਸ ਵੇਲੇ ਇਹ ਸਿੱਖ ਵੰਗਾਰ ਬਣ ਗਈਆਂ ਹਨ।

ਜਦੋਂ ਵੀ ਸਿੱਖ ਸੰਸਥਾਵਾਂ ਨੂੰ ਸਿੱਖ ਸੁਰ ਅਤੇ ਸੰਗਤੀ ਰੀਝ ਦੇ ਖਿਲਾਫ ਵਰਤੇ ਜਾਣ ਦੀ ਸਥਿਤੀ ਕਿਸੇ ਵੀ ਕਾਰਨ ਪੈਦਾ ਹੁੰਦੀ ਰਹੀ ਹੈ, ਇਸ ਦਾ ਪੰਥਕ ਅਹਿਸਾਸ ਸਮੇਂ-ਸਮੇਂ ਸਿੱਖ ਚੇਤਨਾ ਨੂੰ ਵਿਚਲਤ ਵੀ ਕਰਦਾ ਰਿਹਾ ਹੈ ਅਤੇ ਉਤੇਜਿਤ ਵੀ ਕਰਦਾ ਰਿਹਾ ਹੈ। ਇਸ ਸਿੱਖ ਅਹਿਸਾਸ ਨੂੰ ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ ਰਾਹੀਂ ਆਮ ਸਿੱਖ ਮਾਨਸਿਕਤਾ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੋਈ ਹੈ। ਇਹ ਮਸਲਾ ਵਿਚਾਰੇ ਜਾਣ ਦੀ ਲੋੜ ਹੈ ਕਿ ਭਾਈ ਵੀਰ ਸਿੰਘ ਦੇ ਨਾਵਲਾਂ ਵਿਚੋਂ ਸਮਕਾਲੀ ਸਿੱਖ ਪਾਤਰ ਕਿਉਂ ਗੁੰਮ ਹਨ ਅਤੇ ਭਾਈ ਸਾਹਿਬ ਨੂੰ ਲੋੜੀਂਦੇ ਸਿੱਖ ਪਾਤਰ 18ਵੀਂ ਸਦੀ ਵਿਚੋਂ ਕਿਉਂ ਲੈਣੇ ਪਏ ਸਨ? ਇਸ ਸਵਾਲ ਦਾ ਉਤਰ ਤਲਾਸ਼ਣ ਨਾਲ ਵਰਤਮਾਨ ਸਿੱਖ ਸਥਿਤੀ ਨੂੰ ਸਮਝਣ ਵਾਸਤੇ ਸਹਾਇਤਾ ਮਿਲ ਸਕਦੀ ਹੈ। ਸਿਧਾਂਤਕ ਸੁਰ ਵਿਚ ਸਿੱਖ ਧਰਮ ਬੇਸ਼ੱਕ ਕਿਸੇ ਵੀ ਸਮਕਾਲ ਦਾ ਧਰਮ ਹੋ ਸਕਣ ਦੀ ਸਮਰਥਾ ਰੱਖਦਾ ਹੈ ਅਤੇ ਕਿਸੇ ਵੀ ਸਮਕਾਲ ਨੂੰ ਭੂਤ ਦੇ ਹੇਰਵੇ ਜਾਂ ਭਵਿਖ ਦੇ ਲਾਰੇ ਵਿਚ ਗੁਆਚਣ ਤੋਂ ਰੋਕ ਸਕਦਾ ਹੈ। ਅਜਿਹਾ ਤਦ ਹੀ ਸੰਭਵ ਹੋ ਸਕਦਾ ਹੈ ਜੇ ਸਿੱਖ ਆਪਣੇ ਵਿਰਾਸਤੀ ਫਖਰ ਨੂੰ ਸਮਕਾਲੀ ਉਸਾਰ ਵਾਸਤੇ ਵਰਤਣ ਦਾ ਇਤਿਹਾਸ ਵਿਚ ਨਿਰੰਤਰ ਪ੍ਰਗਟਾਵਾ ਉਸ ਤਰ੍ਹਾਂ ਕਰਨ ਜਿਸ ਤਰ੍ਹਾਂ ਦੀ ਆਸ ਗੁਰੂਕਿਆਂ ਤੋਂ ਕੀਤੀ ਜਾਂਦੀ ਰਹੀ ਹੈ। ਸਿੱਖ ਭਾਈਚਾਰਾ ਇਸ 'ਤੇ ਧਰਮ ਨੂੰ ਅੰਗ ਸੰਗ ਰੱਖ ਕੇ ਪੂਰਾ ਉਤਰਦਾ ਰਿਹਾ ਹੈ ਅਤੇ ਧਰਮ ਨਾਲੋਂ ਟੁੱਟੀ ਹੋਈ ਸਿਆਸਤ ਦੀ ਅਗਵਾਈ ਵਿਚ ਪੂਰਾ ਨਹੀਂ ਵੀ ਉਤਰਦਾ ਰਿਹਾ। ਧਰਮ ਦੀ ਅਗਵਾਈ ਵਿਚ ਚੱਲਦਿਆਂ ਭਾਈ ਵੀਰ ਸਿੰਘ ਦੇ ਨਾਵਲਾਂ ਦੇ ਮੁੱਖ ਪਾਤਰ ਸੁੰਦਰੀ, ਬਾਬਾ ਨੌਧ ਸਿੰਘ ਅਤੇ ਸਤਵੰਤ ਕੌਰ ਜਿਸ ਤਰ੍ਹਾਂ ਦੀ ਭੂਮਿਕਾ ਨਿਭਾਉਂਦੇ ਹਨ, ਉਹੋ ਜਿਹੀ ਭੂਮਿਕਾ ਸਿੱਖ ਸਿਆਸਤ ਦੀ ਅਗਵਾਈ ਵਿਚ ਨਿਭਦੀ ਕਿਧਰੇ ਨਜ਼ਰ ਨਹੀਂ ਆਉਂਦੀ? ਸਿੱਖ ਸਿਆਸਤ ਦੇ ਮਹਾਂ ਯੋਗਦਾਨੀ ਅਕਾਲੀ ਫੂਲਾ ਸਿੰਘ, ਸ. ਸ਼ਾਮ ਸਿੰਘ ਅਟਾਰੀ ਵਾਲਾ ਅਤੇ ਸ. ਹਰੀ ਸਿੰਘ ਨਲੂਆ, ਸਿੱਖ ਰਾਜ ਨੂੰ ਸਿੱਖ ਸੁਰ ਵਿਚ ਨਹੀਂ ਰੱਖ ਸਕੇ ਸਨ। ਇਨ੍ਹਾਂ ਤਿੰਨਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਿੱਖ ਸਿਆਸਤ ਦਾ ਸ਼ਿਕਾਰ ਵੀ ਹੋਣਾ ਪਿਆ ਸੀ। ਇਸ ਪ੍ਰਸੰਗ ਵਿਚ ਇਹ ਵਿਚਾਰੇ ਜਾਣ ਦੀ ਲੋੜ ਹੈ ਕਿ ਸਿੰਘ ਸਭਾ ਲਹਿਰ ਦੇ ਮਹਾਂਰਥੀਆਂ ਵਿਚੋਂ ਸਿੱਖ ਸਿਆਸਤ ਵੱਲ ਲਗਭਗ ਕੋਈ ਵੀ ਕਿਉਂ ਨਹੀਂ ਗਿਆ ਸੀ। ਇਸ ਦੇ ਬਾਵਜੂਦ 20ਵੀਂ ਸਦੀ ਦੀ ਸਿੱਖ ਸਿਆਸਤ, ਸਿੰਘ ਸਭਾ ਲਹਿਰ ਦੀ ਨਿਰੰਤਰਤਾ ਵਿਚ ਹੀ ਪੈਦਾ ਹੋਈ ਪਰਵਾਨ ਕੀਤੀ ਜਾਂਦੀ ਹੈ ਅਤੇ ਇਸ ਵਾਸਤੇ ਸਿੰਘ ਸਭਾਈ ਚਿੰਤਕਾਂ ਦੀ ਅਸਿੱਧੀ ਭੂਮਿਕਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਦੇ ਹਵਾਲੇ ਨਾਲ ਇਹ ਨੁਕਤਾ ਸਾਹਮਣੇ ਲਿਆਂਦਾ ਜਾ ਰਿਹਾ ਹੈ ਕਿ ਸਿੱਖ ਸਿਆਸਤ, ਸਿੱਖ ਸੰਸਥਾਵਾਂ ਦੇ ਪੰਥਕ ਉਸਾਰ ਵਾਸਤੇ ਲੋੜੀਂਦੀ ਭੂਮਿਕਾ ਨਿਭਾਉਣ ਤੋਂ ਅਸਮਰਥ ਰਹਿੰਦੀ ਰਹੀ ਹੈ? ਵਰਤਮਾਨ ਸਥਿਤੀ ਵਿਚ ਇਹ ਮਸਲਾ ਜਿਸ ਤਰ੍ਹਾਂ ਉਘੜ ਕੇ ਸਾਹਮਣੇ ਆ ਗਿਆ ਹੈ, ਇਸ ਤਰ੍ਹਾਂ ਪਹਿਲਾਂ ਕਦੇ ਨਹੀਂ ਆਇਆ ਸੀ। ਇਸ ਨਾਲ ਧਾਰਮਿਕ ਮਸਲਿਆਂ ਦਾ ਸਿਆਸੀ ਹੱਲ ਲੱਭਣ ਅਤੇ ਸਿਆਸੀ ਮਸਲਿਆਂ ਦਾ ਧਾਰਮਿਕ ਹੱਲ ਲੱਭਣ ਦੀ ਰਾਜਨੀਤੀ ਨੇ ਸਿੱਖ ਭਾਈਚਾਰੇ ਨੂੰ ਚੁਣੌਤੀਆਂ ਦੇ ਜੰਗਲ ਵੱਲ ਧੱਕ ਦਿੱਤਾ ਹੈ। ਇਸੇ ਦਾ ਨਤੀਜਾ ਹੈ ਕਿ ਸਿੱਖ ਸੰਸਥਾਵਾਂ ਦੇ ਪ੍ਰਬੰਧਕ, ਸਿਆਸਤਨੁਮਾ ਧਰਮੀ ਹੋਣ ਵਾਲੇ ਰਾਹੇ ਪੈ ਗਏ ਹਨ ਅਤੇ ਸਿੱਖ ਸਿਆਸਤਦਾਨ, ਧਰਮਨੁਮਾ ਸਿਆਸੀ ਹੋਣ ਦੇ ਰਾਹ ਪੈ ਗਏ ਹਨ। ਇਹ ਰਾਹ, ਦੋਹਾਂ ਧਿਰਾਂ ਵਾਸਤੇ ਇਕ ਦੂਜੇ ਦੇ ਹੱਕ ਵਿਚ ਭੁਗਤਣ ਦੀ ਥਾਂ ਇਕ ਦੂਜੇ ਦੇ ਵਿਰੋਧ ਵਿਚ ਭੁਗਤ ਰਿਹਾ ਨਜ਼ਰ ਆ ਜਾਂਦਾ ਹੈ। ਇਸ ਦਾ ਹੱਲ ਦੋਹਾਂ ਧਿਰਾਂ ਵੱਲੋਂ ਆਪਣੇ ਆਪਣੇ ਰਾਹ ਤੁਰ ਕੇ ਹੀ ਕੱਢਿਆ ਜਾ ਸਕਦਾ ਹੈ। ਮੀਰੀ-ਪੀਰੀ ਦਾ ਸਿੱਖ ਸਿਧਾਂਤ ਧਰਮ ਅਤੇ ਸਿਆਸਤ ਦੇ ਸੁਤੰਤਰ ਉਸਾਰ ਵਾਸਤੇ ਤਾਂ ਸਹਾਇਤਾ ਕਰ ਸਕਦਾ ਹੈ, ਪਰ ਦੋਹਾਂ ਨੂੰ ਇਕ ਦੂਜੇ ਦਾ ਨੁਕਸਾਨ ਕਰਨ ਤੋਂ ਨਹੀਂ ਬਚਾ ਸਕਦਾ। ਦੋਹਾਂ ਧਿਰਾਂ ਨੇ ਇਕ ਦੂਜੇ ਦੇ ਪ੍ਰਸੰਗ ਵਿਗਾੜ ਨੂੰ ਸਾਹਮਣੇ ਲੈ ਆਂਦਾ ਹੈ ਅਤੇ ਇਸੇ ਨੂੰ ਸਿੱਖ ਸੰਸਥਾਵਾਂ ਬਨਾਮ ਸਿੱਖ ਸਿਆਸਤਦਾਨ ਵਜੋਂ ਵਿਚਾਰਿਆ ਜਾ ਰਿਹਾ ਹੈ।

ਸਿੱਖ ਸਿਆਸਤ ਦਾ ਬੋਲਬਾਲਾ ਇਸ ਹੱਦ ਤੱਕ ਹੋ ਗਿਆ ਹੈ ਕਿ ਸਿੱਖ ਚੇਤਿਆਂ ਵਿਚ ਜਿਸ ਤਰ੍ਹਾਂ 'ਰਾਜ ਬਿਨਾ ਨਹੀਂ ਧਰਮ ਚਲਹਿ ਹੈ' ਨੂੰ ਪੱਕਿਆਂ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਉਸ ਤਰ੍ਹਾਂ ਇਸੇ ਬੰਦ ਦੇ ਦੂਜੇ ਹਿੱਸੇ 'ਧਰਮ ਬਿਨਾ ਸਭ ਦਲਹਿ ਮਲਹਿ ਹੈ' ਵੱਲ ਧਿਆਨ ਨਹੀਂ ਦਿੱਤਾ ਗਿਆ। ਇਸ ਨਾਲ ਧਰਮ ਨਾਲੋਂ ਸਿਆਸਤ ਨੂੰ ਪਹਿਲ ਦੇਣ ਦੀ ਸਿੱਖ ਮਾਨਸਿਕਤਾ, ਆਪਣੇ ਆਪ ਵਿਚ ਚੁਣੌਤੀ ਹੁੰਦੀ ਜਾ ਰਹੀ ਹੈ। ਇਹ ਸਥਿਤੀ ਸਿੱਖ ਸਿਆਸਤ ਦੀ ਅਗਵਾਈ ਵਿਚ ਸਿੱਖ ਧਰਮ ਨੂੰ ਤੋਰਨ ਦੀ 'ਅਸਿੱਖ' ਪੈਂਤੜਬਾਜ਼ੀ ਨਾਲ ਜੁੜੀ ਹੋਈ ਹੈ। ਇਸੇ ਹੀ ਦ੍ਰਿਸ਼ਟੀ ਤੋਂ ਸਿੱਖ ਸੰਸਥਾਵਾਂ ਦਾ ਸਿਆਸੀ ਅਪਹਰਨ ਸਿੱਖ ਸਿਆਸਤ ਦਾ ਹਿੱਸਾ ਹੋ ਗਿਆ ਹੈ ਅਤੇ ਇਸ ਦੀ ਕੀਮਤ ਆਮ ਸਿੱਖ ਨੂੰ ਚੁਕਾਉਣੀ ਪੈ ਰਹੀ ਹੈ। ਸਿੱਖ ਸੰਸਥਾਵਾਂ ਨੂੰ ਅਪੰਥਕ ਸੁਰ ਵਿਚ ਚਿਤਵਿਆ ਹੀ ਨਹੀਂ ਜਾ ਸਕਦਾ, ਕਿਉਂਕਿ ਇਹ ਪੰਥ ਵੱਲੋਂ ਅਤੇ ਪੰਥ ਵਾਸਤੇ ਹੀ ਚਿਤਵੀਆਂ ਤੇ ਉਸਾਰੀਆਂ ਗਈਆਂ ਹਨ, ਪਰ ਸਿੱਖ ਸਿਆਸਤ ਨੂੰ ਪੰਥਕ ਸੁਰ ਵਿਚ ਨਿਭਾਇਆ ਨਹੀਂ ਜਾ ਸਕਦਾ, ਕਿਉਂਕਿ ਇਸ ਨੂੰ ਮੁਲਕ ਦੇ ਵਿਧਾਨ ਮੁਤਾਬਿਕ ਹੀ ਚਿਤਵਿਆ ਅਤੇ ਉਸਾਰਿਆ ਜਾ ਸਕਦਾ ਹੈ। ਤਾਂ ਹੀ ਤਾਂ ਸੰਸਥਾਈ ਪ੍ਰਬੰਧਨ ਦੀ ਪ੍ਰਤੀਨਿਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਥਕ ਉਸਾਰ ਦੀਆਂ ਸੰਭਾਵਨਾਵਾਂ ਨੂੰ ਕਿਸੇ ਵੀ ਕਿਸਮ ਦੇ ਸਿਆਸੀ ਦਖਲ ਤੋਂ ਬਚਾਏ ਜਾਣ ਦੀ ਲੋੜ ਪੈਦਾ ਹੋ ਗਈ ਹੈ। ਇਸ ਦਾ ਆਰੰਭ ਸਿੱਖ ਸੰਸਥਾਵਾਂ ਵਿਚ ਸਿੱਖ ਸਿਆਸਤ ਦੇ ਦਖਲ ਨੂੰ ਬੰਦ ਕਰ ਕੇ ਹੀ ਕੀਤਾ ਜਾ ਸਕਦਾ ਹੈ। ਜਿੰਨੀ ਕੁ ਥਾਂ ਭਾਰਤੀ ਵਿਧਾਨ ਵਿਚ ਧਰਮ ਨਿਰਪੇਖ ਸਿਆਸਤ ਨੂੰ ਦਿੱਤੀ ਹੋਈ ਹੈ, ਉਨੀ ਕੁ ਥਾਂ ਤਾਂ ਸਿਆਸਤ ਨਿਰਪੇਖ ਧਰਮ ਨੂੰ ਸਿੱਖ ਸਿਆਸਤਦਾਨਾਂ ਵੱਲੋਂ ਦਿੱਤੀ ਹੀ ਜਾ ਸਕਦੀ ਹੈ। ਚੰਗਾ ਹੋਵੇ, ਜੇ ਕੋਈ ਵੀ ਸਿਆਸੀ ਪਾਰਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਾਸਤੇ ਸਿਆਸੀ ਚੋਣ ਨਿਸ਼ਾਨ ਦੀ ਵਰਤੋਂ ਨਾ ਕਰੇ। ਇਸ ਦਾ ਰਾਹ ਪੱਧਰਾ ਕਰਨ ਵਾਸਤੇ ਇਹ ਫੈਸਲਾ ਕਰਨ ਦੀ ਲੋੜ ਹੈ ਕਿ ਜੋ ਕੋਈ ਸ਼੍ਰੋਮਣੀ ਕਮੇਟੀ ਦੀ ਚੋਣ ਲੜੇਗਾ, ਉਹ ਹਲਫਨਾਮਾ ਦੇਵੇਗਾ ਕਿ ਉਹ ਕਿਸੇ ਵੀ ਸਿਆਸੀ ਪਾਰਟੀ ਵਿਚ ਹਿੱਸਾ ਨਹੀਂ ਲਵੇਗਾ ਅਤੇ ਸਿੱਖ ਸੰਸਥਾਵਾਂ ਦੇ ਪ੍ਰਬੰਧਨ ਦੀ ਸੇਵਾ ਨੂੰ ਹੀ ਸਮਰਪਿਤ ਰਹੇਗਾ। ਇਸ ਸੋਚ 'ਤੇ ਪਹਿਰਾ ਦੇਣ ਵਾਲੀ ਜਥੇਬੰਦੀ ਉਸਾਰੇ ਜਾਣ ਦਾ ਸਮਾਂ ਆ ਗਿਆ ਹੈ। ਇਹ ਸੋਚ ਕੇ ਇਸ ਵਾਸਤੇ ਲਹਿਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਕਿ ਜੋ ਕੋਈ ਧਰਮ ਅਤੇ ਸਿਆਸਤ ਨੂੰ ਇਕ ਦੂਜੇ ਵਾਸਤੇ ਵਰਤਣ ਲਈ ਸਿੱਖ ਸੰਸਥਾਵਾਂ ਦਾ ਪ੍ਰਬੰਧਕ ਬਣਨਾ ਚਾਹੁੰਦਾ ਹੈ, ਉਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਨ ਤੋਂ ਰੋਕਣਾ ਚਾਹੀਦਾ ਹੈ। ਆ ਰਹੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ (ਜਦੋਂ ਵੀ ਹੋਣ), ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਮੁਕਤ ਕਰਵਾਉਣ ਦੇ ਮੁੱਦੇ ਨੂੰ ਲੈ ਕੇ ਲੜੀਆਂ ਜਾਣੀਆਂ ਚਾਹੀਦੀਆਂ ਹਨ। ਜੇ ਅਜਿਹਾ ਸੰਭਵ ਨਾ ਹੋ ਸਕਿਆ ਤਾਂ ਸਿੱਖ ਸੰਸਥਾਵਾਂ ਉਸੇ ਤਰ੍ਹਾਂ ਲੜਾਈ ਦਾ ਅਖਾੜਾ ਬਣੀਆਂ ਰਹਿਣਗੀਆਂ ਜਿਸ ਤਰ੍ਹਾਂ ਇਸ ਵੇਲੇ ਬਣੀਆਂ ਹੋਈਆਂ ਨਜ਼ਰ ਆ ਰਹੀਆਂ ਹਨ।

## ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ

### ਗੁਰਬਾਣੀ ਗਿਆਨ

**ਗਉੜੀ ਗੁਆਰੇਰੀ ਮਹਲਾ**

ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ॥
ਹਉਮੈ ਵਿਚਿ ਗਾਵਹਿ ਬਿਰਥਾ ਜਾਇ॥
ਗਾਵਣਿ ਗਾਵਹਿ ਜਿਨ ਨਾਮ ਪਿਆਰੁ॥
ਸਾਚੀ ਬਾਣੀ ਸਬਦ ਬੀਚਾਰੁ॥੧॥
ਗਾਵਤ ਰਹੈ ਜੇ ਸਤਿਗੁਰ ਭਾਵੈ॥
ਮਨੁ ਤਨੁ ਰਾਤਾ ਨਾਮਿ ਸੁਹਾਵੈ॥੧॥ਰਹਾਉ॥
ਇਕਿ ਗਾਵਹਿ ਇਕਿ ਭਗਤਿ ਕਰੇਹਿ॥
ਨਾਮੁ ਨ ਪਾਵਹਿ ਬਿਨੁ ਅਸਨੇਹ॥
ਸਚੀ ਭਗਤਿ ਗੁਰ ਸਬਦ ਪਿਆਰਿ॥
ਅਪਨਾ ਪਿਰੁ ਰਾਖਿਆ ਸਦਾ ਉਰਿ ਧਾਰਿ॥੨॥
ਭਗਤਿ ਕਰਹਿ ਮੂਰਖ ਆਪੁ ਜਣਾਵਹਿ॥
ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ॥
ਨਚਿਐ ਟਪਿਐ ਭਗਤਿ ਨ ਹੋਇ॥
ਸਬਦਿ ਮਰੈ ਭਗਤਿ ਪਾਏ ਜਨੁ ਸੋਇ॥੩॥
ਭਗਤਿ ਵਛਲੁ ਭਗਤਿ ਕਰਾਏ ਸੋਇ॥
ਸਚੀ ਭਗਤਿ ਵਿਚਹੁ ਆਪੁ ਖੋਇ॥
ਮੇਰਾ ਪ੍ਰਭੁ ਸਾਚਾ ਸਭ ਬਿਧਿ ਜਾਣੈ॥
ਨਾਨਕ ਬਖਸੇ ਨਾਮੁ ਪਛਾਣੈ॥੪॥

ਸਤਿਗੁਰੂ ਜੀ ਆਖਦੇ ਹਨ, ਹੇ ਭਾਈ! ਕਈ ਜੀਵ ਐਸੇ ਹਨ ਜੋ ਭਗਤੀ ਦੇ ਗੀਤ ਗਾਉਂਦੇ ਤਾਂ ਰਹਿੰਦੇ ਹਨ, ਪਰ ਉਨ੍ਹਾਂ ਦੇ ਮਨ ਵਿਚ ਕੋਈ ਆਨੰਦ ਪੈਦਾ ਨਹੀਂ ਹੁੰਦਾ, ਕਿਉਂਕਿ ਉਹ ਆਪਣੇ ਭਗਤ ਹੋਣ ਦੀ ਹਉਮੈ ਵਿਚ ਭਗਤੀ ਦੇ ਗੀਤ ਗਾਉਂਦੇ ਹਨ। ਇਸ ਲਈ ਉਨ੍ਹਾਂ ਦਾ ਗਾਵਣਾ ਵਿਅਰਥ ਚਲਾ ਜਾਂਦਾ ਹੈ। ਪ੍ਰਭੂ ਦੀ ਸਿਫਤ ਸਾਲਾਹ ਦੇ ਗੀਤ ਤਾਂ ਅਸਲ ਵਿਚ ਉਹ ਮਨੁੱਖ ਗਾਉਂਦੇ ਹਨ, ਜਿਨ੍ਹਾਂ ਦਾ ਉਸ ਮਿਹਰਬਾਨ ਪ੍ਰਭੂ ਨਾਲ ਸੱਚਾ ਪਿਆਰ ਹੈ ਅਤੇ ਜਿਹੜੇ ਉਸ ਪ੍ਰਭ ਦੀ ਬਾਣੀ ਦੇ ਸ਼ਬਦ ਦਾ ਵਿਚਾਰ ਆਪਣੇ ਅੰਦਰ ਟਿਕਾ ਲੈਂਦੇ ਹਨ।

ਗਾਵਤ ਰਹੈ ਜੇ ਸਤਿਗੁਰ ਭਾਵੈ॥
ਮਨੁ ਤਨੁ ਰਾਤਾ ਨਾਮਿ ਸੁਹਾਵੈ॥੧॥ਰਹਾਉ॥

ਗੁਰੂ ਅਮਰਦਾਸ ਜੀ ਉਪਦੇਸ਼ ਕਰਦੇ ਹਨ- ਹੇ ਭਾਈ! ਜੇ ਗੁਰੂ ਨੂੰ ਚੰਗਾ ਲੱਗੇ, ਜੇ ਗੁਰੂ ਮਿਹਰ ਕਰੇ ਤਾਂ ਉਸ ਦੀ ਮਿਹਰ ਸਦਕਾ ਉਸ ਦੀ ਸ਼ਰਨ ਵਿਚ ਆਇਆ ਜੀਵ ਉਸ ਪ੍ਰਭੂ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦਾ ਰਹਿੰਦਾ ਹੈ; ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦੇ-ਕਰਦੇ ਉਸ ਜੀਵ ਦਾ ਮਨ ਵੀ ਅਤੇ ਤਨ ਵੀ ਪ੍ਰਭੂ ਦੇ ਨਾਮ ਵਿਚ ਰੰਗਿਆ ਜਾਂਦਾ ਹੈ, ਉਸ ਦਾ ਜੀਵਨ ਸੋਹਣਾ ਬਣ ਜਾਂਦਾ ਹੈ।

ਇਕਿ ਗਾਵਹਿ ਇਕਿ ਭਗਤਿ ਕਰੇਹਿ॥
ਨਾਮੁ ਨ ਪਾਵਹਿ ਬਿਨੁ ਅਸਨੇਹ॥
ਸਚੀ ਭਗਤਿ ਗੁਰ ਸਬਦ ਪਿਆਰਿ॥
ਅਪਨਾ ਪਿਰੁ ਰਾਖਿਆ ਸਦਾ ਉਰਿ ਧਾਰਿ॥੨॥

ਗੁਰਦੇਵ ਆਖਦੇ ਹਨ, ਕਈ ਇਨਸਾਨ ਐਸੇ ਹਨ ਜੋ ਦੁਨੀਆਂ ਨੂੰ ਵਿਖਾਉਣ ਲਈ ਭਗਤੀ ਮਾਰਗ ਦੇ ਗੀਤ ਗਾਉਂਦੇ ਹਨ ਅਤੇ ਦਿਖਾਵੇ ਲਈ ਭਗਤੀ ਵੀ ਕਰਦੇ ਹਨ, ਪਰ ਅੰਦਰੋਂ ਉਨ੍ਹਾਂ ਦਾ ਪ੍ਰਭੂ ਨਾਲ ਪਿਆਰ ਨਹੀਂ ਹੁੰਦਾ। ਇਸ ਲਈ ਪ੍ਰਭੂ ਚਰਨਾਂ ਦੇ ਪਿਆਰ ਤੋਂ ਬਿਨਾਂ ਉਨ੍ਹਾਂ ਨੂੰ ਪਰਮੇਸ਼ਰ ਦੇ ਨਾਮ ਦੀ ਦਾਤ ਪ੍ਰਾਪਤ ਨਹੀਂ ਹੁੰਦੀ। ਹੇ ਭਾਈ! ਭਗਤੀ ਉਨ੍ਹਾਂ ਦੀ ਹੀ ਪਰਵਾਨ ਹੁੰਦੀ ਹੈ, ਜਿਹੜੇ ਗੁਰੂ ਸ਼ਬਦ ਨੂੰ ਪਿਆਰ ਕਰਦੇ ਹਨ, ਜਿਨ੍ਹਾਂ ਨੇ ਪ੍ਰਭੂ ਪਤੀ ਨੂੰ ਹਿਰਦੇ ਵਿਚ ਵਸਾ ਰੱਖਿਆ ਹੈ।

ਭਗਤਿ ਕਰਹਿ ਮੂਰਖ ਆਪੁ ਜਣਾਵਹਿ॥
ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ॥
ਨਚਿਐ ਟਪਿਐ ਭਗਤਿ ਨ ਹੋਇ॥
ਸਬਦਿ ਮਰੈ ਭਗਤਿ ਪਾਏ ਜਨੁ ਸੋਇ॥੩॥

ਸਤਿਗੁਰੂ ਆਖਦੇ ਹਨ, ਕਈ ਲੋਕ ਦੁਨੀਆਂ ਨੂੰ ਦੱਸਦੇ ਹਨ ਕਿ ਅਸੀਂ ਭਗਤ ਹਾਂ, ਉਹ ਮੂਰਖ ਨੱਚਦੇ ਟੱਪਦੇ ਹਨ, ਪਰ ਅੰਤਰ ਆਤਮਾ ਵਿਚ ਬੈਠੀ ਹੋਈ ਹਉਮੈ ਕਾਰਨ ਆਤਮਿਕ ਆਨੰਦ ਦੀ ਥਾਂ ਉਹ ਜੀਵ ਸਦਾ ਦੁੱਖ ਹੀ ਪਾਉਂਦੇ ਹਨ। ਹੇ ਭਾਈ! ਨੱਚਣ ਜਾਂ ਟੱਪਣ ਨਾਲ ਭਗਤੀ ਨਹੀਂ ਹੁੰਦੀ, ਭਗਤੀ ਤਾਂ ਉਹ ਜੀਵ ਕਰ ਸਕਦਾ ਹੈ ਜਿਹੜਾ ਗੁਰੂ ਦੇ ਸ਼ਬਦ ਨਾਲ ਜੁੜ ਕੇ ਹਉਮੈ ਤਿਆਗਦਾ ਹੈ ਅਤੇ ਗੁਰੂ ਦੇ ਸ਼ਬਦ ਨਾਲ ਜੁੜ ਕੇ ਮਰਦਾ ਹੈ।

ਭਗਤਿ ਵਛਲੁ ਭਗਤਿ ਕਰਾਏ ਸੋਇ॥
ਸਚੀ ਭਗਤਿ ਵਿਚਹੁ ਆਪੁ ਖੋਇ॥
ਮੇਰਾ ਪ੍ਰਭੁ ਸਾਚਾ ਸਭ ਬਿਧਿ ਜਾਣੈ॥
ਨਾਨਕ ਬਖਸੇ ਨਾਮੁ ਪਛਾਣੈ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਆਖਦੇ ਹਨ, ਹੇ ਭਾਈ! ਜੀਵਾਂ ਦੇ ਵੀ ਕੀ ਵੱਸ ਹੈ, ਭਗਤਾਂ ਨੂੰ ਪਿਆਰ ਕਰਨ ਵਾਲਾ ਉਹ ਪ੍ਰਭੂ ਪਰਮਾਤਮਾ ਸਭ ਜੀਵਾਂ ਦੇ ਅੰਦਰ ਦੀਆਂ ਗੱਲਾਂ ਜਾਣਦਾ ਹੈ ਕਿ ਕਿਹੜਾ ਜੀਵ ਭਗਤੀ ਕਰ ਰਿਹਾ ਹੈ ਤੇ ਕਿਹੜਾ ਦਿਖਾਵੇ ਕਰ ਰਿਹਾ ਹੈ। ਜਿਸ ਜੀਵ 'ਤੇ ਪ੍ਰਭੂ ਆਪ ਬਖਸ਼ਿਸ਼ ਕਰਦਾ ਹੈ, ਉਹੀ ਜੀਵ ਪ੍ਰਭੂ ਦੇ ਨਾਮ ਨੂੰ ਪਛਾਣਦਾ ਹੈ ਤੇ ਪ੍ਰਭੂ ਨਾਲ ਸਾਂਝ ਪਾ ਲੈਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ 916-687-3536*

ਐਮਰਜੈਂਸੀ ਅਤੇ 'ਕੱਖ-ਕਾਨਾਂ' ਦੀ ਵਾਰੀ-7

# ਮੁਢਲੀ ਭੂਮਿਕਾ

*'ਐਮਰਜੈਂਸੀ ਤੇ ਕੱਖ-ਕਾਨਾਂ ਦੀ ਵਾਰੀ' ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਐਮਰਜੈਂਸੀ ਨਾਲ ਜੁੜੀਆਂ ਯਾਦਾਂ ਦਾ ਵਰਕਾ ਫਰੋਲਿਆ ਹੈ। ਉਹ ਅਜਿਹਾ ਵਕਤ ਸੀ ਜਦੋਂ ਵਿਰੋਧ ਦੀ ਹਰ ਆਵਾਜ਼ ਨੂੰ ਬੰਦ ਕਰਨ ਦਾ ਹੀਲਾ ਕੇਂਦਰ ਸਰਕਾਰ ਨੇ ਕੀਤਾ ਸੀ। ਬਹੁਤ ਸਾਰੇ ਆਗੂਆਂ, ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਉਤੇ ਵੱਖ-ਵੱਖ ਕੇਸ ਪਾ ਕੇ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ। ਵਰਿਆਮ ਸਿੰਘ ਸੰਧੂ ਨੇ ਇਸ ਲੰਮੀ ਲੇਖ ਲੜੀ ਵਿਚ ਇਸ ਜੇਲ੍ਹ ਯਾਤਰਾ ਦੇ ਹਵਾਲੇ ਨਾਲ ਆਪਣੇ ਸਮਾਜ ਅਤੇ ਸਿਸਟਮ ਬਾਰੇ ਸਾਰਥਕ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਟਿੱਪਣੀਆਂ ਵਿਚ ਬਤੌਰ ਲੇਖਕ ਉਨ੍ਹਾਂ ਅਵਾਮ ਦੇ ਸਰੋਕਾਰ ਸਾਂਝੇ ਕੀਤੇ ਹਨ। 'ਮੁਢਲੀ ਭੂਮਿਕਾ' ਵਿਚ ਸਿਸਟਮ ਦੇ ਕਰਿੰਦਿਆਂ ਨਾਲ ਸਿੱਧੇ ਪੇਚੇ ਦੀ ਭੂਮਿਕਾ ਦਾ ਜ਼ਿਕਰ ਹੈ ਜਿਸ ਤੋਂ ਬਾਅਦ ਅਗਲੀਆਂ ਕੜੀਆਂ ਖੁੱਲ੍ਹਣੀਆਂ ਹਨ। -ਸੰਪਾਦਕ*

ਮੁਸਲਮਾਨ ਵਾਲੇ ਡਰਾਮੇ ਦਾ 'ਡਰਾਪ-ਸੀਨ' ਹੋਣ ਮਗਰੋਂ ਮੈਨੂੰ ਕੋਠੜੀ ਵਿਚ ਬੰਦ ਕਰ ਕੇ ਬਾਹਰੋਂ ਮੋਟਾ ਅਰਲ ਲਾ ਕੇ ਸੀਖਾਂ ਵਾਲਾ ਦਰਵਾਜ਼ਾ ਬੰਦ ਕਰ ਦਿੱਤਾ ਗਿਆ। ਲਾਲ ਰੰਗ ਦੇ ਅੱਠ ਦਸ ਅਸਲੋਂ ਨਵੇਂ ਕੰਬਲ ਮੇਰੇ ਜਾਣੂ ਸਿਪਾਹੀ ਨੇ ਮੇਰੀ ਕੋਠੜੀ ਵਿਚ ਰਖਾ ਦਿੱਤੇ। ਅੰਤਾਂ ਦੀ ਠੰਢ ਵਾਲੇ ਮੌਸਮ ਵਿਚ ਇਹੋ ਜਿਹੇ ਥਾਂ 'ਤੇ ਏਨੇ ਨਵੇਂ ਕੰਬਲ ਮਿਲ ਜਾਣੇ ਕੋਈ ਛੋਟੀ ਰਿਆਇਤ ਨਹੀਂ ਸੀ! ਨਹੀਂ ਤਾਂ ਬਹੁਤੀ ਵਾਰ ਤਾਂ ਜੂੰਆਂ ਵਾਲੇ ਖੱਦੇ, ਮੈਲੇ ਅਤੇ ਰੱਦੀ ਦੋ ਕੰਬਲ ਹੀ ਮਿਲਦੇ ਸਨ; ਇੱਕ ਹੇਠਾਂ ਵਿਛਾਉਣ ਲਈ ਤੇ ਦੂਜਾ ਉਤੇ ਲੈਣ ਲਈ। ਇਸ ਤੋਂ ਵੱਧ ਮੇਰੇ ਲਈ ਕਰ ਸਕਣ ਦੀ ਇਨ੍ਹਾਂ ਛੋਟੇ ਮੁਲਾਜ਼ਮਾਂ ਵਿਚ ਸਮਰੱਥਾ ਵੀ ਨਹੀਂ ਸੀ। ਕਿਸੇ ਕੈਦੀ ਨਾਲ ਉਨ੍ਹਾਂ ਦੀ ਹਮਦਰਦੀ ਜਾਂ ਦਿੱਤੀ ਰਿਆਇਤ ਉਨ੍ਹਾਂ ਦੀ ਨੌਕਰੀ ਲਈ ਖ਼ਤਰਾ ਵੀ



ਵਰਿਆਮ ਸਿੰਘ ਸੰਧੂ
ਫੋਨ: 416-918-5212

ਬਣ ਸਕਦੀ ਸੀ। ਉਨ੍ਹਾਂ ਨੂੰ ਕਿਸੇ ਮੁਲਜ਼ਿਮ ਨਾਲ ਗੱਲਬਾਤ ਕਰਨ ਦਾ ਹੱਕ ਵੀ ਨਹੀਂ ਸੀ। ਮੇਰੇ ਨਾਲ ਅੱਗਿਉਂ ਵਾਪਰਨ ਵਾਲੇ 'ਸਭ ਕੁਝ' ਵਿਚ ਉਹ ਮੇਰਾ ਕੁਝ ਨਹੀਂ ਸਨ ਸਵਾਰ ਸਕਦੇ! ਉਹ ਤਾਂ ਮੇਰੇ ਨਾਲ ਹਮਦਰਦੀ ਕਰ ਸਕਦੇ ਸਨ ਜਾਂ ਅੱਗਿਉਂ ਵਾਪਰਨ ਵਾਲੀ ਪ੍ਰਕਿਰਿਆ ਬਾਰੇ ਜਾਣਕਾਰੀ ਦੇ ਸਕਦੇ ਸਨ।

ਉਨ੍ਹਾਂ ਦੱਸਿਆ ਕਿ ਹਰ ਮੁਲਜ਼ਿਮ ਨੂੰ ਕਿਸੇ ਇੱਕ ਵਿਸ਼ੇਸ਼ ਅਫਸਰ ਨੂੰ ਪੁੱਛ-ਗਿੱਛ ਲਈ ਸੌਂਪ ਦਿੱਤਾ ਜਾਂਦਾ ਹੈ। ਉਸ ਦੀ 'ਮਦਦ' ਲਈ ਇੱਕ ਦੋ ਮੁਲਾਜ਼ਮ ਵੀ ਨਾਲ ਦਿੱਤੇ ਜਾਂਦੇ ਸਨ। ਉਹ ਅਕਸਰ ਸਵੇਰੇ ਅੱਠ ਵਜੇ ਤੋਂ ਸ਼ਾਮ ਪੰਜ ਵਜੇ ਤੱਕ 'ਪੁੱਛ-ਗਿੱਛ' ਕਰਦੇ ਹਨ। ਫਿਰ ਮੁਲਜ਼ਿਮ ਨੂੰ ਉਸ ਦੀ ਕੋਠੜੀ ਵਿਚ ਬੰਦ ਕਰ ਦਿੱਤਾ ਜਾਂਦਾ ਹੈ। ਅਗਲੀ ਸਵੇਰ ਤੋਂ ਫਿਰ ਪਿਛਲੇ ਦਿਨ ਵਾਲਾ ਅਮਲ ਚਾਲੂ ਹੋ ਜਾਂਦਾ ਹੈ।

ਮੈਂ ਦੋ ਤਿੰਨ ਕੰਬਲ ਆਪਣੇ ਹੇਠਾਂ ਵਿਛਾ ਲਏ ਅਤੇ ਦੋ ਕੰਬਲ ਜੋੜ ਕੇ ਆਪਣੇ ਦੁਆਲੇ ਵਲ੍ਹੇਟ ਕੇ ਬਾਹਰਲੇ ਪਾਲੇ ਤੋਂ ਤਾਂ ਬਚਾ ਕਰ ਲਿਆ, ਪਰ 'ਅੰਦਰਲੇ ਪਾਲੇ' ਨਾਲ ਸੋਚਾਂ ਨੂੰ ਦੰਦੋੜਿਕਾ ਵੱਜਣ ਲੱਗਾ। ਮੈਂ ਹੁਣ ਸਵੇਰ ਦੇ 'ਅੱਠ ਵਜੇ' ਵਾਸਤੇ ਆਪਣੇ ਆਪ ਨੂੰ ਤਿਆਰ ਕਰਨਾ ਸੀ। ਰੋਟੀ ਵਾਲਾ ਆਇਆ ਅਤੇ ਬਾਟੀ ਵਿਚ ਦਾਲ ਪਾ ਕੇ ਦੋ ਰੋਟੀਆਂ ਮੇਰੇ ਹੱਥਾਂ 'ਤੇ ਰੱਖੀਆਂ। ਮੇਰਾ ਰੋਟੀ ਖਾਣ ਨੂੰ ਵੱਢਿਆ ਰੂਹ ਨਹੀਂ ਸੀ ਕਰਦਾ, ਪਰ ਮੈਂ ਆਪਣੀ ਪਛਾਣ ਵਾਲੇ ਨੌਜਵਾਨ ਸਿਪਾਹੀ ਸਾਹਮਣੇ 'ਛੱਡੇ ਹੋਏ ਦਿਲ ਵਾਲਾ ਬੰਦਾ' ਨਹੀਂ ਸਾਂ ਬਣਨਾ ਚਾਹੁੰਦਾ।

"ਚੰਗੀਆਂ ਰੋਟੀਆਂ ਦੇਹ ਭਈ।" ਉਸ ਨੇ ਰੋਟੀ ਵਾਲੇ ਨੂੰ ਕਿਹਾ ਅਤੇ ਮੇਰੇ ਹੱਥੋਂ ਰੋਟੀਆਂ ਫੜ ਕੇ ਵਾਪਸ ਟੋਕਰੀ ਵਿਚ ਰੱਖ ਦਿੱਤੀਆਂ। ਫਿਰ ਆਪ 'ਚੰਗੀਆਂ ਰੋਟੀਆਂ' ਚੁਣ ਕੇ ਮੈਨੂੰ ਫੜਾਈਆਂ। ਮੈਂ ਹੌਸਲਾ ਫੜ ਲਿਆ। ਮੈਨੂੰ ਇਸ ਨੌਜਵਾਨ ਸਿਪਾਹੀ ਦੇ ਸਾਹਮਣੇ ਹੀ ਨਹੀਂ, ਸਗੋਂ ਆਪਣੀ ਜ਼ਮੀਰ ਦੇ ਸਾਹਮਣੇ ਵੀ ਤਕੜੇ ਦਿਸਣਾ ਚਾਹੀਦਾ ਹੈ! ਆਪਣੀ ਪ੍ਰਤੀਬੱਧਤਾ ਅਤੇ ਆਪਣੇ ਇਤਿਹਾਸ ਦੀਆਂ ਅੱਖਾਂ 'ਚ ਅੱਖਾਂ ਪਾਉਣ ਦੇ ਯੋਗ ਬਣੇ ਰਹਿਣਾ ਚਾਹੀਦਾ ਹੈ!

ਪਹਿਲੀਆਂ ਬੁਰਕੀਆਂ ਮਸਾਂ ਸੰਘੋਂ ਹੇਠਾਂ ਉਤਰੀਆਂ, ਪਰ ਹੌਸਲੇ ਵਿਚ ਆਉਂਦਿਆਂ ਹੀ ਮੈਨੂੰ ਲੱਗਾ, ਮੈਨੂੰ ਤਾਂ ਭੁੱਖ ਲੱਗੀ ਹੋਈ ਸੀ। ਮੈਂ ਤਸੱਲੀ ਨਾਲ ਰੋਟੀ ਖਾ ਕੇ ਅੰਤਰ-ਧਿਆਨ ਹੋ ਕੇ ਬੈਠ ਗਿਆ। ਭਾਈ ਮਤੀ ਦਾਸ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਦੀਪ ਸਿੰਘ, ਸਰਾਭੇ ਅਤੇ ਭਗਤ ਸਿੰਘ ਨਾਲ ਗੱਲਾਂ ਕਰਨ ਲੱਗਾ। ਮੈਨੂੰ ਪਹਿਲੀ ਵਾਰ ਸ਼ਿੱਦਤ ਨਾਲ ਮਹਿਸੂਸ ਹੋਇਆ ਕਿ ਸਾਡਾ ਮਾਣ-ਮੱਤਾ ਇਤਿਹਾਸ ਸੰਕਟ ਦੀਆਂ ਘੜੀਆਂ ਵਿਚ ਕਿਵੇਂ ਸਾਡੀ ਤਾਕਤ ਬਣਦਾ ਹੈ! ਹੁਣ ਇਨ੍ਹਾਂ ਬਹਾਦਰਾਂ ਦੀਆਂ ਕਹਾਣੀਆਂ ਮੇਰੇ ਲਈ ਸਿਰਫ਼ ਖ਼ਾਲੀ ਮਨੋਰੰਜਨ ਦਾ ਵਸੀਲਾ ਨਹੀਂ ਸਨ; ਮੇਰਾ ਹੌਸਲਾ ਸਨ, ਮੇਰੀ ਸ਼ਕਤੀ ਸਨ। ਮੈਂ ਪੁੱਛੇ ਜਾ ਸਕਣ ਵਾਲੇ ਵੱਖ-ਵੱਖ ਸੰਭਾਵਤ ਅਤੇ ਕਾਲਪਨਿਕ ਸਵਾਲਾਂ ਦੇ ਜਵਾਬ ਸੋਚਣ ਲੱਗਾ।

ਰਾਤ ਵਾਹਵਾ ਉਤਰ ਆਈ ਸੀ।

'ਮੈਨੂੰ ਕੁਝ ਨਹੀਂ ਹੋਣ ਲੱਗਾ! ਏਥੇ ਵੀ ਤਾਂ ਬੰਦੇ ਹੀ ਆਉਂਦੇ ਹਨ! ਬਲਬੀਰ ਵੀ ਤਾਂ ਏਥੋਂ ਹੋ ਕੇ ਈ ਗਿਆ ਏ।' ਮੈਂ ਮਾਨਸਿਕ ਤੌਰ 'ਤੇ 'ਤਿਆਰ ਬਰ ਤਿਆਰ' ਹੋ ਰਿਹਾ ਸਾਂ ਕਿ ਬਾਹਰੋਂ ਕਿਸੇ ਦੀ ਉਚੀ ਗੜ੍ਹਕਵੀਂ ਆਵਾਜ਼ ਸੁਣਾਈ ਦਿੱਤੀ, "ਕਿੱਥੇ ਆ ਭਈ! ਅੱਜ ਆਇਆ ਨਕਸਲੀਆ ਵਰਿਆਮ ਸੁੰਹ? ਜ਼ਰਾ ਸਾਹਮਣੇ ਤਾਂ ਹੋ।"

ਡਿਊਟੀ 'ਤੇ ਨਵੇਂ ਆਏ ਮੁਲਾਜ਼ਮਾਂ ਨੇ ਆਉਣ ਵਾਲੇ ਨੂੰ ਸਲੂਟ ਮਾਰਿਆ ਤੇ ਮੇਰੀ ਕੋਠੜੀ ਵੱਲ ਇਸ਼ਾਰਾ ਕੀਤਾ। ਮੈਂ ਉਠ ਕੇ ਦਰਵਾਜ਼ੇ ਦੀਆਂ ਸੀਖਾਂ ਕੋਲ ਆਣ ਖੜੋਤਾ।

"ਤੂੰ ਪੜ੍ਹਿਆ ਲਿਖਿਆ ਬੰਦਾ, ਇਨ੍ਹਾਂ ਨਕਸਲੀਆਂ ਦੇ ਵਹੇ ਕਿਵੇਂ ਚੜ੍ਹ ਗਿਆ? ਆਪਣਾ ਭਵਿੱਖ ਅਤੇ ਆਪਣੀ ਜ਼ਿੰਦਗੀ ਦਾਅ ਉਤੇ ਲਾਉਣ ਲੱਗਿਆਂ ਤੈਨੂੰ ਭੋਰਾ ਅਕਲ ਨਾ ਆਈ? ਜੇ ਤੁਸੀਂ ਹਕੂਮਤਾਂ ਨਾਲ ਇਸ ਤਰ੍ਹਾਂ ਭਿੜੋਗੇ ਤਾਂ ਸਰਕਾਰ ਤੁਹਾਡੇ ਨਾਲ ਕਿਉਂ ਭਲੀ ਗੁਜ਼ਾਰੂ? ਸੌ ਦਿਨ ਚੋਰ ਦਾ, ਇੱਕ ਦਿਨ ਸਾਧ ਦਾ! ਤਿਆਰ ਹੋ ਜਾ ਹੁਣ ਆਪਣੀਆਂ ਕੀਤੀਆਂ ਭੁਗਤਣ ਲਈ! ਹੁਣ ਪੈ ਗਈ ਇੱਟ ਖੂਹ 'ਚ। ਸੁੱਕੀ ਤਾਂ ਨਿਕਲਣੋਂ ਰਹੀ। ਜੇ ਤੁਸੀਂ ਸਾਡੇ ਖ਼ੂਨ ਦੇ ਪਿਆਸੇ ਹੋ ਤਾਂ ਅਸੀਂ ਤੁਹਾਡੇ ਨਾਲ ਕਿਉਂ ਘੱਟ ਗੁਜ਼ਾਰਾਂਗੇ! ਮੈਂ ਆਖਿਆ, ਵੇਖਾਂ ਤਾਂ ਸਹੀ ਇਸ 'ਵੱਡੇ ਜਰਨੈਲ' ਨੂੰ! ਏਥੇ ਵੱਡਿਆਂ-ਵੱਡਿਆਂ ਦੀ ਭੂਤਨੀ ਭੁੱਲ ਜਾਂਦੀ ਐ, ਤੂੰ ਕਿਹੜੇ ਬਾਗ ਦੀ ਮੂਲੀ ਏਂ! ਪਟਾਕੇ ਵੇਖੀਂ ਕਿਵੇਂ ਪੈਂਦੇ!"


ਉਸ ਨੇ ਮੇਰੇ ਉਤੇ ਮਨੋਵਿਗਿਆਨਕ ਹਮਲਾ ਬੋਲ ਦਿੱਤਾ ਸੀ। ਜੇ ਮੈਂ ਚੁੱਪ ਰਹਿੰਦਾ ਸਾਂ ਤਾਂ ਜ਼ਾਹਿਰ ਸੀ ਕਿ ਉਸ ਦੇ ਲਾਏ ਦੋਸ਼ਾਂ ਨੂੰ ਸਵੀਕਾਰ ਕਰ ਰਿਹਾ ਸਾਂ। ਮੈਂ ਆਜਜ਼ੀ ਨਾਲ ਆਖਿਆ, "ਮੈਂ ਕੋਈ ਨਕਸਲੀ ਨਹੀਂ ਜੀ। ਸਕੂਲ ਅਧਿਆਪਕ ਹਾਂ। ਅਗਾਂਹ-ਵਧੂ ਵਿਚਾਰਾਂ ਦਾ ਹਾਂ, ਇਸ ਤੋਂ ਇਨਕਾਰੀ ਨਹੀਂ। ਅਧਿਆਪਕਾਂ, ਹੋਰ ਮੁਲਾਜ਼ਮਾਂ ਅਤੇ ਆਪਣੇ ਮੁਲਕ ਦੇ ਲੋਕਾਂ ਲਈ ਚੰਗਾ ਵੇਖਣਾ ਅਤੇ ਚੰਗਾ ਕਰਨਾ ਚਾਹੁੰਦਾ ਹਾਂ। ਇਸ ਸਭ ਲਈ ਵਿਧਾਨਕ ਤਰੀਕੇ ਨਾਲ ਜੋ ਕੀਤਾ ਜਾ ਸਕਦਾ ਹੈ, ਮੈਂ ਤਾਂ ਉਸ ਵਿਚੋਂ ਹਜ਼ਾਰਵਾਂ ਹਿੱਸਾ ਵੀ ਨਹੀਂ ਕਰ ਰਿਹਾ।"

ਅਸਲੋਂ 'ਨਿਰਦੋਸ਼ ਅਤੇ ਅਨਜਾਣ' ਬਣਨਾ ਮੇਰੇ ਹੱਕ ਵਿਚ ਨਹੀਂ ਸੀ ਜਾਣਾ! ਉਂਜ ਮੈਂ ਜੋ ਕਿਹਾ ਸੀ, ਉਹ ਸੱਚ ਵੀ ਸੀ। ਪੁਰਾਣੀ ਸਾਂਝ ਕਰ ਕੇ 'ਨਕਸਲੀ ਮਿੱਤਰ' ਮੈਨੂੰ ਮਿਲਦੇ ਤਾਂ ਰਹਿੰਦੇ ਸਨ, ਫਿਰ ਵੀ ਮੈਂ ਸਿਧਾਂਤਕ ਤੌਰ 'ਤੇ ਉਨ੍ਹਾਂ ਨਾਲੋਂ ਵਿੱਥ ਸਿਰਜ ਲਈ ਹੋਈ ਸੀ। 'ਵਿਅਕਤੀਗਤ ਸਫ਼ਾਏ' ਦੀ ਮੁਹਿੰਮ ਨਾਲ ਤਾਂ ਮੈਂ ਕਈ ਚਿਰ ਤੋਂ ਸਹਿਮਤ ਨਹੀਂ ਸਾਂ। ਉਂਜ ਜਿਹੜੀ ਨਕਸਲੀ ਧਿਰ ਜਿੱਥੇ ਵੀ ਕੋਈ ਲੋਕ ਲਹਿਰ ਲਾਮਬੰਦ ਕਰਨ ਲਈ ਕੁਝ ਕਰ ਰਹੀ ਸੀ, ਮੈਂ ਉਸ ਵਿਚ ਆਪਣੀ ਸਮਰੱਥਾ ਮੁਤਾਬਕ ਨਾਂ-ਮਾਤਰ ਹਿੱਸਾ ਜ਼ਰੂਰ ਪਾ ਰਿਹਾ ਸਾਂ। ਮੇਰੇ 'ਪਹਿਲੇ' ਜਾਣਕਾਰ 'ਨਾਗੀ ਰੈਡੀ ਗਰੁੱਪ' ਨਾਲ ਜਾ ਜੁੜਨ ਕਰ ਕੇ ਉਨ੍ਹਾਂ ਨਾਲ ਮੇਰੀ ਜ਼ਿਆਦਾ ਸਾਂਝ ਸੀ। ਜ਼ਾਹਿਰਾ ਤੌਰ 'ਤੇ ਮੈਂ ਕੋਈ 'ਕਾਨੂੰਨ ਵਿਰੋਧੀ' ਕੰਮ ਕੀਤਾ ਵੀ ਨਹੀਂ ਸੀ।

"ਏਥੇ ਆਪਣੇ ਆਪ ਕੌਣ ਮੰਨਦਾ ਏ! ਮਨਾਉਣਾ ਤਾਂ ਸਾਨੂੰ ਆਉਂਦਾ ਏ। ਵੇਖੀਂ ਤੂੰ ਆਪ ਈ ਤੋਤੇ ਵਾਂਗ ਪਟਾਕੇਂਗਾ! ਤੇਰੀ ਨਿੱਕੀ ਤੋਂ ਨਿੱਕੀ ਨਕਲੋ-ਹਰਕਤ ਦਾ ਵੇਰਵਾ ਸਾਡੇ ਕੋਲ ਹੈ। ਤੂੰ ਕਿਵੇਂ ਮੁਕਰੇਂਗਾ ਕਿ ਤੂੰ ਨਕਸਲੀਆਂ ਦੇ ਹੱਕ ਵਿਚ ਨਾਵਲ-ਸ਼ਾਵਲ ਲਿਖਦਾ ਏਂ! ਨਕਸਲੀਆਂ ਦੀ ਲੇਖਕ ਸਭਾ ਦਾ ਮੈਂਬਰ ਏਂ।"

"ਨਾਵਲ ਤਾਂ ਮੈਂ ਕੋਈ ਲਿਖਿਆ ਹੀ ਨਹੀਂ।" ਮੈਂ ਉਸ ਦੀ ਗੱਲ ਵਿਚੋਂ ਕੱਟੀ, "ਕਵਿਤਾਵਾਂ, ਕਹਾਣੀਆਂ ਲਿਖਦਾ ਹਾਂ। ਉਹ ਤੁਸੀਂ ਦੱਸੋ ਨਕਸਲੀਆਂ ਦੇ ਹੱਕ ਵਿਚ ਕਿਵੇਂ ਨੇ।"

ਨਿਸਚੇ ਹੀ ਮੇਰੀਆਂ 'ਲੋਹੇ ਦੇ ਹੱਥ' ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ 'ਹਥਿਆਰਬੰਦ ਇਨਕਲਾਬ' ਦਾ 'ਪ੍ਰਚਾਰ' ਕਰਦੀਆਂ ਸਨ। ਉਨ੍ਹਾਂ ਵਿਚ ਨਕਸਲੀ ਕਾਰਕੁਨਾਂ 'ਤੇ ਹੁੰਦੇ ਸਰਕਾਰੀ ਤਸ਼ੱਦਦ ਦਾ ਜ਼ਿਕਰ ਸੀ; ਝੂਠੇ ਪੁਲਿਸ ਮੁਕਾਬਲਿਆਂ ਪ੍ਰਤੀ ਰੋਹ ਅਤੇ ਨਫ਼ਰਤ ਦੀ ਭਾਵਨਾ ਉਭਾਰਨ ਦੀ ਸੁਚੇਤ ਕੋਸ਼ਿਸ਼ ਕੀਤੀ ਗਈ ਸੀ, ਪਰ ਮੈਂ ਅਨੁਮਾਨ ਲਾ ਲਿਆ ਸੀ ਕਿ ਇਸ ਬਾਰੇ ਉਹਨੂੰ ਕੋਈ ਬਹੁਤੀ ਜਾਣਕਾਰੀ ਨਹੀਂ ਸੀ ਤੇ ਲੇਖਕ ਸਭਾ ਬਾਰੇ ਤਾਂ...।



*ਪਹਿਲੀਆਂ ਬੁਰਕੀਆਂ ਮਸਾਂ ਸੰਘੋਂ ਹੇਠਾਂ ਉਤਰੀਆਂ, ਪਰ ਹੌਸਲੇ ਵਿਚ ਆਉਂਦਿਆਂ ਹੀ ਮੈਨੂੰ ਲੱਗਾ, ਮੈਨੂੰ ਤਾਂ ਭੁੱਖ ਲੱਗੀ ਹੋਈ ਸੀ। ਮੈਂ ਤਸੱਲੀ ਨਾਲ ਰੋਟੀ ਖਾ ਕੇ ਅੰਤਰ-ਧਿਆਨ ਹੋ ਕੇ ਬੈਠ ਗਿਆ। ਭਾਈ ਮਤੀ ਦਾਸ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਦੀਪ ਸਿੰਘ, ਸਰਾਭੇ ਅਤੇ ਭਗਤ ਸਿੰਘ ਨਾਲ ਗੱਲਾਂ ਕਰਨ ਲੱਗਾ। ਮੈਨੂੰ ਪਹਿਲੀ ਵਾਰ ਸ਼ਿੱਦਤ ਨਾਲ ਮਹਿਸੂਸ ਹੋਇਆ ਕਿ ਸਾਡਾ ਮਾਣ-ਮੱਤਾ ਇਤਿਹਾਸ ਸੰਕਟ ਦੀਆਂ ਘੜੀਆਂ ਵਿਚ ਕਿਵੇਂ ਸਾਡੀ ਤਾਕਤ ਬਣਦਾ ਹੈ! ਹੁਣ ਇਨ੍ਹਾਂ ਬਹਾਦਰਾਂ ਦੀਆਂ ਕਹਾਣੀਆਂ ਮੇਰੇ ਲਈ ਸਿਰਫ਼ ਖ਼ਾਲੀ ਮਨੋਰੰਜਨ ਦਾ ਵਸੀਲਾ ਨਹੀਂ ਸਨ; ਮੇਰਾ ਹੌਸਲਾ ਸਨ, ਮੇਰੀ ਸ਼ਕਤੀ ਸਨ।*

ਗੱਲ ਮੇਰੇ ਮੂੰਹ ਵਿਚ ਸੀ ਕਿ ਉਹ ਖਿਝ ਕੇ ਬੋਲਿਆ, "ਲੇਖਕਾਂ ਲੂਖਕਾਂ ਬਾਰੇ ਛੱਡ। ਤੂੰ ਨਕਸਲੀਆਂ ਦੀ ਅਧਿਆਪਕ ਯੂਨੀਅਨ ਵਿਚ ਕੰਮ ਨਹੀਂ ਕਰਦਾ? ਤੂੰ ਆਪਣੇ ਪਿੰਡ ਨਕਸਲੀਆਂ ਦੀ ਨੌਜਵਾਨ ਭਾਰਤ ਸਭਾ ਨਹੀਂ ਬਣਵਾਈ? ਤੂੰ ਝਬਾਲ ਵਿਚ ਹੋਈ ਨੌਜਵਾਨ ਭਾਰਤ ਸਭਾ ਦੀ ਜ਼ਿਲ੍ਹਾ ਕਾਨਫਰੰਸ ਦੀ ਪ੍ਰਧਾਨਗੀ ਨਹੀਂ ਕੀਤੀ? ਤੂੰ ਵੱਡੀਆਂ-ਵੱਡੀਆਂ ਹੜਤਾਲਾਂ ਵਿਚ ਅੱਗੇ ਹੋ ਕੇ ਮੁਲਾਜ਼ਮਾਂ ਨੂੰ ਨਹੀਂ ਭੜਕਾਇਆ? ਤੂੰ ਸੰਨ ਬਹੱਤਰ ਵਿਚ ਵੀ ਗ੍ਰਿਫ਼ਤਾਰ ਨਹੀਂ ਸੈਂ ਹੋਇਆ?"

ਉਹ ਜੇਤੂ ਅੰਦਾਜ਼ ਵਿਚ ਖ਼ਚਰਾ ਜਿਹਾ ਮੁਸਕਰਾਇਆ। ਉਹ ਨਿਸਚੇ ਹੀ ਮੇਰੇ ਬਾਰੇ ਠੋਸ ਜਾਣਕਾਰੀ ਦੀ ਜ਼ਮੀਨ 'ਤੇ ਖਲੋਤਾ ਸੀ।

ਉਹ ਵਾਰ-ਵਾਰ ਸਵਾਲ ਕਰਨ ਲੱਗਾ। ਮੈਂ ਆਪਣੇ ਪੈਂਤੜੇ ਤੋਂ ਜਵਾਬ ਦਿੰਦਾ ਰਿਹਾ। ਮੈਂ ਸਿਰਫ਼ ਆਪਣੇ ਆਪ ਨੂੰ ਨਕਸਲੀ ਮੰਨਣੋਂ ਇਨਕਾਰੀ ਹੋਣਾ ਸੀ। ਇਹ 'ਖਾਤਾ ਖੁੱਲ੍ਹ ਜਾਣ' ਤੋਂ ਪਿੱਛੋਂ ਪੁੱਛ-ਗਿੱਛ ਦੇ 'ਵੱਡੇ ਜਾਲ ਵਿਚ ਫਸ ਜਾਣ' ਦੀ ਸੰਭਾਵਨਾ ਸੀ। ਇਸ 'ਵੱਡੇ ਜਾਲ' ਵਾਸਤੇ ਮੈਂ ਸੱਚਮੁੱਚ 'ਛੋਟੀ ਮੱਛੀ' ਸਾਂ। ਮੇਰੇ ਵੱਲੋਂ ਉਸ ਦੀ ਤਸੱਲੀ ਕਰਾਉਣੀ ਲਾਜ਼ਮੀ ਸੀ। ਮੈਂ ਆਪਣਾ ਪੈਂਤੜਾ ਮੱਲਦਿਆਂ ਇਸ ਤਰ੍ਹਾਂ ਦੀ ਭੂਮਿਕਾ ਬੰਨ੍ਹੀ:

"ਵੇਖੋ ਜੀ, ਤੁਹਾਨੂੰ ਵੀ ਸਾਰੀ ਜਾਣਕਾਰੀ ਹੋਏਗੀ। ਮੈਂ ਜੇ ਬੀ ਟੀ ਕਰ ਕੇ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਲੱਗ ਗਿਆ ਸਾਂ, ਪਰ ਮੈਂ ਇਸ ਤੋਂ ਉਪਰ ਉਠਣਾ ਚਾਹੁੰਦਾ ਸਾਂ। ਮੈਂ ਹੋਰ ਅੱਗੇ ਪੜ੍ਹ ਕੇ ਆਪਣਾ 'ਭਵਿੱਖ' ਸਵਾਰਨਾ ਸੀ! ਇਸ ਮਕਸਦ ਲਈ ਹਰ ਸਾਲ ਅਗਲਾ ਇਮਤਿਹਾਨ ਦੇਣ ਲਈ ਵਿਭਾਗੀ 'ਆਗਿਆ' ਲੈਣ ਵਾਸਤੇ ਮੈਨੂੰ ਅਫ਼ਸਰਾਂ ਤੇ ਟੁੱਚਲ ਕਲਰਕਾਂ ਦੇ ਵਾਰ-ਵਾਰ ਤਰਲੇ ਕਰਨੇ ਪੈਂਦੇ ਰਹੇ ਨੇ। ਇੱਕ-ਇੱਕ ਪੌੜੀ ਚੜ੍ਹ ਕੇ ਮੈਂ ਸਾਰੀਆਂ ਜਮਾਤਾਂ ਪਾਸ ਕੀਤੀਆਂ। ਬੀ ਐਡ ਕੀਤੀ। ਹੁਣ ਐਮ ਏ ਵਿਚੋਂ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ। ਸਿਵਾਏ ਬੀ ਐਡ ਤੋਂ ਮੈਂ ਸਾਰੀ ਤਾਲੀਮ ਪ੍ਰਾਈਵੇਟਲੀ ਹੀ ਹਾਸਲ ਕੀਤੀ ਹੈ। ਸਾਧਾਰਨ ਸੋਚ ਵਾਲਾ ਬੰਦਾ ਵੀ ਸਹਿਜੇ ਸਮਝ ਸਕਦਾ ਹੈ ਕਿ ਜਿਹੜਾ ਬੰਦਾ ਆਪਣੇ 'ਕੈਰੀਅਰ' ਨੂੰ ਸਵਾਰਨ ਵਾਸਤੇ ਇੰਜ 'ਤਰਲੇ' ਲੈਂਦਾ, ਲਗਾਤਾਰ 'ਤਰਲੋਮੱਛੀ' ਹੁੰਦਾ ਰਿਹਾ ਹੋਵੇ, ਉਹ 'ਨਕਸਲੀ' ਬਣ ਸਕਦਾ ਹੈ? ਉਨ੍ਹਾਂ ਨਾਲ ਕੋਈ ਸਾਂਝ ਰੱਖ ਸਕਦਾ ਹੈ?"

"ਤੁਸੀਂ ਇਹ ਵੀ ਜਾਣਦੇ ਹੋ ਕਿ ਕੋਈ ਨਕਸਲੀ ਜਦੋਂ ਇਸ ਖੇਤਰ ਵਿਚ ਕੁੱਦਦਾ ਹੋਵੇਗਾ ਤਾਂ ਉਹਦੇ ਸਾਹਮਣੇ ਉਹਨੂੰ ਆਪਣਾ ਕੋਈ ਨਿੱਜੀ ਅਤੇ ਪਰਿਵਾਰਕ ਮਕਸਦ ਹਰਗਿਜ਼ ਨਹੀਂ ਹੁੰਦਾ ਹੋਵੇਗਾ! ਜਿਹੜੇ ਜਾਨ ਦੀ ਬਾਜ਼ੀ ਲਾਉਣ ਤੁਲੇ ਹੋਣ, ਉਹ ਮੇਰੇ ਵਾਂਗ ਛੋਟੇ-ਛੋਟੇ ਮੁਫ਼ਾਦਾਂ ਵੱਲ ਨਹੀਂ ਵੇਖਦੇ। ਉਹ ਮੇਰੇ ਵਾਂਗ ਵਿਆਹ ਕਰਵਾ ਕੇ ਨਿਰੋਲ ਪਰਿਵਾਰਕ ਜੀਵਨ ਜਿਉਣ ਦੀ ਲਾਲਸਾ ਨਹੀਂ ਰੱਖਦੇ। ਉਨ੍ਹਾਂ ਨੂੰ ਮੇਰੇ ਵਾਂਗ ਆਪਣਾ ਅਤੇ ਆਪਣੇ ਪਰਿਵਾਰ ਦਾ ਫ਼ਿਕਰ ਨਹੀਂ ਹੁੰਦਾ।"

'ਹਮਦਰਦੀ ਬਟੋਰਨ' ਲਈ ਮੈਂ ਇਹ ਵੀ ਦੱਸਿਆ ਕਿ ਆਪਣੇ ਪਿਤਾ ਦੀ ਮੌਤ ਪਿੱਛੋਂ ਮੇਰੇ ਉਤੇ ਆਪਣੀ ਮਾਂ, ਚਾਰ ਭੈਣ-ਭਰਾਵਾਂ, ਆਪਣੀ ਪਤਨੀ ਅਤੇ ਹੁਣੇ ਜੰਮੀ ਧੀ ਦੀ ਜ਼ਿੰਮੇਵਾਰੀ ਹੈ। ਬੜਾ ਔਖਾ ਹੋ ਕੇ ਮੈਂ ਇਹ ਜ਼ਿੰਮੇਵਾਰੀ ਨਿਭਾ ਰਿਹਾ ਹਾਂ।

"ਮੇਰੇ ਵਰਗਾ ਪਰਿਵਾਰ ਦੀ ਜ਼ਿੰਮੇਵਾਰੀ ਦੇ ਬੋਝ ਹੇਠਾਂ ਦੱਬਿਆ, ਚੰਗੀ ਨੌਕਰੀ ਲਈ ਹਰ ਵੇਲੇ ਸੋਚਦੇ ਰਹਿਣ ਵਾਲਾ, 'ਸੁਖ-ਸੁਖਾਂ' ਵਾਲਾ ਪਰਿਵਾਰਕ ਜੀਵਨ ਜਿਉਣ ਦਾ ਤਲਬਗਾਰ, 'ਕੈਰੀਅਰਿਸਟ' ਬੰਦਾ ਨਕਸਲੀਆਂ ਵਰਗਾ ਆਪਾ-ਵਾਰੂ ਕਿਵੇਂ ਹੋ ਸਕਦਾ ਹੈ। ਨੌਜਵਾਨ ਭਾਰਤ ਸਭਾ ਦਾ ਕੰਮ ਤਾਂ ਆਮ ਸਾਧਾਰਨ ਜਿਹਾ ਸਮਾਜ-ਸੁਧਾਰ ਦਾ ਕੰਮ ਹੀ ਹੁੰਦਾ ਹੈ। ਉਹ ਕੰਮ ਕਰਨ ਵਿਚ ਮੈਨੂੰ ਕੋਈ ਕਾਨੂੰਨ ਵਿਰੋਧੀ ਗੱਲ ਨਜ਼ਰ ਨਹੀਂ ਆਉਂਦੀ। ਝਬਾਲ ਵਾਲੀ ਕਾਨਫਰੰਸ ਵਿਚ ਵੀ ਸਭਾ ਵਾਲਿਆਂ ਮੈਨੂੰ ਅਗਾਂਹ-ਵਧੂ ਲੇਖਕ ਵਜੋਂ ਕਾਨਫਰੰਸ ਦੀ ਪ੍ਰਧਾਨਗੀ ਕਰਨ ਦਾ ਸੱਦਾ ਦਿੱਤਾ ਤੇ ਮੈਂ ਪ੍ਰਵਾਨ ਕਰ ਲਿਆ। ਇਸ ਵਿਚ ਮੈਨੂੰ ਕੋਈ ਗ਼ਲਤ ਗੱਲ ਵੀ ਨਹੀਂ ਲੱਗਦੀ।"

ਲੱਗਾ, ਜਿਵੇਂ ਮੇਰੀਆਂ ਗੱਲਾਂ ਉਸ 'ਤੇ ਥੋੜ੍ਹਾ ਬਹੁਤਾ ਅਸਰ ਕਰ ਰਹੀਆਂ ਸਨ। ਇੱਕ ਪਲ ਚੁੱਪ ਰਹਿਣ ਪਿੱਛੋਂ ਉਸ ਨੇ ਆਖਿਆ, "ਵਰਿਆਮ ਸਿੰਹਾਂ! ਏਨਾ ਘੋਗਲ ਕੰਨਾਂ ਨਾ ਬਣ! ਤੈਨੂੰ ਭਲਾ ਪਤਾ ਨੀਂ ਕਿ ਨੌਜਵਾਨ ਭਾਰਤ ਸਭਾ ਨਕਸਲੀਆਂ ਦੀ ਜਥੇਬੰਦੀ ਹੈ?"

"ਹੱਛਾ ਜੀ!" ਮੈਂ ਸੱਚਮੁਚ 'ਘੋਗਲ-ਕੰਨਾਂ' ਬਣਦਿਆਂ ਕਿਹਾ, "ਮੈਨੂੰ ਤਾਂ ਇਸ ਗੱਲ ਦਾ ਪਤਾ ਨਹੀਂ ਜੀ! ਤੁਹਾਡੀ ਜਾਣਕਾਰੀ ਮੁਤਾਬਕ ਹੋ ਸਕਦਾ ਕਿ ਇਹ ਗੱਲ ਠੀਕ ਈ ਹੋਵੇ, ਪਰ ਮੇਰੇ ਨਾਲ ਤਾਂ ਇਨ੍ਹਾਂ ਕਦੀ ਵੀ ਇਹ ਜ਼ਾਹਿਰ ਨਹੀਂ ਕੀਤਾ ਕਿ ਇਹ ਨਕਸਲੀ ਵਿਚਾਰਧਾਰਾ ਵਾਲੇ ਲੋਕ ਨੇ! ਸਾਡੇ ਵਰਗਿਆਂ ਨੂੰ 'ਵਰਤਣ ਵਾਸਤੇ' ਹੋ ਸਕਦਾ ਹੈ ਕਿ ਇਹ ਭੇਤ ਸਾਡੇ ਅੱਗੇ ਖੋਲ੍ਹਦੇ ਹੀ ਨਾ ਹੋਣ। ਇਸ ਗੱਲੋਂ ਤੁਸੀਂ ਸੱਚੇ ਹੋ ਸਕਦੇ ਹੋ।"

"ਹੱਛਾ, ਤੂੰ ਮੈਨੂੰ ਨਿਰਮਲ ਬਾਰੇ ਦੱਸ। ਉਸ ਨੂੰ ਕਦੋਂ ਕੁ ਤੋਂ ਜਾਣਦਾ ਤੇ ਮਿਲਦਾ ਰਿਹਾ ਏਂ?" ਉਹ ਮੈਨੂੰ ਨਾਗੀ ਰੈਡੀ ਗਰੁੱਪ ਦੇ ਟਰੇਡ ਯੂਨੀਅਨ ਫਰੰਟ 'ਤੇ ਕੰਮ ਕਰਨ ਵਾਲੇ 'ਅੰਡਰ ਗਰਾਊਂਡ' ਆਗੂ ਦਾ 'ਗੁਪਤ-ਵਾਸ' ਵਾਲਾ ਨਾਮ ਲੈ ਕੇ ਪੁੱਛ ਰਿਹਾ ਸੀ। ਸ਼ਾਇਦ ਇਹ ਨਾਂ ਉਹਨੂੰ ਬਲਬੀਰ ਕੋਲੋਂ ਪਹਿਲਾਂ ਕੀਤੀ ਪੁੱਛ-ਗਿੱਛ ਵਿਚ ਪਤਾ ਲੱਗਾ ਹੋਵੇ।

"ਉਹਨੂੰ ਨਾ ਕਿਤੇ ਫੜ ਲਿਓ ਵਿਚਾਰੇ ਨੂੰ! ਉਹਦਾ ਤਾਂ ਬਿਲਕੁਲ ਹੀ ਕੋਈ ਕਸੂਰ ਨਹੀਂ। ਮੇਰੇ ਕਈ ਵਾਰ ਆਖਣ 'ਤੇ ਵੀ ਉਹ ਕਦੀ ਸਭਾ ਦੀ ਮੀਟਿੰਗ ਵਿਚ ਨਹੀਂ ਆਇਆ। ਮਾਪਿਆਂ ਦਾ ਇੱਕੋ-ਇੱਕ ਹੋਣਹਾਰ ਪੁੱਤ ਹੈ। ਬਿਲਕੁਲ ਹੀ ਬੇਕਸੂਰ।" ਮੈਂ 'ਨਿਰਮਲ' ਵਾਸਤੇ ਤਰਲਾ ਮਾਰਿਆ।

ਉਹ ਹੈਰਾਨ ਹੋ ਕੇ ਮੇਰੇ ਵੱਲ ਵੇਖਣ ਲੱਗਾ, "ਕਿਹਦੀ ਗੱਲ ਕਰਦਾ ਪਿਆ ਏਂ ਤੂੰ?"

"ਜੀ ਆਪਣੇ ਪਿੰਡ ਦੇ ਰਾਮਗੜ੍ਹੀਆਂ ਦੇ ਮੁੰਡੇ ਦੀ। ਬਹੁਤ ਹੀ ਸ਼ਰੀਫ਼ ਏ ਜੀ।" ਮੈਂ ਸੱਚਮੁੱਚ 'ਘੋਗਲ-ਕੰਨਾਂ' ਬਣ ਗਿਆ ਸਾਂ! ਉਹ ਮੇਰੇ 'ਭੋਲੇਪਨ' 'ਤੇ ਹੱਸ ਪਿਆ।

"ਸੱਚੀ ਗੱਲ ਏ, ਉਹ ਤੈਨੂੰ ਵਰਤਦੇ ਈ ਰਹੇ ਲੱਗਦੇ ਨੇ ਤੇ ਵਰਤੀ ਜਾਂਦੇ ਨੇ। ਤੈਨੂੰ ਕੋਈ ਪਤਾ ਨਹੀਂ।"

ਕੀ ਉਹ ਇਹ ਗੱਲ ਸੱਚਮੁਚ 'ਅੰਦਰੋਂ' ਮੰਨ ਗਿਆ ਸੀ?

"ਉਂਜ ਮੇਰਾ ਮਨ ਮੰਨਣ 'ਚ ਨਹੀਂ ਸੀ ਆ ਰਿਹਾ। ਤੈਨੂੰ ਭਲਾ ਪਤਾ ਕਿਉਂ ਨਾ ਹੋਊ! ਏਨਾ ਪੜ੍ਹਿਆ ਲਿਖਿਆ ਬੰਦਾ! ਸਾਰੀ ਰਾਜਨੀਤੀ ਜਾਣਦਾ-ਸਮਝਦਾ। ਅਖੇ, ਮੈਨੂੰ ਪਤਾ ਨਹੀਂ ਕਿ ਨੌਜਵਾਨ ਭਾਰਤ ਸਭਾ ਨਕਸਲੀਆਂ ਦੀ ਜਥੇਬੰਦੀ ਹੈ ਜਾਂ ਨਹੀਂ? ਵਾਹ! ਜੀ ਵਾਹ! ਚਲੋ ਕੋਈ ਨਹੀਂ, ਦਿਨ ਚੜ੍ਹ ਲੈਣ ਦੇ। ਤੇਰਾ ਸਾਰਾ ਝੂਠ-ਸੱਚ ਚਾਨਣ 'ਚ ਆ ਜਾਣਾ ਏਂ।"

ਉਹਨੇ ਧਮਕੀ ਵੀ ਦਿੱਤੀ ਅਤੇ ਨਾਲ ਹੀ ਕਿਹਾ, "ਚੱਲਾਂ ਯਾਰ! ਕਿਸੇ ਨੂੰ ਪਤਾ ਲੱਗਾ ਤਾਂ ਆਖੂ ਕਿ ਮੈਂ ਰਾਤ ਨੂੰ ਤੇਰੇ ਨਾਲ ਕਿਉਂ ਗੱਲੀਂ ਲੱਗਾ ਹੋਇਆਂ। ਇਹਦੇ ਬੜੇ ਵੱਖਰੇ ਅਰਥ ਵੀ ਲਏ ਜਾ ਸਕਦੇ ਨੇ 'ਕੱਲਿਆਂ ਮਿਲਣ ਦੇ।"


ਇਹ ਗੱਲ ਠੀਕ ਵੀ ਸੀ। ਵੱਡੇ ਸਮਗਲਰਾਂ ਜਾਂ ਪਹੁੰਚ ਵਾਲੇ ਦੋਸ਼ੀਆਂ ਦੇ ਰਿਸ਼ਤੇਦਾਰ ਇਹ ਖ਼ਬਰ ਕਢਵਾ ਲੈਂਦੇ ਕਿ 'ਉਨ੍ਹਾਂ ਦਾ ਬੰਦਾ' ਪੁੱਛ-ਗਿੱਛ ਲਈ ਕਿਸ ਅਫ਼ਸਰ ਨੂੰ ਸੌਂਪਿਆ ਗਿਆ ਸੀ। ਫਿਰ ਉਹ ਬਾਹਰੋ-ਬਾਹਰ ਅਫ਼ਸਰ ਤੀਕ 'ਪਹੁੰਚ' ਕਰ ਕੇ, 'ਦੇ-ਦਿਵਾ ਕੇ' ਆਪਣੇ ਬੰਦੇ ਨੂੰ ਫੁੱਲ ਦੀ ਵੀ ਨਾ ਲੱਗਣ ਦਿੰਦੇ।

ਮੈਂ ਅੰਦਰੇ-ਅੰਦਰ ਸੁਖ ਦਾ ਸਾਹ ਲਿਆ। ਕਿਤੇ-ਕਿਤੇ ਮੈਨੂੰ ਇਹ ਲੱਗਦਾ ਕਿ ਅਜਿਹਾ ਸੋਚਣਾ ਸ਼ਾਇਦ ਮੇਰੀ ਭੁੱਲ ਹੀ ਹੈ, ਤਦ ਵੀ ਮੇਰਾ ਮਨ ਅੰਦਰੋਂ ਗਵਾਹੀ ਦਿੰਦਾ ਕਿ ਮੈਂ ਉਹਨੂੰ 'ਨਕਸਲੀ ਨਾ ਹੋਣ' ਵਾਲੀ ਗੱਲ ਬਹੁਤ ਹੱਦ ਤੱਕ ਮਨਾ ਲਈ ਸੀ, ਪਰ ਸਵੇਰੇ ਕੀ ਪਤਾ, ਮੇਰੀ ਪੁੱਛ-ਗਿੱਛ ਕਿਹੜੇ ਅਫ਼ਸਰ ਨੇ ਕਰਨੀ ਸੀ। ਹੁਣ ਮੈਂ ਚਾਹ ਰਿਹਾ ਸਾਂ ਕਿ ਇਹੋ ਅਫ਼ਸਰ ਹੀ ਮੇਰੀ ਪੁੱਛ-ਗਿੱਛ 'ਤੇ ਲੱਗੇ। ਘੱਟੋ-ਘੱਟ ਇਸ ਨਾਲ 'ਮੁੱਢਲੀ ਭੂਮਿਕਾ' ਤਾਂ ਬੱਝ ਗਈ ਸੀ।

*ਪੰਜਾਬ ਵਿਚ ਪਿਛਲੀ ਸਦੀ ਦੇ ਆਖਰੀ ਪਹਿਰ ਦੌਰਾਨ ਡੇਢ-ਦੋ ਦਹਾਕੇ ਝੁੱਲੀ ਹਿੰਸਾ, ਬੇਵਸਾਹੀ ਅਤੇ ਖੌਫ ਦੀ ਹਨੇਰੀ ਦੀਆਂ ਬਹੁਤ ਸਾਰੀਆਂ ਪਰਤਾਂ ਅਜੇ ਵੀ ਅਣਫੋਲੀਆਂ ਪਈਆਂ ਹਨ। ਉਨ੍ਹਾਂ ਵਕਤਾਂ ਬਾਰੇ ਕੋਈ ਨਾ ਕੋਈ ਕਹਾਣੀ, ਕਿਸੇ ਨਾ ਕਿਸੇ ਸੰਸਥਾ ਜਾਂ ਸ਼ਖਸ ਰਾਹੀਂ ਆਵਾਮ ਤੱਕ ਲਗਾਤਾਰ ਪੁੱਜ ਰਹੀ ਹੈ। ਹਾਲ ਹੀ ਵਿਚ ਬਦਨਾਮ ਪੁਲਿਸ ਕੈਟ ਗੁਰਮੀਤ ਸਿੰਘ ਪਿੰਕੀ ਨੇ ਆਪਣੇ ਆਕਾਵਾਂ ਦੀ ਬੇਰੁਖੀ ਤੋਂ ਖਫਾ ਹੋ ਕੇ ਉਸ ਦੌਰ ਬਾਰੇ ਕੁਝ ਸੱਚ ਸਾਹਮਣੇ ਲਿਆਉਣ ਦਾ ਦਾਅਵਾ ਕੀਤਾ ਹੈ। ਇਸ ਪ੍ਰਸੰਗ ਵਿਚ ਚਲਦੇ-ਫਿਰਦੇ ਇਤਿਹਾਸ ਅਤੇ ਉਸ ਦੌਰ ਨਾਲ ਡੂੰਘੇ ਜੁੜੇ ਰਹੇ ਪੱਤਰਕਾਰ ਗੁਰਦਿਆਲ ਸਿੰਘ ਬੱਲ ਨੇ ਲੰਮਾ ਲੇਖ 'ਪੰਜਾਬ ਟਾਈਮਜ਼' ਨੂੰ ਭੇਜਿਆ ਹੈ। ਇਸ ਲੇਖ ਵਿਚ ਉਸ ਵਕਤ ਵੱਖ-ਵੱਖ ਰੂਪ ਅਖਤਿਆਰ ਕਰ ਰਹੀਆਂ ਘਟਨਾਵਾਂ ਦੇ ਵੱਖ-ਵੱਖ ਪੱਖ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਇਨ੍ਹਾਂ ਪੱਖਾਂ ਬਾਰੇ ਕਿਸੇ ਦੀ ਵੀ ਸਹਿਮਤੀ ਜਾਂ ਅਸਹਿਮਤੀ ਹੋ ਸਕਦੀ ਹੈ, ਜਾਂ ਕੋਈ ਵੱਖਰਾ ਜ਼ਾਵੀਆ ਵੀ ਸੰਭਵ ਹੈ, ਪਰ ਇਸ ਲਿਖਤ ਤੋਂ ਉਨ੍ਹਾਂ ਵਕਤਾਂ ਵਿਚ ਮੱਚੇ ਘਮਸਾਨ ਉਤੇ ਭਰਵੀਂ ਝਾਤ ਜ਼ਰੂਰ ਪਾਈ ਗਈ ਹੈ। -ਸੰਪਾਦਕ*

# ਗੁਰਮੀਤ ਪਿੰਕੀ ਦੀਆਂ 'ਚਿੰਘਾੜਾਂ' ਦੇ ਪ੍ਰਸੰਗ

## ਹਿੰਸਾ ਪ੍ਰਤੀ-ਹਿੰਸਾ ਅਤੇ ਸਿਆਸਤ ਦੀਆਂ ਸਿਮਰਤੀਆਂ



ਗੁਰਦਿਆਲ ਸਿੰਘ ਬੱਲ

ਗੁਰਮੀਤ ਸਿੰਘ ਪਿੰਕੀ ਵੱਲੋਂ ਸਿੱਖ ਖਾੜਕੂ ਲਹਿਰ ਦੌਰਾਨ ਸੁਰੱਖਿਆ ਬਲਾਂ ਦੀਆਂ ਵਧੀਕੀਆਂ ਅਤੇ ਝੂਠੇ ਪੁਲਿਸ ਮੁਕਾਬਲਿਆਂ ਬਾਰੇ ਕੀਤੇ ਗਏ ਸਨਸਨੀਖੇਜ਼ ਪ੍ਰਗਟਾਵਿਆਂ ਨੇ ਸਿੱਖ ਭਾਈਚਾਰੇ ਨੂੰ ਝਟਕੇ ਤਾਂ ਦਿੱਤੇ ਹੀ ਹਨ, ਹਿੰਸਾ ਪ੍ਰਤੀ-ਹਿੰਸਾ ਦੀ ਸਾਰਥਿਕਤਾ ਨੂੰ ਵੀ ਚਰਚਾ ਅਧੀਨ ਲਿਆ ਦਿਤਾ ਹੈ। ਪਿੰਕੀ ਮੁਤਾਬਕ, ਉਸ ਨੇ ਜੋ ਕੀਤਾ, ਉਸ ਦੀ ਸਜ਼ਾ ਬਥੇਰੀ ਪਾ ਲਈ; ਅੱਗੇ ਜੋ ਹੋਣਾ ਹੈ, ਉਸ ਨੂੰ ਕੋਈ ਪ੍ਰਵਾਹ ਨਹੀਂ, ਪਰ ਪੰਜਾਬ ਅੰਦਰ ਡੇਢ-ਦੋ ਦਹਾਕੇ ਜੋ ਘਮਸਾਣ ਮੱਚਿਆ, ਜਿਸ ਦਾ ਉਹ ਚਸ਼ਮਦੀਦ ਗਵਾਹ ਹੈ, ਦੇ ਝੂਠ-ਸੱਚ ਦਾ ਨਿਤਾਰਾ ਜਰੂਰ ਹੋਣਾ ਚਾਹੀਦਾ ਹੈ।

ਪਿੰਕੀ 1987 ਵਿਚ ਪੰਜਾਬ ਪੁਲਿਸ ਵਿਚ ਭਰਤੀ ਹੋਇਆ। ਵਕਤ ਦੇ ਤਕਾਜ਼ੇ ਮੁਤਾਬਕ, ਜਾਨ ਜੋਖੋਂ ਵਿਚ ਪਾ ਕੇ ਕੰਮ ਕਰਨ ਬਦਲੇ ਦੋ ਕੁ ਵਰ੍ਹਿਆਂ ਵਿਚ ਪਹਿਲਾਂ ਉਹ ਏ.ਐਸ.ਆਈ ਅਤੇ ਜਲਦੀ ਹੀ ਇੰਸਪੈਕਟਰ ਬਣ ਗਿਆ। ਇਕੱਲੇ ਲੁਧਿਆਣਾ ਜ਼ਿਲ੍ਹੇ ਵਿਚ ਹੀ ਨਹੀਂ, ਸਗੋਂ ਮੁਲਕ ਭਰ ਵਿਚ ਖਾੜਕੂਆਂ ਵਿਰੁਧ ਚੱਲੇ ਓਪਰੇਸ਼ਨਾਂ ਦਾ ਉਹ ਧੁਰਾ ਸੀ। ਆਪਣੀ ਦਲੇਰੀ ਸਦਕਾ ਉਸ ਨੂੰ ਅਨੇਕਾਂ ਮਾਣ ਸਨਮਾਨ ਮਿਲੇ, ਪਰ ਇਸੇ ਕਾਰਨ ਉਹ ਈਰਖਾ ਤੇ ਸਾੜੇ ਦਾ ਕੇਂਦਰ ਵੀ ਬਣਿਆ। ਪਹਿਲੀ ਵਾਰ ਉਸ ਦਾ ਨਾਂ ਅਗਸਤ 1991 ਵਿਚ ਸੁਮੇਧ ਸੈਣੀ 'ਤੇ ਹੋਏ ਹਮਲੇ ਦੇ ਬਦਲੇ ਵਜੋਂ ਰੋਪੜ ਜ਼ਿਲ੍ਹੇ ਅੰਦਰ ਉਘੇ ਖਾੜਕੂ ਬਲਵਿੰਦਰ ਸਿੰਘ ਜਟਾਣਾ ਦੇ ਪਰਿਵਾਰ ਦੀ ਹੱਤਿਆ ਕਰਕੇ ਚਰਚਾ ਵਿਚ ਆਇਆ, ਜਿਸ ਲਈ (ਖੁਦ ਉਸ ਦੇ ਦੱਸਣ ਅਨੁਸਾਰ) ਉਹ ਨਹੀਂ, ਬਲਕਿ ਨਿਹੰਗ ਮੁਖੀ ਅਜੀਤ ਸਿੰਘ ਪੂਹਲਾ ਜ਼ਿੰਮੇਵਾਰ ਸੀ।

1992 ਦੀਆਂ ਚੋਣਾਂ ਤਕ ਪੰਜਾਬ ਦੇ ਲੋਕ, ਪੁਲਿਸ ਅਤੇ ਖਾੜਕੂਆਂ ਦੀਆਂ ਵਧੀਕੀਆਂ ਕਾਰਨ ਤਰਾਹ-ਤਰਾਹ ਕਰ ਉਠੇ ਸਨ। ਖਾੜਕੂਆਂ ਦੇ ਸਲਾਹਕਾਰ ਲੋਕਾਂ ਦੇ ਮਨ ਪੜ੍ਹ ਨਾ ਸਕੇ, ਉਨ੍ਹਾਂ ਚੋਣਾਂ ਦਾ ਬਾਈਕਾਟ ਕਰਵਾ ਦਿਤਾ। ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਸਾਥੀ ਸਮਾਂ ਵਿਚਾਰਦਿਆਂ ਚੋਣ ਮੈਦਾਨ ਵਿਚੋਂ ਪਾਸੇ ਹੋ ਗਏ। ਸ. ਬੇਅੰਤ ਸਿੰਘ ਦੀ ਅਗਵਾਈ ਹੇਠ ਕਾਂਗਰਸ ਲਈ ਮੈਦਾਨ ਸਾਫ ਹੋ ਗਿਆ। ਕੇਂਦਰ ਸਰਕਾਰ ਨੇ ਪੁਲਿਸ ਮੁਖੀ ਵਜੋਂ ਕੇ.ਪੀ.ਐਸ. ਗਿੱਲ ਨੂੰ ਪਹਿਲਾਂ ਹੀ ਤੈਨਾਤ ਕਰ ਦਿਤਾ ਸੀ। ਗਿੱਲ ਤੇ ਬੇਅੰਤ ਸਿੰਘ ਦੀ ਤਾਰ ਜੁੜ ਗਈ ਅਤੇ ਆਮ ਲੋਕਾਂ ਦੇ ਰੌਂਅ ਦਾ ਵੀ ਉਨ੍ਹਾਂ ਨੂੰ ਪੂਰਾ ਪਤਾ ਸੀ। ਸਖਤੀ ਦਾ ਦੌਰ ਚਲਾਉਣ ਦੇ ਮਾਮਲੇ ਵਿਚ ਉਨ੍ਹਾਂ ਕੋਈ ਢਿੱਲ ਨਾ ਕੀਤੀ। ਸਾਲ ਦੇ ਅੰਦਰ-ਅੰਦਰ ਲਹਿਰ 'ਤੇ ਕਾਬੂ ਪਾ ਲਿਆ, ਪਰ ਪਲਟ ਵਾਰ ਕਰਦਿਆਂ ਖਾੜਕੂ 31 ਅਗਸਤ, 1995 ਨੂੰ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਕਰਨ ਵਿਚ ਸਫਲ ਹੋ ਗਏ। ਇਸ ਕੇਸ ਵਿਚ ਬੱਬਰ ਖਾਲਸਾ ਦੇ ਖਾੜਕੂ ਜਗਤਾਰ ਸਿੰਘ ਹਵਾਰਾ ਨੂੰ ਫੜਨ ਦੀ ਮੁਹਿੰਮ ਵਿਚ ਗੁਰਮੀਤ ਸਿੰਘ ਪਿੰਕੀ ਮੋਹਰੀ ਸੀ। ਦੋ ਕੁ ਵਰ੍ਹੇ ਪਿੱਛੋਂ ਖਾੜਕੂ ਲਹਿਰ ਦੇ ਮੁੱਖ ਜਰਨੈਲਾਂ-ਭਾਈ ਦਲਜੀਤ ਸਿੰਘ ਬਿੱਟੂ ਤੇ ਗੁਰਨਾਮ ਸਿੰਘ ਗਾਮੇ ਦੀ ਛੁਪਣਗਾਹ 'ਤੇ ਜਾ ਕੇ ਉਨ੍ਹਾਂ ਨੂੰ ਵੀ ਸਭ ਤੋਂ ਪਹਿਲਾਂ ਹੱਥ ਪਿੰਕੀ ਨੇ ਹੀ ਪਾਇਆ। ਇਹ ਸਭ ਗੱਲਾਂ ਉਹੀ ਹਨ ਜੋ ਪੁਲਿਸ ਵਿਭਾਗ 'ਚ ਉਚ ਅਹੁਦਿਆਂ 'ਤੇ ਬੈਠੇ ਆਪਣੇ ਆਕਾਵਾਂ ਦੀ 'ਬੇਵਫਾਈ' ਤੋਂ ਹਤਾਸ਼ ਹੋ ਕੇ ਉਹ ਦੁਨੀਆਂ ਭਰ ਵਿਚ ਅਨੇਕਾਂ ਚੈਨਲਾਂ 'ਤੇ ਸੁਣਾ ਚੁੱਕਾ ਹੈ।

1997 ਦੀਆਂ ਚੋਣਾਂ ਜਿੱਤ ਕੇ ਸ. ਪ੍ਰਕਾਸ਼ ਸਿੰਘ ਬਾਦਲ ਤੀਜੀ ਵਾਰ ਮੁੱਖ ਮੰਤਰੀ ਬਣੇ। ਅਗਲੇ ਚਾਰ ਵਰ੍ਹੇ ਪਿੰਕੀ ਦੀ ਕਿਸੇ ਨੂੰ ਖ਼ਬਰ ਨਹੀਂ ਸੀ, ਪਰ 2001 ਚੜ੍ਹਦਿਆਂ ਹੀ ਕਿਸਮਤ ਦੇ ਕੁੱਤਿਆਂ ਨੇ ਉਸ ਦੀ ਪੈੜ ਜਾ ਨੱਪੀ, ਜਦੋਂ 7 ਜਨਵਰੀ ਦੀ ਰਾਤ ਲੁਧਿਆਣੇ ਗੋਲਾ ਨਾਂ ਦੇ ਨੌਜਵਾਨ ਦੀ ਹੱਤਿਆ ਦੇ ਕੇਸ ਵਿਚ ਉਸ ਦਾ ਨਾਂ ਟਾਂਕ ਹੋ ਗਿਆ। ਇਸ ਕੇਸ ਵਿਚ ਉਸ ਨੂੰ ਸਜ਼ਾ ਹੋ ਗਈ ਅਤੇ ਕਈ ਵਰ੍ਹੇ ਕੈਦ ਕੱਟ ਕੇ ਅਗਸਤ 2014 ਵਿਚ ਉਹ ਬਾਹਰ ਆਇਆ। ਉਸ ਦੀ ਰਿਹਾਈ ਵਾਦ-ਵਿਵਾਦ ਦਾ ਵਿਸ਼ਾ ਬਣੀ ਰਹੀ।

ਅਸੀਂ ਉਦੋਂ ਪਿੰਕੀ ਦੇ ਨਾਲ ਹੀ ਚੰਡੀਗੜ੍ਹ 'ਚ 1987 ਵਿਚ ਦਿਨ-ਦਿਹਾੜੇ ਉਘੇ ਖਾੜਕੂ ਕੇ.ਸੀ. ਸ਼ਰਮਾ ਨੂੰ ਮਾਰ ਕੇ ਪਨਾਹ ਲੈਣ ਲਈ ਤਤਕਾਲੀ ਡੀ.ਜੀ.ਪੀ. ਰਿਬੈਰੋ ਦੀ ਕੋਠੀ ਵਿਚ ਜਾ ਵੜਨ ਵਾਲੇ ਦਲਬੀਰੇ 'ਕੈਟ', ਅੰਮ੍ਰਿਤਸਰ ਜ਼ਿਲ੍ਹੇ ਵਿਚ 'ਆਲਮ ਸੈਨਾ' ਦੇ 'ਕਮਾਂਡਰ' ਸੰਤੋਖ ਕਾਲੇ ਅਤੇ ਬਟਾਲਾ-ਗੁਰਦਾਸਪੁਰ ਦੇ ਦੰਤ ਕਥਾਈ 'ਪੁਲਿਸ ਕੈਟ' ਲੱਖੇ ਮੂਰਤੀ ਦੇ ਹਵਾਲੇ ਨਾਲ ਉਨ੍ਹਾਂ ਸਮਿਆਂ ਦੇ 'ਬਲੈਕ ਕੈਟ' ਵਰਤਾਰੇ ਬਾਰੇ ਲਿਖਿਆ ਸੀ ਅਤੇ ਤਵੱਕੋ ਕੀਤੀ ਸੀ ਕਿ ਸ਼ਾਇਦ ਉਸ ਹੋ-ਹੱਲੇ ਦੇ ਨਤੀਜੇ ਵਜੋਂ ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਖਾਹਮਖਾਹ ਜੇਲ੍ਹਾਂ ਵਿਚ ਬੰਦ ਬੈਠੇ ਹੋਰ ਲੋਕਾਂ ਦੀ ਵੀ ਸੁਣੀ ਜਾਵੇਗੀ।

ਹੁਣ ਕੁਝ ਕੁ ਸਮੇਂ ਤੋਂ ਪਿੰਕੀ ਮੁੜ ਚਰਚਾ ਵਿਚ ਹੈ।

ਇਸ ਵਰਤਾਰੇ ਦੀ ਤਹਿ ਤਕ ਪੁੱਜਣ ਲਈ ਅਕਾਲੀ ਸੱਤਾ ਸਿਆਸਤ ਅੰਦਰ ਮਰਹੂਮ ਗੁਰਚਰਨ ਸਿੰਘ ਟੌਹੜਾ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਭੂਮਿਕਾ ਤਾਂ ਧਿਆਨ ਵਿਚ ਰਹੇ ਹੀ, ਨਾਲ ਹੀ ਗਿਆਨੀ ਜੈਲ ਸਿੰਘ, ਸੰਤ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਜੀਵਨ ਸਿੰਘ ਉਮਰਾਨੰਗਲ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸੀਨੀਅਰ ਪੱਤਰਕਾਰ ਦਲਬੀਰ ਸਿੰਘ ਵਰਗੇ ਸਲਾਹਕਾਰਾਂ, ਪੱਤਰਕਾਰ ਕਰਮਜੀਤ ਸਿੰਘ, ਕੇ.ਪੀ.ਐਸ. ਗਿੱਲ, ਕੇਂਦਰੀ ਮੰਤਰੀ ਬੂਟਾ ਸਿੰਘ ਅਤੇ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਜਸਵੰਤ ਸਿੰਘ ਖਾਲੜਾ ਦੇ ਪੈਂਤੜਿਆਂ ਦੀ ਵੀ ਚਰਚਾ ਜ਼ਰੂਰ ਹੋਵੇ। ਨਾਲ ਹੀ ਗਵਾਂਢੀ ਮੁਲਕਾਂ ਵਿਚੋਂ ਘੱਟੋ-ਘੱਟ ਕਿਸੇ ਇਕ ਦੀ ਐਸੀ ਹੀ ਸਥਿਤੀ ਵੀ ਹਰ ਹਾਲ ਵਿਚ ਵਿਚਾਰ ਅਧੀਨ ਲਿਆਂਦੀ ਜਾਵੇ।

ਹੁਣ ਸਵਾਲ ਹੈ ਕਿ ਗੁਰਮੀਤ ਪਿੰਕੀ ਦੇ ਇੰਕਸ਼ਾਫਾਂ ਦਾ ਅਰਥ ਕੀ ਹੈ, ਇਨ੍ਹਾਂ ਨੂੰ ਕਿੰਜ ਸਮਝਿਆ ਜਾਵੇ।

000

ਹਿੰਸਾ ਪ੍ਰਤੀ-ਹਿੰਸਾ, ਪੁਲਿਸ ਵਧੀਕੀਆਂ ਜਾਂ ਮਾਨਵੀ ਅਧਿਕਾਰਾਂ ਦੀ ਉਲੰਘਣਾ ਅਜਿਹੇ ਮੁੱਦੇ ਹਨ ਜੋ ਮਨੁੱਖ ਦੇ ਸਭਿਆ ਹੋਣ ਨਾਲ ਹੋਣੇ ਤਾਂ ਖਤਮ ਚਾਹੀਦੇ ਸਨ, ਪਰ ਹੋਇਆ ਇਹ ਕਿ ਕੀ ਰੂਸ, ਕੀ ਚੀਨ, ਭਾਰਤ, ਪਾਕਿਸਤਾਨ, ਅਫਰੀਕਾ ਜਾਂ ਲਾਤੀਨੀ ਅਮਰੀਕਾ-ਸਭ ਥਾਂਈਂ ਇਹ ਸਿਰਦਰਦੀ ਦਾ ਬਾਇਸ ਬਣੇ ਹੋਏ ਹਨ! ਸਵਾਲਾਂ ਦਾ ਸਵਾਲ ਸਰਕਾਰਾਂ ਵਿਰੁੱਧ ਆਪਣੇ ਹੱਕਾਂ ਲਈ ਲੜ ਰਹੇ ਲੋਕਾਂ ਦੀ ਹਿੰਸਾ ਅਤੇ ਸਰਕਾਰੀ ਧਿਰਾਂ ਦੀ ਮੋੜਵੀਂ ਹਿੰਸਾ ਦੇ ਉਲਾਰ ਤਨਾਸਬ ਦਾ ਹੀ ਨਹੀਂ, ਇਸ ਗੱਲ ਦਾ ਵਧੇਰੇ ਹੈ ਕਿ ਸੱਚ-ਝੂਠ ਦਾ ਨਿਤਾਰਾ ਕਿਨ੍ਹਾਂ ਕਦਰਾਂ ਦੇ ਆਧਾਰ 'ਤੇ ਕੀਤਾ ਜਾਵੇ?

ਜਸਵੰਤ ਸਿੰਘ ਖਾਲੜਾ ਖਾੜਕੂ ਲਹਿਰ ਦੌਰਾਨ ਬੇਪਛਾਣ ਲਾਸ਼ਾਂ ਦਾ ਕੇਸ ਕੌਮਾਂਤਰੀ ਪੱਧਰ 'ਤੇ ਉਠਾਉਣ ਕਰਕੇ ਮਾਨਵ ਅਧਿਕਾਰਾਂ ਦੀ ਰਾਖੀ ਲਈ ਸੰਘਰਸ਼ ਦਾ ਪ੍ਰਤੀਕ ਬਣ ਗਿਆ ਹੋਇਆ ਹੈ। ਉਸ ਦੀ ਜ਼ਿੰਦਗੀ ਦੇ ਆਖਰੀ ਦੋ-ਤਿੰਨ ਵਰ੍ਹਿਆਂ ਦੌਰਾਨ ਉਸ ਨਾਲ ਮੁਲਾਕਾਤਾਂ ਅਕਸਰ ਹੁੰਦੀਆਂ ਰਹੀਆਂ ਅਤੇ ਇਨ੍ਹਾਂ ਮੁਲਾਕਾਤਾਂ ਸਮੇਂ ਇਕ ਵਾਰੀ ਨਹੀਂ, ਅਨੇਕ ਵਾਰੀ 70ਵਿਆਂ 'ਚ ਬਾਦਲ ਸਰਕਾਰ ਸਮੇਂ ਬਾਬਾ ਬੂਝਾ ਸਿੰਘ ਵਰਗੇ ਬਜ਼ੁਰਗ ਆਗੂ, ਤੇ ਫਿਰ ਖਾੜਕੂ ਸਿੱਖ ਸੰਘਰਸ਼ ਦੇ ਸ਼ੁਰੂਆਤੀ ਦੌਰ ਵਿਚ ਹੀ ਭਾਈ ਕੁਲਵੰਤ ਸਿੰਘ ਨਾਗੋਕੇ ਦੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਜਾਣ ਨਾਲ ਸਬੰਧਤ ਇਖ਼ਲਾਕੀ ਪਹਿਲੂਆਂ 'ਤੇ ਅਕਸਰ ਗੱਲਬਾਤ ਹੁੰਦੀ ਰਹੀ।

ਕੇਰਾਂ ਗੱਲ ਨਕਸਲੀ ਨਾਇਕ ਤਰਸੇਮ ਬਾਵਾ ਦੀ ਝੂਠੇ ਮੁਕਾਬਲੇ ਵਿਚ ਸ਼ਹਾਦਤ ਦੀ ਹੋ ਰਹੀ ਸੀ। ਬਾਵੇ ਉਪਰ ਸੁਤੰਤਰ ਪਾਰਟੀ ਦੇ ਵਿਧਾਇਕ ਬਸੰਤ ਸਿੰਘ ਨੂੰ ਵਿਸ਼ਵਾਸ ਵਿਚ ਲੈ ਕੇ ਮਾਰਨ ਦਾ ਦੋਸ਼ ਸੀ। ਬਾਵੇ ਦੀ ਕਾਰਵਾਈ ਦੀ ਸਾਰਥਿਕਤਾ 'ਤੇ ਮੈਨੂੰ ਬੁਨਿਆਦੀ ਸੰਦੇਹ ਸੀ, ਜਦੋਂ ਕਿ ਖਾਲੜਾ ਅਨੁਸਾਰ ਬਾਵਾ ਸੱਚਾ-ਸੁੱਚਾ ਸ਼ਹੀਦ ਸੀ ਅਤੇ ਉਸ ਦੇ ਐਕਸ਼ਨ ਵਿਚ ਕੋਈ ਗਲਤ ਗੱਲ ਨਹੀਂ ਸੀ। ਅਖੇ, ਜਿੱਥੇ ਕਿਤੇ ਵੀ ਅੜਿੱਕੇ ਆਉਣ, 'ਜਮਾਤੀ ਦੁਸ਼ਮਣ' ਦਾ ਸਫਾਇਆ ਕਰ ਦੇਣ ਦੀ ਉਦੋਂ ਪਾਰਟੀ ਦੀ ਲਾਈਨ ਸੀ।

ਖਾੜਕੂ ਸਿੱਖ ਲਹਿਰ ਦੌਰਾਨ ਝੂਠੇ ਪੁਲਿਸ ਮੁਕਾਬਲੇ 'ਚ ਮਾਰੇ ਗਏ ਭਾਈ ਕੁਲਵੰਤ ਸਿੰਘ ਨਾਗੋਕੇ ਨਾਂ ਦੇ ਸਭ ਤੋਂ ਪਹਿਲੇ ਸ਼ਹੀਦ ਅਤੇ ਉਸ ਨਾਲ ਸਬੰਧਤ ਬਾਅਦ ਦੇ ਘਟਨਾਕ੍ਰਮ ਬਾਰੇ ਵੀ ਖਾਲੜਾ ਨਾਲ ਬਾਹਲੀ ਸਹਿਮਤੀ ਨਹੀਂ ਸੀ। ਦਰਅਸਲ, ਖਾਲੜਾ ਨੂੰ ਭਾਈ ਨਾਗੋਕੇ ਬਾਰੇ ਕੁਝ ਪਤਾ ਨਹੀਂ ਸੀ-ਸਿਵਾਏ ਇਸ ਦੇ ਕਿ ਪੁਲਿਸ ਨੇ ਅੰਮ੍ਰਿਤਧਾਰੀ ਹੋਣ ਕਰ ਕੇ ਉਸ ਨੂੰ ਐਵੇਂ ਕਿਸੇ ਸ਼ੱਕ ਦੀ ਬਿਨਾ 'ਤੇ ਸਿੱਖਾਂ ਵਿਚ ਦਹਿਸ਼ਤ ਫੈਲਾਉਣ ਲਈ ਮਾਰ ਦਿੱਤਾ ਸੀ। ਕਹਾਣੀ ਇੰਨੀ ਸਰਲ ਨਹੀਂ ਸੀ, ਬਲਕਿ ਤੰਦਾਂ 1978 ਦੀ ਵਿਸਾਖੀ ਵਾਲੇ ਨਿਰੰਕਾਰੀ ਕਾਂਡ ਅਤੇ ਉਸ ਦਿਨ ਭਾਈ ਫ਼ੌਜਾ ਸਿੰਘ ਦੀ ਸ਼ਹੀਦੀ ਦੇ ਬਦਲੇ ਨਾਲ ਜੁੜੀਆਂ ਹੋਈਆਂ ਸਨ। ਭਾਈ ਨਾਗੋਕੇ ਅਤੇ ਉਨ੍ਹਾਂ ਦੇ 10-12 ਹੋਰ ਸਾਥੀਆਂ ਨੇ ਫ਼ੌਜਾ ਸਿੰਘ ਦੀ ਪਤਨੀ ਅਮਰਜੀਤ ਕੌਰ ਦੇ ਥਾਪੜੇ ਨਾਲ ਬਦਲਾ ਲੈਣ ਲਈ ਪੰਜਾਬ ਵਿਚ ਨਿਰੰਕਾਰੀਆਂ ਨੂੰ ਸੋਧਣ ਲਈ ਚੱਕਰਵਰਤੀ ਜਥਾ ਬਣਾ ਲਿਆ ਸੀ ਜਿਸ ਨੇ ਜਥੇ ਵਲੋਂ ਆਪਣੀ ਮੁਹਿੰਮ ਦਾ ਸ੍ਰੀਗਣੇਸ਼ ਅਪਰੈਲ-ਮਈ 1982 ਵਿਚ ਅਨੰਦਪੁਰ ਸਾਹਿਬ ਵਿਖੇ ਨਿਰੰਕਾਰੀ ਰੁਕਨ ਸ਼ਾਦੀ ਲਾਲ ਆਗਰਾ ਦੀ ਹੱਤਿਆ ਨਾਲ ਕਰ ਦਿਤਾ ਸੀ। ਪੁਲਿਸ ਨੇ ਜਲਦੀ ਹੀ ਜਥੇ ਦੇ ਸਾਰੇ ਮੈਂਬਰਾਂ ਦੀ ਪੈੜ ਨੱਪ ਲਈ। ਇਹ ਵੱਖਰੀ ਗੱਲ ਹੈ ਕਿ ਬਾਕੀ ਮੈਂਬਰ ਵਕਤ ਸਿਰ ਰੂਪੋਸ਼ ਹੋ ਗਏ, ਭਾਈ ਨਾਗੋਕੇ ਨੂੰ ਵਕਤ ਸਿਰ ਸੁਨੇਹਾ ਨਾ ਲੱਗਿਆ ਅਤੇ 27 ਮਈ ਨੂੰ ਖਲਚੀਆਂ ਕਸਬੇ ਨੇੜੇ ਟਰੈਕਟਰ ਮੁਰੰਮਤ ਕਰਵਾਉਂਦਿਆਂ ਪੁਲਿਸ ਨੇ ਦਬੋਚ ਲਿਆ। ਸਵਾਲ ਹੈ ਕਿ ਪੁਲਿਸ ਨੇ ਸਬੂਤਾਂ ਸਮੇਤ ਕੇਸ ਪਾ ਕੇ ਤੁਰਤ ਕਚਿਹਰੀ ਵਿਚ ਪੇਸ਼ ਕਿਉਂ ਨਾ ਕੀਤਾ! ਉਲਟਾ ਸਬੂਤ ਉਨ੍ਹਾਂ ਦੇ ਇਕਬਾਲੀਆ ਬਿਆਨ ਵਿਚੋਂ ਕੱਢਣ ਲਈ ਅੰਨ੍ਹੇਵਾਹ ਮੜ੍ਹਾਂਗਾ ਸ਼ੁਰੂ ਕਰ ਦਿੱਤਾ। ਪੁਲਿਸ ਨੂੰ ਗੋਲੀ ਕਾਂਡਾਂ ਵਿਚ ਉਨ੍ਹਾਂ ਦੀ ਸ਼ਮੂਲੀਅਤ ਬਾਰੇ ਪਤਾ ਸੀ, ਪਰ ਸਖਤ ਜਾਨ ਹੋਣ ਕਾਰਨ ਭਾਈ ਨਾਗੋਕੇ ਨੇ ਕੱਖ ਦੱਸਣਾ ਨਹੀਂ ਸੀ। ਕਿਸੇ ਨਾ-ਤਜਰਬਾਕਾਰ ਸਿਪਾਹੀ ਕੋਲੋਂ ਇਸੇ ਖਿੱਚ-ਧੂਹ ਦੌਰਾਨ ਸੱਟ ਉਨ੍ਹਾਂ ਦੇ ਕਸੂਤੀ ਜਗ੍ਹਾ 'ਤੇ ਲੱਗ ਗਈ। ਪੁਲਿਸ ਨੇ 4 ਜੂਨ ਨੂੰ ਤਰਨਤਾਰਨ ਜੁਡੀਸ਼ਲ ਮੈਜਿਸਟਰੇਟ ਚੰਨਣ ਸਿੰਘ ਦੀ ਅਦਾਲਤ ਵਿਚ ਉਨ੍ਹਾਂ ਨੂੰ ਪੇਸ਼ ਕੀਤਾ ਅਤੇ 5 ਦਿਨਾਂ ਦਾ ਰਿਮਾਂਡ ਲੈ ਲਿਆ-ਇਹ ਸੋਚ ਕੇ ਕਿ ਉਦੋਂ ਤੱਕ ਸੱਟਾਂ ਸੇਕ-ਸੂਕ ਦੇ ਕੇ ਉਹ ਠੀਕ ਕਰ ਲੈਣਗੇ, ਪਰ ਗੱਲ ਬਣ ਨਾ ਸਕੀ। ਉਸੇ ਭੰਬਲਭੂਸੇ ਵਿਚ ਉਨ੍ਹਾਂ ਨੇ 10-11 ਜੂਨ ਦੀ ਰਾਤ ਨੂੰ ਹਸਪਤਾਲ ਲਿਜਾਂਦਿਆਂ ਅੰਮ੍ਰਿਤਸਰ ਕੰਪਨੀ ਬਾਗ਼ ਲਾਗੇ ਕਿਧਰੇ ਫਰਾਰ ਹੋ ਗਿਆ ਦਿਖਾ ਦਿਤਾ।



ਗੁਰਮੀਤ ਸਿੰਘ ਪਿੰਕੀ

ਸੰਤ ਭਿੰਡਰਾਂਵਾਲੇ ਉਦੋਂ ਦਰਬਾਰ ਸਾਹਿਬ ਕੰਪਲੈਕਸ ਵਿਚ ਅਜੇ ਗਏ ਨਹੀਂ ਸਨ। ਜਥੇਦਾਰ ਗੁਰਚਰਨ ਸਿੰਘ ਟੌਹੜਾ ਤੁਰਤ ਨਾਗੋਕੇ ਪਹੁੰਚ ਗਏ। ਭਾਈ ਨਾਗੋਕੇ ਦੇ ਸਸਕਾਰ 'ਤੇ ਉਨ੍ਹਾਂ ਦੀ ਅਰਥੀ ਨੂੰ ਮੋਢਾ ਸੰਤਾਂ ਅਤੇ ਉਨ੍ਹਾਂ ਦੇ ਨਾਲ ਜਥੇਦਾਰ ਟੌਹੜਾ ਨੇ ਦਿਤਾ ਸੀ। ਫਿਰ ਸੰਤ ਜਦੋਂ ਕੰਪਲੈਕਸ ਵਿਚ ਚਲੇ ਗਏ ਤਾਂ ਜ਼ਾਹਿਰ ਹੈ ਕਿ ਡੀ.ਐਸ.ਪੀ. ਗਿਆਨੀ ਬਚਨ ਸਿੰਘ ਦੀ ਕਥਿਤ ਦੇਖ-ਰੇਖ ਵਿਚ ਭਾਈ ਨਾਗੋਕੇ ਦੀ ਇਹੋ ਸ਼ਹਾਦਤ ਸਿੱਖਾਂ ਨਾਲ ਵਧੀਕੀਆਂ ਦੇ ਅਨੇਕਾਂ ਸਬੂਤਾਂ ਵਜੋਂ ਸਭ ਤੋਂ ਨਿੱਗਰ ਸਬੂਤ ਦੇ ਤੌਰ 'ਤੇ ਉਨ੍ਹਾਂ ਦੇ ਪ੍ਰਵਚਨਾਂ ਦੇ ਕੇਂਦਰ ਵਿਚ ਆ ਗਈ।

ਮੋਰਚਾ ਜਿਉਂ-ਜਿਉਂ ਭਖਿਆ, ਡੀ.ਐਸ.ਪੀ. ਗਿਆਨੀ ਬਚਨ ਸਿੰਘ ਅਤੇ ਉਸ ਦੇ ਪਰਿਵਾਰ ਦੀ ਸ਼ਾਮਤ ਕਿੰਝ ਆਉਂਦੀ ਚਲੀ ਗਈ-ਉਹ ਹੁਣ ਪੰਜਾਬ ਦੇ ਇਤਿਹਾਸ ਦਾ ਹਿੱਸਾ ਹੈ। ਚਿਰਾਂ ਤੋਂ ਅੰਮ੍ਰਿਤਸਰ ਰਹਿਣ ਕਾਰਨ ਖਾਲੜਾ ਨੂੰ ਉਸ ਬਾਰੇ ਵੱਧ ਪਤਾ ਸੀ ਕਿ ਗਿਆਨੀ ਬਚਨ ਸਿੰਘ ਬੇਹੱਦ ਸਹਿਜ ਅਤੇ ਫੂਕ-ਫੂਕ ਕੇ ਪੈਰ ਧਰਨ ਵਾਲਾ ਅਫਸਰ ਸੀ। 1983 'ਚ ਭਾਈ ਅਮਰੀਕ ਸਿੰਘ ਦੀ ਜੇਲ੍ਹ ਵਿਚੋਂ ਰਿਹਾਈ ਸਮੇਂ ਕਚਿਹਰੀ ਵਿਚ ਦੁਬਾਰਾ ਉਨ੍ਹਾਂ ਨੂੰ ਕਿਸੇ ਹੋਰ ਕੇਸ ਵਿਚ ਫੜ ਲਿਆਉਣ ਦੀ ਡਿਊਟੀ ਗਿਆਨੀ ਦੀ ਹੀ ਲੱਗੀ ਸੀ, ਪਰ ਉਹ ਦੂਜੇ ਪਾਸੇ ਮੂੰਹ ਕਰੀ ਖੜ੍ਹਾ ਰਿਹਾ ਅਤੇ ਉਸੇ ਕੇਸ ਵਿਚ ਮਹਿਕਮੇ ਨੇ ਉਸ ਨੂੰ ਘਰ ਭੇਜ ਦਿਤਾ ਸੀ। ਨਤੀਜੇ ਵਜੋਂ ਗਿਆਨੀ ਬਹੁਤ ਡਰ ਗਿਆ। ਉਸ ਜਾਨ ਬਖਸ਼ੀ ਲਈ ਸੰਤਾਂ ਕੋਲ ਬਥੇਰੇ ਦੂਤ ਭੇਜੇ-ਪਰ ਉਨ੍ਹਾਂ ਸਾਹਮਣੇ ਉਸ ਦਾ ਪੱਖ ਸਹੀ ਪ੍ਰਸੰਗ ਵਿਚ ਕਿਸੇ ਕੋਲੋਂ ਰੱਖਿਆ ਨਾ ਗਿਆ। ਫਿਰ ਖਾੜਕੂਆਂ ਨੇ ਬਚਨ ਸਿੰਘ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ ਲਈ ਉਪਰੋਥਲੀ ਕਈ ਹਮਲੇ ਕੀਤੇ। ਪਹਿਲੇ ਹਮਲੇ ਵਿਚ ਉਸ ਦਾ ਲੜਕਾ ਆਪਣੇ ਮੈਡੀਕਲ ਸਟੋਰ 'ਤੇ ਬੈਠਾ ਆਪਣੇ ਗੰਨਮੈਨ ਸਮੇਤ ਮਾਰਿਆ ਗਿਆ। ਪੰਜਵੇਂ ਹਮਲੇ ਵਿਚ ਰਿਕਸ਼ੇ 'ਤੇ ਆਪਣੀ ਪਤਨੀ ਅਤੇ ਧੀ ਨਾਲ ਜਾਂਦਿਆਂ ਡੀ.ਐਸ.ਪੀ. ਸਿੰਘਾਂ ਦੇ ਅੜਿੱਕੇ ਆ ਗਿਆ। ਉਹ ਆਪ ਤੇ ਉਸ ਦੀ ਪਤਨੀ ਤਾਂ ਮਰੇ ਹੀ, ਉਸ ਦੀ ਧੀ ਬਾਪ ਨੂੰ

*(ਬਾਕੀ ਅਗਲੇ ਸਫੇ 'ਤੇ)*



ਮਰਹੂਮ ਜਸਵੰਤ ਸਿੰਘ ਖਾਲੜਾ

***ਜਸਵੰਤ ਸਿੰਘ ਖਾਲੜਾ ਖਾੜਕੂ ਲਹਿਰ ਦੌਰਾਨ ਬੇਪਛਾਣ ਲਾਸ਼ਾਂ ਦਾ ਕੇਸ ਕੌਮਾਂਤਰੀ ਪੱਧਰ 'ਤੇ ਉਠਾਉਣ ਦੀ ਸਜ਼ਾ ਵਜੋਂ ਮਾਨਵ ਅਧਿਕਾਰਾਂ ਦੀ ਰਾਖੀ ਲਈ ਸੰਘਰਸ਼ ਦਾ ਪ੍ਰਤੀਕ ਬਣ ਗਿਆ ਹੋਇਆ ਹੈ। ਉਸ ਦੀ ਜ਼ਿੰਦਗੀ ਦੇ ਆਖਰੀ ਦੋ-ਤਿੰਨ ਵਰ੍ਹਿਆਂ ਦੌਰਾਨ ਉਸ ਨਾਲ ਮੁਲਾਕਾਤਾਂ ਅਕਸਰ ਹੁੰਦੀਆਂ ਰਹੀਆਂ ਅਤੇ ਇਨ੍ਹਾਂ ਮੁਲਾਕਾਤਾਂ ਸਮੇਂ ਇਕ ਵਾਰੀ ਨਹੀਂ, ਅਨੇਕ ਵਾਰੀ 70ਵਿਆਂ 'ਚ ਬਾਦਲ ਸਰਕਾਰ ਸਮੇਂ ਬਾਬਾ ਬੂਝਾ ਸਿੰਘ ਵਰਗੇ ਬਜ਼ੁਰਗ ਆਗੂ, ਤੇ ਫਿਰ ਖਾੜਕੂ ਸਿੱਖ ਸੰਘਰਸ਼ ਦੇ ਸ਼ੁਰੂਆਤੀ ਦੌਰ ਵਿਚ ਹੀ ਭਾਈ ਕੁਲਵੰਤ ਸਿੰਘ ਨਾਗੋਕੇ ਦੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਜਾਣ ਨਾਲ ਸਬੰਧਤ ਇਖ਼ਲਾਕੀ ਪਹਿਲੂਆਂ 'ਤੇ ਅਕਸਰ ਗੱਲਬਾਤ ਹੁੰਦੀ ਰਹੀ।***


ਬਚਾਉਣ ਲਈ ਤਰਲੇ ਲੈਂਦੀ ਮਾਰੀ ਗਈ। ਗਿਆਨੀ ਬਚਨ ਸਿੰਘ ਦੀ ਨੂੰਹ, ਉਨ੍ਹਾਂ ਦੇ ਪੋਤਰੇ ਨਾਲ ਅੱਜ ਕੱਲ੍ਹ ਅੰਮ੍ਰਿਤਸਰ ਰਹਿੰਦੀ ਹੈ। ਘਟਨਾ ਤੋਂ 25 ਵਰ੍ਹੇ ਬਾਅਦ ਉਸ ਦੇ ਘਰੇ ਜਾ ਕੇ ਗੱਲ ਕੀਤੀ ਤਾਂ ਉਹ ਅਜੇ ਵੀ ਖੌਫ਼ਜ਼ਦਾ ਸੀ।

ਖਾਲੜਾ ਨਾਲ 1978 ਦੇ ਨਿਰੰਕਾਰੀ ਕਾਂਡ ਬਾਰੇ ਵੀ ਅਕਸਰ ਗੱਲਬਾਤ ਹੁੰਦੀ। ਇੱਕ ਗੱਲ 'ਤੇ ਮੁਕੰਮਲ ਸੰਮਤੀ ਸੀ ਕਿ ਵਿਸਾਖੀ ਵਰਗੇ ਅਹਿਮ ਸਿੱਖ ਤਿਉਹਾਰ 'ਤੇ ਅੰਮ੍ਰਿਤਸਰ ਵਰਗੇ ਸ਼ਹਿਰ ਵਿਚ ਵਿਸ਼ਾਲ ਸਮਾਗਮ ਕਰਨ ਦਾ ਨਿਰੰਕਾਰੀਆਂ ਨੂੰ ਪੰਗਾ ਕਤਈ ਨਹੀਂ ਸੀ ਲੈਣਾ ਚਾਹੀਦਾ। ਖਾਲੜਾ ਦੀ ਪੁਜੀਸ਼ਨ ਸੀ ਕਿ ਸਿੱਖਾਂ ਦਾ ਜਥਾ ਸ਼ਾਂਤਮਈ ਤਰੀਕੇ ਨਾਲ ਉਨ੍ਹਾਂ ਨੂੰ ਰੋਕਣ ਗਿਆ ਸੀ, ਉਨ੍ਹਾਂ ਅੱਗਿਓਂ ਜਾਂਦੇ ਸਾਰ ਨਿਹੱਥੇ ਸਿੱਖਾਂ ਨੂੰ ਮਾਰਿਆ ਕਿਉਂ? ਇਸ 'ਤੇ ਵੀ ਸਾਡੀ ਪੂਰਨ ਸੰਮਤੀ ਸੀ, ਪਰ ਮੇਰਾ ਸਵਾਲ ਸੀ ਕਿ ਰੋਸ ਪ੍ਰਗਟਾਉਣ ਜਾ ਰਿਹਾ ਜਥਾ ਤੁਰਨ ਸਮੇਂ ਇਸ ਬਾਰੇ ਸਪਸ਼ਟ ਬਿਲਕੁਲ ਨਹੀਂ ਸੀ ਕਿ ਉਨ੍ਹਾਂ ਨੇ ਸਮਾਗਮ ਬੰਦ ਕਰਵਾਉਣਾ ਕਿਵੇਂ ਹੈ? ਸਮਾਗਮ ਦੇ ਬਾਹਰ ਸ਼ਾਂਤਮਈ ਰੋਸ ਧਰਨਾ ਮਾਰਨਾ ਹੈ, ਪ੍ਰਬੰਧਕਾਂ ਨੂੰ ਯਾਦ ਪੱਤਰ ਦੇਣਾ ਹੈ ਜਾਂ ਕੀ ਕਰਨਾ ਹੈ? ਸਭ ਨੂੰ ਪਤਾ ਹੈ ਕਿ ਉਥੇ ਤਾਇਨਾਤ ਡੀ.ਐਸ.ਪੀ. ਜੋਸ਼ੀ ਘੰਟਾ ਭਰ ਭਾਈ ਫ਼ੌਜਾ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨਾਲ ਗੱਲਬਾਤ ਕਰਦਾ ਰਿਹਾ ਸੀ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਭਾਈ ਫ਼ੌਜਾ ਸਿੰਘ ਦੇ ਉਨ੍ਹੀਂ ਦਿਨੀਂ ਨੇੜਲੇ ਮਿੱਤਰ ਸਨ ਅਤੇ ਹਿੰਸਕ ਝੜਪ ਵਾਪਰਨ ਸਮੇਂ ਉਹ ਬਿਲਕੁਲ ਉਨ੍ਹਾਂ ਦੇ ਨੇੜੇ ਖੜ੍ਹੇ ਸਨ। ਉਨ੍ਹਾਂ ਨੂੰ ਕਈ ਵਾਰ ਪੁੱਛਿਆ ਕਿ ਉਹ ਜਦੋਂ ਤੁਰੇ ਸਨ, ਤਾਂ ਕੀ ਸੋਚ ਕੇ ਤੁਰੇ ਸਨ? ਉਨ੍ਹਾਂ ਅਨੁਸਾਰ ਭਾਈ ਫ਼ੌਜਾ ਸਿੰਘ ਨੇ ਤੁਰਨ ਲੱਗਿਆਂ ਇਹੋ ਗੱਲ ਸੰਤਾਂ ਨੂੰ ਪੁੱਛੀ ਸੀ ਕਿ ਉਨ੍ਹਾਂ ਉਥੇ ਜਾ ਕੇ ਕਰਨਾ ਕੀ ਹੈ? ਭਾਈ ਫ਼ੌਜਾ ਸਿੰਘ ਬਹੁਤ ਜਜ਼ਬਾਤੀ ਤੇ ਜੋਸ਼ੀਲੇ ਸੁਭਾਅ ਦੇ ਸਨ। ਸਾਡਾ ਸਵਾਲ ਸੀ, ਸੰਤਾਂ ਨੇ ਜਥੇ ਦੀ ਕਮਾਂਡ ਟਕਸਾਲ ਦੀ ਤਰਫੋਂ ਭਾਈ ਤ੍ਰਿਲੋਚਨ ਸਿੰਘ ਮੱਲਾਂ ਵਾਲਾ ਸਣੇ ਅਖੰਡ ਕੀਰਤਨੀ ਜਥੇ ਦੀ ਤਰਫੋਂ ਜਦੋਂ ਭਾਈ ਫ਼ੌਜਾ ਸਿੰਘ ਨੂੰ ਸੌਂਪੀ, ਤਾਂ ਉਨ੍ਹਾਂ ਨੂੰ ਫ਼ੌਜਾ ਸਿੰਘ ਦੀ ਸਿਰੇ ਦੀ ਜਜ਼ਬਾਤੀ ਸ਼ਖਸੀਅਤ ਬਾਰੇ ਕੁਝ ਪਤਾ ਸੀ? ਇਸ ਸਵਾਲ ਦਾ ਜਵਾਬ ਵੀ ਪ੍ਰੋਫੈਸਰ ਮਨਜੀਤ ਸਿੰਘ ਵੱਲੋਂ ਨਾਂਹ ਵਿਚ ਹੀ ਸੀ। ਖਾਲੜਾ ਨਾਲ ਜਦੋਂ ਵੀ ਗੱਲ ਹੁੰਦੀ, ਉਨ੍ਹਾਂ ਦਾ ਇਕੋ ਹੀ ਪ੍ਰਤੀਕਰਮ ਹੁੰਦਾ-ਤੂੰ ਤਾਂ ਯਾਰ ਵਾਲ ਦੀ ਖੱਲ ਲਾਹੁਣ ਨੂੰ ਫਿਰਦੈਂ!


ਵਧੇਰੇ ਮੁਲਾਕਾਤਾਂ ਦੌਰਾਨ ਖਾਲੜਾ ਨਾਲ ਉਨ੍ਹਾਂ ਦਾ ਭਰੋਸੇਯੋਗ ਅਤੇ ਉਤਸ਼ਾਹੀ ਸ਼ਾਗਿਰਦ ਰਜੀਵ ਸਿੰਘ ਵੀ ਅਕਸਰ ਹੁੰਦਾ ਸੀ। ਪੁਲਿਸ ਵੱਲੋਂ ਅਗਵਾ ਕੀਤੇ ਜਾਣ ਤੋਂ ਕੁਝ ਹੀ ਸਮਾਂ ਪਹਿਲਾਂ ਉਨ੍ਹਾਂ ਜਸਵੰਤ ਸਿੰਘ ਖਾਲੜਾ ਵਲੋਂ ਮਾਨਵ ਅਧਿਕਾਰਾਂ ਬਾਰੇ 'ਕੇ.ਪੀ.ਐਸ. ਗਿੱਲ ਨੂੰ ਬਹਿਸ ਲਈ ਖੁੱਲ੍ਹੀ ਚੁਣੌਤੀ' ਸਿਰਲੇਖ ਹੇਠਲੀ ਖ਼ਬਰ 'ਪੰਜਾਬੀ ਟ੍ਰਿਬਿਊਨ' ਵਿਚ ਮੈਨੂੰ ਖੁਦ ਆਖ ਕੇ ਛਪਵਾਈ ਸੀ। ਮੁੱਖ ਮੰਤਰੀ ਬੇਅੰਤ ਸਿੰਘ ਦੇ ਮਾਰੇ ਜਾਣ ਪਿੱਛੋਂ ਪੁਲਿਸ ਨੇ ਉਨ੍ਹਾਂ ਨੂੰ ਅਗਵਾ ਕਰ ਲਿਆ ਤਾਂ ਰਜੀਵ ਸਿੰਘ ਉਸ ਸਮੇਂ ਉਨ੍ਹਾਂ ਦੇ ਘਰ ਹੀ ਸੀ। ਇਹ ਉਹੀ ਸੀ ਜਿਸ ਨੇ ਸ਼੍ਰੋਮਣੀ ਕਮੇਟੀ ਦੇ ਕਿਸੇ ਅਧਿਕਾਰੀ ਰਾਹੀਂ ਜਥੇਦਾਰ ਟੌਹੜਾ ਦੀ ਤਰਫੋਂ ਸ਼ਿਕਾਇਤ, ਰਾਤ ਪੈਣ ਤੋਂ ਪਹਿਲਾਂ-ਪਹਿਲਾਂ ਹੀ ਸੁਪਰੀਮ ਕੋਰਟ ਤੱਕ ਅੱਪੜਦੀ ਕਰ ਦਿਤੀ ਸੀ।

ਰਜੀਵ ਸਿੰਘ, ਸੁਰਿੰਦਰ ਸਿੰਘ ਘਰਿਆਲਾ, ਗੁਰਭੇਜ ਸਿੰਘ ਪਲਾਸੌਰ, ਬਲਵਿੰਦਰ ਸਿੰਘ ਝਬਾਲ-ਸਾਰੇ ਹੀ ਸਾਬਕਾ ਕਾਮਰੇਡ ਉਦੋਂ ਵੀ ਨੇੜਲੇ ਮਿੱਤਰ ਸਨ ਅਤੇ ਅੱਜ ਵੀ ਹਨ। ਆਪਣੇ ਮੋਤਬਰ ਅਤੇ ਮਿੱਤਰ ਦੀ ਪੁਲਿਸ ਹਿਰਾਸਤ ਵਿਚ ਸ਼ਹਾਦਤ ਦਾ ਬਦਲਾ ਲੈਣ ਲਈ ਜਿਵੇਂ ਸਿਰ 'ਤੇ ਕੱਫਣ ਬੰਨ੍ਹ ਕੇ ਉਨ੍ਹਾਂ ਨੇ ਭਾਰਤੀ ਅਦਾਲਤ 'ਚ ਯੁੱਧ ਲੜਿਆ, ਉਸ ਬਾਰੇ ਸਹਿਜੇ ਹੀ ਮਹਾਂਕਾਵਿ ਲਿਖਿਆ ਜਾ ਸਕਦਾ ਹੈ। ਸੀ.ਬੀ.ਆਈ. ਦੀ ਵਿਸ਼ੇਸ਼ ਕਚਹਿਰੀ ਵਿਚ ਇਹ 'ਯੁੱਧ' ਪਟਿਆਲਾ ਸ਼ਹਿਰ ਵਿਚ ਕਈ ਵਰ੍ਹੇ ਚਲਦਾ ਰਿਹਾ। ਹਰ ਤਰੀਕ 'ਤੇ ਅੰਮ੍ਰਿਤਸਰ ਤੋਂ ਇਕ ਦਿਨ ਪਹਿਲਾਂ ਹੀ ਪਟਿਆਲੇ ਗੁਰਦੁਆਰਾ ਦੂਖ ਨਿਵਾਰਨ ਵਿਚ ਕਮਰੇ ਬੁੱਕ ਕਰਵਾ ਕੇ ਅਕਸਰ ਅਰਬਨ ਅਸਟੇਟ, ਦਾਸ ਦੇ ਘਰ ਪਹੁੰਚ ਜਾਂਦੇ। ਕਈ ਅਹਿਮ ਮੁੱਦਿਆਂ 'ਤੇ ਉਨ੍ਹਾਂ ਨਾਲ ਉਦੋਂ ਵੀ ਅਸਹਿਮਤੀ ਸੀ ਅਤੇ ਅੱਜ ਵੀ ਹੈ; ਰਜੀਵ ਸਿੰਘ, ਸੁਰਿੰਦਰ ਸਿੰਘ ਘਰਿਆਲਾ ਤੇ ਗੁਰਭੇਜ ਸਿੰਘ, ਸਾਰਿਆਂ ਨੂੰ ਇਸ ਦਾ ਪਤਾ ਹੈ।

ਖਾਲੜਾ ਨੂੰ ਆਪਣੀ ਜ਼ਿੰਦਗੀ ਦੇ ਆਖਰੀ ਸਾਲਾਂ ਦੌਰਾਨ ਧਰਮਾਂ ਦੀ ਤੁਲਨਾਤਮਿਕ ਖੋਜ ਵਿਚ ਦਿਲਚਸਪੀ ਹੋ ਗਈ ਸੀ। ਇਕ ਵਾਰੀ ਹਲਕੇ ਜਿਹੇ ਰੌਂਅ ਵਿਚ ਉਨ੍ਹਾਂ ਨੂੰ ਸ਼ੀਆ ਅਤੇ ਸੁੰਨੀ ਮੁਸਲਮਾਨਾਂ ਦੀ ਸਦੀਆਂ ਤੋਂ ਚਲੀ ਆ ਰਹੀ ਦੁਸ਼ਮਣੀ ਬਾਰੇ ਪੁੱਛਿਆ। ਉਨ੍ਹਾਂ ਗੱਲ ਦਾ ਸਿੱਧਾ ਜਵਾਬ ਦੇਣ ਦੀ ਬਜਾਏ ਮਜ਼ਾਕੀਆ ਅੰਦਾਜ਼ ਵਿਚ ਆਪਣੇ ਪੈਰੋਕਾਰ ਰਜੀਵ ਸਿੰਘ ਨੂੰ ਇਸ ਮੁੱਦੇ ਦੀ ਖੋਜ ਲਈ ਆਖ ਦਿਤਾ। ਘਰੀਂ ਬੈਠੇ ਨਿਰੰਕਾਰੀਆਂ ਦੇ ਕਤਲਾਂ ਦੀ ਗੱਲ ਸ਼ਾਇਦ ਬਹੁਤੀ ਠੀਕ ਨਹੀਂ ਸੀ, ਪਰ ਖਾਲੜਾ ਦਾ ਇਸ ਸਬੰਧੀ ਜਵਾਬ ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਲਾਈਨ ਵਾਲਾ ਹੀ ਸੀ। ਉਨ੍ਹਾਂ ਦਾ ਕਹਿਣਾ ਸੀ, ਕਈ ਵਾਰੀ ਸੰਘਰਸ਼ ਨੂੰ ਪ੍ਰਚੰਡ ਕਰਨ ਲਈ ਵੀ ਇਉਂ ਕਰਨਾ ਪੈਂਦਾ ਹੈ। ਬੜੀ ਮੌਜ ਨਾਲ ਉਹ ਇਥੋਂ ਤੱਕ ਕਹਿ ਗਏ ਕਿ ਨਾਜ਼ੀਆਂ ਨੇ ਜਰਮਨ ਕੌਮ ਅੰਦਰ ਜੋਸ਼ ਪੈਦਾ ਕਰਨ ਲਈ ਹੀ ਉਨ੍ਹਾਂ ਨੂੰ ਯਹੂਦੀਆਂ ਪਿੱਛੇ ਪਾਇਆ ਸੀ। ਹਿਟਲਰ ਜਦੋਂ ਤਾਕਤ ਵਿਚ ਆਇਆ ਤਾਂ ਜਰਮਨਾਂ ਕੋਲ ਸਿਵਾਏ ਭੁੱਖ-ਨੰਗ ਤੋਂ ਬਿਨਾਂ ਹੋਰ ਹੈ ਕੀ ਸੀ! ਪਿੱਛੋਂ ਹਾਰ ਗਿਆ, ਤਦ ਵੀ ਕੀ ਹੋਇਆ, ਪਰ ਇਕ ਵਾਰੀ ਤਾਂ 10 ਸਾਲਾਂ ਦੇ ਅੰਦਰ-ਅੰਦਰ ਉਸ ਯੂਰਪ ਦੇ ਬਾਹਮਣ-ਬਾਣੀਏ ਅੰਗਰੇਜ਼ਾਂ ਦੀ ਨਾਂਹ ਕਰਵਾ ਦਿਤੀ ਸੀ। ਬਾਬਿਆਂ ਦਾ ਦਾਅਵਾ ਸੀ ਕਿ ਅੰਗਰੇਜ਼ਾਂ ਨੂੰ ਕਮਜ਼ੋਰ 'ਬਾਣੀਆ ਪੁੱਤਰ' ਮਹਾਤਮਾ ਗਾਂਧੀ ਨੇ ਨਹੀਂ, ਬਲਕਿ ਅਡੋਲਫ ਹਿਟਲਰ ਨੇ ਹੀ ਕੀਤਾ ਸੀ; ਭਾਰਤ ਨੂੰ ਆਜ਼ਾਦੀ ਵੀ ਇਸੇ ਕਰਕੇ ਮਿਲੀ ਸੀ। ਜ਼ਾਹਿਰ ਹੈ ਕਿ ਖਾਲੜਾ ਦੇ ਪੈਰੋਕਾਰਾਂ ਦੀ ਸੰਤ ਜਰਨੈਲ ਸਿੰਘ ਦੇ ਸਭ ਤੋਂ ਪ੍ਰਮੁੱਖ ਸਲਾਹਕਾਰ ਪੱਤਰਕਾਰ ਦਲਬੀਰ ਸਿੰਘ ਨਾਲ ਭਾਵੇਂ ਪਿੱਛੋਂ ਪੂਰੀ ਤਰ੍ਹਾਂ ਖੜਕ ਗਈ, ਪਰ ਬਾਹਮਣ-ਬਾਣੀਆਂ ਦੀ ਨਾਂਹ ਕਰਵਾਉਣ ਦੀ ਰੀਝ ਦੇ ਮਾਮਲੇ ਵਿਚ ਦੋਵਾਂ ਧਿਰਾਂ ਦੀ ਸੁਰ ਬੇਹੱਦ ਰਲਦੀ ਸੀ!




**ਬੜੀ ਮੌਜ ਨਾਲ ਜਸਵੰਤ ਸਿੰਘ ਖਾਲੜਾ ਇਥੋਂ ਤੱਕ ਕਹਿ ਗਏ ਸਨ ਕਿ ਨਾਜ਼ੀਆਂ ਨੇ ਜਰਮਨ ਕੌਮ ਅੰਦਰ ਜੋਸ਼ ਪੈਦਾ ਕਰਨ ਲਈ ਹੀ ਉਨ੍ਹਾਂ ਨੂੰ ਯਹੂਦੀਆਂ ਪਿੱਛੇ ਪਾਇਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਹਿਟਲਰ ਜਦੋਂ ਤਾਕਤ ਵਿਚ ਆਇਆ ਤਾਂ ਜਰਮਨਾਂ ਕੋਲ ਸਿਵਾਏ ਭੁੱਖ-ਨੰਗ ਤੋਂ ਬਿਨਾਂ ਹੋਰ ਹੈ ਕੀ ਸੀ! ਪਿਛੋਂ ਹਾਰ ਗਿਆ, ਤਦ ਵੀ ਕੀ ਹੋਇਆ, ਪਰ ਇਕ ਵਾਰੀ ਤਾਂ 10 ਸਾਲਾਂ ਦੇ ਅੰਦਰ-ਅੰਦਰ ਉਸ ਯੂਰਪ ਦੇ ਬਾਹਮਣ-ਬਾਣੀਏ ਅੰਗਰੇਜ਼ਾਂ ਦੀ ਨਾਂਹ ਕਰਵਾ ਦਿਤੀ ਸੀ। ਬਾਬਿਆਂ ਦਾ ਦਾਅਵਾ ਸੀ ਕਿ ਅੰਗਰੇਜ਼ਾਂ ਨੂੰ ਕਮਜ਼ੋਰ 'ਬਾਣੀਆ ਪੁੱਤਰ' ਮਹਾਤਮਾ ਗਾਂਧੀ ਨੇ ਨਹੀਂ', ਬਲਕਿ ਅਡੋਲਫ ਹਿਟਲਰ ਨੇ ਹੀ ਕੀਤਾ ਸੀ; ਭਾਰਤ ਨੂੰ ਆਜ਼ਾਦੀ ਵੀ ਇਸ ਕਰ ਕੇ ਮਿਲੀ ਸੀ।**




ਜਸਵੰਤ ਸਿੰਘ ਖਾਲੜਾ ਦਲੀਲ ਨਾਲ ਗੱਲ ਕਰਦੇ ਸਨ, ਬਲਕਿ ਦਲਬੀਰ ਸਿੰਘ ਤੇ ਪਿੱਛੋਂ ਜਾ ਕੇ ਅਜਮੇਰ ਸਿੰਘ ਦੀ ਤਰ੍ਹਾਂ ਹੀ ਸਾਰੀ ਜਵਾਨੀ ਕਾਮਰੇਡਾਂ ਦੀ ਸੰਗਤ ਵਿਚ ਗੁਜ਼ਾਰਨ ਕਾਰਨ ਵਿਰੋਧ-ਵਿਕਾਸੀ ਤਰਕ ਸ਼ਾਸਤਰ ਦੇ ਤਾਂ ਉਹ ਹਾਤਮ ਸਨ, ਪਰ ਉਨ੍ਹਾਂ ਦੇ ਅਜਿਹੇ ਤਰਕ ਖ਼ਤਰਨਾਕ ਬੜੇ ਸਨ। 'ਕੇਰਾਂ ਉਨ੍ਹਾਂ ਨੂੰ ਪੁਛਿਆ ਕਿ ਨਿਰੰਕਾਰੀਆਂ ਦੇ ਦੇਹਧਾਰੀ ਗੁਰੂ ਬਾਰੇ ਇਤਰਾਜ਼ ਦੀ ਗੱਲ ਤਾਂ ਚਲੋ ਮੰਨੀ, ਉਨ੍ਹਾਂ ਦੇ ਪ੍ਰਵਚਨਾਂ ਦੀ ਹੋਰ ਕਿਹੜੀ ਗੱਲ ਨਾਲ ਉਨ੍ਹਾਂ ਦਾ ਵੱਡਾ ਰੌਲਾ ਸੀ। 'ਅਵਤਾਰਬਾਣੀ' ਦੀਆਂ ਦੋ-ਚਾਰ ਸਤਰਾਂ ਜੋ ਉਨ੍ਹਾਂ ਨੂੰ ਯਾਦ ਸਨ, ਉਨ੍ਹਾਂ ਸੁਣਾ ਦਿਤੀਆਂ, ਪਰ ਸਾਡਾ ਕਹਿਣਾ ਸੀ ਕਿ ਇਹ ਤਾਂ ਸ਼ਾਇਦ ਕਰਮ ਕਾਂਡ ਦੀ ਸਾਰਥਿਕਤਾ 'ਤੇ ਇਤਰਾਜ਼ ਵਾਲੀਆਂ ਗੱਲਾਂ ਸਨ। ਕੀ ਗੁਰੂ ਨਾਨਕ ਸੱਚੇ ਪਾਤਿਸ਼ਾਹ ਦੀ 'ਆਸਾ ਦੀ ਵਾਰ' ਦੀ ਸਾਰੀ ਬਾਣੀ ਅਤੇ ਉਨ੍ਹਾਂ ਨਾਲ ਜੁੜੀਆਂ ਸਾਰੀਆਂ ਹੀ ਅਹਿਮ ਸਾਖੀਆਂ ਕਰਮ ਕਾਂਡ ਦਾ ਕਰੜਾ ਨਿਖੇਧ ਨਹੀਂ ਹਨ?

ਰਹੀ ਗੱਲ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦੇ ਡੀਫੈਂਸ ਜਾਂ ਉਨ੍ਹਾਂ ਦੀ ਸ਼ਖ਼ਸੀਅਤ ਦੀ; ਵਿਸਾਖੀ ਵਾਲੇ ਕਾਂਡ ਤੋਂ ਮਹੀਨਾ ਕੁ ਪਹਿਲਾਂ ਨਿਰੰਕਾਰੀਆਂ ਨੇ ਜਲੰਧਰ ਵਿਖੇ ਵੱਡਾ ਸਮਾਗਮ ਕੀਤਾ ਸੀ। ਸ਼ਾਮ ਨੂੰ ਪੱਤਰਕਾਰਾਂ ਨਾਲ ਮਿਲਣੀ 'ਤੇ 'ਨਵਾਂ ਜ਼ਮਾਨਾ' ਦੇ ਨਿਊਜ਼ ਐਡੀਟਰ ਸੁਰਜਨ ਸਿੰਘ ਜ਼ੀਰਵੀ ਨੇ ਹੋਰ ਕੋਈ ਕੇਂਦਰੀ ਬੰਦਾ ਨਾ ਮਿਲਣ 'ਤੇ ਮੱਲੋ-ਮੱਲੀ ਮੈਨੂੰ ਉਸ ਪ੍ਰੈਸ ਮਿਲਣੀ ਲਈ ਭੇਜ ਦਿਤਾ। ਨਿਰੰਕਾਰੀ ਮੁਖੀ ਨਾਲ ਉਸ ਦੀ ਪਤਨੀ ਵੀ ਸੀ। ਪੱਤਰਕਾਰ ਉਨ੍ਹਾਂ ਨੂੰ ਉਨ੍ਹਾਂ ਦੇ ਮਿਸ਼ਨ ਅਤੇ ਮਾਨਵ ਮੁਕਤੀ ਬਾਰੇ ਮਰੇ ਤੇ ਬਕਲੇ ਹੋਏ ਸਵਾਲ ਪੁੱਛ ਰਹੇ ਸਨ, ਤੇ ਮਰੇ-ਮਰੇ ਹੀ ਉਹ ਜਵਾਬ ਦੇ ਰਹੇ ਸਨ। ਮੈਨੂੰ ਤਾਂ ਕੈਅ ਹੀ ਆ ਗਈ। ਡੇਢ-ਦੋ ਦਹਾਕੇ ਬਾਅਦ ਆਪਣੇ ਮਿੱਤਰ ਡਾ. ਬਲਕਾਰ ਸਿੰਘ ਦੇ ਘਰੇ ਪਹਿਲੀ ਵਾਰੀ ਯੋਗੀ ਹਰਭਜਨ ਸਿੰਘ ਨੂੰ ਮਿਲਣ ਅਤੇ ਉਸ ਤੋਂ ਪਿੱਛੋਂ ਆਪਣੇ ਬਚਪਨ ਦੇ ਸਭ ਤੋਂ ਕਰੀਬੀ ਮਿੱਤਰ ਪ੍ਰਿਥੀਪਾਲ ਸਿੰਘ ਪੰਨੂ ਦੀ ਖ਼ਬਰ ਲੈਣ ਲਈ ਪਹਿਲੀ ਵਾਰੀ ਨੂਰ ਮਹਿਲ ਵਾਲੇ 'ਮਹਾਂ ਪੁਰਖ' ਦੇ ਡੇਰੇ ਜਾਣ ਸਮੇਂ ਦੇ ਤਜਰਬੇ ਵੀ ਇਸ ਤਰ੍ਹਾਂ ਦੇ ਹੀ ਰਹੇ ਸਨ-ਇਹ ਲੋਕ ਨਿਰੇ ਖੋਚ ਸਨ।

ਹੁਣ ਤਿੰਨ ਕੁ ਮਹੀਨੇ ਪਹਿਲਾਂ ਟੋਰਾਂਟੋ, ਮਿਸੀਸਾਗਾ ਵਿਖੇ ਨਿਰੰਕਾਰੀਆਂ ਦੇ ਸਮਾਗਮ ਵਿਚ ਜਾਣਾ ਪਿਆ ਤਾਂ ਨਜ਼ਾਰਾ ਵੇਖਿਆਂ ਹੀ ਬਣਦਾ ਸੀ। ਬਹੁਤ ਵੱਡੇ ਹਾਲ ਅੰਦਰ ਬਹੁਤ ਵੱਡਾ ਇਕੱਠ ਸੀ। ਪ੍ਰਬੰਧ ਅਜਿਹਾ, ਕਿ ਹੈਰਾਨੀ ਹੁੰਦੀ ਸੀ। ਦੋ-ਤਿੰਨ ਵਾਰੀ ਵਿਚਾਰ ਆਇਆ- ਕਾਸ਼! ਜਸਵੰਤ ਸਿੰਘ ਖਾਲੜਾ ਨਾਲ ਹੁੰਦੇ, ਉਨ੍ਹਾਂ ਨੂੰ ਪੁੱਛਦੇ ਕਿ ਲੋਕਾਂ ਨੂੰ ਜ਼ੋਰੀਂ-ਜਬਰੀਂ ਭਲਾ ਹਟਾਇਆ ਜਾ ਸਕਦਾ ਹੈ?

ਖ਼ੈਰ! ਨਿਰੰਕਾਰੀਆਂ ਨਾਲ ਝੜਪ ਹੋਈ, ਝਗੜੇ ਦਾ ਮੁੱਢ ਬੱਝ ਗਿਆ। ਨਿਰਦੋਸ਼ ਸਿੰਘਾਂ ਦੀ ਮੌਤ ਦਾ ਬਦਲਾ ਲੈਣ ਲਈ ਚੱਕਰਵਰਤੀ ਜਥੇ ਨੇ ਨਿਰੰਕਾਰੀਆਂ ਦਾ ਚੁਣ-ਚੁਣ ਕੇ ਮੜ੍ਹਾਂਗਾ ਸ਼ੁਰੂ ਕਰ ਦਿਤਾ। ਭਾਈ ਕੁਲਵੰਤ ਸਿੰਘ ਨਾਗੋਕੇ ਦਾ ਨਾਂ ਉਸ ਮੁਹਿੰਮ ਦੇ ਮੋਹਰੀਆਂ ਵਜੋਂ ਬੋਲ ਗਿਆ ਅਤੇ ਪੁਲਿਸ ਹਿਰਾਸਤ ਵਿਚ ਉਨ੍ਹਾਂ ਦੀ ਜਾਨ ਜਾਂਦੀ ਰਹੀ। ਸੰਘਰਸ਼ ਨੂੰ ਪ੍ਰਚੰਡ ਕਰਨ ਲਈ ਮਿਥਕਾਂ ਦੀ ਜ਼ਰੂਰਤ ਹੁੰਦੀ ਹੈ, ਤੇ ਲੜਨ ਵਾਲਿਆਂ ਨੂੰ ਬਹੁਤ ਵੱਡਾ ਮਿੱਥਕ ਮਿਲ ਗਿਆ।

ਸਿੱਖ ਕੌਮ ਦੀ ਆਨ ਤੇ ਸ਼ਾਨ ਦੀ ਬਹਾਲੀ ਲਈ ਧਰਮ ਯੁੱਧ ਸ਼ੁਰੂ ਹੋ ਗਿਆ ਜਿਸ ਦੀ ਸਿਖਰ ਸਾਕਾ ਨੀਲਾ ਤਾਰਾ ਦੌਰਾਨ ਸੰਤਾਂ ਦੀ ਸ਼ਹਾਦਤ ਨਾਲ ਹੋਈ। ਜਦੋਂ ਇੰਦਰਾ ਗਾਂਧੀ ਮਾਰੀ ਗਈ, ਦਿੱਲੀ ਵਿਚ ਨਿਰਦੋਸ਼ ਸਿੱਖ ਖਾਹਮਖਾਹ ਬਲੀ ਦਾ ਬੱਕਰਾ ਬਣੇ। ਜੋ ਵੀ ਹੈ, ਇਸ ਦਾ ਬਦਲਾ ਲੈਣ ਲਈ ਮਨਵੀਰ ਸਿੰਘ ਚਹੇੜੂ, ਜਨਰਲ ਲਾਭ ਸਿੰਘ ਅਤੇ ਭਾਈ ਦਲਜੀਤ ਸਿੰਘ ਬਿੱਟੂ ਨੇ ਨਿਸਚੇ ਹੀ ਬਹਾਦਰੀ ਦੇ ਨਵੇਂ ਪ੍ਰਤੀਮਾਨ ਲਿਖੇ ਹੀ ਲਿਖੇ। ਸੰਤਾਂ ਦੇ ਸਮੇਂ ਗਿਆਨੀ ਬਚਨ ਸਿੰਘ ਅਤੇ ਉਸ ਦੇ ਪਰਿਵਾਰ ਨੂੰ ਮਾਰ ਕੇ ਖਾੜਕੂਆਂ ਨੇ ਪੁਲਿਸ ਨੂੰ ਜਿਵੇਂ ਥਾਣਿਆਂ ਅੰਦਰ ਵਾੜਿਆ ਸੀ; ਜਨਰਲ ਲਾਭ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਉਹੀ ਕਹਾਣੀ ਫਿਰ ਦੁਹਰਾ ਦਿਤੀ। ਪੁਲਿਸ ਦੇ ਮੁਲਾਜ਼ਮਾਂ ਤੋਂ ਪਿੱਛੋਂ ਜਦੋਂ ਦੋ-ਚਾਰ ਜੱਜ ਖਾੜਕੂਆਂ ਨੇ ਮਾਰੇ, ਸਾਰੀ ਜੁਡੀਸ਼ਰੀ ਦੜ ਵੱਟ ਗਈ।

ਅਗਲਿਆਂ ਨੇ ਜੇ.ਐਫ. ਰਿਬੇਰੋ ਨੂੰ ਠੰਢਾ ਜਾਣ, ਉਸ ਨੂੰ ਪਾਸੇ ਬਹਾਇਆ ਅਤੇ ਕੇ.ਪੀ.ਐਸ. ਗਿੱਲ ਨੂੰ ਅੱਗੇ ਲੈ ਆਂਦਾ। ਸੁਮੇਧ ਸੈਣੀ, ਇਜ਼ਹਾਰ ਆਲਮ ਅਤੇ ਫਿਰ ਉਨ੍ਹਾਂ ਦੇ ਮਗਰੇ-ਮਗਰ ਆ ਗਿਆ ਗੁਰਮੀਤ ਸਿੰਘ ਪਿੰਕੀ।

(ਚਲਦਾ)

## ਮਿੰਨੀ ਕਹਾਣੀਆਂ

# ਕੁਤੀੜ ਵਾਧਾ

ਚਰਨਜੀਤ ਸਿੰਘ ਪੰਨੂ, ਕੈਲੀਫੋਰਨੀਆ

ਦੋਹਾਂ ਭਰਾਵਾਂ ਵਿਚ ਨਿੱਤ ਦਾ ਕਲੇਸ਼, ਲੜਾਈ ਝਗੜਾ ਤੇ ਕੁੱਟ-ਕੁਟਾਪੇ ਦਾ ਸਮਾਧਾਨ ਕਰਨ ਵਾਸਤੇ ਪਰ੍ਹੇ-ਪੰਚਾਇਤ ਇਕੱਠੀ ਹੋਈ ਤੇ ਦੋਨਾਂ ਨੂੰ ਅੱਡ-ਅੱਡ ਕਰਨ ਦਾ ਫੈਸਲਾ ਹੋ ਗਿਆ। ਇਸ ਵੱਡੇ ਵਿਹੜੇ ਵਿਚ ਹੁਣ ਇਕ ਕੰਧ ਦੋਨਾਂ ਭਰਾਵਾਂ ਦੀ ਲੜਾਈ ਦਾ ਅੰਤ ਕਰ ਦੇਵੇਗੀ। ਸਾਰਾ ਘਰੇਲੂ ਸਾਮਾਨ, ਕਪੜਾ-ਟਾਕੀ, ਭਾਂਡਾ-ਟੀਂਡਾ ਤੇ ਪਸ਼ੂ ਡੰਗਰ ਥੋੜ੍ਹੀ ਬਹੁਤ ਤੂੰ-ਤੂੰ ਮੈਂ-ਮੈਂ ਕਰਨ ਪਿੱਛੋਂ ਵੰਡੀ ਗਈ। ਮਾਤਾ-ਪਿਤਾ ਦੇ ਗਹਿਣੇ ਟੂੰਬਾਂ-ਛੱਲੇ, ਕੈਂਠੇ-ਬੁਗਤੀਆਂ ਨੀਲਾਮੀ ਘਰ ਵਾਂਗ ਨਜਿੱਠੀਆਂ ਗਈਆਂ। ਪਾਸੇ ਬੈਠੇ ਬੁੱਢਾ-ਬੁੱਢੀ, ਦੋ ਪੁਰਾਣੀਆਂ ਡੰਗੋਰੀਆਂ ਆਪਣੇ ਗੁਲਸ਼ਨ ਦੀ ਇਹ ਵੀਰਾਨੀ ਵੇਖ ਕੇ ਸੁਮਕੀਆਂ, ਤੇ ਫਿਰ ਧਾਹਾਂ ਮਾਰ ਕੇ ਰੋਣ ਲੱਗੀਆਂ।

'ਉਏ ਅਸੀਂ ਕਿਹੜੇ ਖੂਹ 'ਚ ਪਵਾਂਗੇ?'

'ਇਨ੍ਹਾਂ ਦਾ ਵੀ ਫਾਹਾ ਵੱਢ ਦਿਉ...ਅੱਜ ਹੀ।' ਛੋਟੇ ਨੇ ਅੱਖਾਂ ਦਿਖਾਉਂਦਿਆਂ ਦੋ-ਟੁੱਕ ਫੈਸਲਾ ਦੇ ਦਿੱਤਾ। ਸੱਤਾ ਦਾ ਸੁੱਖ ਤੇ ਸੰਤਾਨ ਦਾ ਸੁੱਖ! ਉਨ੍ਹਾਂ ਤੋਂ ਇਨਕਾਰੀ ਹੋ ਗਿਆ।

ਬੁੜ੍ਹੀ ਛੋਟੇ ਦੇ ਹਿੱਸੇ ਆਈ ਤੇ ਬੁੱਢਾ ਵੱਡੇ ਦੇ ਹਿੱਸੇ ਆ ਗਿਆ। ਸਾਰੀ ਉਮਰ ਇਕੱਠੇ ਰਹਿਣ ਦੇ ਕੌਲ ਇਕਰਾਰ ਤੇ ਸੁਪਨੇ ਜੋ ਭਾਈ ਨੇ ਚਾਰ ਲਾਵਾਂ ਪੜ੍ਹਨ ਤੋਂ ਬਾਅਦ ਉਨ੍ਹਾਂ ਨੂੰ ਪੜ੍ਹਾਏ ਸਨ, ਉਹ ਇਕ ਸੁਪਨੇ ਵਾਂਗ ਤਾਮ-ਤੜੱਕ ਹੋ ਗਏ। ਆਪਣੇ ਕੋੜਮੇ ਦੀ ਇੱਜ਼ਤ ਖਾਤਰ ਉਹ ਇਹ ਸਭ ਕੁਝ ਪਾਣੀ ਦੇ ਘੁੱਟ ਵਾਂਗ ਪੀ ਗਏ।

ਕੰਧ ਤੋਂ ਪਾਰੋਂ ਜਦ ਬੁੱਢੀ ਦੀ ਹੂੰ...ਹਾਏ ਦੀ ਆਵਾਜ਼ ਆਉਂਦੀ, ਬੁੱਢੇ ਦੇ ਬਰਛੀ ਵਾਂਗ ਚੁਭਦੀ।

'ਪਤਾ ਨਹੀਂ ਵਿਚਾਰੀ ਨੇ ਰੋਟੀ ਖਾਧੀ ਕਿ ਨਹੀਂ, ਪਤਾ ਨਹੀਂ ਕਿਸੇ ਭੜੂਏ ਨੇ ਇਹਨੂੰ ਦਵਾਈ ਲਿਆ ਕੇ ਦਿੱਤੀ ਕਿ ਨਹੀਂ।'

ਬੁੱਢਾ ਵਿਚਾਰਾ ਝੁਰਦਾ ਰਹਿੰਦਾ, ਤੇ ਤਰਸਦਾ ਰਹਿੰਦਾ, ਨਿਹੱਥੇ ਸਿਪਾਹੀ ਵਾਂਗ ਵਿੱਸ ਘੋਲਦਾ ਰਹਿੰਦਾ। ਜਦ ਸੋਨੂੰ ਤੇ ਪਿੰਟੀ ਦੀ ਸੁਹਲ ਮਿੱਠੀ ਤੋਤਲੀ ਆਵਾਜ਼ ਕੰਧੋਂ ਟੱਪ ਕੇ ਇਧਰਲੇ ਬਿਗਾਨੇ ਵਿਹੜੇ ਵਿਚ ਆ ਕੇ ਹਵਾ ਵਿਚ ਤੈਰਦੀ, ਬੁੱਢੇ ਦੇ ਕਾਲਜੇ ਦਾ ਰੁੱਗ ਭਰਿਆ ਜਾਂਦਾ। ਉਸ ਦਾ ਜੀਅ ਕਰਦਾ, ਉਹ ਉਡ ਕੇ, ਕੰਧ ਟੱਪ ਕੇ ਜਾਂ ਦਰਵਾਜ਼ਾ ਤੋੜ ਕੇ ਇਨ੍ਹਾਂ ਛੋਟੇ-ਛੋਟੇ ਮਸੂਮਾਂ ਨੂੰ ਹਿੱਕ ਨਾਲ ਲਾ ਲਵੇ। ਪਰ ਹੁਣ ਉਸ ਦੀਆਂ ਲੱਤਾਂ-ਬਾਂਹਾਂ ਵਿਚ ਨਾ ਤਾਂ ਕੰਧ ਟੱਪਣ ਦੀ ਤੇ ਨਾ ਦਰਵਾਜ਼ਾ ਤੋੜਨ ਦੀ ਹਿੰਮਤ ਸੀ। ਜਵਾਨੀ ਵਿਚ ਭਾਵੇਂ ਉਹ ਕੇਂਦਰੀ ਵੱਡੀ ਜੇਲ੍ਹ ਤੋੜ ਕੇ ਕੇਰਾਂ ਆਪਣੇ ਕਿਸੇ ਦੋਸਤ ਦੀ ਲੜਕੀ ਦੀ ਸ਼ਾਦੀ ਵਿਚ ਸ਼ਾਮਲ ਹੋ ਕੇ ਫਿਰ ਵਾਪਸ ਜਾ ਹਾਜ਼ਰ ਹੋਇਆ ਸੀ, ਬੇਸ਼ੱਕ ਇਸ ਜੁਰਮ ਬਦਲੇ ਉਸ ਨੂੰ ਇਕ ਸਾਲ ਹੋਰ ਵਾਧੂ ਕੈਦ ਕੱਟਣੀ ਪਈ ਸੀ।

'ਇਸ ਛੋਟੇ ਨੇ ਪਤਾ ਨਹੀਂ ਸਾਥੋਂ ਕਿਹੜੇ ਜਨਮ ਦਾ ਬਦਲਾ ਲਿਆ। ਮੈਂ ਪੂਰੀ ਵਾਹ ਲਾਈ, ਪੰਚਾਇਤ ਨੇ ਵੀ ਕਿਹਾ, ਦੋਹਾਂ ਬੁੱਢੇ-ਬੁੱਢੀ ਨੂੰ ਇਕੱਠੇ ਰਹਿਣ ਦਿਉ, ਬੇਸ਼ੱਕ ਦੋ-ਦੋ ਚਾਰ-ਚਾਰ ਮਹੀਨੇ ਦੀ ਵਾਰੀ ਬੰਨ੍ਹ ਲਉ, ਪਰ ਛੋਟਾ ਟੱਸ ਤੋਂ ਮੱਸ ਨਹੀਂ ਹੋਇਆ। ਬੁੱਢੇ ਦਾ ਜੀਅ ਕੀਤਾ, ਛੋਟੇ ਨੂੰ ਤਰਲਾ ਕਰ ਵੇਖੇ, ਮਹੀਨੇ ਵਿਚ ਇਕ ਅੱਧ ਵਾਰ ਹੀ ਬੁੱਢੀ ਤੇ ਉਧਰਲੇ ਛੋਟੇ ਨਿਆਣਿਆਂ ਨਾਲ ਮੁਲਾਕਾਤ ਦੀ ਮਨਜ਼ੂਰੀ ਦੇ ਦੇਵੇ ਪਰ ਇਹ ਉਸ ਨੇ ਹੀਆ ਨਹੀਂ ਕੀਤਾ। ਇਕ ਵੱਡਾ ਸਾਰਾ ਹਉਕਾ ਉਸ ਦੇ ਕਾਲਜੇ ਨੂੰ ਚੀਰ ਗਿਆ। ਉਧਰੋਂ ਉਸ ਨੂੰ ਅਜਿਹੀ ਹਾਂ ਦੀ ਉਮੀਦ ਨਹੀਂ ਸੀ।

ਇਕ ਸਿਆਲ ਦੀ ਠੰਢੀ ਰਾਤੇ, ਬਾਹਰ ਵਾਰੇ ਵਿਚ ਸੁੱਤੇ ਉਸ ਨੇ ਬੁੱਢੀ ਦਾ ਹੂੰਗਾਂ ਸੁਣਿਆ। ਖੜ੍ਹੀ ਸ਼ਾਂਤ ਰਾਤ ਵਿਚ ਇਹ ਕੁਝ ਜ਼ਿਆਦਾ ਹੀ ਨੇੜੇ ਹੋ ਕੇ ਸੁਣਾਈ ਦਿੱਤਾ। ਉਸ ਦਾ ਮਨ ਤੜਪ ਉਠਿਆ। ਉਸ ਦਾ ਜੀਅ ਕੀਤਾ, ਇਹ ਕੰਧ ਢਾਹ ਸੁੱਟੇ। ਉਹ ਹੌਲੀ ਜਿਹੀ ਡੰਗੋਰੀ ਫੜ ਉਠਿਆ। ਉਸ ਦੀ ਸੂਏ ਵਾਲੀ ਖੂੰਡੀ ਕੱਚੀ ਕੰਧ ਵਿਚ ਮੋਰੀ ਕਰਨ ਲੱਗੀ। ਇੱਧਰ ਮਿੱਟੀ ਦਾ ਢੇਰ ਬਣ ਗਿਆ। ਦਿਨ ਦੇ ਚੜ੍ਹਾ ਨਾਲ ਸੂਆ ਆਰ-ਪਾਰ ਹੋ ਗਿਆ।

'ਕੁੜੇ ਪਰੀਤੋ! ਉਠ ਕੁੜੇ...ਕਿੰਨਾ ਵੱਡਾ ਦਿਨ ਚੜ੍ਹ ਆਇਆ...ਨਾਲੇ ਚੂਹਿਆਂ ਵਾਲੀਆਂ ਗੋਲੀਆਂ ਲਿਆ ਕੇ ਰੱਖ, ਸਾਰੀ ਰਾਤ ਕੁਤਰ ਕੁਤਰ ਕਰਕੇ ਮੈਨੂੰ ਸੌਣ ਨਹੀਂ ਦਿੱਤਾ।' ਬੁੱਢੀ ਦੀ ਨੌਂ-ਬਰ-ਨੌਂ ਆਵਾਜ਼ ਸੁਣ ਕੇ ਬੁੱਢੇ ਦੇ ਸਾਰੇ ਦੁੱਖ ਦੂਰ ਹੋ ਗਏ। ਉਹ ਵਾਪਸ ਆ ਕੇ ਮੰਜੇ 'ਤੇ ਢਹਿ ਪਿਆ।

'ਹਾਏ ਮੈਂ ਮਰ ਜਾਂ! ਵੇਖ ਇਸ ਕੁਤੀੜ ਵਾਧੇ ਦੇ ਕੰਮ! ਕਿਦਾਂ ਸਾਰੀ ਕੰਧ ਪੁੱਟ ਮਾਰੀ ਆ।' ਉਧਰੋਂ ਨੂੰਹ ਪਰੀਤੋ ਦੀ ਆਵਾਜ਼ ਮੋਰੀ ਵਿਚ ਦੀ ਛਲਨੀ ਹੋ ਕੇ ਇਧਰਲੇ ਵਿਹੜੇ ਵਿਚ ਆ ਗੜ੍ਹਕੀ।

'ਨੀ ਭੈਣ! ਆਪਣੇ ਕੁੱਤੇ ਨੂੰ ਰੱਸੀ ਪਾ ਕੇ ਰੱਖੋ! ਵੇਖ ਕੀ ਹਾਲ ਕੀਤਾ!'

'ਹੈ ਤੇਰਾ ਬੇੜਾ ਗਰਕ ਅਜਿਹੇ ਹਰਾਮ ਦੇ ਕੁੱਤੇ ਦਾ! ਕਿੱਦਾਂ ਸਾਰਾ ਘਰ ਪੁੱਟ ਮਾਰਿਆ ਕੁਤੀੜ ਵਾਧੇ ਨੇ! ਅੱਗੇ ਨਾ ਕਦੇ ਪਿੱਛੇ।'

ਕਾਲੂ ਵਿਚਾਰਾ ਆਪਣੇ ਅੱਡੇ 'ਚੋਂ ਉਠ ਕੇ ਲਾਡੀਆਂ ਕਰਦਾ ਆਪਣੀ ਮਾਲਕਣ ਅੱਗੇ ਢੇਰੀ ਹੋ ਗਿਆ ਜਿਵੇਂ ਆਪਣੀ ਨੇਕ ਚਲਨੀ, ਬੇਕਸੂਰ ਤੇ ਅਗਿਆਨਤਾ ਦੀ ਸਫ਼ਾਈ ਦੇ ਰਿਹਾ ਹੋਵੇ। ਬੁੱਢੇ ਨੇ ਉਪਰ ਲਈ ਰਜਾਈ ਹੋਰ ਘੁੱਟ ਕੇ ਜਕੜ ਲਈ ਜਿਵੇਂ ਕੁਝ ਸੁਣਿਆ ਹੀ ਨਾ ਹੋਵੇ।

# ਗਰੀਬੀ

ਮਾਂ ਨੇ ਆਟੇ ਵਾਲੀ ਡਰੰਮੀ ਨੂੰ ਟੋਹਿਆ ਤਾਂ ਦੇਖਿਆ ਕਿ ਆਟਾ ਮੁੱਕਿਆ ਹੋਇਆ ਸੀ। ਮਾਂ ਬੋਲੀ, "ਗੇਜਿਆ! ਪੁੱਤ ਆਟਾ ਤਾਂ ਮੁੱਕਿਆ ਆ। ਰਾਤ ਵਾਲੀ ਇਕ ਰੋਟੀ ਪਈ ਐ, ਚਾਹ ਨਾਲ ਖਾ ਲੈ। ਰਾਤ ਨੂੰ ਆਉਣ ਲੱਗਿਆ ਆਟਾ ਲਈ ਆਈਂ। ਫਿਰ ਤਾਜ਼ੀ ਰੋਟੀ ਪਕਾ ਕੇ ਦੇਵਾਂਗੀ।" ਮਾਂ ਨੇ ਗਿੱਲੀਆਂ ਅੱਖਾਂ ਪੂੰਝੀਆਂ।

ਸੁੱਤੀ ਪਈ ਅੱਗ 'ਤੇ ਮਾਂ ਨੇ ਰੋਟੀ ਸੇਕ ਦਿੱਤੀ ਜੋ ਗਰਮ ਘੱਟ ਹੋਈ, ਪਰ ਸਵਾਹ ਨਾਲ ਜ਼ਿਆਦਾ ਲਿੱਬੜ ਗਈ। ਗੇਜੇ ਨੇ ਰੋਟੀ ਨੂੰ ਦੋ-ਤਿੰਨ ਵਾਰ ਝਾੜਿਆ ਤੇ ਉਪਰ ਲੂਣ ਪਾ ਕੇ ਚਾਹ ਨਾਲ ਅੰਦਰ ਲੰਘਾਉਣ ਲੱਗਿਆ। ਸੁੱਕੀ ਰੋਟੀ ਅੰਦਰ ਕੱਚ ਦੇ ਟੁਕੜਿਆਂ ਵਾਂਗ ਲੰਘ ਰਹੀ ਸੀ। ਉਸ ਨੇ ਰੋਟੀ ਖਾ ਕੇ ਲੇਬਰ ਚੌਕ ਵੱਲ ਚਾਲੇ ਪਾ ਦਿੱਤੇ। ਡੇਢ ਕਿਲੋਮੀਟਰ ਪੈਦਲ ਜਾ ਕੇ ਉਹ ਲੇਬਰ ਚੌਕ ਵਿਚ ਖੜ੍ਹ ਗਿਆ। ਤਿੰਨ ਘੰਟੇ ਖੜ੍ਹਾ ਰਿਹਾ, ਪਰ ਦਿਹਾੜੀ ਨਾ ਮਿਲੀ। ਦਿਹਾੜੀ ਅਤੇ ਆਟੇ ਦਾ ਫਿਕਰ ਸਤਾਉਣ ਲੱਗਿਆ।

ਫਿਰ ਇਕ ਸਕੂਟਰ 'ਤੇ ਬਾਬੂ ਆਇਆ ਤੇ ਪੰਜਾਹ ਰੁਪਏ ਦਿਹਾੜੀ ਉਤੇ ਗੇਜੇ ਨੂੰ ਲੈ ਗਿਆ। ਛੋਟੀ ਜਿਹੀ ਕੱਪੀ ਵਿਚ ਚਾਹ ਦਿੱਤੀ। ਗੇਜੇ ਦੀਆਂ ਆਂਦਰਾਂ ਰੋਟੀ ਨੂੰ ਕੁਰਲਾਉਂਦੀਆਂ ਸੀ। ਉਸ ਦੇ ਸਾਹਮਣੇ ਸੋਫੇ ਉਤੇ ਬਾਬੂ ਦਾ ਪਾਲਤੂ ਕੁੱਤਾ ਬਿਸਕੁਟ ਖਾ ਰਿਹਾ ਸੀ। ਚਾਰ ਕੁ ਬਿਸਕੁਟ ਬਚੇ ਤਾਂ ਬਾਬੂ ਨੇ ਕੂੜੇਦਾਨ ਵਿਚ ਸੁੱਟ ਦਿੱਤੇ। ਗੇਜੇ ਅੰਦਰ ਚਾਅ ਉਠਿਆ ਸੀ ਕਿ ਬਾਬੂ ਉਸ ਨੂੰ ਬਿਸਕੁਟ ਦੇ ਦੇਵੇਗਾ। ਦਿਹਾੜੀ ਲਵਾ ਕੇ ਬਾਬੂ ਨੇ ਕੱਲ੍ਹ ਪੈਸੇ ਦੇਣ ਲਈ ਕਿਹਾ। ਗੇਜੇ ਨੇ ਆਟੇ ਲਈ ਦੁਹਾਈ ਪਾਈ। ਬਾਬੂ-ਰਾਣੀ ਨੇ ਪਲਾਸਟਿਕ ਦੇ ਲਿਫਾਫੇ ਵਿਚ ਇਕ ਕਿੱਲੋ ਆਟਾ ਪਾ ਦਿੱਤਾ। ਗੇਜਾ ਚਾਅ ਨਾਲ ਨੱਠਿਆ, ਠੋਕਰ ਵੱਜੀ ਤੇ ਆਟਾ ਚਿੱਕੜ ਵਿਚ ਡਿੱਗ ਪਿਆ।

"ਵਾਹ ਓਏ ਰੱਬਾ! ਤੂੰ ਮਜ਼ਦੂਰ ਦਾ ਘੱਟ ਤੇ ਬਾਬੂ ਦੇ ਕੁੱਤੇ ਦਾ ਵੱਧ ਖਿਆਲ ਰੱਖਦਾ ਹੈਂ!" ਗੇਜਾ ਬੋਲਿਆ।

-ਮੇਜਰ ਕੁਲਾਰ ਬੋਪਾਰਾਏ ਕਲਾਂ
ਫੋਨ: 916-273-2856

ਕਹਾਣੀ

# ਰਸਮਾਂ ਦੇ ਗੁਲਾਮ

**'ਰਸਮਾਂ ਦੇ ਗ਼ੁਲਾਮ' ਵਿਚ ਕਹਾਣੀਕਾਰ ਤਰਸੇਮ ਸਿੰਘ ਭੰਗੂ ਨੇ ਫਜ਼ੂਲ-ਖਰਚੀ ਦਾ ਖੁਲਾਸਾ ਕੀਤਾ ਹੈ। ਐਨ ਸਰਲ ਤਰੀਕੇ ਨਾਲ ਬੁਣੀ ਇਸ ਕਹਾਣੀ ਦਾ ਸੁਨੇਹਾ ਬੜਾ ਸੁਚੱਜਾ ਅਤੇ ਸੁਘੜ ਹੈ, ਪਰ ਬਹੁਤ ਵਾਰ ਅਸੀਂ ਸਾਰੇ ਦੁਨੀਆਂਦਾਰੀ ਦੇ ਨਾਂ ਉਤੇ ਉਹ ਕੁਝ ਵੀ ਕਰ ਜਾਂਦੇ ਹਾਂ ਜਿਸ ਦਾ ਸਾਡੇ ਆਮ ਜੀਵਨ ਨਾਲ ਕੋਈ ਵੀ ਸਬੰਧ ਨਹੀਂ ਹੁੰਦਾ। -ਸੰਪਾਦਕ**

**ਤਰਸੇਮ ਸਿੰਘ ਭੰਗੂ**
ਫੋਨ: +91-94656-56214

ਮੇਰੀ ਮਾਂ ਬਹੁਤ ਦੂਰਅੰਦੇਸ਼ ਸੀ। ਸ਼ਰਾਬੀ ਪਤੀ ਨਾਲ ਜ਼ਿੰਦਗੀ ਗੁਜ਼ਾਰਦਿਆਂ ਵੀ ਉਸ ਨੇ ਸਾਨੂੰ ਚੰਗੀ ਸਿੱਖਿਆ ਦੇ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ। ਮੈਨੂੰ ਤੇ ਮੇਰੇ ਛੋਟੇ ਭਰਾ ਨੂੰ ਹਮੇਸ਼ਾ ਸਮਾਜਕ ਕੀਮਤਾਂ ਦੀ ਸੂਝ ਦਿੰਦਿਆਂ ਚੰਗੇ ਰਸਤੇ ਪਾਇਆ। ਮਾਂ ਦਾ ਅਸੂਲ ਸੀ, ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਨਾਲ ਇਸ ਹਿਸਾਬ ਨਾਲ ਵਰਤੋ ਕਿ ਜਦੋਂ ਕਿਤੇ ਉਹ ਤੁਹਾਡੇ ਨਾਲ ਵਰਤਣੋਂ ਹਟ ਜਾਣ, ਤਾਂ ਤੁਹਾਨੂੰ ਕੋਈ ਤਕਲੀਫ਼ ਨਾ ਹੋਵੇ। ਜਦੋਂ ਮਾਂ ਨੂੰ ਬਿਮਾਰੀ ਦੀ ਹਾਲਤ 'ਚ ਪਤਾ ਲੱਗ ਗਿਆ ਕਿ ਉਹ ਬਚਦੀ ਨਹੀਂ, ਤਾਂ ਉਸ ਨੇ ਸਾਨੂੰ ਆਪਣੇ ਕੋਲ ਬਿਠਾਇਆ ਤੇ ਸਿੱਖਿਆ ਦਿੱਤੀ, "ਬੇਟਾ! ਮਾਪੇ ਸਦਾ ਨਾਲ ਨਹੀਂ ਨਿਭਦੇ, ਪਰ ਜੇ ਤੁਸੀਂ ਉਨ੍ਹਾਂ ਨੂੰ ਆਪਣੇ ਮਾਰਗ ਦਰਸ਼ਕ ਸਮਝ ਕੇ ਚੱਲੋਗੇ, ਤਾਂ ਹਮੇਸ਼ਾ ਆਪਣੇ ਅੰਗ-ਸੰਗ ਸਮਝੋਗੇ।" ਸਾਡੀਆਂ ਛੋਟੇ ਜਵਾਕਾਂ ਵਾਂਗ ਭੁੱਬਾਂ ਨਿਕਲ ਗਈਆਂ, ਪਰ ਮਾਂ ਸ਼ਾਂਤ ਸੀ। ਉਸ ਕਿਹਾ, "ਮੇਰੇ ਬੱਚਿਓ ਸੁਣੋ, ਆਪਣੇ ਬੱਚਿਆਂ ਨੂੰ ਜ਼ਿੰਮੇਵਾਰ ਮਾਪੇ ਬਣ ਕੇ ਪਾਲਿਓ ਤੇ ਮੇਰੇ ਮਰਨ ਤੋਂ ਬਾਅਦ ਐਵੇਂ ਫੋਕੇ ਰਸਮਾਂ-ਰਿਵਾਜਾਂ 'ਚ ਪੈ ਕੇ ਨਾ ਉਜੜਿਓ। ਜਿਹੜੀ ਜ਼ਿੰਮੇਵਾਰੀ ਤੈਨੂੰ ਲੋਕਾਂ ਨੇ ਮੇਰੇ ਭੋਗ ਵੇਲੇ ਸੌਂਪਣੀ ਐ, ਮੈਂ ਤੈਨੂੰ ਵੱਡਾ ਹੋਣ ਨਾਤੇ ਆਪਣੇ ਹੱਥੀਂ ਸੌਂਪਦੀ ਹਾਂ।" ਮੈਂ ਮਾਂ ਦਾ ਕਮਜ਼ੋਰ ਹੱਥ ਆਪਣੇ ਦੋਵਾਂ ਹੱਥਾਂ 'ਚ ਫੜ ਫੁੱਟ ਫੁੱਟ ਕੇ ਰੋਣ ਲੱਗ ਪਿਆ, ਪਰ ਮਾਂ ਦਾ ਹੱਥ ਠੰਢਾ ਸੀ ਤੇ ਉਸ ਦੇ ਚਿਹਰੇ 'ਤੇ ਅਜੀਬ ਸਕੂਨ। ਮੈਨੂੰ ਇੰਜ ਤਰ੍ਹਾਂ ਧਰਤੀ ਅਸਮਾਨ ਡੋਲਦਾ ਲੱਗਿਆ। ਮਾਂ ਨੇ ਹਰ ਹੋਣੀ ਨਾਲ ਨਜਿੱਠਦਿਆਂ ਆਪਣੀ ਮਮਤਾ ਦੀ ਸੰਘਣੀ ਛਾਂ ਨਾਲ ਸਾਨੂੰ ਹਰ ਸੇਕ ਤੋਂ ਬਚਾਇਆ ਅਤੇ ਚੰਗੇ ਸੰਸਕਾਰਾਂ ਦੇ ਧਾਰਨੀ ਬਣਾਇਆ ਸੀ। ਮੈਨੂੰ ਇੰਜ ਲੱਗਿਆ ਜਿਵੇਂ ਮੌਤ ਦੇ ਤੂਫ਼ਾਨ ਨੇ ਉਹ ਘਣਛਾਵਾਂ ਬੂਟਾ ਇੱਕੋ ਝਟਕੇ ਨਾਲ ਪੁੱਟ ਸੁੱਟਿਆ ਹੋਵੇ।

ਮਾਂ ਦੇ ਸਸਕਾਰ ਤੋਂ ਵਾਪਸ ਮੁੜਦਿਆਂ ਵੱਡੀ ਭੈਣ ਹਦਾਇਤਾਂ ਦੇ ਰਹੀ ਸੀ, "ਚੰਗਾ ਚੰਗਾ ਕਰਿਓ, ਦੋਹਤ-ਪੋਤ ਵਾਲੀ ਸੀ।" ਪਰ ਮੇਰੇ ਜ਼ਿਹਨ 'ਚ ਮਾਂ ਦੇ ਅੰਤਿਮ ਸ਼ਬਦ ਗੂੰਜ ਰਹੇ ਸਨ। ਸੋ ਮੈਂ ਹਰ ਕੰਮ 'ਚ ਮਾਂ ਦੀ ਅਗਵਾਈ ਲਈ। ਬਿਲਕੁਲ ਸਾਦੇ ਢੰਗ ਨਾਲ ਸਹਿਜ ਪਾਠ ਕਰਵਾਇਆ। ਗਲੀ-ਗੁਆਂਢ ਤੇ ਰਿਸ਼ਤੇਦਾਰਾਂ ਦੀਆਂ ਗੱਲਾਂ ਅਣਸੁਣੀਆਂ ਕਰ ਕੇ ਸਾਰੇ ਕਾਰਜ ਸਿਰੇ ਚਾੜ੍ਹੇ। ਚੰਗੀ ਸੋਚ ਵਾਲਿਆਂ ਚੰਗਾ ਕਿਹਾ, ਤੇ ਵਿਖਾਵਾ ਕਰਨ ਵਾਲਿਆਂ ਮਾੜਾ ਕਿਹਾ। ਛੋਟੇ ਦੀ ਬਹੂ ਨੇ ਤਾਂ ਭੈਣ ਦੀ ਚਾਪਲੂਸੀ ਕਰਦਿਆਂ ਕਹਿ ਹੀ ਦਿੱਤਾ ਸੀ, "ਬਾਈ ਜੀ, ਕੀ ਫ਼ਰਕ ਪੈਣਾ ਸੀ ਜੇ ਬੇਬੇ ਦੇ ਭੋਗ 'ਤੇ 40-50 ਹਜ਼ਾਰ ਖਰਚ ਕਰ ਦਿੰਦੇ, ਲੋਕੀਂ ਵੀਹ ਵੀਹ ਗੱਲਾਂ ਕਰਦੇ ਪਏ ਸਨ।" ਪਰ ਭੈਣ ਚੁੱਪ ਰਹੀ ਸੀ। ਬਹੂ ਨੂੰ ਸ਼ਾਇਦ ਆਪਣੇ ਅਮੀਰ ਪੇਕਿਆਂ ਤੋਂ ਕੋਈ ਚੰਗੀ ਚੀਜ਼ ਨਾ ਮਿਲਣ ਦਾ ਝੋਰਾ ਵੱਧ ਸੀ। ਇਹ ਵੀ ਕੋਈ ਪਤਾ ਨਹੀਂ ਸੀ ਕਿ ਅੰਦਰ ਖਾਤੇ ਕੀ ਕੁਝ ਲੈ ਲਿਆ ਹੋਵੇ।

ਮਾਂ ਦੀ ਘਾਟ ਤਾਂ ਪੂਰੀ ਨਹੀਂ ਹੋ ਸਕਦੀ ਸੀ, ਪਰ ਮਾਂ ਦੀ ਸਿੱਖਿਆ ਦਾ ਖ਼ਜ਼ਾਨਾ ਮੇਰੇ ਪਾਸ ਸੀ। ਮੈਂ ਕਿਹਾ, "ਦੇਖੋ, ਦਿਖਾਵਾ ਕਰ ਕੇ ਸੇਵਾ ਭਾਵਨਾ ਕੋਈ ਜ਼ਿਆਦਾ ਨਹੀਂ ਸੀ ਲੱਭਣੀ, ਅਜਿਹੇ ਫਜ਼ੂਲ ਖਰਚ ਸਾਡੀ ਆਰਥਿਕਤਾ ਨੂੰ ਢਾਹ ਲਾਉਂਦੇ ਹਨ। ਤੁਸੀਂ ਸੋਚ ਸੋਚ ਕੇ ਨੀਵੇਂ ਨਾ ਹੋਵੋ।"

ਮਾਂ ਦੀ ਮੌਤ ਦੇ ਦੁੱਖ ਤੋਂ ਹਾਲੇ ਉਭਰੇ ਵੀ ਨਹੀਂ ਸੀ ਕਿ ਅਚਾਨਕ ਇੱਕ ਦਿਨ ਭੈਣ ਦਾ ਫੋਨ ਆ ਗਿਆ ਕਿ ਉਸ ਦੀ ਸੱਸ ਜੋ ਕਾਫ਼ੀ ਚਿਰ ਤੋਂ ਬਿਮਾਰ ਸੀ, ਪੂਰੀ ਹੋ ਗਈ ਹੈ। ਮੈਂ ਤੇ ਮੇਰੀ ਪਤਨੀ ਵੱਡੇ ਪੇਕੇ ਹੋਣ ਦੀ ਹੈਸੀਅਤ 'ਚ ਸਸਕਾਰ 'ਤੇ ਪਹੁੰਚ ਗਏ। ਵੇਲਾ ਵੇਖ ਭੈਣ ਨੇ ਪਤਨੀ ਨੂੰ ਗਿਲੇ ਵਜੋਂ ਕਿਹਾ, "ਹੋਰ ਕੋਈ ਨਾਲ ਨਹੀਂ ਤੁਰਿਆ, ਇਕੱਲੇ ਹੀ ਭੱਜੇ ਆਏ ਜੇ, ਲੋਕੀਂ ਕੀ ਕਹਿਣਗੇ?"

ਭੈਣ ਨੂੰ ਘਰ 'ਚੋਂ ਇੱਕ ਜੀਅ ਤੁਰ ਜਾਣ ਦਾ ਦੁੱਖ ਘੱਟ, ਤੇ ਪੇਕਿਆਂ ਤੋਂ ਲੋਕਾਂ ਦੀ ਟਰਾਲੀ ਭਰ ਕੇ ਸਸਕਾਰ 'ਤੇ ਨਾ ਆਉਣ ਦਾ ਦੁੱਖ ਵੱਧ ਸੀ, ਕਿਉਂਕਿ ਉਹ ਵਸਦੇ ਪੇਕਿਆਂ ਵਾਲੀ ਹੈ, ਇਹ ਦੱਸਣਾ ਜ਼ਰੂਰੀ ਸੀ। ਜਿਹੜੀ ਬਜ਼ੁਰਗ ਔਰਤ ਨੇ ਚਾਰ ਸਾਲ ਮੰਜੇ 'ਤੇ ਹੱਡ ਰਗੜਦਿਆਂ ਦਵਾਈ ਲਈ ਲਿਲਕੜੀਆਂ ਕੱਢਦਿਆਂ ਅਤੇ ਦੂਰੇ ਦੂਰੇ ਕਰਵਾਉਂਦਿਆਂ ਵੇਲਿਓਂ ਕੁਵੇਲੇ ਰੋਟੀ ਖਾਧੀ ਸੀ, ਅੱਜ ਉਸ ਦੀ ਅਰਥੀ ਨਾਲ ਹਰ ਕਿਸਮ ਦਾ ਫਲ-ਫਰੂਟ ਟੰਗਿਆ ਜਾ ਰਿਹਾ ਸੀ। ਆਤਿਸ਼ਬਾਜ਼ੀ ਚੱਲਦਿਆਂ ਇੰਜ ਲੱਗ ਰਿਹਾ ਸੀ ਜਿਵੇਂ ਚਿਰਾਂ ਦੇ ਰੋਗੀ ਤੋਂ ਛੁਟਕਾਰੇ ਦੀ ਖ਼ੁਸ਼ੀ ਮਨਾਈ ਜਾ ਰਹੀ ਹੋਵੇ। ਰੰਗ-ਬਰੰਗੇ ਫੁਕਾਨਿਆਂ ਸਮੇਤ ਸਿਵਿਆਂ ਤਕ ਜਾਣ ਲਈ ਬੈਂਡ ਵਾਜੇ ਦਾ ਬੰਦੋਬਸਤ ਕੀਤਾ ਹੋਇਆ ਸੀ। ਜਿਹੜੀ ਨੂੰਹ ਨੇ ਕਦੀ ਉਸ ਨੂੰ ਪਾਣੀ ਦਾ ਘੁੱਟ ਵੀ ਨਹੀਂ ਸੀ ਫੜਾਇਆ, ਦੁਹੱਥੜੀ ਪਿੱਟਦੀ ਦੇ ਵੈਣ ਅਸਮਾਨ ਚੀਰ ਰਹੇ ਸਨ। ਮਰਨ ਵਾਲੀ ਦੇ ਪੇਕਿਆਂ ਤੋਂ ਆਈ ਉਸ ਦੀ ਇੱਕ ਭਰਜਾਈ ਨੇ ਤਾਂ ਕਹਿ ਹੀ ਦਿੱਤਾ, "ਚੁੱਪ ਕਰ, ਸਭ ਨੂੰ ਪਤੈ ਤੇਰੀ ਸੇਵਾ ਦਾ।" ਉਸ ਤੋਂ ਬਾਅਦ ਉਸ ਦੀ ਆਵਾਜ਼ ਸੁਣਾਈ ਨਹੀਂ ਦਿੱਤੀ।

ਮੈਂ ਸੋਚ ਰਿਹਾ ਸਾਂ ਕਿ ਪਤਾ ਨਹੀਂ ਇਨਸਾਨ ਇਨਾ ਮੱਕਾਰ ਕਿਉਂ ਹੋ ਗਿਆ ਹੈ, ਅਸਲੀਅਤ ਛੁਪਾਉਣ ਲਈ ਇੰਨੇ ਢੌਂਗ ਕਿਉਂ ਕਰਦਾ ਹੈ! ਵਾਪਸ ਤੁਰਦਿਆਂ ਭੈਣ ਕਹਿ ਰਹੀ ਸੀ, "ਚੌਥੇ 'ਤੇ ਚਾਰ ਜੀਅ ਆ ਜਾਇਓ, ਬੇਬੇ ਦੇ ਪੇਕਿਆਂ ਤੋਂ



ਕਾਫ਼ੀ ਰਿਸ਼ਤੇਦਾਰ ਆਉਣਗੇ।" ਚੌਥੇ 'ਤੇ ਆਇਆਂ ਮੈਨੂੰ ਇੰਜ ਲੱਗਿਆ ਜਿਵੇਂ ਕਿਸੇ ਦਾ ਵਿਆਹ ਹੋਵੇ, ਪਤਾ ਨਹੀਂ ਇਹ ਮਾਂ ਦੇ ਮਰਨ ਦੀ ਖ਼ੁਸ਼ੀ ਸੀ ਜਾਂ ਗਮੀ। ਵਾਪਸੀ 'ਤੇ ਮੇਰੀ ਘਰਵਾਲੀ ਨੇ ਸਾਰੇ ਰਾਹ ਕੋਈ ਗੱਲ ਨਾ ਕੀਤੀ। ਜਦੋਂ ਮੈਂ ਕਾਰਨ ਜਾਣਨਾ ਚਾਹਿਆ ਤਾਂ ਮੇਰਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ। ਭੈਣ ਨੇ ਉਸ ਨੂੰ ਕਿਹਾ ਸੀ, "ਦਸਵੇਂ 'ਤੇ ਬਣ-ਠਣ ਕੇ ਆਇਓ। ਮੇਰੀ ਦਰਾਣੀ ਦੇ ਪੇਕਿਆਂ ਤੋਂ ਡਬਲ ਬੈਡ ਅਤੇ ਹੋਰ ਪਤਾ ਨਹੀਂ ਕੀ ਕੁਝ ਆਊ, ਮੈਂ ਵੱਧ ਤਾਂ ਨਹੀਂ ਮੰਗਦੀ, ਪਰ ਉਸ ਤੋਂ ਘੱਟ ਲਿਆ ਕੇ ਸ਼ਰੀਕੇ 'ਚ ਮੇਰਾ ਨੱਕ ਨਾ ਵਢਾਇਓ। ਸੁੱਖ ਨਾਲ ਦੋਵੇਂ ਭਰਾ ਸਰਕਾਰੀ ਨੌਕਰੀਆਂ ਕਰਦੇ ਓ। ਨਾਲੇ ਪਿੰਡ ਦੇ ਸਰਪੰਚ ਦਾ ਕੰਬਲ ਤੇ ਕੱਪੜੇ ਮਾੜੇ ਨਾ ਹੋਣ।"

"ਇਸ ਤੋਂ ਇਲਾਵਾ ਭੈਣ ਭਣਵੱਈਏ ਦੇ ਕੱਪੜੇ ਵੀ ਚਾਹੀਦੇ ਐ।" ਮੇਰੀ ਘਰਵਾਲੀ ਨੇ ਫ਼ਿਕਰਮੰਦ ਹੁੰਦਿਆਂ ਕਿਹਾ।

ਜਦੋਂ ਘਰ ਬੈਠ ਸਲਾਹ ਕੀਤੀ ਤਾਂ ਛੋਟੀ ਬਹੂ ਦੀ ਦਲੀਲ ਭਾਰੀ ਸੀ, "ਕੁੜੀਆਂ ਨੂੰ ਤਾਂ ਬਹਾਨੇ ਨਾਲ ਦਿੱਤਾ ਜਾਂਦਾ ਹੈ।" ਸ਼ਾਇਦ ਉਸ ਦੇ ਦਿਲ 'ਚ ਸੀ ਕਿ ਮਾਂ ਮਰੀ 'ਤੇ ਦੁਆਨੀ ਖਰਚੀ ਨਹੀਂ, ਹੁਣ ਖਰਚੋ। ਛੋਟਾ ਕਹਿ ਰਿਹਾ ਸੀ, "ਜੇ ਨਾ ਲੈ ਕੇ ਗਏ ਤਾਂ ਭੈਣ ਆਪਣੇ ਹਿੱਸੇ ਦੀ ਜ਼ਮੀਨ ਵੀ ਮੰਗ ਸਕਦੀ ਹੈ।" ਮੈਨੂੰ ਲੱਗਿਆ ਜਿਵੇਂ ਰਿਸ਼ਤਿਆਂ ਦਾ ਵਪਾਰੀਕਰਨ ਹੋ ਗਿਆ ਹੋਵੇ। "ਫਿਰ ਤੁਹਾਡੀ ਕੀ ਸਲਾਹ ਹੈ?" ਮੈਂ ਸੁਆਲੀਆ ਨਜ਼ਰਾਂ ਨਾਲ ਵਾਰੋ-ਵਾਰੀ ਸਾਰਿਆਂ ਵੱਲ ਵੇਖਿਆ।

"ਫਿਰ ਤਾਂ ਜੀ ਮੁਹੱਲੇ ਵਾਲੇ ਕੀ ਕਹਿਣਗੇ ਕਿ...।"

"ਆਪਣੀ ਮਾਂ ਵੇਲੇ ਕਿੱਥੇ ਗਏ ਸੀ।" ਮੈਂ ਘਰਵਾਲੀ ਦਾ ਬਾਕੀ ਫ਼ਿਕਰਾ ਪੂਰਾ ਕਰਦਿਆਂ ਕਿਹਾ। "ਬਈ ਤੁਸੀਂ ਜੇ ਕੋਈ ਸਮਾਜਕ ਰੀਤ ਤੋੜਨੀ ਹੈ, ਗੱਲਾਂ ਤਾਂ ਸੁਣਨੀਆਂ ਹੀ ਪੈਣਗੀਆਂ।" ਮੈਂ ਆਪਣੀ ਦਲੀਲ ਦੇਣੀ ਚਾਹੀ।

"ਬਾਈ ਜੀ, ਬੇਬੇ ਵਾਰੀ ਤੁਸੀਂ ਆਪਣੀ ਮਰਜ਼ੀ ਕੀਤੀ ਸੀ। ਭੈਣ ਨੂੰ ਨਾਰਾਜ਼ ਨਹੀਂ ਕਰਨਾ, ਅੱਗੇ ਤੁਹਾਡੀ ਮਰਜ਼ੀ।" ਛੋਟੇ ਨੇ ਇੱਕ ਤਰ੍ਹਾਂ ਦੋ ਟੁੱਕ ਫ਼ੈਸਲਾ ਸੁਣਾ ਦਿੱਤਾ। ਅੱਧਾ ਹਿੱਸਾ ਪਾਉਣ ਦਾ ਮਤਲਬ ਸੀ 25-30 ਹਜ਼ਾਰ ਰੁਪਏ ਖੂਹ ਵਿਚ। ਤਨਖ਼ਾਹ ਨਾਲ ਤਾਂ ਘਰ ਦੀ ਕਬੀਲਦਾਰੀ ਹੀ ਬੜੀ ਮੁਸ਼ਕਿਲ ਨਾਲ ਨਿਭ ਰਹੀ ਸੀ, ਜ਼ਮੀਨ 'ਚੋਂ ਖਰਚਾ ਕੱਢ ਕੇ ਖਾਣ ਲਈ ਦਾਣੇ ਹੀ ਆਉਂਦੇ ਸਨ। ਫਿਰ ਸ਼ਹਿਰ ਵਿਚ ਤਾਂ ਪਾਣੀ ਵੀ ਮੁੱਲ ਦਾ ਹੈ। ਸੋਚ-ਵਿਚਾਰ ਤੋਂ ਬਾਅਦ ਦੋਵੇਂ ਭਰਾ ਇਕੱਠੇ ਤੁਰਨ ਤੋਂ ਬਗੈਰ ਕੋਈ ਚਾਰਾ ਵੀ ਨਹੀਂ ਸੀ। ਬੜੀ ਮੁਸ਼ਕਲ ਨਾਲ ਫਰਿੱਜ, ਕੱਪੜੇ ਧੋਣ ਵਾਲੀ ਮਸ਼ੀਨ, ਕੂਲਰ, ਅਲਮਾਰੀ ਅਤੇ ਸਰਪੰਚ ਦੇ ਵਧੀਆ ਕੰਬਲ ਸਮੇਤ ਭੈਣ-ਭਣਵੱਈਏ ਦੇ ਕੱਪੜੇ ਬਣਵਾ ਸਾਰਾ ਸਾਮਾਨ ਟਰਾਲੀ 'ਚ ਲੱਦ ਭੋਗ 'ਤੇ ਪਹੁੰਚ ਗਏ। ਠੀਕ ਹੀ ਪੇਂਡੂ ਤੀਵੀਆਂ ਮ੍ਰਿਤਕ ਔਰਤ ਦੀਆਂ ਨੂੰਹਾਂ ਦੇ ਪੇਕਿਆਂ ਤੋਂ ਆਏ ਸਾਮਾਨ ਦੀ ਦੱਬੀ ਜ਼ੁਬਾਨ 'ਚ ਤੁਲਨਾ ਕਰ ਰਹੀਆਂ ਸਨ। ਸਾਮਾਨ ਨੇ ਹੀ ਆਰਥਿਕ ਪੱਖੋਂ ਤਕੜੇ ਮਾੜੇ ਹੋਣ ਦਾ ਰੁਤਬਾ ਦਿਵਾਉਣਾ ਸੀ। ਕੀਤੇ ਬੰਦੋਬਸਤ ਤੋਂ ਕੋਈ ਵੀ ਨਹੀਂ ਕਹਿ ਸਕਦਾ ਸੀ ਕਿ ਕਿਸੇ ਦੀ ਮਰਗ ਦਾ ਭੋਗ ਹੈ। ਘਰ ਦੇ ਖੁੱਲ੍ਹੇ ਵਿਹੜੇ ਵਿਚ ਖਲੋਤੀਆਂ ਟਰਾਲੀਆਂ ਤੋਂ ਲੱਗਦਾ ਸੀ ਜਿਵੇਂ ਨਵੀਆਂ ਵਹੁਟੀਆਂ ਦਾ ਦਾਜ ਆਇਆ ਹੋਵੇ।

ਜਦੋਂ ਪਗੜੀ ਦੀ ਰਸਮ ਹੋਈ ਤਾਂ ਅਸੀਂ ਫਾਡੀ ਰਹਿ ਗਏ। ਜਦੋਂ ਭੈਣ ਦੀ ਦਰਾਣੀ ਦੇ ਪੇਕੇ ਜਵਾਈ ਨੂੰ ਛਾਪ ਪਾ ਰਹੇ ਸਨ ਤਾਂ ਅਸੀਂ ਆਪਣੇ-ਆਪ ਨੂੰ ਬੌਣੇ ਮਹਿਸੂਸ ਕਰ ਰਹੇ ਸਾਂ। ਭੈਣ ਭਣਵੱਈਏ ਦੇ ਚਿਹਰਿਆਂ ਦਾ ਰੰਗ ਬਦਲ ਗਿਆ ਸੀ। ਮੈਂ ਸੋਚ ਰਿਹਾ ਸਾਂ ਕਿ ਸਾਡਾ ਸਮਾਜ ਹਾਲੇ ਕੋਝੀਆਂ ਰਸਮਾਂ ਨੂੰ ਰੱਦ ਕਰਨ ਦੇ ਹਾਣ ਦਾ ਨਹੀਂ ਹੋਇਆ।

ਭੋਗ ਤੋਂ ਬਾਅਦ ਲੈਗ-ਪੈਗ ਦਾ ਦੌਰ ਵੀ ਚੱਲ ਪਿਆ ਸੀ। ਭਣਵੱਈਏ ਦੀਆਂ ਪੈਗ ਲੱਗਣ ਤੋਂ ਬਾਅਦ ਨਾਸਾਂ ਇਉਂ ਚੜ੍ਹੀਆਂ ਸਨ ਜਿਵੇਂ ਕਿਸੇ ਮਾਰਖੋਰੇ ਢੱਗੇ ਦੀ ਨੱਥ ਖਿੱਚੀ ਹੋਵੇ। "ਮੈਨੂੰ ਪਹਿਲਾਂ ਹੀ ਪਤਾ ਸੀ, ਇਹ ਨੰਗ ਮੇਰੀ ਬੇਇੱਜ਼ਤੀ ਕਰਾਉਣਗੇ।" ਨਾਲ ਦੇ ਕਮਰੇ ਵਿਚ ਬੈਠਿਆਂ ਸਾਨੂੰ ਸੁਣਾਉਂਦਾ ਭੈਣ ਨੂੰ ਕਹਿ ਰਿਹਾ ਸੀ ਤੇ ਭੈਣ ਇਸ ਵਕਤ ਉਸ ਨੂੰ ਚੁੱਪ ਰਹਿਣ ਲਈ ਤਰਲਾ ਕਰ ਰਹੀ ਸੀ। ਸਾਡਾ 45-46 ਹਜ਼ਾਰ ਖਰਚਿਆ ਮੈਨੂੰ ਮਿੱਟੀ ਹੋ ਗਿਆ ਲੱਗਿਆ। ਰੋਟੀ ਖਾਂਦਿਆਂ ਬੁਰਕੀ ਮੇਰੇ ਮੂੰਹ 'ਚ ਫੁੱਲ ਰਹੀ ਸੀ।

ਤੁਰਨ ਲੱਗਿਆਂ ਭੈਣ ਨੇ ਜਲੇਬੀਆਂ ਵਾਲੇ ਲਿਫ਼ਾਫ਼ੇ ਫੜਾਉਂਦਿਆਂ ਗਿਲਾ ਕੀਤਾ, "ਵੀਰ ਕੀ ਸੀ ਜੇ ਕੋਈ ਮਾੜੀ-ਮੋਟੀ ਟੂਮ ਬਣਵਾ ਲਿਆਉਂਦੇ।" ਮੈਨੂੰ ਭੈਣ ਤੋਂ ਇਹ ਉਮੀਦ ਨਹੀਂ ਸੀ। ਅਸੀਂ ਸਾਰੇ ਜੀਅ ਭਰੇ-ਪੀਤੇ ਟਰਾਲੀ ਵਿਚ ਬੈਠ ਘਰ ਆ ਗਏ।

ਅਗਲੇ ਦਿਨ ਹੀ ਭੈਣ ਘਰ ਕਾਫ਼ੀ ਝਗੜਾ ਹੋਇਆ ਸੀ। ਇਹ ਮੈਨੂੰ ਭੈਣ ਕੋਲੋਂ ਹੀ ਫੋਨ 'ਤੇ ਪਤਾ ਲੱਗਾ। ਭੈਣ ਕਹਿ ਰਹੀ ਸੀ, "ਬੇਬੇ ਦੇ ਭੋਗ ਦਾ ਸਾਰਾ ਖਰਚਾ ਬੇਬੇ ਦੇ ਹਿੱਸੇ ਦੀ ਜ਼ਮੀਨ ਵੇਚ ਕੇ ਕੀਤਾ ਗਿਆ ਸੀ।" ਮੈਂ ਉਸ ਨੂੰ ਕਿਹਾ, "ਇੰਨਾ ਵਿਖਾਵਾ ਕਰਨ ਦੀ ਕੀ ਲੋੜ ਸੀ!"

ਮੈਨੂੰ ਅੱਜ ਛੇ ਮਹੀਨੇ ਪਹਿਲਾਂ ਮਾਂ ਦੇ ਮਰਨ ਵੇਲੇ ਕਹੇ ਸ਼ਬਦ ਯਾਦ ਆ ਰਹੇ ਸਨ: "ਐਵੇਂ ਫੋਕੀਆਂ ਰਸਮਾਂ 'ਚ ਪੈ ਕੇ ਨਾ ਉਜੜਿਓ।" ਪਰ ਮੈਂ ਇਹ ਵਿਖਾਵਾ ਮਾਂ ਦੀ ਅਗਵਾਈ ਤੋਂ ਪਾਸੇ ਹੋ ਕੇ ਕੀਤਾ ਸੀ, ਤੇ ਬੇਇੱਜ਼ਤ ਵੀ ਹੋਇਆ ਸਾਂ।

# 'ਧੁੱਪ ਦੀ ਮਹਿਫਲ' ਦੇ ਅੰਗ ਸੰਗ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਅਗਲੇ ਐਤਵਾਰ 24 ਜਨਵਰੀ ਨੂੰ ਭਾਪਾ ਪ੍ਰੀਤਮ ਸਿੰਘ ਦੇ ਮਹਿਰੌਲੀ (ਦਿੱਲੀ) ਨੇੜੇ ਪੈਂਦੇ ਨਵਯੁਗ ਫਾਰਮ ਵਿਚ ਤੀਹਵੀਂ 'ਧੁੱਪ ਦੀ ਮਹਿਫਲ' ਜੁੜ ਰਹੀ ਹੈ। ਇਹ ਸਮਾਗਮ ਪਹਿਲਾਂ ਵਾਂਗ ਹੀ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਰਚਾਇਆ ਜਾ ਰਿਹਾ ਹੈ।

ਚੇਤੇ ਰਹੇ, ਇਸ ਸਭਾ ਦੀ ਸਥਾਪਨਾ ਦੇਸ਼ ਵੰਡ ਤੋਂ ਪੰਜ ਸਾਲ ਪਹਿਲਾਂ 1942 ਵਿਚ ਬਹਿਬਲਪੁਰ (ਹੁਸ਼ਿਆਰਪੁਰ) ਦੇ ਜੰਮਪਲ ਗਿਆਨੀ ਹਰੀ ਸਿੰਘ ਨੇ ਰੱਖੀ ਸੀ। ਉਹ ਆਪਣੇ ਜਿਉਂਦੇ ਜੀਅ ਇਸ ਦੀ ਵਾਗਡੋਰ ਪੰਜਾਬੀ ਦੇ ਉਘੇ ਪ੍ਰਕਾਸ਼ਕ ਭਾਪਾ ਪ੍ਰੀਤਮ ਸਿੰਘ ਨੂੰ ਫੜਾ ਗਏ ਸਨ। ਉਸ ਤੋਂ ਪਿੱਛੋਂ ਕਈ ਵਰ੍ਹੇ ਸਭਾ ਦੀਆਂ ਸਪਤਾਹਿਕ ਬੈਠਕਾਂ ਤਾਂ ਭਾਪਾ ਜੀ ਦੇ ਘਰ ਹੀ ਹੁੰਦੀਆਂ ਰਹੀਆਂ ਪਰ ਸਾਲਾਨਾ ਸਮਾਗਮ 'ਧੁੱਪ ਦੀ ਮਹਿਫਲ' ਦੇ ਰੂਪ ਵਿਚ ਨਵਯੁਗ ਫਾਰਮ ਵਿਚ ਲਗਣ ਲਗਿਆ। ਉਹ ਸਮਾਗਮ ਦਾ ਸਾਰਾ ਖਰਚ ਆਪਣੇ ਪਲਿਓਂ ਕਰਦੇ, ਮਹਿਫਲ ਨੂੰ ਯਾਦਗਾਰੀ ਬਣਾਉਣ ਲਈ ਸੁਰਿੰਦਰ ਕੌਰ ਅਤੇ ਆਸਾ ਸਿੰਘ ਮਸਤਾਨਾ ਵਰਗਿਆਂ ਦੇ ਆਉਣ ਜਾਣ ਦਾ ਵੀ।

ਇਕ ਸਾਲ ਉਨ੍ਹਾਂ ਨੇ ਇਸ ਮਹਿਫਲ ਵਿਚ ਦੇਵਿੰਦਰ ਸਤਿਆਰਥੀ ਨੂੰ ਇਕ ਲੱਖ ਰੁਪਏ ਦੀ ਥੈਲੀ ਭੇਟ ਕੀਤੀ, 25-30 ਸਾਲ ਪਹਿਲਾਂ ਜਦੋਂ ਰੁਪਏ ਵਿਚ ਵੱਡਾ ਦਮ ਸੀ। ਐਤਕੀਂ ਉਰਦੂ ਅਦੀਬ ਰਤਨ ਸਿੰਘ, ਪੰਜਾਬੀ ਗਲਪਕਾਰ ਦਲੀਪ ਕੌਰ ਟਿਵਾਣਾ ਤੇ ਪੰਜਾਬੀ ਕਵਿਤਾ ਦੇ ਨਵੇਂ ਥੰਮ ਸੁਰਜੀਤ ਪਾਤਰ ਦਾ ਸਨਮਾਨ ਕੀਤਾ ਜਾਵੇਗਾ।

ਸਭਾ ਦੀ ਵਾਗਡੋਰ ਆਪਣੇ ਹੱਥ ਲੈਣ ਪਿੱਛੋਂ ਭਾਪਾ ਪ੍ਰੀਤਮ ਸਿੰਘ ਦਿੱਲੀ ਸਰਕਾਰ ਵੱਲੋਂ ਰਾਊਜ਼ ਐਵਨਿਊ ਇੰਸਟੀਚੂਸ਼ਨਲ ਏਰੀਏ ਵਿਚ ਸਸਤੇ ਭਾਅ ਮਿਲੇ 2000 ਗਜ਼ ਦੇ ਪਲਾਟ ਉਤੇ ਵਧੀਆ ਭਵਨ ਉਸਾਰਨ ਬਾਰੇ ਵੀ ਸੋਚਣਾ ਸ਼ੁਰੂ ਕਰ ਦਿੱਤਾ। ਇਹ ਕੰਮ ਉਨ੍ਹਾਂ ਨੇ ਆਪਣੇ ਇਕ ਬਿਲਡਰ ਮਿੱਤਰ ਕੰਵਰਜੀਤ ਸਿੰਘ ਚਾਵਲਾ ਨੂੰ ਸੌਂਪ ਦਿੱਤਾ ਅਤੇ ਉਸ ਨੂੰ ਭਵਨ ਉਸਾਰੀ ਦਾ ਖਰਚਾ ਇਕ ਮੰਜ਼ਿਲ ਦੇ ਕਿਰਾਏ ਵਿਚੋਂ ਕਿਸ਼ਤਾਂ ਵਿਚ ਪ੍ਰਾਪਤ ਕਰਨ ਲਈ ਮਨਾ ਲਿਆ।

1990 ਤੋਂ ਇਸ ਭਵਨ ਵਿਚ ਸਭਾ ਕੋਲ ਵਧੀਆ ਦਫਤਰ, ਲਾਇਬ੍ਰੇਰੀ ਤੇ ਕਲਾ ਗੈਲਰੀ ਹੀ ਨਹੀਂ ਸੈਮੀਨਾਰ ਹਾਲ ਵੀ ਹੈ। ਹੁਣ ਇਹ ਸਭਾ ਪੰਜਾਬੀ ਲੇਖਕਾਂ ਨੂੰ ਦਸ 5-5 ਹਜ਼ਾਰ ਮਹੀਨੇ ਦੀਆਂ ਫੈਲੋਸ਼ਿਪਾਂ ਤੇ ਇਕ 10 ਹਜ਼ਾਰ ਰੁਪਏ ਦੀ ਸੀਨੀਅਰ ਫੈਲੋਸ਼ਿਪ ਵੀ ਦਿੰਦੀ ਹੈ। ਸੀਨੀਅਰ ਫੈਲੋਸ਼ਿਪ ਹੁਣ ਤਕ ਅੰਮ੍ਰਿਤਾ ਪ੍ਰੀਤਮ, ਨਾਟਕਕਾਰ ਗੁਰਸ਼ਰਨ ਸਿੰਘ ਤੇ ਨਾਵਲਕਾਰ ਜਸਵੰਤ ਸਿੰਘ ਕੰਵਲ ਨੂੰ ਦਿੱਤੀ ਗਈ ਹੈ। ਸਭਾ ਸਮਕਾਲੀ ਸਾਹਿਤ ਨਾਂ ਦਾ ਇਕ ਤ੍ਰੈਮਾਸਕ ਰਸਾਲਾ ਵੀ ਪ੍ਰਕਾਸ਼ਿਤ ਕਰ ਰਹੀ ਹੈ। ਹੁਣ ਤਾਂ ਸਭਾ ਨੇ ਪੰਜਾਬ ਤੇ ਇਸ ਦੇ ਨਾਲ ਲਗਦੇ ਰਾਜਾਂ ਵਿਚ ਦੋ ਸੌ ਦਿਹਾਤੀ ਲਾਇਬਰੇਰੀਆਂ ਵੀ ਸਥਾਪਿਤ ਕੀਤੀਆਂ ਹਨ। ਇਨ੍ਹਾਂ ਨੂੰ ਸਮੇਂ-ਸਮੇਂ ਮੁਫ਼ਤ ਪੁਸਤਕਾਂ ਦੇਣ ਤੋਂ ਬਿਨਾਂ ਇਕ ਦਰਜਨ ਰਸਾਲੇ ਵੀ ਭਿਜਵਾਏ ਜਾਂਦੇ ਹਨ। ਜਿਨ੍ਹਾਂ ਵਿਚ ਲੰਮੀ ਸਾਧਨਾ ਵਾਲੀ 'ਪ੍ਰੀਤ ਲੜੀ' ਤੇ 'ਸਿਰਜਣਾ' ਤੋਂ ਬਿਨਾਂ 'ਕਹਾਣੀ ਪੰਜਾਬ' ਤੇ ਕਈ ਉਹ ਰਸਾਲੇ ਵੀ ਸ਼ਾਮਿਲ ਹਨ ਜੋ ਥੋੜ੍ਹੇ ਸਮੇਂ ਵਿਚ ਆਪਣੀ ਵੱਖਰੀ ਪਹਿਚਾਨ ਬਣਾ ਚੁੱਕੇ ਹਨ।

ਇਸ ਵਾਰੀ ਦੇ ਉਤਸਵ ਦੀ ਪ੍ਰਧਾਨਗੀ ਵਰਤਮਾਨ ਰਾਜ ਸਭਾ ਮੈਂਬਰ, ਸਾਬਕਾ ਚੋਣ ਕਮਿਸ਼ਨਰ ਤੇ ਕੇਂਦਰੀ ਮੰਤਰੀ ਮਨੋਹਰ ਸਿੰਘ ਗਿੱਲ ਕਰਨਗੇ। 'ਧੁੱਪ ਦੀ ਮਹਿਫਲ' ਤੋਂ ਪੰਜਾਬੀ ਭਵਨ ਦਾ ਇਹ ਸਫਰ ਭਾਪਾ ਪ੍ਰੀਤਮ ਸਿੰਘ ਕਾਰਨ ਤੈਅ ਹੋਇਆ।

**ਪੰਜਾਬ ਯੂਥ ਕਾਂਗਰਸ ਦੀ ਬੱਲੇ ਬੱਲੇ:** ਜਦੋਂ ਦਾ ਅਮਰਪ੍ਰੀਤ ਸਿੰਘ ਲਾਲੀ ਪੰਜਾਬ ਯੂਥ



ਅਮਰਪ੍ਰੀਤ ਸਿੰਘ ਲਾਲੀ

ਕਾਂਗਰਸ ਦਾ ਪ੍ਰਧਾਨ ਬਣਿਆ ਹੈ, ਇਸ ਦੀਆਂ ਗਤੀਵਿਧੀਆਂ ਵਿਚ ਬੇਅੰਤ ਵਾਧਾ ਹੋਇਆ ਹੈ। ਪਿਛਲੇ ਦਿਨਾਂ ਵਿਚ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਤੋਂ ਮੋਹਾਲੀ ਹਵਾਈ ਅੱਡੇ ਤੱਕ ਅਰੰਭੀ 115 ਕਿਲੋਮੀਟਰ ਦੀ ਪੈਦਲ ਯਾਤਰਾ ਇਸ ਦਾ ਸਿਖਰ ਸੀ। ਇਸ ਦੇ ਅਰੰਭ ਸਮੇਂ ਝੰਡੀ ਵਿਖਾਉਣ ਲਈ ਪੰਜਾਬ ਕਾਂਗਰਸ ਦਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਖਟਕੜ ਕਲਾਂ ਪਹੁੰਚਿਆ ਤੇ ਮੋਰਿੰਡਾ ਪਹੁੰਚਣ 'ਤੇ ਕਾਂਗਰਸ ਦੀ ਪ੍ਰਸਿੱਧ ਨੇਤਾ ਅੰਬਿਕਾ ਸੋਨੀ ਨੇ ਇਸ ਦਾ ਸਵਾਗਤ ਕੀਤਾ।

ਪੰਜਾਬ ਤੇ ਚੰਡੀਗੜ੍ਹ ਸਰਕਾਰ ਨੂੰ ਪੈਦਲ ਯਾਤਰਾ ਦੇ ਮੁਹਾਲੀ ਪਹੁੰਚਣ 'ਤੇ ਪਤਾ ਨਹੀਂ ਕੀ ਡਰ ਖਾਣ ਲੱਗਿਆ ਕਿ ਇਸ ਨੇ ਪੈਰਾਂ ਵਿਚ ਛਾਲਿਆਂ ਵਾਲੇ ਯੁਵਕ-ਯੁਵਤੀਆਂ ਨੂੰ ਸੁਹਾਣਾ ਪਿੰਡ ਦੇ ਗੁਰਦੁਆਰਾ ਸ਼ਹੀਦਾਂ ਤੋਂ ਅੱਗੇ ਜਾਣ ਤੋਂ ਰੋਕਣ ਲਈ ਬੈਰੀਕੇਡ ਲਾ ਦਿੱਤੇ। ਇਥੇ ਪਹੁੰਚਣ ਤੱਕ ਪਹਿਲੇ ਯੂਥ ਪ੍ਰਧਾਨ ਵਿਜੇਇੰਦਰ ਸਿੰਗਲਾ ਦਾ ਵੱਡਾ ਟੋਲਾ ਆ ਰਲਣ ਸਦਕਾ ਇਨ੍ਹਾਂ ਦੀ ਗਿਣਤੀ ਕਾਫੀ ਹੋ ਗਈ ਸੀ। ਐਨ ਕੁਦਰਤੀ ਸੀ ਕਿ ਬਿਨਾ ਕਾਰਨ ਲਾਏ ਗਏ ਬੈਰੀਕੇਡਾਂ ਨੂੰ ਤੋੜ ਕੇ ਲੰਘਣ ਸਮੇਂ ਪੁਲਿਸ ਤੇ ਨੌਜਵਾਨਾਂ ਵਿਚ ਮੁੱਠਭੇੜ ਹੁੰਦੀ। ਪੁਲਿਸ ਹਥਿਆਰਬੰਦ ਸੀ ਤੇ ਯਾਤਰੀ ਖਾਲੀ ਹੱਥ। ਨਤੀਜੇ ਵਜੋਂ ਅਮਰਪ੍ਰੀਤ ਲਾਲੀ, ਵਿਜੇਇੰਦਰ ਸਿੰਗਲਾ ਤੇ ਇਕ ਯੁਵਤੀ ਸਮੇਤ ਅੱਧੀ ਦਰਜਨ ਯੁਵਕਾਂ ਨੂੰ ਸੱਟਾਂ ਲੱਗੀਆਂ ਤੇ ਇਨ੍ਹਾਂ ਨੂੰ ਗ੍ਰਿਫਤਾਰ ਕਰਕੇ ਮੋਹਾਲੀ ਥਾਣੇ ਵਿਚ ਬੰਦ ਕਰ ਦਿੱਤਾ ਗਿਆ ਤਾਂਕਿ ਬਾਕੀ ਦੇ ਨੌਜਵਾਨ ਤਿੱਤਰ-ਬਿੱਤਰ ਹੋ ਜਾਣ।

ਸ਼ਾਇਦ ਉਨ੍ਹਾਂ ਨੂੰ ਦੁੱਖ ਸੀ ਕਿ ਯਾਤਰਾ ਦੇ ਦਿਨਾਂ ਵਿਚ ਕੇਂਦਰ ਦੀ ਏਅਰਪੋਰਟ ਅਥਾਰਟੀ ਵੱਲੋਂ ਇਹ ਬਿਆਨ ਆ ਗਿਆ ਸੀ ਕਿ ਅੱਗੇ ਤੋਂ ਕਿਸੇ ਵੀ ਹਵਾਈ ਅੱਡੇ ਦਾ ਨਾਂ ਕਿਸੇ ਵਿਅਕਤੀ ਵਿਸ਼ੇਸ਼ ਦੇ ਨਾਂ 'ਤੇ ਨਹੀਂ ਰੱਖਿਆ ਜਾਵੇਗਾ। ਇਸੇ ਬਿਆਨ ਨੇ ਪੰਜਾਬ ਸਰਕਾਰ ਦਾ ਇਹ ਦਾਅਵਾ ਝੁਠਲਾ ਦਿੱਤਾ ਕਿ ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਮੁਹਾਲੀ ਵਾਲੇ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ ਉਤੇ ਰੱਖੇ ਜਾਣ ਲਈ ਮਨਾ ਲਿਆ ਹੈ।

ਸੂਬਾ ਪ੍ਰਧਾਨ ਲਾਲੀ ਦਾ ਕਹਿਣਾ ਹੈ ਕਿ ਪੰਜਾਬ ਯੂਥ ਕਾਂਗਰਸ ਲਾਠੀਚਾਰਜ ਦੇ ਬਾਵਜੂਦ ਚੁੱਪ ਨਹੀਂ ਬੈਠਣ ਲੱਗੀ। ਉਨ੍ਹਾਂ ਦਾ ਅਗਲਾ ਕਦਮ ਪੰਜਾਬ ਦੇ ਇਕੱਲੇ-ਇਕੱਲੇ ਪਿੰਡ ਜਾ ਕੇ ਸਰਪੰਚਾਂ ਦੀ ਸਹਿਮਤੀ ਪ੍ਰਾਪਤ ਕਰਨਾ ਹੈ। ਉਹ ਇਹ ਕਿ ਇਸ ਅੱਡੇ ਦਾ ਨਾਂ ਅਮਰ ਸ਼ਹੀਦ ਭਗਤ ਸਿੰਘ ਦੇ ਨਾਂ ਉਤੇ ਹੀ ਰੱਖਿਆ ਜਾਵੇ ਤੇ ਅੱਗੇ ਲਈ ਜੋ ਵੀ ਨੀਤੀ ਹੈ, ਅਗਾਊਂ ਐਲਾਨੀ ਜਾਵੇ। ਘੜਮੱਸ ਪੈਣ ਤੋਂ ਪਿੱਛੋਂ ਨਹੀਂ।

**ਅੰਤਿਕਾ:**

ਜਿੱਥੇ ਡੁਲ੍ਹਦਾ ਖੂਨ ਸ਼ਹੀਦਾਂ ਦਾ
ਤਕਦੀਰ ਬਦਲਦੀ ਕੌਮਾਂ ਦੀ।

ਆਖਰੀ ਕਿਸ਼ਤ

# ਵੈਨਕੂਵਰ ਦੀ ਟੈਕਸੀ ਸਨਅਤ

*ਕੈਨੇਡਾ ਵੱਸਦੇ ਨੌਜਵਾਨ ਲੇਖਕ ਹਰਪ੍ਰੀਤ ਸੇਖਾ ਨੇ 'ਟੈਕਸੀਨਾਮਾ' ਦੀ ਆਖਰੀ ਕਿਸ਼ਤ ਵਿਚ ਵੈਨਕੂਵਰ ਦੀ ਟੈਕਸੀ ਸਨਅਤ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। ਇਸ ਤੋਂ ਟੈਕਸੀ ਸਨਅਤ ਅਤੇ ਡਰਾਈਵਰਾਂ ਦੇ ਪਿਛੋਕੜ ਦੀਆਂ ਝਾਤੀਆਂ ਪੈਂਦੀਆਂ ਹਨ। ਹਰਪ੍ਰੀਤ ਸੇਖਾ ਬੁਨਿਆਦੀ ਰੂਪ ਵਿਚ ਕਹਾਣੀਕਾਰ ਹੈ। ਉਹਦੇ ਦੋ ਕਹਾਣੀ ਸੰਗ੍ਰਿਹ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁੱਕੇ ਹਨ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਝਾਤੀ ਮਾਰੀ ਹੈ। -ਸੰਪਾਦਕ*



ਟੈਕਸੀਨਾਮਾ

19

ਹਰਪ੍ਰੀਤ ਸਿੰਘ ਸੇਖਾ
ਫੋਨ: 778-231-1189
hsekha@hotmail.com

ਭਾਵੇਂ ਨਵੇਂ ਸਾਲ ਦੀ ਸ਼ਾਮ ਹੋਵੇ, ਜਦੋਂ ਬਾਕੀ ਦੁਨੀਆਂ ਨਵੇਂ ਸਾਲ ਦੀ ਆਮਦ ਨੂੰ ਜੀਅ ਆਇਆਂ ਕਹਿਣ ਲਈ ਨੱਚ-ਗਾ ਰਹੀ ਹੋਵੇ ਜਾਂ ਬਰਫਾਨੀ ਦਿਨ ਹੋਵੇ, ਜਦੋਂ ਲੋਕ ਆਪਣੀ ਕਾਰ ਚਲਾਉਣੋਂ ਡਰਦੇ ਹਨ; ਟੈਕਸੀ ਹਮੇਸ਼ਾ ਹਾਜ਼ਰ ਹੁੰਦੀ ਹੈ। ਰਾਤ ਦੇ ਇੱਕ ਵਜੇ ਭਾਵੇਂ ਕੋਈ ਸ਼ਰਾਬੀ ਹੋਵੇ ਤੇ ਭਾਵੇਂ ਸਵੇਰ ਦੇ ਚਾਰ ਵਜੇ ਭਾਰੇ ਸਮਾਨ ਨਾਲ ਲੱਦਿਆ ਕੋਈ ਯਾਤਰੀ; ਉਡੀਕ ਦਾ ਸਮਾਂ ਥੋੜ੍ਹਾ ਬਹੁਤਾ ਵਧ-ਘਟ ਸਕਦਾ ਹੈ ਪਰ ਟੈਕਸੀ ਮਿਲ ਜਾਂਦੀ ਹੈ। ਟੈਕਸੀ ਡਰਾਈਵਰ ਜਗਰਾਤੇ ਝੱਲਦੇ, ਬਰਫਾਂ ਟੈਕਸੀ ਦੇ ਟਾਇਰਾਂ ਥੱਲੇ ਦਰੜਦੇ, ਲੋੜਵੰਦਾਂ ਨੂੰ ਉਨ੍ਹਾਂ ਦੀਆਂ ਥਾਂਵਾਂ 'ਤੇ ਸੁਰੱਖਿਅਤ ਪਹੁੰਚਾ ਦਿੰਦੇ ਹਨ। ਵੈਨਕੂਵਰ ਵਿਚ ਟੈਕਸੀ ਦੀਆਂ ਸੇਵਾਵਾਂ ਪਿਛਲੀ ਸਦੀ ਦੇ ਮੁੱਢ ਵਿਚ ਹੀ ਸ਼ੁਰੂ ਹੋ ਗਈਆਂ ਸਨ। ਅੱਜ ਟੈਕਸੀ ਵੱਡੀ ਸਨਅਤ ਹੈ ਅਤੇ ਟੈਕਸੀ ਖਰੀਦਣ ਲਈ ਵੱਡੀ ਰਾਸ਼ੀ ਦਾ ਨਿਵੇਸ਼ ਕਰਨਾ ਪੈਂਦਾ ਹੈ।

000

ਚਾਰਲਸ ਹੈਰੀ ਹੂਪਰ 1903 ਵਿਚ ਦੋ ਸਲੰਡਰ ਕਾਰ ਨਾਲ ਵੈਨਕੂਵਰ ਦਾ ਪਹਿਲਾ ਟੈਕਸੀ ਡਰਾਈਵਰ ਬਣਿਆ। ਸੱਤ ਸਾਲ ਬਾਅਦ ਉਸ ਨੇ ਵੈਨਕੂਵਰ ਦੀ ਪਹਿਲੀ ਟੈਕਸੀ ਕੰਪਨੀ 'ਹੈਰੀ ਹੂਪਰ ਲਿਮਿਟਡ' ਸ਼ੁਰੂ ਕੀਤੀ। 1911 ਵਿਚ ਡੋਨਲਡ ਸੀ. ਮੈਕਲੋਅਰ ਨੇ 'ਮੈਕਲੋਅਰਜ਼ ਕੈਬਸ' ਕੰਪਨੀ ਸ਼ੁਰੂ ਕਰ ਲਈ। ਵੈਨਕੂਵਰ ਦੀ ਅੱਜ ਸਭ ਤੋਂ ਵੱਡੀ ਟੈਕਸੀ ਕੰਪਨੀ 'ਯੈਲੋ ਕੈਬ' ਨੇ 1920 ਵਿਚ ਇੱਕ ਕਾਰ ਨਾਲ ਕੰਮ ਸ਼ੁਰੂ ਕੀਤਾ ਸੀ। ਇਸ ਕਾਰ ਦਾ ਮਾਲਕ ਰੋਏ ਲੌਂਗ ਵਕੀਲ ਸੀ। 1930 ਵਿਚ ਬੀ ਸੀ ਇਲੈਕਟ੍ਰਿਕ ਨੇ ਇਹ ਕੰਪਨੀ ਖਰੀਦ ਲਈ। ਬੀ ਸੀ ਇਲੈਕਟ੍ਰਿਕ ਉਸ ਵੇਲੇ 'ਟਰਮੀਨਲ ਸਿਟੀ ਕੈਬਸ' ਚਲਾ ਰਹੀ ਸੀ। 1947 ਵਿਚ 31 ਕਾਰਾਂ ਵਾਲੀ 'ਯੈਲੋ' ਵਾਲਟਰ ਪੀ. ਰੈਡਫੋਰਡ ਨੂੰ ਵੇਚ ਦਿੱਤੀ ਗਈ ਜਿਹੜਾ ਉਸ ਵੇਲੇ ਏਡੀ ਹੀ ਕੰਪਨੀ 'ਸਟਾਰ ਕੈਬਸ' ਦਾ ਮਾਲਕ ਸੀ। ਸੱਤ ਸਾਲਾਂ ਦੀ ਗੱਲ-ਬਾਤ ਤੋਂ ਬਾਅਦ ਫਰਵਰੀ 1958 ਵਿਚ ਯੈਲੋ, ਸਟਾਰ ਅਤੇ ਚੈਕਰਸ ਕੈਬ ਦੇ 110 ਮਾਲਕਾਂ/ਡਰਾਈਵਰਾਂ ਨੇ ਰਲ ਕੇ 85 ਕਾਰਾਂ ਵਾਲੀ 'ਯੈਲੋ ਕੈਬਸ ਕੰਪਨੀ' ਬਣਾਈ। ਯੈਲੋ ਕੈਬਸ ਨੇ 1977 ਵਿਚ 'ਫੋਰਮ ਇੰਪਰੈੱਸ ਟੈਕਸੀ' ਆਪਣੇ ਵਿਚ ਰਲੀ ਲਈ। 'ਫੋਰਮ ਇੰਪਰੈੱਸ' ਦੀਆਂ ਦਸ ਟੈਕਸੀਆਂ ਅਤੇ ਨੌਂ ਹੋਰ ਟੈਕਸੀ ਮਾਲਕਾਂ ਨੇ ਰਲ ਕੇ 1964 ਵਿਚ 'ਗਰੈਂਡਵਿਊ ਫੋਰਮ ਇੰਪਰੈੱਸ ਐਂਡ ਹੇਸਟਿੰਗਸ' ਦਾ ਸਮੂਹ ਬਣਾ ਲਿਆ ਸੀ। 1997 ਵਿਚ ਐਡਵਾਂਸ ਕੈਬਸ ਵੀ ਯੈਲੋ ਕੈਬਸ ਵਿਚ ਰਲ ਗਈ। ਵੈਨਕੂਵਰ ਦੀ ਦੂਜੀ ਵੱਡੀ ਟੈਕਸੀ ਕੰਪਨੀ 'ਬਲੈਕ ਟੌਪ' 1947 ਵਿਚ ਹੋਂਦ 'ਚ ਆਈ। ਇਸ ਨੂੰ ਸੱਤ ਸਾਬਕਾ ਫੌਜੀਆਂ (ਵਾਰ ਵੈਟਰਨ) ਨੇ ਰਲ ਕੇ ਬਣਾਇਆ। ਉਨ੍ਹਾਂ ਕੋਲ ਇੱਕ-ਇੱਕ ਕਾਰ ਸੀ। ਇਸ ਵਿਚ ਰੇਡੀਓ ਡਿਸਪੈਚ ਸਿਸਟਮ ਹੋਣ ਕਰ ਕੇ ਇਹ ਮਸ਼ਹੂਰ ਹੋ ਗਈ। 1960 ਤੱਕ ਇਸ ਕੰਪਨੀ ਦੀਆਂ 60 ਕਾਰਾਂ ਹੋ ਗਈਆਂ। ਬਲੂ ਕੈਬਸ ਦੀਆਂ 48 ਟੈਕਸੀਆਂ ਦੇ ਰਲਣ ਨਾਲ ਇਹ ਉਨ੍ਹਾਂ ਦਿਨਾਂ ਵਿਚ ਪੱਛਮੀ ਕੈਨੇਡਾ ਦੀ ਸਭ ਤੋਂ ਵੱਡੀ ਟੈਕਸੀ ਕੰਪਨੀ ਬਣ ਗਈ। ਬਲੂ ਕੈਬ 1935 ਵਿਚ ਏ ਪਾਸ਼ੋਸ ਨੇ ਸ਼ੁਰੂ ਕੀਤੀ ਸੀ।

ਫਰੇਜ਼ਰ ਦਰਿਆ ਦੇ ਦੂਜੇ ਪਾਸੇ ਵ੍ਹਾਈਟ ਰੌਕ ਵਿਚ ਜੌਰਜ ਹਕਿੰਨ ਮੈਕਲਾਗਲਿਨ ਟੈਕਸੀ ਚਲਾਉਂਦਾ ਸੀ। ਉਸ ਕੋਲ ਬਿਊਕ ਕਾਰ ਸੀ। ਇਸ ਉਪਰ 1915 ਦੀ ਲਾਇਸੈਂਸ ਪਲੇਟ ਲੱਗੀ ਹੈ। ਇਹ ਵ੍ਹਾਈਟ ਰੌਕ ਦੀ ਪਹਿਲੀ ਟੈਕਸੀ ਸੀ। 1920 ਵਿਚ ਇੱਡ ਡੂਪਰਜ਼ ਗਰਮੀਆਂ ਦੇ ਦਿਨਾਂ ਵਿਚ ਟੈਕਸੀ ਚਲਾਉਂਦਾ ਸੀ। ਇਸ ਸ਼ਹਿਰ ਵਿਚ ਦੂਜੇ ਸੰਸਾਰ ਯੁੱਧ ਤੋਂ ਥੋੜ੍ਹਾ ਪਹਿਲਾਂ ਹੀ ਪੂਰੀ ਤਰ੍ਹਾਂ ਟੈਕਸੀ ਦੀਆਂ ਸੇਵਾਵਾਂ ਸ਼ੁਰੂ ਹੋਈਆਂ। ਸੀਡ ਸੀਬਰੁੱਕ , ਸੀਬਰੁੱਕ ਕੈਫੇ ਤੋਂ ਸੀਬਰੁੱਕ ਟੈਕਸੀ ਚਲਾਉਂਦਾ ਸੀ। ਬਾਅਦ ਵਿਚ ਇਸ ਕੈਫੇ ਦਾ ਨਾਂ ਜੌਹਨੀਜ਼ ਕੈਫੇ ਬਣ ਗਿਆ। ਇਹ ਆਰਮੀ ਐਂਡ ਨੇਵੀ ਕਲੱਬ ਦੇ ਪੱਛਮ ਵਿਚ ਸੀ। ਰਿਗ ਟੇਲਰ ਅਤੇ ਜੇ ਡੀ ਮੈਕਮਿਲਨ 'ਟੇਲਰਸ ਟੈਕਸੀ' ਚਲਾਉਂਦੇ ਸਨ। ਉਨ੍ਹਾਂ ਦਾ ਅੱਡਾ ਸੈਮੀਆਮੋ ਸਟੇਜ ਡੀਪੂ ਸੀ ਜਿਹੜਾ ਵ੍ਹਾਈਟ ਰੌਕ ਟਰੇਨ ਸਟੇਸ਼ਨ ਦੇ ਪੱਛਮ ਵਿਚ ਸੀ। ਬਿਲ ਮੋਫਟ ਵ੍ਹਾਈਟ ਰੌਕ ਦੇ



*ਵੀਹਵੀਂ ਸਦੀ ਦੇ ਆਰੰਭ ਵਿਚ ਆਪਣੀ ਟੈਕਸੀ ਕੰਪਨੀ 'ਮੈਕਲੋਅਰਜ਼ ਕੈਬਸ' ਸ਼ੁਰੂ ਕਰਨ ਵਾਲਾ ਡੋਨਲਡ ਸੀ. ਮੈਕਲੋਅਰ ਆਪਣੀ ਕਾਰਨ ਨਾਲ।*

ਪੂਰਬੀ ਹਿੱਸੇ 'ਚ ਬਣੇ ਪਾਰਕ ਕੈਫੇ ਤੋਂ 'ਵ੍ਹਾਈਟ ਰੌਕ ਟੈਕਸੀਜ਼' ਚਲਾਉਂਦਾ ਸੀ। ਹਰਲਡ ਮਕੈਨਜ਼ੀ ਅਤੇ ਸਟੈਨ ਮੈਕਲਿਊਡ ਬੈਨਟਸ ਕੈਫੇ ਤੋਂ ਟੈਕਸੀ ਚਲਾਉਂਦੇ ਸਨ। ਜੈਕ ਵ੍ਹਾਈਟ ਆਪਣੀ ਟੈਕਸੀ ਵ੍ਹਾਈਟਸ ਗਰੋਸਰੀ ਤੋਂ ਚਲਾਉਂਦਾ ਸੀ। ਇਨ੍ਹਾਂ ਡਰਾਈਵਰਾਂ ਦੀਆਂ ਆਪਣੀਆਂ ਕਾਰਾਂ ਸਨ ਤੇ ਇਨ੍ਹਾਂ ਨੂੰ ਨਗਰਪਾਲਿਕਾ ਨੇ ਆਪਣੇ-ਆਪਣੇ ਅੱਡੇ ਦਿੱਤੇ ਹੁੰਦੇ ਸਨ। ਉਹ ਉਸ ਅੱਡੇ ਤੋਂ ਹੀ ਕੰਮ ਕਰਦੇ। ਸਮੇਂ ਦੇ ਨਾਲ- ਨਾਲ ਇਨ੍ਹਾਂ ਡਰਾਈਵਰਾਂ ਨੇ ਇਕ-ਦੂਜੇ ਨਾਲ ਭਾਈਵਾਲੀ ਪਾਉਣੀ ਸ਼ੁਰੂ ਕਰ ਦਿੱਤੀ। ਉਹ ਇੱਕ-ਦੂਜੇ ਦੇ ਅੱਡੇ ਨੂੰ ਵਰਤਣ ਲਈ ਸੰਧੀ ਕਰ ਲੈਂਦੇ। ਫਿਰ ਕਈ ਵਾਰ ਇਸ ਤਰ੍ਹਾਂ ਹੁੰਦਾ ਕਿ ਕੋਈ ਟੈਕਸੀ ਵਾਲਾ ਦੂਜਿਆਂ ਨਾਲ ਗੁੱਸੇ ਹੋ ਜਾਂਦਾ ਤੇ ਉਹ ਆਪਣੇ ਨਾਲ ਹੋਰ ਭਾਈਬੰਦ ਰਲਾ ਲੈਂਦਾ ਤੇ ਉਹ ਆਪਣੀਆਂ ਟੈਕਸੀਆਂ ਕਿਸੇ ਹੋਰ ਨਾਲ ਰਲਾ ਲੈਂਦੇ। ਕੁਝ ਵੀ ਸਥਿਰ ਨਹੀਂ ਸੀ। ਜਿਸ ਕੰਪਨੀ ਨਾਲੋਂ ਉਹ ਪਾਸੇ ਹੋਏ ਹੁੰਦੇ, ਉਹ ਕੰਪਨੀ ਡਾਵਾਂਡੋਲ ਹੋ ਜਾਂਦੀ। ਸਥਿਰਤਾ ਲਿਆਉਣ ਲਈ ਟੈਕਸੀ ਕੰਪਨੀਆਂ ਬਣਨੀਆਂ ਜ਼ਰੂਰੀ ਸਨ। ਕੁਝ ਟੈਕਸੀ ਵਾਲਿਆਂ ਨੇ ਰਲ ਕੇ ਕੰਪਨੀ ਬਣਾ ਲੈਣੀ। ਉਨ੍ਹਾਂ ਆਪਣੇ ਲਾਇਸੈਂਸ ਕੰਪਨੀ ਦੇ ਨਾਂ ਕਰ ਦੇਣੇ ਅਤੇ ਕੰਪਨੀ ਨੇ ਉਨ੍ਹਾਂ ਨੂੰ ਹਿੱਸੇ ਦੇ ਦੇਣੇ। ਇਸ ਨਾਲ ਜੇ ਕੋਈ ਹਿੱਸੇਦਾਰ ਦੂਜਿਆਂ ਨਾਲ ਨਾਰਾਜ਼ ਹੋ ਜਾਂਦਾ ਤਾਂ ਉਹ ਆਪਣਾ ਹਿੱਸਾ ਵੇਚ ਕੇ ਕਿਸੇ ਹੋਰ ਕੰਪਨੀ ਕੋਲੋਂ ਖਰੀਦ ਸਕਦਾ ਸੀ, ਪਰ ਆਪਣੇ ਲਾਇਸੈਂਸ ਦੂਜੀ ਕੰਪਨੀ ਕੋਲ ਨਹੀਂ ਸੀ ਲਿਜਾ ਸਕਦਾ। ਇਉਂ ਟੈਕਸੀ ਕੰਪਨੀਆਂ ਹੋਂਦ ਵਿਚ ਆਉਣ ਲੱਗੀਆਂ। 1957 ਵਿਚ ਵ੍ਹਾਈਟ ਰੌਕ ਸ਼ਹਿਰ ਵਿਚ ਹੈਰਲਡ ਮਕੈਨਜ਼ੀ, ਬਿਲ ਮੋਫਟ, ਜੋਅ ਸ਼ੌਰਟਮੈਨ, ਜਿਮ ਤੇ ਵੀ ਫਰਗੂਸਨ ਅਤੇ ਵਿਲਫ਼ ਸਜ਼ੈਲੀ (ਸਡਵਲੀ) ਨੇ ਰਲ ਕੇ 'ਵ੍ਹਾਈਟ ਰੌਕ ਰੇਡੀਓ ਕੈਬਸ' ਕੰਪਨੀ ਬਣਾ ਲਈ। ਸਰੀ ਵਿਚ 1948 ਦੇ ਇੱਕ ਇਸ਼ਤਿਹਾਰ ਤੋਂ ਚਾਰ ਟੈਕਸੀ ਕੰਪਨੀਆਂ ਦਾ ਪਤਾ ਲੱਗਦਾ ਹੈ। ਇਸ ਸਨ: ਟਰੈਮ ਟੈਕਸੀ, ਕਨੈਡੀ ਟੈਕਸੀ, ਸਰੀ ਟੈਕਸੀ ਅਤੇ ਨਿਊਟਨ ਟੈਕਸੀ। ਇਸ ਦੌਰਾਨ ਮੈਟਰੋ ਵੈਨਕੂਵਰ ਦੇ ਹੋਰ ਸ਼ਹਿਰਾਂ ਵਿਚ ਵੀ ਟੈਕਸੀ ਕੰਪਨੀਆਂ ਹੋਂਦ ਵਿਚ ਆ ਗਈਆਂ ਸਨ; ਜਿਵੇਂ ਬਰਨਬੀ ਵਿਚ ਬੋਨੀਜ਼ ਟੈਕਸੀ, ਨਿਊਵੈਸਟਮਿਨਿਸਟਰ ਵਿਚ ਰੌਇਲ ਸਿਟੀ ਟੈਕਸੀ ਤੇ ਕੁਈਨ ਸਿਟੀ ਟੈਕਸੀ, ਕੁਕਿਟਲਮ ਵਿਚ ਬਿਲ-ਏਅਰ ਟੈਕਸੀ ਆਦਿ।

000

ਜਿਵੇਂ-ਜਿਵੇਂ ਆਬਾਦੀ ਵਧਦੀ ਗਈ, ਟੈਕਸੀਆਂ ਦੀ ਗਿਣਤੀ ਵੀ ਵਧਦੀ ਗਈ। 1999 ਵਿਚ ਮੈਟਰੋ ਵੈਨਕੂਵਰ ਇਲਾਕੇ ਵਿਚ 25 ਟੈਕਸੀ ਕੰਪਨੀਆਂ ਸਨ ਜਿਨ੍ਹਾਂ ਕੋਲ 1242 ਟੈਕਸੀਆਂ ਸਨ। ਸਾਲ 2010 ਤੱਕ ਟੈਕਸੀਆਂ ਦੀ ਗਿਣਤੀ 1519 ਹੋ ਗਈ। ਟੈਕਸੀਆਂ ਦੀ ਸੰਖਿਆ ਨੂੰ ਬੀ ਸੀ ਦਾ ਪੈਸਿੰਜਰ ਟਰਾਂਸਪੋਰਟ ਬੋਰਡ ਨਗਰ ਪਾਲਿਕਾ ਦੀ ਮਦਦ ਨਾਲ ਬਰਾਮਦ ਕਰਦਾ ਹੈ। ਵੈਨਕੂਵਰ ਵਿਚ ਵੀ ਉਤਰੀ ਅਮਰੀਕਾ ਦੇ ਹੋਰ ਸ਼ਹਿਰਾਂ ਵਾਂਗ ਟੈਕਸੀਆਂ ਦੀ ਗਿਣਤੀ ਨਿਯਮਬੱਧ ਕਰਨਾ 1930-40 ਵਿਆਂ ਵਿਚ ਸ਼ੁਰੂ ਹੋਇਆ। 1930 ਵਿਆਂ ਦੇ ਮੰਦਵਾੜੇ ਦੇ ਬੇਰੁਜ਼ਗਾਰਾਂ ਅਤੇ ਫਿਰ ਦੂਜੇ ਸੰਸਾਰ ਜੰਗ ਤੋਂ ਮੁੜੇ ਸੈਨਿਕਾਂ ਨੇ ਟੈਕਸੀਆਂ ਦਾ ਹੜ੍ਹ ਲਿਆ ਦਿੱਤਾ ਸੀ। ਟੈਕਸੀਆਂ ਦੀ ਬਹੁਤਾਤ ਹੋਣ ਕਾਰਨ ਨਿਯਮ ਬਣਾਏ ਗਏ, ਪਰ ਮਾਂਟਰੀਅਲ ਵਿਚ ਇਸ ਦੇ ਉਲਟ ਦੂਜੇ ਸੰਸਾਰ ਯੁੱਧ ਤੋਂ ਬਾਅਦ ਟੈਕਸੀਆਂ ਦੀ ਗਿਣਤੀ ਤੋਂ ਨਿਯਮ ਉਠਾ ਦਿੱਤੇ ਗਏ। ਜੇ ਇਹ ਨਿਯਮ ਨਾ ਹੋਣ ਤਾਂ ਟੈਕਸੀਆਂ ਦੀ ਗਿਣਤੀ ਵਧ ਜਾਵੇ ਅਤੇ ਡਰਾਈਵਰਾਂ ਦੀ ਕਮਾਈ ਬਹੁਤ ਘਟ ਜਾਵੇ। ਇਸੇ ਤਰ੍ਹਾਂ ਹੀ ਅਮਰੀਕਾ ਦੇ ਸ਼ਹਿਰ ਸਿਆਟਲ ਵਿਚ ਹੋਇਆ ਸੀ। 1979 ਵਿਚ ਸਿਆਟਲ ਅਤੇ ਕਿੰਗ ਕਾਊਂਟੀ ਨੇ ਟੈਕਸੀਆਂ ਲਈ ਮੰਡੀ ਖੁੱਲ੍ਹੀ ਕਰ ਦਿੱਤੀ। ਨਤੀਜੇ ਵਜੋਂ ਟੈਕਸੀਆਂ ਦੀ ਗਿਣਤੀ ਬਹੁਤ ਵਧ ਗਈ। ਇਸ ਨਾਲ ਗਾਹਕਾਂ ਲਈ ਉਡੀਕ ਦਾ ਸਮਾਂ ਤਾਂ ਬਹੁਤ ਘਟ ਗਿਆ, ਪਰ ਡਰਾਈਵਰਾਂ ਨੂੰ ਬਹੁਤ ਲੰਮੇ ਘੰਟੇ ਕੰਮ ਕਰਨਾ ਪੈਂਦਾ ਅਤੇ ਉਨ੍ਹਾਂ ਦੀ ਕਮਾਈ ਘਟ ਗਈ। ਫਲਸਰੂਪ



*ਵੈਨਕੂਵਰ ਵਿਚ ਸਵਾਰੀਆਂ ਨੂੰ ਲੈ ਕੇ ਜਾ ਰਿਹਾ ਡੋਨਲਡ ਸੀ. ਮੈਕਲੋਅਰ। ਇਹ ਤਸਵੀਰ 1911 ਵਿਚ ਖਿੱਚੀ ਗਈ ਸੀ।*

ਡਰਾਈਵਰਾਂ ਨੇ ਕਿਰਾਏ ਵਧਾਉਣੇ ਸ਼ੁਰੂ ਕਰ ਦਿੱਤੇ। ਨਵੇਂ ਅਤੇ ਬਿਨਾਂ ਤਜਰਬੇ ਵਾਲੇ ਡਰਾਈਵਰ ਆਉਣ ਨਾਲ ਸੇਵਾਵਾਂ ਵਿਚ ਗਿਰਾਵਟ ਆਈ ਅਤੇ ਟੈਕਸੀ ਦੀ ਮੰਗ ਘਟ ਗਈ। ਨਤੀਜੇ ਵਜੋਂ ਉਥੇ ਮੁੜ 1991 ਤੋਂ ਟੈਕਸੀਆਂ ਦੀ ਗਿਣਤੀ ਨਿਯਮਬੱਧ ਕਰਨੀ ਪਈ। ਇਉਂ ਵੀਹ ਸਾਲਾਂ ਦੌਰਾਨ ਉਤਰੀ ਅਮਰੀਕਾ ਦੇ ਕਈ ਸ਼ਹਿਰਾਂ ਵਿਚ ਟੈਕਸੀਆਂ ਦੀ ਗਿਣਤੀ ਬਾਰੇ ਨਿਯਮ ਬਣਾਏ ਗਏ, ਹਟਾਏ ਗਏ ਤੇ ਫਿਰ ਬਣਾਏ ਗਏ। ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿਚ ਟੈਕਸੀ ਸਨਅਤ ਨਾਲ ਸਬੰਧਤ ਨਿਯਮਾਂ ਦੀ ਘੜ-ਤੋੜ ਪੈਸਿੰਜਰ ਟਰਾਂਸਪੋਰਟ ਬੋਰਡ ਕਰਦਾ ਹੈ। ਹਰ ਟੈਕਸੀ ਉਪਰ ਇਸ ਬੋਰਡ ਵੱਲੋਂ ਦਿੱਤੀ ਗਈ ਪਲੇਟ ਅਤੇ ਨਗਰਪਾਲਿਕਾ ਦੀ ਪਲੇਟ ਲੱਗੀ ਹੁੰਦੀ ਹੈ। ਟੈਕਸੀ ਕੰਪਨੀਆਂ ਦੇ ਕਾਰਜ-ਖੇਤਰ ਦੀ ਹੱਦ-ਬੰਦੀ ਵੀ ਇਹੀ ਬੋਰਡ ਕਰਦਾ ਹੈ। ਆਮ ਤੌਰ 'ਤੇ ਇਹ ਹੱਦ ਨਗਰਪਾਲਿਕਾ ਦੀ ਹੀ ਹੱਦ ਹੁੰਦੀ ਹੈ। ਕਈ ਸ਼ਹਿਰਾਂ ਵਿਚ ਇੱਕ ਤੋਂ ਵਧੇਰੇ ਟੈਕਸੀ ਕੰਪਨੀਆਂ ਹਨ। ਕੁਝ ਕੰਪਨੀਆਂ ਨੂੰ ਇੱਕ ਤੋਂ ਵਧੇਰੇ ਸ਼ਹਿਰਾਂ ਵਿਚ ਕੰਮ ਕਰਨ ਦੀ ਆਗਿਆ ਹੁੰਦੀ ਹੈ, ਜਿਵੇਂ ਨੌਰਥ ਸ਼ੋਰ ਟੈਕਸੀ ਨੌਰਥ ਵੈਨਕੂਵਰ ਅਤੇ ਵੈਸਟ ਵੈਨਕੂਵਰ ਵਿਚ ਸੇਵਾਵਾਂ ਦੇ ਸਕਦੀ ਹੈ। ਪੈਸਿੰਜਰ ਟਰਾਂਸਪੋਰਟ ਬੋਰਡ ਸਮੇਂ ਦੇ ਨਾਲ ਲੋੜ ਅਨੁਸਾਰ ਨਵੇਂ ਲਾਇਸੈਂਸ ਦਿੰਦਾ ਰਹਿੰਦਾ ਹੈ। ਕਈ ਵਾਰ ਆਰਜ਼ੀ ਲਾਇਸੈਂਸ ਵੀ ਦਿੱਤੇ ਜਾਂਦੇ ਹਨ, ਜਿਵੇਂ ਜਨਵਰੀ 2010 ਤੋਂ ਮਾਰਚ 2010 ਤੱਕ ਉਲੰਪਿਕ ਖੇਡਾਂ ਕਾਰਨ ਵੈਨਕੂਵਰ ਦੀਆਂ ਟੈਕਸੀ ਕੰਪਨੀਆਂ ਨੂੰ ਟੈਕਸੀਆਂ ਦੇ ਆਰਜ਼ੀ ਲਾਇਸੈਂਸ ਦਿੱਤੇ ਗਏ। ਆਮ ਤੌਰ 'ਤੇ ਨਵੇਂ ਲਾਇਸੈਂਸ ਆਬਾਦੀ 'ਚ ਹੋਏ ਵਾਧੇ ਕਾਰਨ ਦਿੱਤੇ ਜਾਂਦੇ ਹਨ। ਮੈਟਰੋ ਵੈਨਕੂਵਰ ਵਿਚ ਟੈਕਸੀ ਅਤੇ ਆਬਾਦੀ ਦੀ ਅਨੁਪਾਤ 1:1381 ਹੈ। ਕੈਨੇਡਾ ਦੇ ਬਾਕੀ ਸ਼ਹਿਰਾਂ ਦੀ ਔਸਤ 1:714 ਹੈ। ਨਵੇਂ ਲਾਇਸੈਂਸ ਪਹਿਲਾਂ ਹੀ ਹੋਂਦ ਵਿਚ ਟੈਕਸੀ ਕੰਪਨੀਆਂ ਨੂੰ ਹੀ ਦਿੱਤੇ ਜਾਂਦੇ ਹਨ। ਜੇ ਕਿਸੇ ਸ਼ਹਿਰ ਵਿਚ ਹੋਰ ਟੈਕਸੀ ਕੰਪਨੀ ਦੀ ਜ਼ਰੂਰਤ ਹੋਵੇ ਤਾਂ ਕੁਝ ਲਾਇਸੈਂਸ ਨਵੀਂ ਕੰਪਨੀ ਲਈ ਵੀ ਦਿੱਤੇ ਜਾਂਦੇ ਹਨ। ਟੈਕਸੀ ਕੰਪਨੀਆਂ ਨਵੇਂ ਮਿਲੇ ਲਾਇਸੈਂਸ ਨੂੰ ਜਾਂ ਤਾਂ ਟੈਕਸੀ ਕੰਪਨੀ ਦੀ ਹੀ ਮਲਕੀਅਤ ਰਹਿਣ ਦਿੰਦੀਆਂ ਹਨ, ਜਾਂ ਫਿਰ ਦੂਜੇ ਹਿੱਸੇਦਾਰਾਂ ਵਿਚ ਤਕਸੀਮ ਕਰ ਦਿੰਦੀਆਂ ਹਨ। ਇੱਕ ਲਾਇਸੈਂਸ ਦੇ ਦੋ ਹਿੱਸੇ ਹੁੰਦੇ ਹਨ ਜਾਂ ਕਹਿ ਲਵੋ ਕਿ ਇੱਕ ਟੈਕਸੀ ਦੇ ਦੋ ਹਿੱਸੇ (ਸ਼ੇਅਰ) ਹੁੰਦੇ ਹਨ। ਇਨ੍ਹਾਂ ਸ਼ੇਅਰਾਂ ਦੀ ਕੀਮਤ ਵੀ ਵਧਦੀ-ਘਟਦੀ ਰਹਿੰਦੀ ਹੈ। ਵੈਨਕੂਵਰ ਦੀਆਂ ਟੈਕਸੀਆਂ ਦੇ ਸ਼ੇਅਰਾਂ ਦੀ ਕੀਮਤ ਉਤਰੀ ਅਮਰੀਕਾ ਦੇ ਸਾਰੇ ਵੱਡੇ ਸ਼ਹਿਰਾਂ ਦੀਆਂ ਟੈਕਸੀਆਂ ਦੇ ਸ਼ੇਅਰਾਂ ਨਾਲੋਂ ਜ਼ਿਆਦਾ ਹੈ। ਇਸ ਦਾ ਵੱਡਾ ਕਾਰਨ ਆਬਾਦੀ ਦੇ ਅਨੁਪਾਤ ਅਨੁਸਾਰ ਘੱਟ ਟੈਕਸੀਆਂ ਦਾ ਹੋਣਾ ਹੈ। ਮੈਟਰੋ ਵੈਨਕੂਵਰ ਵਿਚ 1999 ਵਿਚ ਇਹ ਕੀਮਤ 80,000 ਤੋਂ 210,000 ਸੀ। ਇਨ੍ਹਾਂ ਵਿਚੋਂ ਘੱਟ ਕੀਮਤ ਕੁਕਿਟਲਮ ਦੀਆਂ ਟੈਕਸੀਆਂ ਦੇ ਸ਼ੇਅਰਾਂ ਦੀ ਸੀ ਤੇ ਵੱਧ ਡਾਊਨ ਟਾਊਨ ਦੀਆਂ ਟੈਕਸੀਆਂ ਦੇ ਸ਼ੇਅਰਾਂ ਦੀ। ਆਮ ਤੌਰ 'ਤੇ ਇੱਕ ਟੈਕਸੀ ਦੇ ਦੋ ਮਾਲਕ ਹੁੰਦੇ ਹਨ; ਇੱਕ ਕੋਲ ਦਿਨ ਦਾ ਹਿੱਸਾ ਹੁੰਦਾ ਹੈ ਤੇ ਦੂਜੇ ਕੋਲ ਰਾਤ ਦਾ। ਕਈਆਂ ਕੋਲ ਪੂਰੀ ਟੈਕਸੀ ਜਾਂ ਇੱਕ ਤੋਂ ਵੱਧ ਟੈਕਸੀਆਂ ਵੀ ਹੁੰਦੀਆਂ ਹਨ। ਅੰਦਾਜ਼ਨ 80-85% ਸ਼ੇਅਰਾਂ ਦੇ ਮਾਲਕ ਆਪ ਇੱਕ ਸ਼ਿਫਟ ਟੈਕਸੀ ਚਲਾਉਂਦੇ ਹਨ। ਜਿਨ੍ਹਾਂ ਕੋਲ ਆਪਣਾ ਸ਼ੇਅਰ ਨਹੀਂ ਹੁੰਦਾ, ਉਹ ਕਮਿਸ਼ਨ ਜਾਂ ਲੀਜ਼ 'ਤੇ ਟੈਕਸੀ ਚਲਾਉਂਦੇ ਹਨ। ਲੀਜ਼ ਅਤੇ ਕਮਿਸ਼ਨ ਦਾ ਰੇਟ ਵੱਖ-ਵੱਖ ਕੰਪਨੀਆਂ ਦਾ ਵੱਖੋ-ਵੱਖ ਹੁੰਦਾ ਹੈ; ਜਿਵੇਂ ਵੈਨਕੂਵਰ ਦੀ ਯੈਲੋ ਕੈਬ ਵਿਚ ਮੀਟਰ 'ਤੇ ਚੱਲੀ ਕਮਾਈ ਨੂੰ ਡਰਾਈਵਰ ਅਤੇ ਮਾਲਕ ਅੱਧੋ-ਅੱਧ ਵੰਡ ਲੈਂਦੇ ਹਨ। ਲੀਜ਼ ਦੀ ਕੀਮਤ 1500 ਤੋਂ 2000 ਡਾਲਰ ਤੱਕ ਪ੍ਰਤੀ ਸ਼ਿਫਟ ਪ੍ਰਤੀ ਮਹੀਨਾ ਹੁੰਦੀ ਹੈ। ਇਸ ਤੋਂ ਇਲਾਵਾ ਗੈਸ, ਬੀਮਾ, ਕਾਰ ਦੀ ਮੁਰੰਮਤ ਅਤੇ ਡਿਸਪੈਚ ਫੀਸ ਵੀ ਡਰਾਈਵਰ ਹੀ ਦਿੰਦਾ ਹੈ। ਇਹ ਖਰਚ ਤਕਰੀਬਨ 1950 ਡਾਲਰ ਪ੍ਰਤੀ ਸ਼ਿਫਟ ਹਰ ਮਹੀਨਾ ਹੁੰਦਾ ਹੈ। ਜੇ ਕਿਸੇ ਟੈਕਸੀ ਕੋਲ ਏਅਰਪੋਰਟ ਦੀ ਪਲੇਟ ਹੈ ਤਾਂ ਉਸ ਨੂੰ ਤਕਰੀਬਨ 150 ਡਾਲਰ ਪ੍ਰਤੀ ਸ਼ਿਫਟ ਹਰ ਮਹੀਨੇ ਏਅਰਪੋਰਟ ਫੀਸ ਦੇਣੀ ਪੈਂਦੀ ਹੈ। ਏਅਰਪੋਰਟ ਤੋਂ ਸਵਾਰੀ ਚੁੱਕਣ ਲਈ ਟੈਕਸੀ ਕੋਲ ਏਅਰਪੋਰਟ ਦੀ ਪਲੇਟ ਅਤੇ ਡਰਾਈਵਰ ਕੋਲ ਏਅਰਪੋਰਟ ਦਾ ਲਾਇਸੈਂਸ ਹੋਣਾ ਜ਼ਰੂਰੀ ਹੈ। ਸਾਲ 1968 ਤੋਂ 1980 ਤੱਕ ਸਿਰਫ਼ ਮੈਕਲੋਅਰਜ਼ ਕੈਬ ਟੈਕਸੀ ਕੰਪਨੀ ਦੀਆਂ ਟੈਕਸੀਆਂ ਹੀ ਏਅਰਪੋਰਟ ਤੋਂ ਸਵਾਰੀ ਚੁੱਕ ਸਕਦੀਆਂ ਸਨ।

000

ਮਹਿੰਗਾਈ ਵਧਣ ਨਾਲ ਟੈਕਸੀਆਂ ਦੇ ਕਿਰਾਏ ਵੀ ਵਧਦੇ ਹਨ। ਇਹ ਵਾਧਾ ਗਰਾਊਂਡ ਟਰਾਂਸਪੋਰਟੇਸ਼ਨ ਬੋਰਡ ਦੀ ਮਨਜ਼ੂਰੀ ਨਾਲ ਹੀ ਹੁੰਦਾ ਹੈ। ਨਵੇਂ ਭਾਅ ਅਨੁਸਾਰ ਮੀਟਰ ਸੈੱਟ ਕਰ ਕੇ ਸੀਲਬੰਦ ਕੀਤੇ ਜਾਂਦੇ ਹਨ। ਅਕਤੂਬਰ 1951 ਵਿਚ ਟੈਕਸੀ ਦਾ ਮੀਟਰ 45 ਸੈਂਟ ਤੋਂ ਸ਼ੁਰੂ ਹੁੰਦਾ ਸੀ। ਉਡੀਕ ਦਾ ਸਮਾਂ 3 ਡਾਲਰ ਪ੍ਰਤੀ ਘੰਟਾ ਹੁੰਦਾ ਸੀ। 1996 ਤੱਕ ਉਡੀਕ ਦਾ ਕਿਰਾਇਆ ਵਧ ਕੇ 21 ਡਾਲਰ ਪ੍ਰਤੀ ਘੰਟਾ ਹੋ ਗਿਆ। ਮੀਟਰ 2 ਡਾਲਰ 10 ਸੈਂਟ ਤੋਂ ਸ਼ੁਰੂ ਹੁੰਦਾ ਸੀ ਅਤੇ 1 ਡਾਲਰ 20 ਸੈਂਟ ਪ੍ਰਤੀ ਕਿਲੋਮੀਟਰ ਹੁੰਦਾ ਸੀ। 2010 ਦੇ ਜੁਲਾਈ ਮਹੀਨੇ ਤੋਂ ਇਹ ਰੇਟ 33 ਡਾਲਰ 07 ਸੈਂਟ ਉਡੀਕ ਸਮਾਂ, ਮੀਟਰ ਦੀ ਸ਼ੁਰੂਆਤ 3 ਡਾਲਰ 20 ਸੈਂਟ ਅਤੇ 1 ਡਾਲਰ 85 ਸੈਂਟ ਪ੍ਰਤੀ ਕਿਲੋਮੀਟਰ ਹੋ ਗਏ ਹਨ। ਇਸ ਕਿਰਾਏ ਵਿਚ 12% ਟੈਕਸ ਹੁੰਦਾ ਹੈ। ਇਹ ਟੈਕਸ ਅਗਾਂਹ ਸਰਕਾਰ ਨੂੰ ਦੇਣਾ ਪੈਂਦਾ ਹੈ।


000

ਹਰ ਟੈਕਸੀ ਕੰਪਨੀ ਆਪਣਾ ਕਾਰਜ ਖੇਤਰ ਕਈ ਹਿੱਸਿਆ ਵਿਚ ਵੰਡ ਲੈਂਦੀ ਹੈ। ਇਸ ਨੂੰ ਜ਼ੋਨ ਆਖਦੇ ਹਨ। ਜ਼ੋਨ ਵਿਚ ਅੱਗੇ ਅੱਡੇ ਹੁੰਦੇ ਹਨ। ਇਹ ਅੱਡੇ ਕਿਸੇ ਹੋਟਲ, ਰੇਲ ਸਟੇਸ਼ਨ ਦੇ ਮੂਹਰੇ, ਕਿਸੇ ਮਾਲ ਵਿਚ ਜਾਂ ਕਿਸੇ ਅਜਿਹੇ ਥਾਂ ਹੁੰਦੇ ਹਨ, ਜਿਥੇ ਲੋਕਾਂ ਨੂੰ ਟੈਕਸੀ ਦੀ ਲੋੜ ਆਮ ਹੁੰਦੀ ਹੋਵੇ। ਡਰਾਈਵਰ ਆਪਣੀ ਟੈਕਸੀ ਨੂੰ ਜ਼ੋਨ ਅਤੇ ਫਿਰ ਅੱਡੇ ਉਪਰ ਬੁੱਕ ਕਰ ਦਿੰਦੇ ਹਨ। ਜਦੋਂ ਵੀ ਉਸ ਅੱਡੇ ਦੇ ਘੇਰੇ ਵਿਚੋਂ ਕਿਸੇ ਸਵਾਰੀ ਨੂੰ ਟੈਕਸੀ ਚਾਹੀਦੀ ਹੋਵੇ, ਡਿਸਪੈਚਰ ਉਥੇ ਪਹਿਲੀ ਟੈਕਸੀ ਭੇਜ ਦਿੰਦਾ ਹੈ। ਟੈਕਸੀ ਦੇ ਸਵਾਰੀ ਕੋਲ ਪਹੁੰਚਣ ਦਾ ਔਸਤਨ ਸਮਾਂ ਦਸ ਮਿੰਟ ਹੁੰਦਾ ਹੈ। ਬਹੁਤੇ ਵਾਰੀ ਟੈਕਸੀ ਇਸ ਤੋਂ ਘੱਟ ਸਮੇਂ ਵਿਚ ਹੀ ਸਵਾਰੀ ਕੋਲ ਪਹੁੰਚ ਜਾਂਦੀ ਹੈ। ਮੀਂਹ-ਕਣੀ, ਬਰਫ਼ਬਾਰੀ ਜਾਂ ਕਿਸੇ ਹੋਰ ਰੁਝੇਵੇਂ ਵਾਲੇ ਦਿਨ ਇਹ ਉਡੀਕ ਲੰਮੀ ਵੀ ਹੋ ਜਾਂਦੀ ਹੈ। ਵੈਨਕੂਵਰ ਸ਼ਹਿਰ ਦੀਆਂ ਟੈਕਸੀਆਂ ਲਈ ਮਈ ਤੋਂ ਸਤੰਬਰ ਤੱਕ ਰੁਝੇਵੇਂ ਵਾਲਾ ਸਮਾਂ ਹੁੰਦਾ ਹੈ। ਇਨ੍ਹਾਂ ਮਹੀਨਿਆਂ ਵਿਚ ਅਲਾਸਕਾ ਅਤੇ ਵੈਨਕੂਵਰ ਦੌਰਾਨ ਕਰੂਜ਼ਸ਼ਿਪ ਆਉਂਦੇ-ਜਾਂਦੇ ਹਨ, ਜਿਸ ਕਰ ਕੇ ਹਜ਼ਾਰਾਂ ਹੀ ਯਾਤਰੀ ਟੈਕਸੀ ਵਰਤਦੇ ਹਨ। ਇਸ ਤੋਂ ਬਿਨਾਂ ਸ਼ੁੱਕਰਵਾਰ ਤੇ ਸ਼ਨਿੱਚਰਵਾਰ ਦੀਆਂ ਰਾਤਾਂ ਨੂੰ ਪੱਬਾਂ ਦੇ ਬੰਦ ਹੋਣ ਸਮੇਂ (ਦੋ ਤੋਂ ਚਾਰ ਵਜੇ ਦਰਮਿਆਨ) ਵੀ ਟੈਕਸੀਆਂ ਲਈ ਕਮਾਈ ਦਾ ਸਮਾਂ ਹੁੰਦਾ ਹੈ।

000

ਹੁਣ ਮੈਟਰੋ ਵੈਨਕੂਵਰ ਦੀਆਂ ਤਕਰੀਬਨ ਸਾਰੀਆਂ ਹੀ ਵੱਡੀਆਂ ਟੈਕਸੀ ਕੰਪਨੀਆਂ ਕੰਪਿਊਟਰ ਡਿਸਪੈਚ ਸਿਸਟਮ ਵਰਤਦੀਆਂ ਹਨ। ਇਹ ਸਿਸਟਮ ਪਿਛਲੀ ਸਦੀ ਦੇ ਅੱਸੀਵਿਆਂ ਵਿਚ ਸ਼ੁਰੂ ਹੋਇਆ ਸੀ। ਉਸ ਤੋਂ ਪਹਿਲਾਂ ਰੇਡੀਓ ਡਿਸਪੈਚ ਸਿਸਟਮ ਸੀ। ਇਹ ਸਿਸਟਮ ਹਾਲੇ ਵੀ ਹਰ ਟੈਕਸੀ ਵਿਚ ਹੈ। ਕੰਪਿਊਟਰ ਦੇ ਖਰਾਬ ਹੋਣ ਦੀ ਸੂਰਤ ਵਿਚ ਜਾਂ ਡਿਸਪੈਚਰ ਨਾਲ ਗੱਲ-ਬਾਤ

(ਬਾਕੀ ਸਫਾ 33 'ਤੇ)




ਸ੍ਰੀ ਲੰਕਾ ਦਾ ਚੀਤਾ ਪ੍ਰਭਾਕਰਨ-2

# ਘਰ ਤੋਂ ਜੰਗਲ ਦਾ ਰਾਹ

***ਸ੍ਰੀ ਲੰਕਾ ਵਿਚ ਤਾਮਿਲਾਂ ਅਤੇ ਸਿੰਘਲੀਆਂ (ਆਮ ਪ੍ਰਚਲਿਤ ਸ਼ਬਦ ਸਿਨਹਾਲੀ) ਵਿਚਕਾਰ ਤਣਾਓ ਵਿਚੋਂ ਜਿਹੜੀ ਸਿਆਸਤ 20ਵੀਂ ਸਦੀ ਦੀ ਅਖੀਰਲੀ ਚੌਥਾਈ ਦੌਰਾਨ ਸਾਹਮਣੇ ਆਈ, ਉਸ ਦਾ ਸਿਖਰ ਸੀ 'ਲਿੱਟੇ' (LTTE-ਲਿਬਰੇਸ਼ਨ ਟਾਈਗਰਜ਼ ਆਫ ਤਾਮਿਲ ਈਲਮ)। ਇਸ ਜਥੇਬੰਦੀ ਨੇ ਵੇਲੂਪਿੱਲੇ ਪ੍ਰਭਾਕਰਨ ਦੀ ਅਗਵਾਈ ਹੇਠ ਗੁਰੀਲਾ ਜੰਗ ਦਾ ਨਿਵੇਕਲਾ ਰੰਗ ਤਾਂ ਦਿਖਾਇਆ ਹੀ, ਸ੍ਰੀ ਲੰਕਾ ਦੇ ਤਾਮਿਲਾਂ ਦਾ ਮਸਲਾ ਸੰਸਾਰ ਪੱਧਰ ਉਤੇ ਲੈ ਆਂਦਾ। ਸੰਸਾਰ ਅੰਦਰ ਜੂਝ ਰਹੀਆਂ ਹੋਰ ਕੌਮੀਅਤਾਂ ਵਾਂਗ ਸ੍ਰੀ ਲੰਕਾ ਦੇ ਤਾਮਿਲਾਂ ਦੀ ਕਹਾਣੀ ਪੜ੍ਹਨ-ਸੁਣਨ ਵਾਲੀ ਹੈ। ਉਘੇ ਬਿਊਰੋਕਰੈਟ ਐਮ.ਆਰ. ਨਰਾਇਣ ਸਵਾਮੀ ਨੇ ਇਸ ਬਾਬਤ ਡੂੰਘੀ ਖੋਜ ਪਿਛੋਂ ਕਿਤਾਬ ਲਿਖੀ ਹੈ-'ਇਨਸਾਈਡ ਐਨ ਇਲੂਸਿਵ ਮਾਈਂਡ: ਪ੍ਰਭਾਕਰਨ'। ਨਰਾਇਣ ਸਵਾਮੀ ਨੇ ਪ੍ਰਭਾਕਰਨ ਦੇ ਬਹਾਨੇ ਤਾਮਿਲ ਮਸਲੇ ਦੀਆਂ ਕਈ ਤਹਿਆਂ ਫਰੋਲੀਆਂ ਹਨ। ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਸ ਕਿਤਾਬ ਦੇ ਚੌਖਟੇ ਅੰਦਰ ਰਹਿੰਦਿਆਂ ਪ੍ਰਭਾਕਰਨ ਅਤੇ ਲਿੱਟੇ ਬਾਰੇ ਲੰਮਾ ਲੇਖ ਪੰਜਾਬ ਟਾਈਮਜ਼ ਦੇ ਪਾਠਕਾਂ ਲਈ ਭੇਜਿਆ ਹੈ। ਇਸ ਲੇਖ ਵਿਚ ਉਨ੍ਹਾਂ ਤਾਮਿਲਾਂ ਦੀ ਸਿਆਸਤ ਅਤੇ ਸੰਸਾਰ ਸਿਆਸਤ ਵਿਚ ਇਨ੍ਹਾਂ ਦੀ ਹੋਣੀ ਬਾਰੇ ਕੁਝ ਗੱਲਾਂ ਸਪਸ਼ਟ ਰੂਪ ਵਿਚ ਉਭਾਰਨ ਦਾ ਯਤਨ ਕੀਤਾ ਹੈ। ਲੇਖ ਦੀ ਪਹਿਲੀ ਕਿਸ਼ਤ ਵਿਚ ਤਾਮਿਲ ਸਿਆਸਤ ਦੇ ਪਿਛੋਕੜ 'ਤੇ ਝਾਤੀ ਮਾਰੀ ਗਈ ਸੀ, ਐਤਕੀਂ ਪ੍ਰਭਾਕਰਨ ਦੇ ਘਰ ਤੋਂ ਜੰਗਲ ਵੱਲ ਸਫਰ ਦੀ ਦਾਸਤਾਨ ਬਿਆਨ ਕੀਤੀ ਗਈ ਹੈ। -ਸੰਪਾਦਕ***

ਪ੍ਰਭਾਕਰਨ 26 ਨਵੰਬਰ 1954 ਨੂੰ ਮਾਂ ਪਾਰਬਤੀ ਤੇ ਪਿਤਾ ਵੇਲੂਪਿੱਲੇ ਦੇ ਘਰ ਪੈਦਾ ਹੋਣ ਵਾਲਾ ਚੌਥਾ ਤੇ ਆਖਰੀ ਬੱਚਾ ਸੀ। ਦੋ ਸਦੀਆਂ ਪਹਿਲਾਂ ਉਸ ਦੇ ਮਾਪੇ ਭਾਰਤ ਤੋਂ ਲੰਕਾ ਵਿਚ ਵਸੇ ਸਨ। ਇਹ ਜਾਫਨਾ ਦਾ ਇਲਾਕਾ ਹੈ। ਗਰਮ ਸਿੱਲ੍ਹਾ ਵਾਯੂ ਮੰਡਲ ਹੈ। ਕੋਲੰਬੋ ਵਰਗਾ ਰਮਣੀਕ ਨਹੀਂ, ਤਾਂ ਹੀ ਅੰਗਰੇਜ਼ ਜਾਫਨਾ ਨਹੀਂ, ਕੋਲੰਬੋ ਵਸੇ। ਕਦੀ ਜਾਫਨਾ ਤੋਂ ਕੋਲੰਬੋ ਗੱਡੀ ਰੋਜ਼ ਆਉਂਦੀ-ਜਾਂਦੀ, ਪਰ ਹੁਣ ਤੋੜ-ਭੰਨ ਕਾਰਨ ਬੰਦ ਪਈ ਹੈ। ਤਮਿਲ ਗੁਰੀਲੇ ਪਟੜੀਆਂ ਉਖਾੜ ਕੇ ਜੰਗਲ ਵਿਚ ਲੈ ਗਏ ਹਨ, ਮੋਰਚੇ ਬਣਾਉਣ ਦੇ ਕੰਮ ਆ ਗਈਆਂ, ਮਚਾਣਾਂ ਬਣਾ ਲਈਆਂ।

ਪ੍ਰਭਾਕਰਨ ਦਾ ਪਿਤਾ ਮਾਲ ਅਫਸਰ ਸੀ ਤੇ ਮਾਂ ਧਾਰਮਿਕ ਔਰਤ। ਬਾਬੇ ਦੀ ਬਰਸੀ ਮੌਕੇ ਨਿੱਕਰ ਕਮੀਜ਼ ਪਹਿਨੀ ਪ੍ਰਭਾਕਰਨ ਖਾਣ ਵਾਲੀਆਂ ਚੀਜ਼ਾਂ ਦੂਰ-ਨੇੜੇ ਦੇ ਘਰਾਂ ਵਿਚ ਵੰਡਣ ਜਾਂਦਾ। ਪਿਆਰ ਨਾਲ ਲੋਕ ਉਸ ਨੂੰ ਦੁਰਈ ਕਹਿੰਦੇ, ਭਾਵ ਰਾਜਾ। ਕੁੜੀਆਂ ਤੋਂ ਸੰਗਦਾ, ਮੁੰਡਿਆਂ ਨਾਲ ਗੱਪਾਂ ਮਾਰਨ ਦੀ ਥਾਂ ਕਾਮਿਕ ਪੜ੍ਹਦਾ ਰਹਿੰਦਾ।



**ਹਰਪਾਲ ਸਿੰਘ ਪੰਨੂ**
**ਫੋਨ: +91-94642-51454**

ਜੇਬ ਖਰਚਾ ਕਿਤਾਬਾਂ-ਰਿਸਾਲਿਆਂ 'ਤੇ ਹੁੰਦਾ। ਲੋਕ ਦੁਕਾਨਾਂ ਕਰਦੇ, ਨੌਕਰੀਆਂ ਕਰਦੇ, ਸਮਗਲਿੰਗ ਕਰਦੇ, ਕਿਉਂਕਿ ਭਾਰਤ, ਬਰਮਾ ਤੇ ਬੰਗਲਾਦੇਸ ਨਾਲ ਹੱਦਾਂ ਲਗਦੀਆਂ ਸਨ। ਕਾਲੇ ਧੰਦੇ ਨੂੰ ਬੁਰਾ ਨਹੀਂ ਸਮਝਿਆ ਜਾਂਦਾ ਸੀ। ਵਧੀਕ ਪਾਬੰਦੀਆਂ ਨਹੀਂ ਸਨ। ਸਮਗਲਿੰਗ ਕਰਨ ਵਾਲੇ ਮਲਾਹ, ਸਰਕਾਰ ਦੀ ਥਾਂ ਖਾੜਕੂ ਤਮਿਲਾਂ ਦੀ ਮਦਦ ਕਰਦੇ। ਇਸ ਇਲਾਕੇ ਵਿਚ ਭਾਰਤੀ ਫਿਲਮਾਂ ਦੇ ਤਾਮਿਲ ਗੀਤ ਵੱਜੀ ਜਾਂਦੇ, ਭਾਰਤੀ ਫਿਲਮਾਂ ਦੇ ਇਸ਼ਤਿਹਾਰ ਹੁੰਦੇ। ਗਾਂਧੀ, ਨਹਿਰੂ ਅਤੇ ਸੁਭਾਸ਼ ਚੰਦਰ ਬੋਸ ਦੀਆਂ ਤਸਵੀਰਾਂ ਘਰਾਂ ਦੁਕਾਨਾਂ ਵਿਚ ਟੰਗੀਆਂ ਹੁੰਦੀਆਂ; ਬੋਸ ਦੀਆਂ ਵਧੀਕ, ਉਸ ਨੂੰ ਅਸਲੀ ਯੋਧਾ ਮੰਨਿਆ। ਭਾਰਤ ਆਜ਼ਾਦ ਹੋਇਆ ਤਾਂ ਲੰਕਾ ਦੇ ਤਾਮਿਲਾਂ ਨੇ ਖੂਬ ਜਸ਼ਨ ਮਨਾਏ, ਹਾਲਾਂਕਿ ਖੁਦ ਉਦੋਂ ਗੁਲਾਮ ਸਨ।

ਸਰਕੂਲਰ ਆ ਗਿਆ ਕਿ ਮੁਲਾਜ਼ਮ ਸਿੰਘਲੀ ਭਾਸ਼ਾ ਸਿੱਖਣ, ਨਹੀਂ ਨੌਕਰੀ ਤੋਂ ਹਟਾ ਦਿੱਤੇ ਜਾਣਗੇ। ਪ੍ਰਭਾਕਰਨ ਦੇ ਪਿਤਾ ਨੂੰ ਸਿੰਘਲੀ ਸਿੱਖਣੀ ਪਈ। ਕਈਆਂ ਨੇ ਰੋਸ ਵਜੋਂ ਸਿੰਘਲੀ ਸਿੱਖਣ ਦੀ ਥਾਂ ਅਸਤੀਫੇ ਦੇ ਦਿੱਤੇ।

ਪੜ੍ਹਾਈ ਵਿਚ ਪ੍ਰਭਾਕਰਨ ਦਰਮਿਆਨਾ ਸੀ। ਟਿਊਸ਼ਨ ਪੜ੍ਹਾਉਣ ਵਾਲਾ ਮਾਸਟਰ ਪੱਕਾ ਤਾਮਿਲ ਕੌਮਪ੍ਰਸਤ ਸੀ। ਪੁਰਾਣੀਆਂ ਕਹਾਣੀਆਂ ਸੁਣਾਉਂਦਾ, ਜਦੋਂ ਤਾਮਿਲ ਰਾਜੇ ਰਾਜ ਕਰਿਆ ਕਰਦੇ; ਕੇਵਲ ਲੰਕਾ 'ਤੇ ਨਹੀਂ, ਭਾਰਤ ਉਤੇ ਵੀ। ਕਿਹਾ ਕਰਦਾ-ਹਥਿਆਰ ਚੁੱਕਣੇ ਜਾਇਜ਼ ਹਨ। ਬਾਅਦ ਵਿਚ ਪ੍ਰਭਾਕਰਨ ਨੇ ਮੰਨਿਆ ਕਿ ਇਸ ਅਧਿਆਪਕ ਨੇ ਸਭ ਤੋਂ ਵਧੀਕ ਅਸਰ ਕੀਤਾ। ਘਰ ਆਏ ਮਹਿਮਾਨ ਵੀ ਪਿਤਾ ਨਾਲ ਤਾਮਿਲਾਂ ਵਿਰੁੱਧ ਹੋ ਰਹੀਆਂ ਵਧੀਕੀਆਂ ਦੀਆਂ ਗੱਲਾਂ ਕਰਦੇ। ਨਿੱਕਾ ਪ੍ਰਭਾਕਰਨ ਧਿਆਨ ਨਾਲ ਸੁਣਦਾ। 1958 ਵਿਚ ਉਹ ਅਜੇ ਚਾਰ ਸਾਲ ਦਾ ਸੀ ਜਦੋਂ ਸਿੰਘਲੀ ਭੀੜ ਨੇ ਦੰਗੇ ਦੌਰਾਨ ਤਾਮਿਲ ਪੁਜਾਰੀ ਅੱਗ ਲਾ ਕੇ ਮਾਰ ਦਿੱਤਾ। ਗਾਂਧੀ ਅਤੇ ਨਹਿਰੂ ਨਾਲੋਂ ਉਸ ਨੂੰ ਭਗਤ ਸਿੰਘ ਅਤੇ ਸੁਭਾਸ਼ ਚੰਦਰ ਬੋਸ ਵਧੀਕ ਚੰਗੇ ਲਗਦੇ, ਕਿਉਂਕਿ ਉਹ ਹਥਿਆਰਬੰਦ ਯੋਧੇ ਸਨ। ਉਸ ਦਾ ਸਕੂਲ ਵਿਚ ਭਰੋਸੇਯੋਗ ਮਿੱਤਰ ਕਿੱਟੂ ਸੀ ਜੋ ਅਖੀਰ ਤੱਕ ਨਿਭਿਆ। ਲਿਟੇ ਸੈਨਾ ਦਾ ਉਹ ਡਿਪਟੀ ਕਮਾਂਡਰ ਸੀ।

ਪਿਤਾ-ਪੁੱਤਰ ਵਿਚਕਾਰ ਤਣਾਉ ਪੈਦਾ ਹੋਣ ਲੱਗਾ। ਪਿਤਾ ਨੂੰ ਨੌਕਰੀ ਚੰਗੀ ਲਗਦੀ, ਪੁੱਤਰ ਨੂੰ ਬਗਾਵਤ। ਘਰੋਂ ਗਾਇਬ ਰਹਿਣ ਲੱਗਾ। ਪਹਿਲਾਂ ਕੁਝ ਦਿਨਾਂ ਲਈ, ਫਿਰ ਮਹੀਨਿਆਂ ਲਈ। ਪਤਾ ਲੱਗਾ, ਮੁੰਡਿਆਂ ਨਾਲ ਰਲ ਕੇ ਸਰਕਾਰੀ ਬੱਸ ਸਾੜ ਦਿੱਤੀ। ਦਸਵੀਂ ਪਾਸ ਕਰ ਕੇ ਮੁੜ ਸਕੂਲ ਨਾ ਗਿਆ। ਆਖਰ 18 ਸਾਲ ਦੀ ਉਮਰੇ 1972 ਵਿਚ ਉਸ ਨੇ ਸਦਾ ਲਈ ਘਰ ਛੱਡ ਦਿੱਤਾ।

ਜਾਫਨਾ ਵਿਚ ਨਿਰੰਤਰ ਖਤਰਾ ਸੀ। ਭਾਰਤ ਜਾਣਾ ਠੀਕ ਰਹੇ। ਦੋ ਘੰਟਿਆਂ ਦਾ ਰਸਤਾ ਸੀ। ਮਲਾਹ ਸਭ ਜਾਣਦੇ ਸਨ, ਕਿਰਾਏ ਦਾ ਮਸਲਾ ਨਹੀਂ, ਜਿੰਨੇ ਦੇ ਦਏ ਠੀਕ। ਇਕ ਦਿਨ ਉਹ ਭਾਰਤ ਦੀ ਧਰਤੀ 'ਤੇ ਪੁੱਜ ਕੇ ਮਦਰਾਸ ਚਲਾ ਗਿਆ। ਦੋ ਜਣਿਆਂ ਨੇ 175 ਰੁਪਏ ਮਹੀਨੇ ਕਿਰਾਏ 'ਤੇ ਘਰ ਲੈ ਲਿਆ। ਸਥਾਨਕ ਨੇਤਾ ਟੀ.ਆਰ. ਜਨਾਰਦਨ ਲੰਕਾ ਦੇ ਤਾਮਿਲਾਂ ਦੇ ਹੱਕ ਵਿਚ ਕਿਤਾਬ ਲਿਖ ਚੁੱਕਾ ਸੀ, ਉਸ ਨਾਲ ਸੰਪਰਕ ਹੋ ਗਿਆ। ਉਹ ਬੜਾ ਦਿਆਲੂ ਬੰਦਾ ਲੱਗਾ, ਪਰ ਭਾਰਤ ਵਿਚ ਦੇਰ ਤਕ ਕੀ ਕਰਨਾ? ਕੰਮ ਤਾਂ ਲੰਕਾ ਵਿਚ ਹੈ।

ਕੁਝ ਮਹੀਨਿਆਂ ਬਾਅਦ ਮੁੜ ਜਾਫਨਾ ਆ ਗਿਆ ਤੇ ਗੁਪਤਵਾਸ ਜ਼ਿੰਦਗੀ ਬਤੀਤ ਕਰਨ ਲੱਗਾ। ਕਈ ਵਾਰ ਫਾਕਾਕਸ਼ੀ ਕੱਟਣੀ ਪੈਂਦੀ। ਪੈਸੇ ਅਤੇ ਹਥਿਆਰ, ਦੋਵੇਂ ਨਹੀਂ ਸਨ। ਘਰ ਵਿਚ ਅਤੇ ਆਪਣੇ ਦੋਸਤਾਂ ਕੋਲ ਕਿਸੇ ਕੋਲ ਪ੍ਰਭਾਕਰਨ ਨੇ ਆਪਣੀ ਫੋਟੋ ਨਹੀਂ ਛੱਡੀ ਸੀ। ਪੁਲਿਸ ਖਤਰਨਾਕ ਬੰਦੇ ਨੂੰ ਲੱਭ ਰਹੀ ਸੀ ਜਿਸ ਦੇ ਨੈਣ-ਨਕਸ਼ ਪਤਾ ਨਹੀਂ ਸਨ। ਲੰਕਾ ਨਿਵਾਸੀ ਉਸ ਦੇ ਗਰੁੱਪ ਨੂੰ ਕੁਰਾਹੇ ਪਏ, ਗੁਸੈਲੇ ਮੁੰਡੇ ਆਖਦੇ।



*ਭਾਰਤੀ ਖੁਫੀਆ ਏਜੰਸੀ 'ਰਾਅ' ਦੀ ਸਿਖਲਾਈ ਦੌਰਾਨ ਭਾਰਤ ਵਿਚ ਪ੍ਰਭਾਕਰਨ ਅਤੇ ਹੋਰ ਆਗੂ।*

***ਜਨਵਰੀ 1980 ਵਿਚ ਇੰਦਰਾ ਗਾਂਧੀ ਜਨਤਾ ਪਾਰਟੀ ਨੂੰ ਹਰਾ ਕੇ ਭਾਰੀ ਬਹੁਮਤ ਨਾਲ ਪ੍ਰਧਾਨ ਮੰਤਰੀ ਬਣੀ ਸੀ। ਉਹ ਰੂਸ ਪੱਖੀ ਸੀ, ਪਰ ਸ੍ਰੀ ਲੰਕਾ ਦਾ ਪ੍ਰਧਾਨ ਮੰਤਰੀ ਜੈਵਰਧਨੇ ਅਮਰੀਕਾ ਪੱਖੀ ਸੀ ਜਿਸ ਨੇ ਤਮਿਲਨਾਡੂ ਵਿਚ ਚੋਣਾਂ ਦੌਰਾਨ ਇੰਦਰਾ ਦੇ ਵਿਰੋਧੀਆਂ ਦੀ ਮਦਦ ਕੀਤੀ ਸੀ। ਇਕ ਦਿਨ 'ਰਾਅ' (ਭਾਰਤ ਦੀ ਖੁਫੀਆ ਏਜੰਸੀ) ਦੇ ਦੋ ਅਫਸਰ ਜੇਲ੍ਹ ਵਿਚ ਪ੍ਰਭਾਕਰਨ ਨੂੰ ਮਿਲਣ ਗਏ ਤੇ ਉਸ ਦੀਆਂ ਯੋਜਨਾਵਾਂ ਬਾਰੇ ਪੁੱਛਣ ਲੱਗੇ। ਅਫਸਰਾਂ ਨੇ ਪ੍ਰਭਾਕਰਨ ਅਤੇ ਉਸ ਦੇ ਬੰਦੀ ਸਾਥੀ ਰਾਘਵਨ ਨੂੰ ਕਿਹਾ ਕਿ ਨੇਵੀ ਬੇਸ ਵਾਸਤੇ ਭਾਰਤ ਨੂੰ ਤੁਹਾਡੀ ਮਦਦ ਦੀ ਲੋੜ ਹੈ, ਇਕ ਦੂਜੇ ਦੇ ਸਹਾਈ ਕਿਉਂ ਨਾ ਬਣੀਏ? ਉਹ ਪ੍ਰਭਾਕਰਨ ਨੂੰ ਜ਼ਮਾਨਤ 'ਤੇ ਛੁਡਾ ਕੇ ਲੈ ਗਏ। ਪ੍ਰਭਾਕਰਨ ਨੂੰ ਕਿਹਾ ਗਿਆ ਕਿ ਮਦੁਰਾਇ ਟਿਕਾਣਾ ਕਰੇ। ਉਹ 27 ਸਾਲ ਦਾ ਹੋ ਗਿਆ ਸੀ ਤੇ ਇਕ ਦਹਾਕੇ ਤੋਂ ਗਤੀਸ਼ੀਲ ਸੀ। ਮਦੁਰਾਇ ਉਸ ਦਾ ਦੇਖਿਆ-ਭਾਲਿਆ ਵਾਕਫ ਹਿੰਦੂ ਤਮਿਲਾਂ ਦਾ ਸ਼ਹਿਰ ਸੀ। ਇਥੇ ਹੀ ਪੇਂਟਰ ਤੋਂ ਉਸ ਨੇ ਲਿਟੇ ਦਾ ਨਿਸ਼ਾਨ ਚੀਤਾ ਬਣਵਾਇਆ ਸੀ।***

5 ਮਾਰਚ 1976 ਨੂੰ ਉਸ ਨੇ ਦਿਨ-ਦਿਹਾੜੇ ਜਾਫਨਾ ਦੇ ਬੈਂਕ ਵਿਚ ਡਾਕਾ ਮਾਰ ਕੇ ਪੰਜ ਲੱਖ ਨਕਦ ਅਤੇ ਦੋ ਲੱਖ ਦੇ ਗਹਿਣੇ ਸਟਾਫ ਨੂੰ ਬੰਦੀ ਬਣਾ ਕੇ ਲੁੱਟੇ। ਤੰਗੀ ਤੁਰਸ਼ੀ ਖਤਮ। ਮੰਦਰ ਦੇ ਪੁਜਾਰੀ ਨੂੰ ਕੁਝ ਪੈਸੇ ਫੜਾ ਕੇ ਕਿਹਾ, ਗਰੀਬਾਂ ਦੇ ਭੋਜਨ ਲਈ ਨੇ। 5 ਮਈ ਨੂੰ ਉਸ ਨੇ ਲਿਟੇ ਸੈਨਾ ਦਾ ਗਠਨ ਕੀਤਾ ਜੋ ਲੰਕਾ ਦੇ ਉਤਰ ਪੂਰਬ ਵਿਚ ਤਾਮਿਲ ਦੇਸ ਕਾਇਮ ਕਰੇਗੀ। ਵਿਧਾਨ ਵਿਚ ਇਹ ਪੰਕਤੀ ਵੀ ਲਿਖੀ, ਜਦੋਂ ਤਾਮਿਲ ਦੇਸ ਆਜ਼ਾਦ ਹੋ ਗਿਆ, ਤਦ ਲਿਟੇ ਸੈਨਾ ਤੋੜ ਦਿੱਤੀ ਜਾਏਗੀ। ਲਿਟੇ ਦਾ ਨਿਸ਼ਾਨ- ਤੇਜਵਾਨ ਚੀਤਾ ਭਾਰਤੀ ਕਲਾਕਾਰ ਤੋਂ ਬਣਵਾਇਆ। ਜੰਗਲ ਵਿਚ ਸਬਜ਼ੀਆਂ ਉਗਾਉਂਦੇ, ਹਥਿਆਰਾਂ ਦੀ ਟ੍ਰੇਨਿੰਗ ਦਿੰਦੇ ਅਤੇ ਸ਼ਿਕਾਰ ਖੇਡਦੇ। ਪ੍ਰਭਾਕਰਨ ਜ਼ਬਾਨੀ ਅਤੇ ਪ੍ਰੈਕਟੀਕਲ ਟ੍ਰੇਨਿੰਗ ਦਿੰਦਾ। ਲੋੜ ਪੈਣ 'ਤੇ ਗੁਰੀਲਿਆਂ ਦੀਆਂ ਵੀਡੀਓਜ਼ ਦਿਖਾਉਂਦਾ।

ਸ਼ੱਕੀ ਮੁਖਬਰਾਂ ਅਤੇ ਪੁਲਸੀਆਂ ਦੇ ਕਤਲ ਲਈ ਸਾਈਕਲਾਂ ਦੀ ਵਰਤੋਂ ਕੀਤੀ। ਹਰ ਸਾਈਕਲ ਸਵਾਰ ਸ਼ੱਕੀ ਹੋ ਗਿਆ। ਮੁਖਬਰ ਪੁਲਿਸ ਕੋਲ ਸੂਚਨਾ ਦੇਣੋਂ ਹਟ ਗਏ। ਦਹਿਸ਼ਤ ਦਾ ਬੋਲਬਾਲਾ ਹੋ ਗਿਆ। ਆਖਰ 1977 ਦੀ ਪਾਰਲੀਮੈਂਟ ਇਲੈਕਸ਼ਨ ਆ ਗਈ। ਤਮਿਲਾਂ ਦੀ ਪੁਲਿਟੀਕਲ ਪਾਰਟੀ 'ਤੁਲਫ' ਨੇ ਮੈਨੀਫੈਸਟੋ ਵਿਚ ਐਲਾਨ ਕੀਤਾ-ਫੈਸਲਾ ਕਰਨ ਦੀ ਆਖਰੀ ਘੜੀ ਆ ਗਈ ਹੈ, ਆਪਣੇ ਪੁਰਖਿਆਂ ਦੀ ਧਰਤੀ ਉਪਰ ਅਸੀਂ ਖੁਦ ਰਾਜਭਾਗ ਕਾਇਮ ਕਰਾਂਗੇ, ਸਿੰਘਲੀ ਸਾਮਰਾਜ ਸਾਡੇ ਦੇਸੋਂ ਬਾਹਰ ਹੋਵੇ।

ਚੋਣ ਹੋਈ। ਪਾਰਟੀ ਤਮਿਲ ਬਹੁਗਿਣਤੀ ਵਾਲੇ ਇਲਾਕੇ ਦੀਆਂ ਸਾਰੀਆਂ 14 ਸੀਟਾਂ ਜਿੱਤ ਗਈ ਤੇ ਮਿਲੀ-ਜੁਲੀ ਆਬਾਦੀ ਵਿਚੋਂ ਵੀ ਚਾਰ ਹੋਰ ਸੀਟਾਂ ਜਿੱਤ ਲਈਆਂ। ਤਮਿਲ ਪਾਰਟੀ ਦੇ ਇਤਿਹਾਸ ਵਿਚ ਇੰਨੀ ਭਾਰੀ ਜਿੱਤ ਪਹਿਲੀ ਵਾਰ ਹੋਈ। ਆਮ ਤਮਿਲ ਪਰਜਾ ਅਤੇ ਪ੍ਰਭਾਕਰਨ ਨੇ ਸਮਝਿਆ ਇਹ ਤਮਿਲ ਦੇਸ ਦੇ ਹੱਕ ਵਿਚ ਲੋਕ-ਫਤਵਾ ਹੈ। ਜੈਵਰਧਨੇ ਦੀ ਸਰਕਾਰ ਵਿਚ ਤਮਿਲ ਪਾਰਟੀ ਮੁੱਖ ਵਿਰੋਧੀ ਧਿਰ ਵਜੋਂ ਬੈਠੀ।

ਜਸ਼ਨ ਥੋੜ੍ਹੇ ਦਿਨ ਚੱਲੇ; 15 ਅਗਸਤ 1977 ਨੂੰ ਪੁਲਿਸ ਪੈਟਰੋਲ ਪਾਰਟੀ ਨੇ ਤਿੰਨ ਸਾਈਕਲ ਸਵਾਰ ਜੁਆਨਾਂ ਨੂੰ ਰੋਕਿਆ ਤਾਂ ਇਕ ਨੇ ਪੁਲਿਸ ਉਪਰ ਅਚਾਨਕ ਗੋਲੀ ਦਾਗ ਦਿੱਤੀ ਜੋ ਸਿਪਾਹੀ ਦੇ ਪੱਟ ਵਿਚੋਂ ਲੰਘ ਗਈ। ਸਾਈਕਲ ਸਵਾਰ ਭੱਜ ਗਏ। ਅਗਲੇ ਦਿਨ ਪੁਲਿਸ ਨੇ ਜਾਫਨਾ ਦੀ ਤਮਿਲ ਆਬਾਦੀ ਵਿਚ ਅੰਨ੍ਹੇਵਾਹ ਫਾਇਰਿੰਗ ਕਰ ਕੇ ਚਾਰ ਬੰਦੇ ਕਤਲ ਤੇ ਇੱਕੀ ਜ਼ਖਮੀ ਕੀਤੇ। ਜੈਵਰਧਨ ਨੇ ਅਮਨ ਕਾਇਮ ਕਰਨ ਲਈ ਫੌਜ ਭੇਜ ਦਿੱਤੀ ਜਿਸ ਨੇ ਅਤਿ ਚੁੱਕ ਲਈ। ਫੌਜ ਦੀ ਸ਼ਹਿ 'ਤੇ ਸਿੰਘਲਾਂ ਨੇ ਤਮਿਲਾਂ ਉਪਰ ਹਮਲੇ ਕਰ ਦਿੱਤੇ। ਦੇਸ ਦੀ ਆਜ਼ਾਦੀ ਦੇ ਦੋ ਦਹਾਕਿਆਂ ਬਾਅਦ ਭਾਰੀ ਹਿੰਸਾ ਹੋਈ ਜਿੰਨੀ ਪਹਿਲਾਂ ਕਦੀ ਨਹੀਂ ਹੋਈ ਸੀ। ਤਿੰਨ ਸੌ ਤਮਿਲ ਕਤਲ ਹੋਏ, ਹਜ਼ਾਰਾਂ ਘਰ ਛੱਡ ਕੇ ਰਾਹਤ ਕੈਂਪਾਂ ਵਿਚ ਚਲੇ ਗਏ, ਪਿਛੋਂ ਖਾਲੀ ਘਰਾਂ ਨੂੰ ਸਿੰਘਲਾਂ ਨੇ ਅੱਗਾਂ ਲਾਈਆਂ। ਬਦਲੇ ਵਿਚ ਤਮਿਲਾਂ ਨੇ ਵੀ ਸਿੰਘਲਾਂ ਦੇ ਘਰ-ਘਾਟ ਉਜਾੜੇ ਤੇ ਸਾੜੇ। ਆਬਾਦੀਆਂ ਦਾ ਤਬਾਦਲਾ ਹੋਣਾ ਸ਼ੁਰੂ ਹੋ ਗਿਆ। ਤਮਿਲਾਂ ਨੂੰ ਆਪਣੇ ਗੁਸੈਲੇ ਸਿਰ-ਫਿਰੇ ਮੁੰਡੇ ਚੰਗੇ ਲੱਗਣ ਲੱਗ ਪਏ। ਹੋਰ ਉਹ ਕੀ ਕਰਨ? ਪੁਲਿਸ ਦੇ ਹਥਿਆਰ ਅਤੇ ਫੈਕਟਰੀਆਂ ਵਿਚੋਂ ਵਿਸਫੋਟਕ ਪਦਾਰਥ ਚੋਰੀ ਹੋ-ਹੋ ਲਿਟੇ ਪਾਸ ਪੁੱਜਣ ਲੱਗੇ। ਆਪਣੇ ਆਪ ਕੁਝ ਹੋਰ, ਖਾੜਕੂ ਗਰੁੱਪ ਬਣਾ ਕੇ ਸਰਗਰਮ ਹੋ ਗਏ।

ਘੇਰਾਬੰਦੀ ਤੰਗ ਹੋਣ ਲੱਗੀ, ਤਾਂ ਪ੍ਰਭਾਕਰਨ ਭਾਰਤ ਪੁੱਜ ਗਿਆ। ਉਸ ਨਾਲ ਪੰਜ ਸਾਲ ਜੇਲ੍ਹ ਕੱਟ ਕੇ ਰਿਹਾਅ ਹੋਇਆ ਸ਼ਾਇਰ ਕਾਸੀਆ ਨੰਦਨ ਵੀ ਸੀ। ਨੰਦਨ ਤਮਿਲ ਸਰੋਤਿਆਂ ਉਪਰ ਜਾਦੂ ਧੂੜ ਦਿਆ ਕਰਦਾ ਸੀ। ਨੰਦਨ ਨੇ ਪ੍ਰਭਾਕਰਨ ਨੂੰ ਚੀ ਗਵੇਰਾ ਦੀ ਸਵੈਜੀਵਨੀ ਅਨੁਵਾਦ ਕਰ ਕੇ ਦਿੱਤੀ। ਸਵੀਡਨ, ਲੰਡਨ, ਕੈਨੇਡਾ, ਨਾਰਵੇ, ਅਮਰੀਕਾ ਵਿਚ ਲਿਟੇ ਦੀਆਂ ਬ੍ਰਾਂਚਾਂ ਖੁੱਲ੍ਹ ਗਈਆਂ। ਆਇਰਲੈਂਡ ਦੇ ਗੁਰੀਲਿਆਂ ਨੇ ਵਿਸਫੋਟਕ ਪਦਾਰਥਾਂ ਦੀ ਸਿੱਖਲਾਈ ਦਿੱਤੀ। ਫਲਸਤੀਨੀ ਆਗੂ ਯਾਸਰ ਅਰਾਫਾਤ ਦੇ ਗੁਰੀਲਾ ਗਰੁੱਪ ਅਲ-ਫਤਿਹ ਨੇ ਟ੍ਰੇਨਿੰਗ ਦੇਣੀ ਮੰਨ ਲਈ। ਤਮਿਲਾਂ ਦੇ ਹੱਥ ਅਜਿਹੇ ਹਥਿਆਰ ਲੱਗ ਗਏ ਜਿਹੜੇ ਲੰਕਾ ਦੀ ਫੌਜ ਨੇ ਨਾ ਦੇਖੇ ਸਨ, ਨਾ ਵਰਤੇ।

ਅੰਮ੍ਰਿਤ ਲਿੰਗਮ ਦੀ ਜੇਤੂ ਸਿਆਸੀ ਤਮਿਲ ਪਾਰਟੀ 'ਤੁਲਫ' ਅਤੇ ਬਾਕੀ ਲੋਕ ਇਹ ਸਮਝਦੇ ਸਨ ਕਿ ਲਿਟੇ ਅੰਮ੍ਰਿਤ ਲਿੰਗਮ ਦੇ ਕੰਟਰੋਲ ਵਿਚ ਹੈ, ਇਹ ਇਕੋ ਸਿਕੇ ਦੇ ਦੋ ਪਾਸੇ ਹਨ। ਮਸਲੇ ਦਾ ਸਿਆਸੀ ਹੱਲ ਲੱਭਿਆ ਜਾਵੇ। ਕਤਲੋਗਾਰਤ ਬੰਦ ਹੋਵੇ। ਲਿੰਗਮ ਨੇ ਆਪਣੇ ਪਿੰਡ ਮੂਲੇ ਵਿਚ ਨਵੰਬਰ 1977 ਨੂੰ ਖਾੜਕੂਆਂ ਦੀ ਮੀਟਿੰਗ ਸੱਦੀ, ਪ੍ਰਭਾਕਰਨ ਸਣੇ ਸੱਤ ਲੀਡਰ ਪੁੱਜੇ। ਡੇਢ ਘੰਟੇ ਚੱਲੀ ਇਸ ਮੀਟਿੰਗ ਵਿਚ ਲਿੰਗਮ ਨੇ ਸਿਆਣੇ ਵਕੀਲ ਵਾਂਗ ਦਲੀਲਾਂ ਨਾਲ ਸਮਝਾਇਆ ਕਿ ਆਪਣਾ ਮਨੋਰਥ ਇਕੋ ਹੈ। ਆਪਣੀ ਪਾਰਟੀ ਭਾਰੀ ਬਹੁਮਤ ਨਾਲ ਜਿੱਤੀ ਹੈ, ਇਸ ਜਿੱਤ ਦਾ ਫਾਇਦਾ ਲਿਆ ਜਾਵੇ। ਮੈਂ ਇਹ ਨਹੀਂ ਕਹਿੰਦਾ, ਹਿੰਸਾ ਬੁਰੀ ਚੀਜ਼ ਹੈ, ਪਰ ਹੁਣ ਕੁਝ ਠੰਢ ਰੱਖੋ ਤੇ ਦੇਖੋ। ਕਿਸੇ ਨੇ ਲਿੰਗਮ ਦੀਆਂ ਦਲੀਲਾਂ ਨੂੰ ਕੱਟਿਆ ਨਹੀਂ, ਉਹ ਇਸ ਵੇਲੇ ਤਮਿਲਾਂ ਦਾ ਚੁਣਿਆ ਹੋਇਆ ਤਾਕਤਵਰ ਨੇਤਾ ਸੀ। ਸਾਰੇ ਚੁਪ-ਚਾਪ ਸੁਣੀ ਗਏ ਤੇ ਚਲੇ ਗਏ। ਲਿੰਗਮ ਨੂੰ ਲੱਗਿਆ ਮੁੰਡੇ ਸਹਿਮਤ ਹੋ ਗਏ ਹਨ। ਇਹ ਉਸ ਦੀ ਗਲਤਫਹਿਮੀ ਸੀ। ਹਿੰਸਾ ਦਾ ਭਾਰਾ ਇੰਜਣ ਜਦੋਂ ਦੌੜਨ ਲੱਗ ਪਿਆ, ਇਉਂ ਗੱਲਾਂ ਨਾਲ ਕਿਵੇਂ ਰੁਕ ਸਕਦਾ ਸੀ? ਯਾਨੀ ਕਿ ਪ੍ਰਭਾਕਰਨ ਕਹੇ-ਜਾਓ ਬਈ ਮੁੰਡਿਓ, ਹਥਿਆਰ ਇਥੇ ਰੱਖੋ, ਘਰੋ-ਘਰੀ ਜਾਓ। ਖੇਡ ਖਤਮ।

ਰਤਨਮ ਨਾਮ ਦਾ ਸੰਸਦ ਮੈਂਬਰ ਜਿੱਤਿਆ ਤਮਿਲ ਵੋਟਾਂ ਨਾਲ, ਵਜ਼ਾਰਤ ਦੇ ਲਾਲਚ ਵਿਚ ਆ ਕੇ ਜੈਵਰਧਨੇ ਨਾਲ ਰਲ ਗਿਆ। ਲਿਟੇ ਮੁਤਾਬਕ ਇਹ ਅਮਾਨਤ ਵਿਚ ਖਿਆਨਤ ਸੀ। ਪ੍ਰਭਾਕਰਨ ਅਤੇ ਉਮਾ ਰਤਨਮ ਦੇ ਘਰ ਗਏ, ਨੇੜਿਓਂ ਗੋਲੀ ਦਾਗੀ। ਰਤਨਮ ਸਖਤ ਜ਼ਖਮੀ ਹੋਇਆ, ਪਰ ਬਚ ਗਿਆ। ਸਰਕਾਰ ਨੇ ਚਾਰ ਲੋੜੀਂਦੇ ਮੁਜਰਮਾਂ ਵਿਰੁੱਧ ਫੋਟੋਆਂ ਸਣੇ ਇਕ ਲੱਖ ਇਸ਼ਤਿਹਾਰ ਚਿਪਕਾਏ ਤੇ ਭਾਰੀ ਇਨਾਮਾਂ ਦੀ ਪੇਸ਼ਕਸ਼ ਕੀਤੀ। ਇਨ੍ਹਾਂ ਵਿਚ ਪ੍ਰਭਾਕਰਨ ਦੀ ਫੋਟੋ ਨਹੀਂ ਸੀ। ਉਸ ਦੀ ਥਾਂ ਇਕ ਹੋਰ ਗੁਰੀਲੇ ਦੀ ਫੋਟੋ ਛਪੀ ਜਿਹੜਾ ਦੇਰ ਪਹਿਲਾਂ ਕਤਲ ਹੋ ਚੁੱਕਾ ਸੀ। ਇਸ ਘਟਨਾ ਪਿਛੋਂ ਖਾੜਕੂਆਂ ਨੇ ਇਕ ਪੁਲਿਸ ਮੁਖਬਰ ਉਸ ਦੇ ਛੇ ਖੂੰਖਾਰ ਕੁੱਤਿਆਂ ਸਮੇਤ ਮਾਰੇ। ਪੁਲਿਸ ਵਿਚ ਸਹਿਮ ਫੈਲ ਗਿਆ।

ਇੰਸਪੈਕਟਰ ਪਿੱਲੇ ਦੀ ਦਹਿਸ਼ਤ ਸੀ। ਉਹ ਬੜਾ ਜ਼ਾਲਮ ਪੁਲਿਸ ਅਫਸਰ ਸੀ ਜੋ ਤਸੀਹੇ ਦੇ ਕੇ ਸੱਚ ਉਗਲਵਾਉਣ ਵਿਚ ਤੇ ਖਾੜਕੂਆਂ ਨੂੰ ਮਾਰਨ ਵਿਚ ਨਿਪੁੰਨ ਸੀ। ਰਤਨਮ ਕਤਲ ਦੀ ਤਫਤੀਸ਼ ਉਸ ਹਵਾਲੇ ਕੀਤੀ ਗਈ। ਕਮਾਲ ਹੋਈ। ਖਾੜਕੂਆਂ ਦੀ ਪੈੜ ਨੱਪਦਾ-ਨੱਪਦਾ ਉਹ ਉਨ੍ਹਾਂ ਦੇ ਜੰਗਲ ਕਿਨਾਰੇ ਕੈਂਪ ਤੱਕ ਪੁੱਜ ਗਿਆ ਜਿਥੇ ਉਮਾ ਆਪਣੇ ਸਾਥੀਆਂ ਨਾਲ ਖੂਹ ਨੇੜੇ ਬੈਠਾ ਸੀ। ਪਿੱਲੇ ਨੇ ਰੋਹਬ ਨਾਲ ਪੁੱਛਿਆ-ਕੌਣ ਓਏ ਤੁਸੀਂ? ਤਮਿਲ ਬੋਲੀ ਵਿਚ ਐਨ ਕਿਸਾਨੀ ਢੰਗ ਨਾਲ ਉਮਾ ਬੋਲਿਆ-ਕਿਸਾਨ ਹਾਂ ਹਜ਼ੂਰ। ਲਿਆਓ ਬਈ ਕੋਈ ਚਾਹ ਪਾਣੀ, ਸਰਕਾਰ ਆਈ ਹੈ। ਧੰਨ

*(ਬਾਕੀ ਅਗਲੇ ਸਫੇ 'ਤੇ)*

***ਤਮਿਲਨਾਡੂ ਵਿਚ ਲਿਟੇ ਦਾ ਹਮਦਰਦ ਹੰਢਿਆ ਹੋਇਆ ਸਿਆਸਤਦਾਨ ਬੈਠਾ ਸੀ, ਪੀ. ਨੇਡੂਮਰਾਨ ਜੋ ਇੰਦਰਾ ਕਾਂਗਰਸ ਦਾ ਤਮਿਲਨਾਡੂ ਪ੍ਰਧਾਨ ਰਹਿ ਚੁੱਕਾ ਸੀ। ਹੁਣ ਉਸ ਨੇ ਆਪਣੀ ਪਾਰਟੀ ਬਣਾ ਰੱਖੀ ਸੀ, ਤਮਿਲਨਾਡੂ ਕਾਮਰਾਜ ਕਾਂਗਰਸ ਜੋ ਲੰਕਾ ਦੇ ਤਮਿਲਾਂ ਦੀ ਹਮਦਰਦ ਸੀ। 1980 ਵਿਚ ਤਮਿਲਨਾਡੂ ਅਸੈਂਬਲੀ ਵਿਚ ਉਹ ਅਤੇ ਉਸ ਦੀ ਪਾਰਟੀ ਦੇ ਦੋ ਹੋਰ ਬੰਦੇ ਵਿਧਾਇਕ ਚੁਣੇ ਗਏ ਸਨ। ਤਿੰਨਾਂ ਨੂੰ ਮਦਰਾਸ ਐਮ.ਐਲ.ਏ. ਹੋਸਟਲ ਵਿਚ ਤਿੰਨ ਕਮਰੇ ਮਿਲੇ ਹੋਏ ਸਨ। ਇਨ੍ਹਾਂ ਵਿਚ ਇਕ ਕਮਰਾ ਹੈ ਈ ਲਿਟੇ ਵਾਸਤੇ ਸੀ। ਪ੍ਰਭਾਕਰਨ ਇਥੇ ਰਹਿੰਦਾ ਵੀ ਰਿਹਾ ਸੀ, ਪਰ ਹੁਣ ਨੇਡੂਮਰਾਨ ਨੂੰ ਉਸ ਦੀ ਸ਼ਕਲ ਯਾਦ ਨਹੀਂ ਸੀ। ਨੇਡੂਮਰਾਨ ਉਸ ਨੂੰ ਜੇਲ੍ਹ ਵਿਚ ਮਿਲਿਆ।***



*ਪੀ. ਨੇਡੂਮਰਾਨ*

ਭਾਗ। ਉਨ੍ਹਾਂ ਦੇ ਵਰਤਾਓ ਤੋਂ ਪਿੱਲੇ ਨੂੰ ਲੱਗਾ ਕਿਸਾਨ ਹਨ। ਪਾਣੀ ਪੀਣ ਵਾਸਤੇ ਉਸ ਨੇ ਆਪਣੀ ਸਬ-ਮਸ਼ੀਨ ਗੰਨ ਜ਼ਮੀਨ 'ਤੇ ਰੱਖ ਦਿੱਤੀ। ਚਿਲਕਿਲੀ ਬਾਜ ਵਾਂਗ ਝਪਟਿਆ ਅਤੇ ਗੰਨ ਚੁਕ ਕੇ ਪਿੱਲੇ ਦੇ ਸਿਰ ਉਪਰ ਮਾਰੀ, ਨਾਲ ਦੀ ਨਾਲ ਉਸੇ ਗੰਨ ਵਿਚੋਂ ਫਾਇਰ ਖੋਲ੍ਹ ਦਿੱਤਾ। ਪਿੱਲੇ ਤੇ ਇਕ ਹੌਲਦਾਰ ਥਾਂਏਂ ਢੇਰ ਹੋ ਗਏ। ਦੂਜੇ ਸਬ-ਇੰਸਪੈਕਟਰ ਨੇ ਮੁਕਾਬਲਾ ਕੀਤਾ, ਪਰ ਲੜਖੜਾ ਕੇ ਖੂਹ ਵਿਚ ਡਿਗ ਪਿਆ, ਖੂਹ ਵਿਚ ਭੁੰਨ ਦਿੱਤਾ। ਪਿੱਲੇ ਦਾ ਡਰਾਈਵਰ ਜੀਪ ਭਜਾਉਣ ਲੱਗਾ, ਥਾਂਈਂ ਧਰ ਲਿਆ। ਪੂਰੀ ਲੰਕਾ ਦੀ ਇਹ ਸ਼ਾਨਦਾਰ ਪੁਲਿਸ ਟੀਮ ਸੀ। ਕਈ ਦਿਨ ਕਿਸੇ ਨੂੰ ਪਤਾ ਨਾ ਲੱਗਾ, ਕੀ ਹੋ ਗਿਆ। ਪਿੱਲੇ ਕਈ ਕਈ ਹਫਤੇ ਖਾੜਕੂਆਂ ਦਾ ਸ਼ਿਕਾਰ ਕਰਦਿਆਂ ਅਕਸਰ ਬਾਹਰ ਰਿਹਾ ਹੀ ਕਰਦਾ ਸੀ। ਘਰਦਿਆਂ ਨੂੰ ਕੋਈ ਪਤਾ ਨਹੀਂ। ਲੱਕੜਾਂ ਕੱਟਣ ਗਏ ਬੰਦੇ ਨੇ ਬਦਬੂ ਮਾਰਦੀਆਂ ਲਾਸ਼ਾਂ ਦੇਖੀਆਂ, ਉਸ ਨੇ ਖਬਰ ਦਿੱਤੀ। ਜੰਗਲੀ ਜਾਨਵਰਾਂ ਨੇ ਲਾਸ਼ਾਂ ਬੇ-ਪਛਾਣ ਕਰ ਦਿੱਤੀਆਂ ਸਨ। ਸ਼ਨਾਖਤੀ ਕਾਰਡਾਂ ਅਤੇ ਵਰਦੀਆਂ ਤੋਂ ਪਛਾਣ ਆਈ। ਅਜਿੱਤ ਸੂਰਮੇ ਦਾ ਇਹ ਹਸ਼ਰ? ਸਰਕਾਰ ਹਿੱਲ ਗਈ। ਤਿੰਨ ਸੌ ਖਾਲੀ ਕਾਰਤੂਸ ਮਿਲੇ। ਇਹ ਇੰਸਪੈਕਟਰ ਪ੍ਰਭਾਕਰਨ ਦੀ ਮਾਂ ਨੂੰ ਘਰ ਜਾ ਕੇ ਕਹਿ ਕੇ ਆਇਆ ਸੀ- ਮੈਂ ਤੇਰੇ ਮੁੰਡੇ ਦੇ ਸੌ ਟੁਕੜੇ ਕਰ ਕੇ ਖਲਾਰਾਂਗਾ।

ਸਾਬਤ ਹੋ ਗਿਆ, ਖਾੜਕੂ ਜਿਸ ਨੂੰ ਜਦੋਂ ਮਰਜ਼ੀ, ਮਾਰ ਕੇ ਭੱਜ ਸਕਦੇ ਨੇ। ਖਾੜਕੂਆਂ ਦੀ ਭਰਤੀ ਵਧ ਗਈ। ਸਲਾਹਾਂ ਹੋਈਆਂ ਕਿ ਸਾਰੇ ਕਤਲਾਂ ਦੀ ਜ਼ਿੰਮੇਵਾਰੀ ਲੈ ਲਈਏ, ਕਿਉਂਕਿ ਇਹੀ ਤਾਂ ਸਾਡੀਆਂ ਟ੍ਰਾਫੀਆਂ ਨੇ। 25 ਅਪਰੈਲ 1978, ਲਿਟੇ ਨੇ ਗਿਆਰਾਂ ਵੱਡੇ ਕਤਲਾਂ ਦੀ ਜ਼ਿੰਮੇਵਾਰੀ ਲੈ ਲਈ। ਸਾਰੇ ਅਖਬਾਰਾਂ ਨੇ ਇਹ ਖਬਰ ਛਾਪੀ। ਸਰਕਾਰ ਨੇ ਲਿਟੇ 'ਤੇ ਪਾਬੰਦੀ ਲਾ ਕੇ 38 ਬੰਦਿਆਂ ਦੀ ਲਿਸਟ ਪ੍ਰਕਾਸ਼ਿਤ ਕੀਤੀ ਜਿਹੜੇ ਮੋਸਟ ਵਾਂਟਿਡ ਸਨ। ਪ੍ਰਭਾਕਰਨ ਨੂੰ ਛੱਡ ਕੇ ਸਭ ਦੀਆਂ ਫੋਟੋਆਂ ਛਪੀਆਂ। ਪ੍ਰਭਾਕਰਨ ਦੇ ਨਾਮ ਨਾਲ ਤੰਬੀ ਲਿਖਿਆ। ਤੰਬੀ ਮਾਇਨੇ ਛੋਟਾ ਭਰਾ, ਇਹ ਉਸ ਦਾ ਨਿਕ-ਨੇਮ ਸੀ।

ਜੁਲਾਈ 1978 ਵਿਚ ਲਿਟੇ ਨੇ ਬੰਬ ਨਾਲ ਇਕ ਜਹਾਜ਼ ਕੋਲੰਬੋ ਲਾਗੇ ਉਡਾਇਆ ਅਤੇ 12 ਲੱਖ ਦੀ ਬੈਂਕ ਡਕੈਤੀ ਕੀਤੀ। ਪੁਲਿਸ ਅਫਸਰਾਂ ਦੇ ਨਿਰਵਿਘਨ ਕਤਲ ਹੁੰਦੇ ਰਹੇ। ਪੁਲਿਸ ਮੁਖੀ ਸੇਨਾ ਨਾਇਕ ਨੇ ਸ਼ਰੇਆਮ ਮੰਨਿਆ- ਖਾੜਕੂਆਂ ਨੂੰ ਫੜਨਾ ਆਸਾਨ ਨਹੀਂ, ਉਹ ਆਮ ਅਪਰਾਧੀ ਨਹੀਂ, ਤਿੱਖੀ ਬੁੱਧੀ ਵਾਲੇ ਪੜ੍ਹੇ-ਲਿਖੇ ਜੁਆਨ ਹਨ। ਲੋਕ ਭੈਭੀਤ ਹਨ। ਜਾਫਨਾ ਦਾ ਕੰਟਰੋਲ ਫੌਜ ਨੇ ਸੰਭਾਲ ਲਿਆ। ਸ਼ੱਕੀ ਬੰਦੇ ਫੜੇ ਜਾਣ ਲਗੇ, ਤਸੀਹਿਆਂ ਦੌਰਾਨ ਮੌਤਾਂ ਹੋਣ ਲੱਗੀਆਂ। ਪ੍ਰਭਾਕਰਨ ਭਾਰਤ ਪੁੱਜ ਗਿਆ। ਜਾਫਨਾ ਅਤੇ ਤਮਿਲਨਾਡੂ ਵਿਚਕਾਰ ਕੇਵਲ 22 ਮੀਲ ਦਾ ਸਮੁੰਦਰ ਸੀ। ਇਕ ਭਾਰਤੀ ਤਮਿਲ ਨੇਤਾ ਨੇ ਲਿਟੇ ਦੇ ਮੈਂਬਰਾਂ ਵਾਸਤੇ ਭਾਰਤੀ ਪਾਸਪੋਰਟ ਬਣਵਾ ਦਿੱਤੇ ਤਾਂ ਕਿ ਉਹ ਟ੍ਰੇਨਿੰਗ ਲੈਣ ਵਾਸਤੇ ਸੀਰੀਆ ਜਾ ਸਕਣ। ਉਮਾ ਲਿਬਨਾਨ ਪੁੱਜ ਗਿਆ।

ਲਿਟੇ ਗਰੁੱਪ ਦਾ ਸਾਰਾ ਕੰਮ ਪ੍ਰਭਾਕਰਨ ਕਰਦਾ ਸੀ, ਪਰ ਸਤਿਕਾਰ ਵਜੋਂ ਉਮਰ ਵਿਚ ਵੱਡਾ ਹੋਣ ਕਰ ਕੇ ਚੇਅਰਮੈਨ ਉਮਾ ਸੀ। ਉਮਾ ਵਿਰੁੱਧ ਸ਼ਿਕਾਇਤ ਪੁੱਜੀ ਕਿ ਉਸ ਦਾ ਉਰਮਿਲਾ ਨਾਮ ਦੀ ਕੁੜੀ ਨਾਲ ਇਸ਼ਕ ਹੋ ਗਿਆ ਹੈ। ਪ੍ਰਭਾਕਰਨ ਨੇ ਫੈਸਲਾ ਕੀਤਾ ਕਿ ਉਸ ਨੂੰ ਗਰੁੱਪ ਵਿਚੋਂ ਕੱਢ ਦਿੱਤਾ ਜਾਵੇ। ਲੰਡਨ ਤੋਂ ਕੋਈ ਜੁਆਨ ਪ੍ਰਭਾਕਰਨ ਨੂੰ ਮਨਾਉਣ ਵਾਸਤੇ ਆਇਆ-ਇਸ ਨਾਲ ਭਾਰੀ ਬਦਨਾਮੀ ਹੋਵੇਗੀ, ਇਉਂ ਨਾ ਕਰੋ। ਪ੍ਰਭਾਕਰਨ ਨੇ ਕਿਹਾ-ਲੰਡਨ ਵਿਚ ਇਹ ਸਭ ਚਲ ਸਕਦੈ ਭਰਾ, ਇਥੇ ਨਹੀਂ। ਬਦਨਾਮੀ ਸਗੋਂ ਤਦ ਹੋਏਗੀ ਜੇ ਇਸ ਨੂੰ ਨਾ ਕੱਢਿਆ।

ਲੰਡਨ ਵਿਚ ਪੜ੍ਹਿਆ ਬਾਲਾਸਿੰਘਮ ਬਹੁਤ ਸੂਝਵਾਨ ਜੁਆਨ ਸੀ, ਜਿਸ ਵਾਸਤੇ ਤਮਿਲ ਅਤੇ ਅੰਗਰੇਜ਼ੀ ਵਿਚ ਲਿਖਣਾ ਬੋਲਣਾ ਇਕੋ ਜਿਹਾ ਸੀ। ਉਸ ਨੇ ਲਿਟੇ ਦਾ ਮੈਨੀਫੈਸਟੋ ਸੁੰਦਰ ਸ਼ੈਲੀ ਵਿਚ ਲਿਖਿਆ ਜੋ ਛੇ ਬੋਲੀਆਂ ਵਿਚ ਛਾਪ ਕੇ ਦੁਨੀਆਂ ਵਿਚ ਵੰਡਿਆ ਗਿਆ। ਉਹ ਮਾਰਕਸੀ ਵਿਚਾਰਧਾਰਾ ਤੋਂ ਪ੍ਰਭਾਵਿਤ ਸੀ। ਉਸ ਦੀ ਪਤਨੀ ਐਡੀਲ ਆਸਟ੍ਰੇਲੀਅਨ ਸੀ। ਬਾਲਾ ਆਪਣੀ ਪਤਨੀ ਸਣੇ ਮਦਰਾਸ ਆ ਗਿਆ ਤੇ ਖਾੜਕੂਆ ਨੂੰ ਵਿਚਾਰਧਾਰਕ ਸੇਧ ਦੇਣ ਲੱਗਾ। ਪ੍ਰਭਾਕਰਨ ਨਾਲ ਅਕਸਰ ਲੰਮੀਆਂ ਮੀਟਿੰਗਾਂ ਹੁੰਦੀਆਂ। ਇਕੱਠੇ ਖਾਣਾ ਬਣਾਉਂਦੇ ਤੇ ਭਾਰਤੀ ਤਮਿਲ ਫਿਲਮਾਂ ਦੇਖਦੇ।

ਉਮਾ ਨੇ ਨਾ ਉਰਮਿਲਾ ਛੱਡੀ, ਨਾ ਲਿਟੇ। ਉਲਟਾ ਉਸ ਨੇ ਪ੍ਰਭਾਕਰਨ ਦੇ ਛੁਪਾਏ ਹਥਿਆਰ ਇਧਰ-ਉਧਰ ਕਰ ਦਿੱਤੇ। ਪਤਾ ਲੱਗਣ 'ਤੇ ਪ੍ਰਭਾਕਰਨ ਨੇ ਸਾਰੇ ਹਥਿਆਰਾਂ ਦੇ ਟਿਕਾਣੇ ਬਦਲ ਦਿੱਤੇ। ਉਮਾ ਕੀ ਕਰ ਰਿਹੈ?

ਦੋ ਸ਼ਹਿਰਾਂ ਵਿਚ ਰਿਟਾਇਰਡ ਭਾਰਤੀ ਫੌਜੀ ਅਫਸਰ ਲਿਟੇ ਰੰਗਰੂਟਾਂ ਨੂੰ ਹਥਿਆਰਾਂ ਦੀ ਟ੍ਰੇਨਿੰਗ ਦਿੰਦੇ। ਪੁਲਿਸ ਅਤੇ ਖੁਫੀਆ ਏਜੰਸੀਆਂ ਜਾਣਦੀਆਂ ਸਨ, ਸਰਕਾਰ ਦੀ ਇਹੋ ਮਰਜ਼ੀ ਹੈ।

25 ਮਾਰਚ 1980 ਨੂੰ ਖਬਰ ਮਿਲੀ ਕਿ ਫਲਾਣੀ ਸੜਕ 'ਤੇ ਗੱਡੀ ਵਿਚ ਬੈਂਕ ਕਰੰਸੀ ਜਾ ਰਹੀ ਹੈ। ਘੇਰ ਕੇ 78 ਲੱਖ ਰੁਪਏ ਲੁੱਟ ਲਏ। ਦੋ ਸਿਪਾਹੀ ਕਤਲ ਕੀਤੇ। ਸਰਕਾਰ ਨੇ ਸੂਹ ਦੇਣ ਵਾਲੇ ਲਈ ਦਸ ਲੱਖ ਦਾ ਇਨਾਮ ਐਲਾਨਿਆ। ਪੁਲਿਸ ਨੇ ਗੁੱਸੇ ਵਿਚ ਆ ਕੇ ਜਾਫਨਾ ਦੀ ਤਮਿਲ ਲਾਇਬਰੇਰੀ ਨੂੰ ਅੱਗ ਲਾ ਦਿੱਤੀ, ਨੱਬੇ ਹਜ਼ਾਰ ਕਿਤਾਬਾਂ ਰਾਖ ਹੋ ਗਈਆਂ। ਲਾਇਬਰੇਰੀ ਵਿਚੋਂ ਲਾਟਾਂ ਨਿਕਲਦੀਆਂ ਦੇਖਣ ਵਾਲਿਆਂ ਵਿਚ ਪ੍ਰਭਾਕਰਨ ਵੀ ਸੀ।

ਪ੍ਰਭਾਕਰਨ ਨੂੰ ਉਮਾ ਉਪਰ ਤੇ ਉਮਾ ਨੂੰ ਪ੍ਰਭਾਕਰਨ ਵਿਰੁੱਧ ਗੁੱਸਾ ਸੀ। ਇਕ ਦਿਨ ਪ੍ਰਭਾਕਰਨ ਆਪਣੇ ਸਾਥੀ ਨਾਲ ਮਦਰਾਸ ਵਿਚ ਫਿਲਮ ਦੇਖ ਕੇ ਬਾਹਰ ਨਿਕਲਿਆ ਤਾਂ ਦੇਖਿਆ, ਸਾਈਕਲ ਸਟੈਂਡ ਵਿਚ ਖੜ੍ਹੇ ਮੋਟਰ ਸਾਈਕਲ ਉਪਰ ਉਮਾ ਬੈਠਾ ਸੀ। ਉਮਾ ਉਸੇ ਦੀ ਉਡੀਕ ਵਿਚ ਸੀ। ਦੋਹਾਂ ਨੇ ਇਕਦਮ ਫੁਰਤੀ ਨਾਲ ਰਿਵਾਲਵਰ ਕੱਢੇ, ਪਰ ਚਲਾ ਦਿੱਤਾ ਪਹਿਲਾਂ ਪ੍ਰਭਾਕਰਨ ਨੇ, ਉਮਾ ਦੀ ਥਾਂ ਉਸ ਦੇ ਸਾਥੀ ਦੇ ਗੋਲੀ ਵੱਜੀ ਤੇ ਡਿਗ ਪਿਆ। ਉਮਾ ਭੱਜ ਗਿਆ। ਲੋਕਾਂ ਨੇ ਸਮਝਿਆ ਗੁੰਡਿਆਂ ਵਿਚਕਾਰ ਗੋਲੀ ਚੱਲੀ ਹੈ। ਪ੍ਰਭਾਕਰਨ ਅਤੇ ਉਸ ਦਾ ਸਾਥੀ ਭੀੜ ਨੇ ਘੇਰ ਲਿਆ। ਦੋਹਾਂ ਨੇ ਰਿਵਾਲਵਰ ਹਵਾ ਵਿਚ ਬਥੇਰੇ ਲਹਿਰਾਏ, ਪਰ ਭੀੜ ਨੇ ਕੁਟਾਈ ਸ਼ੁਰੂ ਕਰ ਦਿੱਤੀ। ਇੰਨੇ ਨੂੰ ਪੁਲਿਸ ਆ ਗਈ। ਥਾਣੇ ਲਿਜਾ ਕੇ ਪੁਲਿਸ ਨੇ ਬੈਂਤਾਂ ਨਾਲ ਕੁੱਟੇ, ਪਰ ਹਾਲੇ ਪਤਾ ਪੁਲਿਸ ਨੂੰ ਵੀ ਨਹੀਂ ਸੀ, ਇਹ ਕੌਣ ਹਨ!

ਜ਼ਖਮੀ ਬੰਦੇ ਨੇ ਦੱਸਿਆ ਕਿ ਇਹ ਪ੍ਰਭਾਕਰਨ ਹੈ ਜਿਸ ਦੇ ਸਿਰ 'ਤੇ ਲੰਕਾ ਨੇ ਤਿੰਨ ਲੱਖ ਦਾ ਇਨਾਮ ਰੱਖਿਆ ਹੋਇਐ। ਪੁਲਿਸ ਵਾਲਿਆਂ ਦਾ ਵਤੀਰਾ ਬਦਲ ਗਿਆ। ਹਵਾਲਾਤੀ ਖਾਸ ਬੰਦੇ ਹਨ, ਵੀ.ਆਈ.ਪੀ.। ਅਗਲੇ ਦਿਨ ਖਬਰਾਂ ਛਪ ਗਈਆਂ। ਲੰਕਾ ਸਰਕਾਰ ਖੁਸ਼ ਹੋ ਕੇ ਤਿਆਰੀਆਂ ਕਰਨ ਲੱਗੀ ਕਿ ਮੁਜਰਮਾਂ ਨੂੰ ਹਥਕੜੀਆਂ ਜੜ ਕੇ ਲਿਆਵਾਂਗੇ, ਗ੍ਰਹਿ ਦਾ ਚੀਫ ਫੜਿਆ ਗਿਆ। ਲੰਕਾ ਦੇ ਤਮਿਲ ਉਦਾਸ ਹੋਏ, ਸਰਕਾਰ ਨੇ ਐਲਾਨ ਕੀਤਾ ਕਿ ਤਮਿਲਨਾਡੂ ਦੀ ਪੁਲਿਸ ਨੂੰ ਇਨਾਮ ਵਜੋਂ ਦਸ ਲੱਖ ਰੁਪਿਆ ਦਿਆਂਗੇ।



ਉਮਾ ਉਰਫ ਉਮਾ ਮਹੇਸਵਰਨ ਉਰਫ ਕੇ. ਨੱਲੇਨਾਥਨ

ਲਿਟੇ ਗਰੁੱਪ ਦਾ ਸਾਰਾ ਕੰਮ ਪ੍ਰਭਾਕਰਨ ਕਰਦਾ ਸੀ, ਪਰ ਸਤਿਕਾਰ ਵਜੋਂ ਉਮਰ ਵਿਚ ਵੱਡਾ ਹੋਣ ਕਰ ਕੇ ਚੇਅਰਮੈਨ ਉਮਾ ਸੀ। ਉਮਾ ਵਿਰੁੱਧ ਸ਼ਿਕਾਇਤ ਪੁੱਜੀ ਕਿ ਉਸ ਦਾ ਉਰਮਿਲਾ ਨਾਮ ਦੀ ਕੁੜੀ ਨਾਲ ਇਸ਼ਕ ਹੋ ਗਿਆ ਹੈ। ਪ੍ਰਭਾਕਰਨ ਨੇ ਫੈਸਲਾ ਕੀਤਾ ਕਿ ਉਸ ਨੂੰ ਗਰੁੱਪ ਵਿਚੋਂ ਕੱਢ ਦਿੱਤਾ ਜਾਵੇ। ਲੰਡਨ ਤੋਂ ਕੋਈ ਜੁਆਨ ਪ੍ਰਭਾਕਰਨ ਨੂੰ ਮਨਾਉਣ ਵਾਸਤੇ ਆਇਆ- ਇਸ ਨਾਲ ਭਾਰੀ ਬਦਨਾਮੀ ਹੋਵੇਗੀ, ਇਉਂ ਨਾ ਕਰੋ। ਪ੍ਰਭਾਕਰਨ ਨੇ ਕਿਹਾ- ਲੰਡਨ ਵਿਚ ਇਹ ਸਭ ਚਲ ਸਕਦੈ ਭਰਾ, ਇਥੇ ਨਹੀਂ। ਬਦਨਾਮੀ ਸਗੋਂ ਤਦ ਹੋਏਗੀ ਜੇ ਇਸ ਨੂੰ ਨਾ ਕੱਢਿਆ।

ਪ੍ਰਭਾਕਰਨ ਦੇ ਪਿਤਾ ਨੂੰ ਬੇਟੇ ਦੀ ਗ੍ਰਿਫਤਾਰੀ ਪਤਾ ਲੱਗੀ। ਤੁਰੰਤ ਜਾਫਨਾ ਦਾ ਮਹਿੰਗਾ ਵਕੀਲ ਜਹਾਜ਼ ਰਾਹੀਂ ਤਮਿਲਨਾਡੂ ਭੇਜਿਆ। ਪ੍ਰਭਾਕਰਨ ਦੇ ਸੈਨਿਕ ਵਿਉਂਤਾਂ ਬਣਾਉਣ ਲੱਗੇ-ਜਿੰਨੀਆਂ ਮਰਜ਼ੀ ਮੌਤਾਂ ਹੋ ਜਾਣ, ਪ੍ਰਭਾਕਰਨ ਨੂੰ ਛੁਡਾਉਣਾ ਹੈ, ਲੰਕਾ ਨਹੀਂ ਆਉਣ ਦਿਆਂਗੇ। ਹੋਰ ਕੁਝ ਵੀ ਨਾ ਹੋਇਆ, ਵੱਡੀ ਗਿਣਤੀ ਵਿਚ ਖੁਦਕਸ਼ੀਆਂ ਕਰਾਂਗੇ।

ਤਮਿਲਨਾਡੂ ਵਿਚ ਲਿਟੇ ਦਾ ਹਮਦਰਦ ਹੰਢਿਆ ਹੋਇਆ ਸਿਆਸਤਦਾਨ ਬੈਠਾ ਸੀ, ਪੀ. ਨੇਡੂਮਰਾਨ ਜੋ ਇੰਦਰਾ ਕਾਂਗਰਸ ਦਾ ਤਮਿਲਨਾਡੂ ਪ੍ਰਧਾਨ ਰਹਿ ਚੁੱਕਾ ਸੀ। ਹੁਣ ਉਸ ਨੇ ਆਪਣੀ ਪਾਰਟੀ ਬਣਾ ਰੱਖੀ ਸੀ, ਤਮਿਲਨਾਡੂ ਕਾਮਰਾਜ ਕਾਂਗਰਸ ਜੋ ਲੰਕਾ ਦੇ ਤਮਿਲਾਂ ਦੀ ਹਮਦਰਦ ਸੀ। 1980 ਵਿਚ ਤਮਿਲਨਾਡੂ ਅਸੈਂਬਲੀ ਵਿਚ ਉਹ ਅਤੇ ਉਸ ਦੀ ਪਾਰਟੀ ਦੇ ਦੋ ਹੋਰ ਬੰਦੇ ਵਿਧਾਇਕ ਚੁਣੇ ਗਏ ਸਨ। ਤਿੰਨਾਂ ਨੂੰ ਮਦਰਾਸ ਐਮ.ਐਲ.ਏ. ਹੋਸਟਲ ਵਿਚ ਤਿੰਨ ਕਮਰੇ ਮਿਲੇ ਹੋਏ ਸਨ। ਇਨ੍ਹਾਂ ਵਿਚ ਇਕ ਕਮਰਾ ਹੈ ਈ ਲਿਟੇ ਵਾਸਤੇ ਸੀ। ਪ੍ਰਭਾਕਰਨ ਇਥੇ ਰਹਿੰਦਾ ਵੀ ਰਿਹਾ ਸੀ, ਪਰ ਹੁਣ ਨੇਡੂਮਰਾਨ ਨੂੰ ਉਸ ਦੀ ਸ਼ਕਲ ਯਾਦ ਨਹੀਂ ਸੀ। ਨੇਡੂਮਰਾਨ ਉਸ ਨੂੰ ਜੇਲ੍ਹ ਵਿਚ ਮਿਲਿਆ ਤੇ ਪਿਆਰ ਨਾਲ ਮਿੱਠੀ ਜਿਹੀ ਝਾੜ ਪਾਈ ਕਿ ਬਿਗਾਨੇ ਦੇਸ ਵਿਚ ਇਉਂ ਨ੍ਹੀਂ ਸੀ ਉਲਝਣਾ ਚਾਹੀਦਾ ਗੈਂਗਵਾਰ ਵਿਚ। ਅਸੀਂ ਤੁਹਾਡੇ ਹਮਦਰਦ ਹਾਂ, ਤੁਸੀਂ ਆਪਸ ਵਿਚ ਲੜੀ ਜਾਨੇ ਓ।

ਨੇਡੂਮਰਾਨ ਨੇ ਕਾਂਗਰਸ ਪਾਰਟੀ ਦੀ ਮੀਟਿੰਗ ਬੁਲਾ ਕੇ ਫੈਸਲਾ ਕਰਵਾ ਲਿਆ ਕਿ ਇੰਦਰਾ ਗਾਂਧੀ ਨੂੰ ਮਨਾਈਏ, ਪ੍ਰਭਾਕਰਨ ਲੰਕਾ ਸਰਕਾਰ ਦੇ ਸਪੁਰਦ ਨਹੀਂ ਕਰਨਾ। ਸਾਬਕਾ ਮੁਖ ਮੰਤਰੀ ਕਰੁਨਾਨਿਧੀ ਨੇ ਕਿਹਾ- ਜੇ ਇਹ ਦੋ ਕੈਦੀ ਲੰਕਾ ਹਵਾਲੇ ਕਰ ਦਿੱਤੇ, ਇਨ੍ਹਾਂ ਨੂੰ ਫਾਂਸੀ ਦੇ ਦੇਣਗੇ। ਤਮਿਲਨਾਡੂ ਦੇ ਲੋਕ ਰੈਲੀਆਂ ਕਰਨ ਲੱਗੇ ਕਿ ਪ੍ਰਭਾਕਰਨ ਨੂੰ ਰਿਹਾਅ ਕਰੋ।

ਜਨਵਰੀ 1980 ਵਿਚ ਇੰਦਰਾ ਗਾਂਧੀ ਜਨਤਾ ਪਾਰਟੀ ਨੂੰ ਹਰਾ ਕੇ ਭਾਰੀ ਬਹੁਮਤ ਨਾਲ ਪ੍ਰਧਾਨ ਮੰਤਰੀ ਬਣੀ ਸੀ। ਉਹ ਰੂਸ ਪੱਖੀ ਸੀ, ਪਰ ਸ੍ਰੀ ਲੰਕਾ ਦਾ ਪ੍ਰਧਾਨ ਮੰਤਰੀ ਜੈਵਰਧਨੇ ਅਮਰੀਕਾ ਪੱਖੀ ਸੀ ਜਿਸ ਨੇ ਤਮਿਲਨਾਡੂ ਵਿਚ ਚੋਣਾਂ ਦੌਰਾਨ ਇੰਦਰਾ ਦੇ ਵਿਰੋਧੀਆਂ ਦੀ ਮਦਦ ਕੀਤੀ ਸੀ। ਇਕ ਦਿਨ 'ਰਾਅ' (ਭਾਰਤ ਦੀ ਖੁਫੀਆ ਏਜੰਸੀ) ਦੇ ਦੋ ਅਫਸਰ ਜੇਲ੍ਹ ਵਿਚ ਪ੍ਰਭਾਕਰਨ ਨੂੰ ਮਿਲਣ ਗਏ ਤੇ ਉਸ ਦੀਆਂ ਯੋਜਨਾਵਾਂ ਬਾਰੇ ਪੁੱਛਣ ਲੱਗੇ। ਅਫਸਰਾਂ ਨੇ ਪ੍ਰਭਾਕਰਨ ਅਤੇ ਉਸ ਦੇ ਬੰਦੀ ਸਾਥੀ ਰਾਘਵਨ ਨੂੰ ਕਿਹਾ ਕਿ ਨੇਵੀ ਬੇਸ ਵਾਸਤੇ ਭਾਰਤ ਨੂੰ ਤੁਹਾਡੀ ਮਦਦ ਦੀ ਲੋੜ ਹੈ, ਇਕ ਦੂਜੇ ਦੇ ਸਹਾਈ ਕਿਉਂ ਨਾ ਬਣੀਏ? ਉਹ ਪ੍ਰਭਾਕਰਨ ਨੂੰ ਜ਼ਮਾਨਤ 'ਤੇ ਛੁਡਾ ਕੇ ਲੈ ਗਏ। ਪ੍ਰਭਾਕਰਨ ਨੂੰ ਕਿਹਾ ਗਿਆ ਕਿ ਮਦੁਰਾਇ ਟਿਕਾਣਾ ਕਰੇ। ਉਹ 27 ਸਾਲ ਦਾ ਹੋ ਗਿਆ ਸੀ ਤੇ ਇਕ ਦਹਾਕੇ ਤੋਂ ਗਤੀਸ਼ੀਲ ਸੀ। ਮਦੁਰਾਇ ਉਸ ਦਾ ਦੇਖਿਆ-ਭਾਲਿਆ ਵਾਕਫ ਹਿੰਦੂ ਤਮਿਲਾਂ ਦਾ ਸ਼ਹਿਰ ਸੀ। ਇਥੇ ਹੀ ਪੇਂਟਰ ਤੋਂ ਉਸ ਨੇ ਲਿਟੇ ਦਾ ਨਿਸ਼ਾਨ ਚੀਤਾ ਬਣਵਾਇਆ ਸੀ। ਇਥੇ ਉਹ ਨੇਡੂਮਰਾਨ ਦੇ ਘਰ ਰਿਹਾ, ਅਹਿਤਿਆਤ ਵਜੋਂ ਨੇਡੂਮਰਾਨ ਨੂੰ ਹੋਰ ਸੁਰੱਖਿਆ ਕਰਮੀ ਦੇ ਦਿੱਤੇ।

ਇਕ ਦਿਨ ਪ੍ਰਭਾਕਰਨ ਨੇ ਦੇਖਿਆ, ਇਕ ਸਿਪਾਹੀ ਉਸ ਦੇ ਕਮਰੇ ਵਿਚ ਅਟੈਚੀਕੇਸ ਦੀ ਫੋਲਾਫਾਲੀ ਕਰ ਰਿਹਾ ਹੈ। ਸਿਪਾਹੀ ਨੇ ਅਖਬਾਰ ਦੀ ਖਬਰ ਪੜ੍ਹ ਕੇ ਪੁੱਛਿਆ- ਤੈਨੂੰ ਪਤੈ, ਇਹ ਕਾਤਲ ਤੇ ਡਾਕੂ ਕੌਣ ਹੈ? ਪ੍ਰਭਾਕਰਨ ਨੂੰ ਗੁੱਸਾ ਚੜ੍ਹ ਗਿਆ, ਉਸ ਨੇ ਗਰਜਦਿਆਂ ਕਿਹਾ-ਮੈਂ ਹਾਂ, ਮੈਂ ਹਾਂ ਇਹ, ਦੱਸ ਕੀ ਕਰਨੈ ਤੂੰ ਮੇਰਾ? ਸਿਪਾਹੀ ਸੁੰਨ ਹੋ ਗਿਆ, ਭੱਜ ਕੇ ਦੂਜੇ ਕਮਰੇ ਵਿਚ ਨੇਡੂਮਰਾਨ ਨੂੰ ਕਹਿਣ ਲੱਗਾ, ਹਜ਼ੂਰ ਤੁਹਾਨੂੰ ਪਤੈ, ਤੁਹਾਡੇ ਘਰ ਖਤਰਨਾਕ ਕਾਤਲ ਡਾਕੂ ਰਹਿ ਰਿਹੈ? ਨਾਲ ਹੀ ਪ੍ਰਭਾਕਰਨ ਪੁੱਜ ਗਿਆ ਤੇ ਕਿਹਾ, ਇਸ ਨੂੰ ਤਲਾਸ਼ੀ ਕਰਨ ਦਾ ਹੁਕਮ ਕਿਥੋਂ ਮਿਲਿਆ, ਪਤਾ ਕਰੋ। ਨੇਡੂਮਰਾਨ ਨੇ ਪੁਲਿਸ ਚੀਫ ਨੂੰ ਫੋਨ ਖੜਕਾ ਦਿੱਤਾ। ਸਿਪਾਹੀ ਦੀ ਬਦਲੀ ਹੋ ਗਈ ਤੇ ਪੁਲਿਸ ਨੇ ਮੁੜ ਇਧਰ ਝਾਕਣ ਦੀ ਹਿੰਮਤ ਨਹੀਂ ਕੀਤੀ। ਭਾਰਤੀ ਪੁਲਿਸ ਸਿਆਸਤ ਅੱਗੇ ਕਿੰਨੀ ਲਾਚਾਰ ਹੈ, ਉਸ ਦੀ ਇਕ ਮਿਸਾਲ ਇਹ ਵੀ ਹੈ।

ਗਰੁੱਪ ਦੇ ਬੰਦੇ ਪ੍ਰਭਾਕਰਨ ਨੂੰ ਮਿਲਣ ਆਉਂਦੇ ਜਾਂਦੇ। ਇਕ ਦਿਨ ਨੇਡੂਮਰਾਨ ਨੇ ਪੁੱਛਿਆ, ਤੇਰੇ ਚੇਲਿਆਂ ਦੀਆਂ ਸ਼ਕਲਾਂ ਤੋਂ ਇਉਂ ਲਗਦੈ, ਜਿਵੇਂ ਰੱਜਵੀਂ ਰੋਟੀ ਨਾ ਮਿਲਦੀ ਹੋਵੇ। ਪ੍ਰਭਾਕਰਨ ਨੇ ਕਿਹਾ, ਇਹ ਅੱਠ ਪਹਿਰ ਵਿਚ ਇਕ ਵਾਰ ਖਾਣਾ ਖਾਂਦੇ ਨੇ। ਅਸੀਂ ਅਮੀਰ ਨਹੀਂ ਹਾਂ। ਜੇ ਜੇਬ ਵਿਚ ਫਾਲਤੂ ਪੈਸੇ ਹੋਣ, ਤਾਂ ਵੀ ਦੂਜੀ ਵਾਰ ਖਾਣਾ ਨਹੀਂ ਖਾਂਦੇ। ਆਦਤਾਂ ਵਿਗਾੜਨੀਆਂ ਥੋੜ੍ਹਾ ਨੇ। ਪ੍ਰਭਾਕਰਨ ਨੇਡੂ ਦੇ ਬੱਚਿਆਂ ਨਾਲ ਕੈਰਮ ਵੀ ਖੇਡਦਾ ਤੇ ਤਮਿਲ ਬਹਾਦਰਾਂ ਦੇ ਕਿੱਸੇ ਵੀ ਸੁਣਾਉਂਦਾ। ਇਕ ਦਿਨ ਨੇਡੂ ਦੇ ਬੇਟੇ ਨੇ ਕਿਹਾ, ਮੈਂ ਵੀ ਲਿਟੇ ਵਿਚ ਭਰਤੀ ਹੋਵਾਂਗਾ। ਪ੍ਰਭਾਕਰਨ ਹੱਸ ਪਿਆ, ਨਹੀਂ ਕਾਕੇ, ਤੁਸੀਂ ਪੜ੍ਹੋ ਲਿਖੋ। ਲੜਨ ਵਾਸਤੇ ਅਸੀਂ ਹਾਂ ਬਥੇਰੇ।

ਪ੍ਰਭਾਕਰਨ ਹੈਰਾਨੀ ਨਾਲ ਦੇਖਦਾ ਰਹਿੰਦਾ, ਭਾਰਤੀ ਤੇ ਲੰਕਾ ਦੇ ਲੀਡਰਾਂ ਦਾ ਕਿਵੇਂ ਆਦਰ ਮਾਣ ਹੁੰਦਾ ਹੈ, ਚੋਣ ਟਿਕਟ ਮਿਲ ਗਈ ਤਾਂ ਥਾਂ-ਥਾਂ ਸਵਾਗਤ। ਝੰਡੀਆਂ, ਹਾਰ, ਪੈਸੇ। ਇਸ ਬੰਦੇ ਦਾ ਪਿਛੋਕੜ ਕੀ ਹੈ, ਕੋਈ ਨਹੀਂ ਪੁੱਛਦਾ। ਸਾਡੀ ਲਿਟੇ ਦੇ ਸਿਪਾਹੀਆਂ ਦਾ ਕੋਈ ਸਨਮਾਨ ਨਹੀਂ ਕਰਦਾ। ਹਾਰ ਉਦੋਂ ਪਾਉਂਦੇ ਨੇ, ਜਦੋਂ ਸ਼ਹੀਦ ਹੋ ਜਾਂਦੇ ਨੇ।

ਤਮਿਲਨਾਡੂ ਵਿਚ ਤਿੰਨ ਕੋਠੀਆਂ ਮਿਲੀਆਂ ਹੋਈਆਂ ਸਨ ਜਿਥੇ ਉਸ ਦੇ ਸਿਪਾਹੀ ਰਹਿੰਦੇ। ਟ੍ਰੇਨਿੰਗ ਲਈ ਇਕ ਪਾਸੇ ਗਰਾਊਂਡ ਸੀ। ਭਾਰਤ ਵਿਚਲਾ ਇਹ ਉਸ ਦਾ ਸਭ ਤੋਂ ਸੁਰੱਖਿਅਤ ਅੱਡਾ ਸੀ। ਜਾਫਨਾ ਵਿਚ ਦੋ ਲਿਟੇ ਸਿਪਾਹੀ ਕਤਲ ਹੋ ਗਏ। ਸ਼ੱਕ ਉਮਾ ਉਪਰ ਗਿਆ। ਪ੍ਰਭਾਕਰਨ ਨੇ ਫੈਸਲਾ ਕਰ ਲਿਆ ਸੀ ਖਾਨਾਜੰਗੀ ਠੀਕ ਨਹੀਂ, ਪਰ ਉਮਾ ਹੱਦਾਂ ਟੱਪ ਰਿਹਾ ਸੀ, ਇਲਾਜ ਕਰਨਾ ਪਵੇਗਾ।

ਉਮਾ ਮਦਰਾਸ ਵਿਚ ਸੀ। ਇਕ ਸਾਂਝੇ ਮਿੱਤਰ ਨੇ ਦੋਹਾਂ ਦੀ ਮੀਟਿੰਗ ਕਰਵਾਈ। ਪ੍ਰਭਾਕਰਨ ਦੋ ਅੰਗ ਰੱਖਿਅਕ ਲੈ ਕੇ ਗਿਆ, ਉਮਾ ਨਾਲ ਹੱਥ ਨਹੀਂ ਮਿਲਾਇਆ। ਇੰਨਾ ਕਿਹਾ, ਲਿਟੇ ਨਾਲ ਕੋਈ ਸਬੰਧ ਨ੍ਹੀਂ ਤੇਰਾ। ਮੈਂ ਤੈਨੂੰ ਸਾਡੇ ਬਰਾਬਰ ਹੋਰ ਜਥੇਬੰਦੀ ਖੜ੍ਹੀ ਨਹੀਂ ਕਰਨ ਦਿਆਂਗਾ। ਮੇਰੀ ਗੱਲ ਦੀ ਉਲੰਘਣਾ ਦਾ ਮਤਲਬ ਹੈ ਮੌਤ।

ਹਰ ਮਹੀਨੇ ਮਦਰਾਸ ਪੇਸ਼ੀ ਭੁਗਤਣ ਜਾਣਾ ਪੈਂਦਾ। ਇਕ ਦਿਨ ਉਸ ਨੇ ਨੇਡੂਮਰਾਨ ਨੂੰ ਪੁੱਛਿਆ, ਮੇਰਾ ਕੰਮ ਤਾਂ ਜਾਫਨਾ ਵਿਚ ਹੈ, ਇਥੇ ਬੈਠਾ ਕੀ ਕਰਦਾਂ? ਜੇ ਮੈਂ ਭੱਜ ਜਾਵਾਂ, ਤੁਸੀਂ ਬੁਰਾ ਤਾਂ ਨਹੀਂ ਮਨਾਉਗੇ? ਤੁਹਾਡੀ ਬਦਨਾਮੀ ਤਾਂ ਨਹੀਂ ਹੋਏਗੀ? ਨੇਤਾ ਨੇ ਕਿਹਾ, ਮੇਰੀ ਪ੍ਰਵਾਹ ਨਾ ਕਰ। ਆਪਣੀ ਜਥੇਬੰਦੀ, ਆਪਣੀ ਕੌਮ ਲਈ ਜੋ ਕਰਨੈ, ਕਰ। ਜਿਥੇ ਮਰਜ਼ੀ ਕਰ। ਦਸੰਬਰ 1982 ਜਦੋਂ ਉਹ ਮਦਰਾਸ ਪੇਸ਼ੀ ਉਪਰ ਗਿਆ, ਰਾਹ ਵਿਚ ਗੁੰਮ ਹੋ ਗਿਆ। ਪੁਲਿਸ ਨੇ ਪਾਂਡੀਚਰੀ, ਬੰਗਲੌਰ ਕੁਝ ਸ਼ਹਿਰਾਂ ਵਿਚ ਉਸ ਨੂੰ ਲੱਭਣ ਦੇ ਯਤਨ ਕੀਤੇ, ਫਿਰ ਆਪਣੀ ਕਾਰਵਾਈ ਦਾ ਲਫਜ਼ 'ਲਾਪਤਾ' ਲਿਖ ਕੇ ਰਿਕਾਰਡ ਬੰਦ ਕਰ ਦਿੱਤਾ।

---

# ਵੈਨਕੂਵਰ ਦੀ ਟੈਕਸੀ ਸਨਅਤ

ਕਰਨ ਲਈ ਇਹ ਵਰਤਿਆ ਜਾਂਦਾ ਹੈ। ਕਈ ਛੋਟੀਆਂ ਕੰਪਨੀਆਂ ਹਾਲੇ ਵੀ ਸਿਰਫ਼ ਰੇਡੀਓ ਡਿਸਪੈਚ ਸਿਸਟਮ ਹੀ ਵਰਤਦੀਆਂ ਹਨ। 1950ਵਿਆਂ ਵਿਚ ਰੇਡੀਓ ਡਿਸਪੈਚ ਸਿਸਟਮ ਸ਼ੁਰੂ ਹੋਇਆ ਸੀ। ਉਸ ਤੋਂ ਪਹਿਲਾਂ ਟੈਕਸੀਆਂ ਨੂੰ ਸਵਾਰੀ ਲੈਣ ਲਈ ਅੱਡਿਆਂ 'ਤੇ ਜਾਣਾ ਪੈਂਦਾ ਸੀ। ਉਨ੍ਹਾਂ ਅੱਡਿਆਂ 'ਤੇ ਫ਼ੋਨ ਲੱਗੇ ਹੁੰਦੇ ਸਨ, ਜਿਹੜੇ ਟੈਕਸੀ ਦੇ ਦਫ਼ਤਰ ਨਾਲ ਜੁੜੇ ਹੁੰਦੇ। ਡਰਾਈਵਰ ਅੱਡੇ 'ਤੇ ਜਾ ਕੇ ਫੋਨ ਕਰ ਕੇ ਡਿਸਪੈਚਰ ਨੂੰ ਦੱਸ ਦਿੰਦਾ। ਸਵਾਰੀ ਨੂੰ ਉਤਾਰ ਕੇ ਡਰਾਈਵਰ ਨੂੰ ਅੱਡੇ ਵੱਲ ਜਾਣਾ ਪੈਂਦਾ, ਇਉਂ ਸਮਾਂ ਬਹੁਤ ਖਰਾਬ ਹੁੰਦਾ ਸੀ। ਰੇਡੀਓ ਡਿਸਪੈਚ ਨਾਲ ਸਮੇਂ ਦੀ ਬੱਚਤ ਹੋਣ ਲੱਗ ਪਈ। ਹਰ ਟੈਕਸੀ ਵਿਚ ਆਪਣਾ ਦੋਪਾਸੜ ਰੇਡੀਓ ਸੈੱਟ ਲੱਗ ਗਿਆ। ਸਮੇਂ ਦੇ ਨਾਲ-ਨਾਲ ਟੈਕਸੀਆਂ ਦੀ ਗਿਣਤੀ ਵਧ ਗਈ। ਟੈਕਸੀਆਂ ਵਧਣ ਨਾਲ ਇੱਕ ਡਿਸਪੈਚਰ ਨੂੰ ਇੱਕੋ ਵੇਲੇ ਬਹੁਤ ਸਾਰੀਆਂ ਟੈਕਸੀਆਂ ਸੰਭਾਲਣਾ ਔਖਾ ਹੋਣ ਲੱਗਾ ਤਾਂ ਟੈਕਸੀ ਕੰਪਨੀਆਂ ਨਵੇਂ ਡਿਸਪੈਚ ਸਿਸਟਮ ਦੀ ਤਲਾਸ਼ ਕਰਨ ਲੱਗੀਆਂ। ਤਕਨਾਲੋਜੀ ਨੇ ਇਹ ਕੰਮ ਆਸਾਨ ਕਰ ਦਿੱਤਾ ਤੇ ਕੰਪਿਊਟਰ ਡਿਸਪੈਚ ਸਿਸਟਮ ਹੋਂਦ ਵਿਚ ਆ ਗਿਆ। ਤਕਨਾਲੋਜੀ ਨੂੰ ਸੁਰੱਖਿਆ ਲਈ ਵਰਤਿਆ ਜਾਣ ਲੱਗਾ। ਗਲੋਬਲ ਪੋਜ਼ੀਸ਼ਨਿੰਗ ਸਿਸਟਮ (ਜੀ ਪੀ ਐੱਸ) ਦੇ ਹੋਂਦ ਵਿਚ ਆਉਣ ਕਾਰਨ ਹੁਣ ਲਾਪਤਾ ਹੋਈ ਟੈਕਸੀ ਦਾ ਪਤਾ ਲਗਾਇਆ ਜਾ ਸਕਦਾ ਹੈ। ਟੈਕਸੀਆਂ ਵਿਚ ਕੈਮਰੇ ਲੱਗ ਗਏ ਹਨ। ਉਹ ਸਵਾਰੀ ਦੀ ਤਸਵੀਰ ਖਿੱਚ ਲੈਂਦੇ ਹਨ। ਲੋੜ ਪੈਣ 'ਤੇ ਅਪਰਾਧੀ ਨੂੰ ਤਸਵੀਰ ਦੀ ਮੱਦਦ ਨਾਲ ਕਾਬੂ ਕੀਤਾ ਜਾ ਸਕਦਾ ਹੈ। ਇਸ ਨਾਲ ਲੁੱਟ-ਖੋਹ ਦੀਆਂ ਵਾਰਦਾਤਾਂ ਵਿਚ ਕਮੀ ਆਈ ਹੈ।

***000***

ਟੈਕਸੀ ਚਲਾਉਣ ਦਾ ਲਾਇਸੈਂਸ ਲੈਣ ਲਈ ਕਲਾਸ ਫੋਰ ਡਰਾਈਵਿੰਗ ਲਾਇਸੈਂਸ ਲੈਣਾ ਜ਼ਰੂਰੀ ਹੈ। ਆਮ ਕਾਰ ਚਲਾਉਣ ਲਈ ਕਲਾਸ ਫਾਈਵ ਹੁੰਦਾ ਹੈ। ਜਸਟਿਸ ਇੰਸਟੀਚਿਊਟ ਤੋਂ ਟੈਕਸੀ ਹੋਸਟ ਲੈਵਲ 1 ਤੇ 2 ਕੋਰਸ ਕਰਨੇ ਜ਼ਰੂਰੀ ਹਨ। ਸਬੰਧਤ ਨਗਰਪਾਲਿਕਾ ਜਿਸ ਅਧੀਨ ਟੈਕਸੀ ਕੰਪਨੀ ਹੁੰਦੀ ਹੈ, ਉਸ ਤੋਂ ਸ਼ੋਫ਼ਰ ਪਰਮਿਟ ਲੈਣਾ ਪੈਂਦਾ ਹੈ। ਨਗਰਪਾਲਿਕਾ ਵਾਲੇ ਪਰਮਿਟ ਦੇਣ ਸਮੇਂ ਟੈਕਸੀ ਕੰਪਨੀ ਤੋਂ ਜ਼ਾਮਿਨ ਚਿੱਠੀ, ਡਰਾਈਵਿੰਗ ਹਿਸਟਰੀ ਅਤੇ ਅਪਰਾਧੀ ਪਿਛੋਕੜ ਬਾਰੇ ਜਾਂਚ ਕਰਦੇ ਹਨ। ਏਅਰਪੋਰਟ ਤੋਂ ਸਵਾਰੀ ਚੁੱਕਣ ਲਈ ਡਰਾਈਵਰ ਕੋਲ ਏਅਰਪੋਰਟ ਦਾ ਪਛਾਣ ਪੱਤਰ ਹੋਣਾ ਜ਼ਰੂਰੀ ਹੈ। ਇਹ ਪਛਾਣ ਪੱਤਰ ਏਅਰਪੋਰਟ ਦਾ ਟੈਕਸੀ ਵਿਭਾਗ ਜਾਰੀ ਕਰਦਾ ਹੈ।

***000***

ਵੈਨਕੂਵਰ ਵਿਚ ਟੈਕਸੀ ਦੇ ਕਿੱਤੇ ਵਿਚ ਪਰਵਾਸੀ ਲੋਕਾਂ ਦੀ ਹੀ ਬਹੁਤਾਤ ਰਹੀ ਹੈ।




*ਬ੍ਰਿਟਿਸ਼ ਕੋਲੰਬੀਆ ਵਿਚ ਟੈਕਸੀ ਲਈ ਜਾਰੀ ਕੀਤੀ ਜਾਂਦੀ ਪਲੇਟ। ਸਮੇਂ ਦੇ ਨਾਲ-ਨਾਲ ਇਨ੍ਹਾਂ ਪਲੇਟਾਂ ਦੀ ਕੀਮਤ ਵਧਦੀ ਗਈ।*

ਸਥਾਪਤ ਲੋਕ ਅਤੇ ਪਰਵਾਸੀਆਂ ਦੀ ਅਗਲੀ ਪੀੜ੍ਹੀ ਇਸ ਕਿੱਤੇ ਵਿਚ ਨਹੀਂ ਪੈਂਦੀ। ਇਸ ਦਾ ਕਾਰਨ ਕੰਮ ਕਰਨ ਦੇ ਲੰਮੇ ਘੰਟੇ ਅਤੇ ਘੱਟ ਕਮਾਈ ਹੈ। ਟੈਕਸੀ ਚਲਾਉਣ ਦੀ ਇੱਕ ਸ਼ਿਫ਼ਟ ਬਾਰਾਂ ਘੰਟੇ ਦੀ ਹੁੰਦੀ ਹੈ। ਏਅਰਪੋਰਟ 'ਤੇ ਟੈਕਸੀ ਚਲਾਉਣ ਵਾਲੇ ਜਾਂ ਕਈ ਕੰਪਨੀਆਂ ਵਿਚ ਡਰਾਈਵਰ 16-16 ਘੰਟੇ ਟੈਕਸੀ ਚਲਾਉਂਦੇ ਹਨ। ਇਸ ਨੂੰ ਉਹ ਲੌਂਗ ਸ਼ਿਫ਼ਟ ਆਖਦੇ ਹਨ। ਸਵਾਰੀਆਂ ਵੱਲੋਂ ਜ਼ਿਆਦਾ ਕਰ ਕੇ ਨਗਦੀ ਭਾੜਾ ਦੇਣ ਕਰ ਕੇ ਡਰਾਈਵਰ ਟੈਕਸ ਵਿਚ ਹੇਠ-ਉਤਾਂਹ ਕਰ ਕੇ ਕੰਮ ਚਲਾਈ ਜਾਂਦੇ ਹਨ। ਕੈਨੇਡਾ ਵਿਚ ਜੰਮਿਆਂ-ਪਲਿਆਂ ਨੂੰ ਇਹ ਵਾਰਾ ਨਹੀਂ ਖਾਂਦਾ। ਭਾਰਤੀ ਲੋਕਾਂ ਤੋਂ ਪਹਿਲਾਂ ਇਟਾਲੀਅਨ ਅਤੇ ਗਰੀਕ ਮੂਲ ਦੇ ਪਰਵਾਸੀਆਂ ਦਾ ਇਸ ਕਿੱਤੇ 'ਤੇ ਗਲਬਾ ਸੀ। ਉਨ੍ਹਾਂ ਦੀ ਅਗਲੀ ਪੀੜ੍ਹੀ ਇਸ ਕਿੱਤੇ ਤੋਂ ਮੂੰਹ ਮੋੜ ਗਈ। ਵੈਨਕੂਵਰ ਵਿਚ 1962 ਵਿਚ ਅਜੀਤ ਸਿੰਘ ਥਾਂਦੀ ਪਹਿਲਾ ਪੰਜਾਬੀ ਸੀ, ਜਿਹੜਾ ਟੈਕਸੀ ਚਲਾਉਣ ਲੱਗਾ। ਉਹ ਸੋਲ੍ਹਾਂ ਸਾਲ ਦੀ ਉਮਰ ਵਿਚ ਕੈਨੇਡਾ ਆਇਆ ਸੀ। ਇਥੇ ਉਸ ਨੇ ਬਾਰ੍ਹਵੀਂ ਜਮਾਤ ਪਾਸ ਕਰਨ ਤੋਂ ਬਾਅਦ ਆਟੋ ਮਕੈਨਿਕ ਦਾ ਕੋਰਸ ਕੀਤਾ ਅਤੇ ਫਿਰ ਲੱਕੜ ਮਿੱਲ ਵਿਚ ਕੰਮ ਕਰਨ ਲੱਗਾ। ਉਸ ਨੇ ਟੈਕਸੀ ਦਾ ਕੰਮ ਵੀਕਐਂਡ 'ਤੇ ਪਾਰਟ ਟਾਈਮ ਟੈਕਸੀ ਚਲਾਉਣ ਨਾਲ ਸ਼ੁਰੂ ਕੀਤਾ। ਉਸ ਨੂੰ ਇਹ ਕੰਮ ਭਾਅ ਗਿਆ ਤੇ ਉਹ ਪੱਕਾ ਹੀ ਟੈਕਸੀ ਚਲਾਉਣ ਲੱਗ ਪਿਆ। 1988 ਵਿਚ ਉਹ ਇਸ ਕਿੱਤੇ ਵਿਚੋਂ ਹੀ ਰਿਟਾਇਰ ਹੋਇਆ। ਅਜੀਤ ਸਿੰਘ ਥਾਂਦੀ ਤੋਂ ਬਾਅਦ ਸੱਠਵਿਆਂ ਵਿਚ ਇੱਕੜ-ਦੁੱਕੜ ਹੋਰ ਪੰਜਾਬੀ ਵੀ ਇਸ ਕਿੱਤੇ ਵਿਚ ਆਏ। ਸੱਤਰਵਿਆਂ ਵਿਚ, ਜਦੋਂ ਕੈਨੇਡਾ ਦੀ ਪਰਵਾਸੀਆਂ ਲਈ ਨੀਤੀ ਵਿਚ ਬਦਲਾਅ ਹੋਇਆ ਤਾਂ ਵੱਡੀ ਗਿਣਤੀ ਵਿਚ ਪੰਜਾਬੀ ਲੋਕ ਵੈਕਨੂਵਰ ਆਉਣ ਲੱਗੇ। ਇਹ ਲੋਕ ਪਹਿਲਾਂ ਆਏ ਪੰਜਾਬੀਆਂ ਦੀ ਬਨਿਸਬਤ ਵਧੇਰੇ ਪੜ੍ਹੇ-ਲਿਖੇ ਸਨ। ਉਹ ਅੰਗਰੇਜ਼ੀ ਬੋਲ-ਸਮਝ ਸਕਦੇ ਸਨ। ਹੋਰ ਭਾਰੇ ਕੰਮਾਂ ਵਾਲੀ ਮਜ਼ਦੂਰੀ ਨਾਲੋਂ ਉਨ੍ਹਾਂ ਨੇ ਟੈਕਸੀ ਦੇ ਕਿੱਤੇ ਨੂੰ ਪਹਿਲ ਦਿੱਤੀ।

ਅੱਸੀਵਿਆਂ ਵਿਚ ਪੰਜਾਬੀਆਂ ਦੀ ਤਦਾਦ ਵਧ ਗਈ। ਉਹ ਕਮਿਸ਼ਨ ਅਤੇ ਠੇਕੇ 'ਤੇ ਟੈਕਸੀ ਚਲਾਉਣ ਨਾਲੋਂ ਆਪਣੀ ਟੈਕਸੀ ਖਰੀਦਣ ਨੂੰ ਤਰਜੀਹ ਦਿੰਦੇ ਸਨ। ਟੈਕਸੀਆਂ ਦੇ ਭਾਅ ਵਧ ਗਏ। ਇਟਾਲੀਅਨ ਅਤੇ ਗਰੀਕ ਮੂਲ ਦੇ ਲੋਕਾਂ ਨੇ ਟੈਕਸੀਆਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਜਿਥੇ ਪਹਿਲਾਂ ਇੱਕ ਜਣੇ ਕੋਲ ਕਈ-ਕਈ ਟੈਕਸੀਆਂ ਹੁੰਦੀਆਂ ਸਨ, ਉਥੇ ਇੱਕੋ ਟੈਕਸੀ ਦੇ ਦੋ-ਦੋ ਮਾਲਕ ਬਣਨੇ ਸ਼ੁਰੂ ਹੋ ਗਏ। ਕੈਨੇਡਾ ਵਿਚ ਹਾਲੇ ਵੀ ਪੰਜਾਬੀਆਂ ਦਾ ਪਰਵਾਸ ਜ਼ੋਰਾਂ 'ਤੇ ਹੈ ਅਤੇ ਟੈਕਸੀ ਦੇ ਕਿੱਤੇ ਵਿਚ ਵੀ ਉਨ੍ਹਾਂ ਦੀ ਬਹੁਤਾਤ ਹੈ। ਪੰਜਾਬੀਆਂ ਦੀ ਦੂਜੀ ਪੀੜ੍ਹੀ ਇਸ ਕਿੱਤੇ ਵੱਲ ਨਹੀਂ ਆ ਰਹੀ। ਪਿਛਲੇ ਕੁਝ ਸਾਲਾਂ ਤੋਂ ਇਰਾਨੀ ਮੂਲ ਦੇ ਪਰਵਾਸੀ ਇਸ ਕਿੱਤੇ ਵੱਲ ਆਉਣੇ ਸ਼ੁਰੂ ਹੋ ਗਏ ਹਨ।

*(ਸਮਾਪਤ)*

# ਸ਼ਰਮੀਨ ਨੇ ਪਾਈ ਧੀਆਂ ਦੀ ਬਾਤ

## ਏ ਗਰਲ ਇਨ ਦਿ ਰਿਵਰ: ਅਣਖ ਖਾਤਰ ਕਤਲਾਂ ਦੀ ਕਹਾਣੀ

ਸਿਮਰਨ ਕੌਰ

ਪਾਕਿਸਤਾਨ ਦੀ ਚਰਚਿਤ ਦਸਤਾਵੇਜ਼ੀ ਫਿਲਮਸਾਜ਼ ਸ਼ਰਮੀਨ ਉਬੈਦ-ਚਿਨੌਇ ਦੀ ਫਿਲਮ 'ਏ ਗਰਲ ਇਨ ਦਿ ਰਿਵਰ: ਦਿ ਪਰਾਈਸ ਆਫ ਫੌਰਗਿਵਨੈਸ' ਨੂੰ 88ਵੇਂ ਅਕਾਦਮੀ ਇਨਾਮਾਂ ਲਈ ਨਾਮਜ਼ਦ ਕੀਤਾ ਗਿਆ ਹੈ। ਇਨ੍ਹਾਂ ਆਸਕਰ ਇਨਾਮਾਂ ਦਾ ਐਲਾਨ ਅਗਲੇ ਮਹੀਨੇ 28 ਫਰਵਰੀ ਨੂੰ ਕੀਤਾ ਜਾਣਾ ਹੈ।

'ਏ ਗਰਲ ਇਨ ਦਿ ਰਿਵਰ: ਦਿ ਪਰਾਈਸ ਆਫ ਫੌਰਗਿਵਨੈਸ' ਕਥਿਤ ਅਣਖ ਖਾਤਰ ਕੁੜੀਆਂ ਦੇ ਕਤਲ ਨਾਲ ਸਬੰਧਤ ਹੈ। ਇਸ ਵਿਚ 18 ਸਾਲ ਦੀ ਉਸ ਮੁਟਿਆਰ ਦਾ ਦਰਦ ਬਿਆਨ ਕੀਤਾ ਗਿਆ ਹੈ ਜੋ ਆਪਣੇ ਘਰਦਿਆਂ ਦੇ ਹਮਲੇ ਤੋਂ ਬਾਅਦ ਆਪਣੀ ਕਹਾਣੀ ਦੁਨੀਆਂ ਨੂੰ ਸੁਣਾਉਣ ਲਈ ਬਚ ਗਈ ਸੀ। ਇਹ ਫਿਲਮ ਪਿਛਲੇ ਸਾਲ 28 ਅਕਤੂਬਰ ਨੂੰ ਰਿਲੀਜ਼ ਹੋਈ ਸੀ ਅਤੇ ਇਸੇ ਸਾਲ ਐਚ.ਬੀ.ਓ. ਨੇ ਇਹ ਫਿਲਮ ਦਿਖਾਈ ਸੀ। ਕੁੱਲ 40 ਮਿੰਟਾਂ ਦੀ ਇਹ ਫਿਲਮ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਬਣਾਈ ਗਈ ਹੈ। ਆਮ ਦਰਸ਼ਕਾਂ ਅਤੇ ਫਿਲਮ ਆਲੋਚਕਾਂ ਨੇ ਇਸ ਫਿਲਮ ਨੂੰ ਖੂਬ ਹੁੰਗਾਰਾ ਭਰਿਆ ਹੈ।

ਸ਼ਰਮੀਨ ਨੇ ਆਪਣਾ ਕਰੀਅਰ 2002 ਵਿਚ ਫਿਲਮ 'ਟੈਰਰ'ਜ਼ ਚਿਲਡਰਨ' ਨਾਲ ਸ਼ੁਰੂ ਕੀਤਾ ਸੀ। ਹੁਣ ਤੱਕ ਉਹ 20 ਫਿਲਮਾਂ ਬਣਾ ਚੁੱਕੀ ਹੈ। ਇਨ੍ਹਾਂ ਵਿਚੋਂ 'ਪਾਕਿਸਤਾਨ'ਜ਼ ਤਾਲਿਬਾਨ ਜੈਨਰੇਸ਼ਨ' ਅਤੇ 'ਸੇਵਿੰਗ ਫੇਸ' ਨੂੰ ਵੱਖ-ਵੱਖ ਕੌਮੀ ਤੇ ਕੌਮਾਂਤਰੀ ਇਨਾਮ ਮਿਲ ਚੁੱਕੇ ਹਨ। 'ਸੇਵਿੰਗ ਫੇਸ' ਔਰਤਾਂ ਉਤੇ ਤੇਜ਼ਾਬੀ ਹਮਲਿਆਂ ਨਾਲ ਸਬੰਧਤ ਹੈ ਅਤੇ 'ਪਾਕਿਸਤਾਨ'ਜ਼ ਤਾਲਿਬਾਨ ਜੈਨਰੇਸ਼ਨ' ਵਿਚ ਤਾਲਿਬਾਨ ਦੀ ਕੱਟੜਤਾ ਅਤੇ ਹਿੰਸਾ ਦੀ ਮਾਰ ਹੇਠ ਆਏ ਬੱਚਿਆਂ ਦੀ ਬਾਤ ਪਾਈ ਗਈ ਹੈ। ਪਿਛਲੇ ਸਾਲ ਹੀ ਉਸ ਨੇ ਲਾਹੌਰ ਬਾਰੇ 82 ਮਿੰਟਾਂ ਦੀ ਫਿਲਮ 'ਸੌਂਗ ਆਫ ਲਾਹੌਰ' ਰਿਲੀਜ਼ ਕੀਤੀ ਹੈ। ਇਸ ਫਿਲਮ ਵਿਚ ਲਾਹੌਰ ਦਾ ਇਤਿਹਾਸ ਫਰੋਲਿਆ ਗਿਆ ਹੈ।

12 ਨਵੰਬਰ 1978 ਨੂੰ ਜਨਮੀ ਸ਼ਰਮੀਨ ਪੱਤਰਕਾਰ ਵੀ ਹੈ। ਉਸ ਦਾ ਜਨਮ ਕਰਾਚੀ ਵਿਚ ਸ਼ੇਖ ਉਬੈਦ ਅਤੇ ਸਮਾ ਉਬੈਦ ਦੇ ਘਰੇ ਹੋਇਆ। ਮੁੱਢਲੀ ਸਿੱਖਿਆ ਉਸ ਨੇ ਕਰਾਚੀ ਤੋਂ ਹੀ ਹਾਸਲ ਕੀਤੀ ਅਤੇ ਫਿਰ ਅਮਰੀਕਾ ਪੁੱਜ ਗਈ ਜਿਥੇ ਉਸ ਨੇ ਸਮਿਥ ਕਾਲਜ ਤੋਂ ਗਰੈਜੂਏਸ਼ਨ ਅਤੇ ਫਿਰ ਸਟੈਨਫਰਡ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਕੀਤੀ। ਉਥੇ ਹੀ ਉਸ ਨੇ ਫਾਹਦ ਚਿਨੌਇ ਨਾਲ ਵਿਆਹ ਕਰਵਾ ਲਿਆ ਅਤੇ ਹੁਣ ਉਹ ਇਕ ਬੇਟੀ ਅਮੈਲਿਆ ਚਿਨੌਇ ਦੀ ਮਾਂ ਹੈ। ਉਹ ਆਖਦੀ ਹੈ ਕਿ ਉਹ ਫਿਲਮਾਂ ਆਪਣੀ ਧੀ ਲਈ ਬਣਾਉਂਦੀ ਹੈ। ਉਹ ਚਾਹੁੰਦੀ ਹੈ ਕਿ ਪਾਕਿਸਤਾਨ ਦੀਆਂ ਧੀਆਂ ਵੀ ਉਸ ਦੀ ਧੀ ਵਾਂਗ ਉਚੀ ਪਰਵਾਜ਼ ਭਰਨ ਦੇ ਸਮਰੱਥ ਹੋਣ।

ਯਾਦ ਰਹੇ ਕਿ ਸ਼ਰਮੀਨ ਆਪਣੀ ਫਿਲਮ 'ਸੇਵਿੰਗ ਫੇਸ' ਲਈ ਸਰਵੋਤਮ ਫਿਲਮ ਦਾ ਇਨਾਮ ਹਾਸਲ ਕਰ ਚੁੱਕੀ ਹੈ। ਇਹ ਫਿਲਮ 2012 ਵਿਚ ਬਣਾਈ ਗਈ ਸੀ। ਕਲਾ ਦੇ ਖੇਤਰ ਵਿਚ ਪਾਏ ਯੋਗਦਾਨ ਬਦਲੇ ਪਾਕਿਸਤਾਨ ਦੀ ਸਰਕਾਰ ਨੇ ਉਸ ਨੂੰ ਸਿਵਲੀਅਨ ਖਿਤਾਬ 'ਹਿਲਾਲ-ਏ-ਇਮਤਿਆਜ਼' ਨਾਲ ਨਵਾਜਿਆ। 2012 ਵਿਚ ਪ੍ਰਸਿੱਧ ਮੈਗਜ਼ੀਨ 'ਟਾਈਮ' ਨੇ ਸੰਸਾਰ ਦੀਆਂ 100 ਅਹਿਮ ਸ਼ਖਸੀਅਤਾਂ ਦੀ ਸਾਲਾਨਾ ਸੂਚੀ ਵਿਚ ਉਸ ਦਾ ਨਾਂ ਸ਼ਾਮਲ ਕੀਤਾ ਸੀ। ਪਿਛਲੇ ਸਾਲ ਹੀ ਉਸ ਨੇ ਇਕ ਹੋਰ ਫਿਲਮ '3 ਬਹਾਦਰ' ਰਿਲੀਜ਼ ਕੀਤੀ ਸੀ। ਇਹ ਪਾਕਿਸਤਾਨ ਦੀ ਪਹਿਲੀ ਐਨੀਮੇਸ਼ਨ ਫਿਲਮ ਸੀ ਅਤੇ ਇਸ ਵਿਚ ਤਿੰਨ ਬਹਾਦਰ ਨੌਜਵਾਨਾਂ ਆਮਨਾ, ਕਾਮਿਲ ਅਤੇ ਸਾਅਦੀ ਦੀ ਬਹਾਦਰੀ ਦਾ ਕਿੱਸਾ ਸੁਣਾਇਆ ਗਿਆ ਹੈ। ਇਸ ਫਿਲਮ ਨੇ ਪਾਕਿਸਤਾਨ ਵਿਚ ਰਿਕਾਰਡ 65 ਲੱਖ ਰੁਪਏ ਕਮਾਏ ਸਨ।








ਫਿਲਮਸਾਜ਼ ਸ਼ਰਮੀਨ ਉਬੈਦ-ਚਿਨੌਇ ਇਕ ਫਿਲਮ ਦੇ ਨਿਰਮਾਣ ਦੌਰਾਨ, (ਵਿਚਕਾਰ) ਫਿਲਮ 'ਏ ਗਰਲ ਇਨ ਦਿ ਰਿਵਰ' ਦਾ ਦ੍ਰਿਸ਼ ਅਤੇ (ਐਨ ਸੱਜੇ) ਸ਼ਰਮੀਨ ਦੀ ਇਕ ਹੋਰ ਤਸਵੀਰ।

# ਪੂਰੇ ਮੁਲਕ ਦੁਆਰਾ ਕੀਤੇ ਕਤਲ ਦੀ ਚਸ਼ਮਦੀਦ ਫਿਲਮ

ਆਵਾਜ਼ ਦੇ ਕਹਾਂ ਹੈ... -34-




ਕੁਲਦੀਪ ਕੌਰ
ਫੋਨ: +91-98554-04330

## ਇਕ ਡਾਕਟਰ ਦੀ ਮੌਤ

ਫਿਲਮ 'ਇਕ ਡਾਕਟਰ ਦੀ ਮੌਤ' ਨਿਰਦੇਸ਼ਕ ਤਪਨ ਸਿਨਹਾ ਦੀ ਆਖਰੀ ਫਿਲਮ ਸੀ। ਇਹ ਫਿਲਮ ਇਕ ਬੰਗਾਲੀ ਡਾਕਟਰ ਦੁਆਰਾ ਟੈਸਟ ਟਿਊਬ ਬੇਬੀ ਪੈਦਾ ਕਰਨ ਦੀ ਮਹਤੱਵਪੂਰਨ ਖੋਜ ਤੋਂ ਬਾਅਦ ਉਸ ਨਾਲ ਵਾਪਰੀਆਂ ਤਰਾਸਦੀਆਂ ਨੂੰ ਮੁਲਕ ਦੇ ਆਵਾਮ ਦੀ ਕਚਹਿਰੀ ਵਿਚ ਪੇਸ਼ ਕਰਦੀ ਹੈ। ਪਹਿਲੀ ਤਰਾਸਦੀ ਉਸ ਨਾਲ ਇਸ ਲਈ ਵਾਪਰਦੀ ਹੈ ਕਿ ਉਹ ਭਾਰਤ ਵਰਗੇ ਮਾੜੇ-ਧੀੜੇ ਮੁਲਕ ਵਿਚ ਪੈਦਾ ਹੋ ਕੇ ਅਜਿਹੀ ਮਹਤੱਵਪੂਰਨ ਖੋਜ ਕਰਨ ਵਿਚ ਕਾਮਯਾਬ ਕਿਵੇਂ ਹੋ ਗਿਆ, ਕਿਉਂਕਿ ਅਜਿਹੀਆਂ 'ਮਹਾਨ ਖੋਜਾਂ' ਤਾਂ ਸਿਰਫ ਪੱਛਮੀ ਸਾਇੰਸਦਾਨ ਹੀ ਕਰ ਸਕਦੇ ਹਨ! ਇਹੀ ਸਵਾਲ ਕਦੇ ਨਾ ਕਦੇ ਹਰਗੋਬਿੰਦ ਖੁਰਾਣਾ ਅਤੇ ਰੁਚੀ ਰਾਮ ਸਾਹਨੀ ਨੂੰ ਵੀ ਪੁੱਛੇ ਗਏ ਹੋਣਗੇ। ਇਹ ਸਵਾਲ ਉਸ ਸਮੇਂ ਹੋਰ ਵੀ ਜ਼ਿਆਦਾ ਦੁੱਖਦਾਈ ਅਤੇ ਬੇਦਰਦ ਹੋ ਨਿਬੜਦੇ ਹਨ ਜਦੋਂ ਵਿਗਿਆਨ ਤੇ ਕਲਾ ਦੀ ਲੋਅ ਨੂੰ ਪ੍ਰਨਾਈਆਂ ਇਨ੍ਹਾਂ ਜ਼ਿੰਦੜੀਆਂ ਲਈ ਸੂਲੀ ਤਿਆਰ ਕਰਨ ਵਾਲੀ ਇਨ੍ਹਾਂ ਦੀ ਆਪਣੀ ਸਰਕਾਰ, ਸਮਾਜ ਤੇ ਆਵਾਮ ਹੈ।


ਦੂਜੀ ਤਰਾਸਦੀ ਉਸ ਦੇ ਕੰਮ ਦੀ ਬੇਕਦਰੀ ਹੈ। ਆਪਣਾ ਸਾਰਾ ਕੁਝ ਦਾਅ 'ਤੇ ਲਾ ਕੇ ਕਲਾ, ਵਿਗਿਆਨ ਤੇ ਸਾਹਿਤ ਦੇ ਖੇਤਰਾਂ ਵਿਚ ਯੁੱਗ ਪਲਟਾਉਣ ਵਾਲਿਆਂ ਦਾ ਸਫਰ ਇੰਨਾ ਇਕੱਲਾ, ਜੋਖਮ ਭਰਿਆ ਤੇ ਰੂਹ ਨੂੰ ਛਿੱਲ ਦੇਣ ਵਾਲਾ ਕਿਉਂ ਹੁੰਦਾ ਹੈ? ਇਸ ਫਿਲਮ ਦੀ ਪ੍ਰੇਰਨਾ ਬਣਨ ਵਾਲਾ ਡਾਕਟਰ ਵੀ ਟੈਸਟ ਟਿਊਬ ਬੇਬੀ ਦੀ ਖੋਜ ਦੀ ਕਲਗੀ ਅਮਰੀਕਨਾਂ ਦੇ ਸਿਰ ਸਜਣ ਤੋਂ ਨਿਰਾਸ਼ ਹੋਇਆ ਖੁਦਕੁਸ਼ੀ ਕਰ ਜਾਂਦਾ ਹੈ, ਪਰ ਫਿਲਮ ਵਿਚ ਤਪਨ ਸਿਨਹਾ ਆਪਣੇ ਸਿਰਜੇ ਕਿਰਦਾਰ, ਡਾਕਟਰ ਦੀਪਾਂਕਰ ਰਾਏ ਨੂੰ ਮਰਨ ਨਹੀਂ ਦਿੰਦਾ। ਸਾਰਥਕ ਸਿਨੇਮਾ ਦੀ ਖੂਬਸੂਰਤੀ ਹੀ ਜ਼ਿੰਦਗੀ ਅਤੇ ਉਮੀਦ ਦੇ ਹੱਕ ਵਿਚ ਖੜ੍ਹਨ ਵਿਚ ਹੈ।

ਫਿਲਮ ਵਿਚ ਡਾਕਟਰ ਦੀਪਾਂਕਰ ਰਾਏ (ਪੰਕਜ ਕਪੂਰ) ਸਰਕਾਰੀ ਡਾਕਟਰ ਹੈ ਜੋ ਆਪਣੇ ਘਰ ਵਿਚ ਹੀ ਪ੍ਰਯੋਗਸ਼ਾਲਾ ਤਿਆਰ ਕਰਦਾ ਹੈ ਜਿਥੇ ਉਹ ਦਿਨ ਭਰ ਨੌਕਰੀ ਕਰਨ ਤੋਂ ਬਾਅਦ ਆਪਣੀ ਪਤਨੀ ਅਤੇ ਆਲੇ-ਦੁਆਲੇ ਤੋਂ ਬੇਖਬਰ ਦਿਨ-ਰਾਤ ਕੋਹੜ ਦੀ ਬਿਮਾਰੀ ਦਾ ਟੀਕਾ ਬਣਾਉਣ ਲਈ ਰੁੱਝਿਆ ਰਹਿੰਦਾ ਹੈ। ਵਰ੍ਹਿਆਂ ਬੱਧੀ ਮਿਹਨਤ ਤੋਂ ਬਾਅਦ ਉਹ ਕੋਹੜ ਦਾ ਟੀਕਾ ਤਿਆਰ ਕਰ ਲੈਂਦਾ ਹੈ। ਉਸ ਦੁਆਰਾ ਤਿਆਰ ਕੀਤਾ ਟੀਕਾ ਬਾਂਝਪਣ ਵੀ ਦੂਰ ਕਰ ਸਕਦਾ ਹੈ। ਜਦੋਂ ਉਹ ਇਸ ਖੋਜ ਬਾਰੇ ਆਪਣੇ ਉਚ-ਅਧਿਕਾਰੀ ਨਾਲ ਗੱਲ ਕਰਦਾ ਹੈ ਤਾਂ ਉਹ ਖੋਜ ਦੀ ਪ੍ਰਮਾਣਕਿਤਾ 'ਤੇ ਸਵਾਲ ਖੜ੍ਹੇ ਕਰਦਾ ਹੈ। ਡਾਕਟਰ ਦਾ ਪੱਤਰਕਾਰ ਦੋਸਤ ਉਸ ਦੀ ਇਸ




ਖੋਜ ਲਈ ਸਹਾਇਤਾ ਦੇ ਮੰਤਵ ਨਾਲ ਇਸ ਬਾਰੇ ਅਖਬਾਰ ਵਿਚ ਖਬਰ ਲਿਖ ਦਿੰਦਾ ਹੈ। ਕਲਕੱਤੇ (ਹੁਣ ਕੋਲਕਾਤਾ) ਦੇ ਬਾਂਝਪਣ ਮਾਹਿਰਾਂ ਨੂੰ ਹੱਥਾਂ-ਪੈਰਾਂ ਦੀ ਪੈ ਜਾਂਦੀ ਹੈ, ਕਿਉਂਕਿ ਬੱਚਾ ਪੈਦਾ ਕਰਨ ਦੀ ਸਮਾਜਕ ਜ਼ਰੂਰਤ ਅਤੇ ਭਾਵਨਾਤਮਕ ਸ਼ੋਸ਼ਣ 'ਤੇ ਹੀ ਤਾਂ ਉਨ੍ਹਾਂ ਦਾ ਸਾਰਾ ਕਾਰੋਬਾਰ ਟਿਕਿਆ ਹੋਇਆ ਹੈ! ਹੁਣ ਮਾਮੂਲੀ ਟੀਕਾ ਉਨ੍ਹਾਂ ਦੀ ਕਰੋੜਾਂ ਦੀ ਕਮਾਈ ਕਿਵੇਂ ਨਿਗਲ ਸਕਦਾ ਹੈ? ਉਹ ਮਿਲ ਕੇ ਡਾਕਟਰ ਦੀ ਆਲੋਚਨਾ ਸ਼ੁਰੂ ਕਰ ਦਿੰਦੇ ਹਨ। ਡਾਕਟਰ ਦੀ ਖੋਜ ਕਲਪਨਾ 'ਤੇ ਆਧਾਰਿਤ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਹੌਲੀ-ਹੌਲੀ ਸਰਕਾਰੀ ਅਧਿਕਾਰੀ ਉਸ ਨੂੰ ਆਨੀਂ-ਬਹਾਨੀਂ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੰਦੇ ਹਨ। ਉਸ ਦੇ ਕੰਮ ਵਿਚ ਉਸ ਦਾ ਆਪਣਾ ਵਿਭਾਗ ਹਾਸੋ-ਹੀਣੀਆਂ ਗਲਤੀਆਂ ਕੱਢਣ ਲੱਗਦਾ ਹੈ। ਆਖਰੀ ਹਥਿਆਰ ਦੇ ਤੌਰ 'ਤੇ ਉਸ ਦੀ ਬਦਲੀ ਦੂਰ-ਦੁਰਾਡੇ ਪਿੰਡ ਵਿਚ ਕਰ ਦਿੱਤੀ ਜਾਂਦੀ ਹੈ ਤਾਂ ਕਿ ਉਹ ਆਪਣੇ ਖੋਜ-ਪੱਤਰ ਪੂਰੇ ਨਾ ਕਰ ਸਕੇ।

ਅਜਿਹੇ ਸਮੇਂ ਦੌਰਾਨ ਉਮੀਦ ਦੀ ਕਿਰਨ ਉਦੋਂ ਜਾਗਦੀ ਹੈ ਜਦੋਂ ਉਸ ਦਾ ਸੀਨੀਅਰ ਡਾਕਟਰ ਉਸ ਦੀ ਖੋਜ ਦੇ ਸਿੱਟਿਆਂ ਦਾ ਖਰੜਾ ਅਮਰੀਕਾ ਦੀ ਨਾਮੀ ਸੰਸਥਾ ਨੂੰ ਭੇਜਦਾ ਹੈ, ਕਿਉਂਕਿ ਉਸ ਦਾ ਆਪਣਾ ਤਜਰਬਾ ਹੈ ਕਿ ਜਿੰਨਾ ਮਰਜ਼ੀ ਮਹਤੱਵਪੂਰਨ ਖੋਜ ਜਾਂ ਕੰਮ ਹੋਵੇ, ਜਦ ਤੱਕ ਉਸ 'ਤੇ ਕਿਸੇ ਪੱਛਮੀ ਸੰਸਥਾ ਦੀ ਮਾਨਤਾ ਦਾ ਠੱਪਾ ਨਹੀਂ ਲੱਗੇਗਾ, ਇਸ ਮੁਲਕ ਵਿਚ ਉਸ ਦੀ ਕੋਈ ਵੁਕਅਤ ਨਹੀਂ। ਅਮਰੀਕਨ ਸੰਸਥਾ ਜਾਨ ਐਂਡਰਸਨ ਫਾਊਂਡੇਸ਼ਨ ਆਪਣੇ ਪ੍ਰਤੀਨਿਧੀ ਡਾਕਟਰ ਇਮਾਇਲੀ ਨੂੰ ਉਸ ਪਿੰਡ ਵਿਚ ਭੇਜਦੀ ਹੈ ਜਿਥੇ ਡਾਕਟਰ ਰਾਏ ਦੀ ਬਦਲੀ ਕਰ ਦਿੱਤੀ ਗਈ ਹੈ। ਉਹ ਉਸ ਦੀ ਖੋਜ ਅਤੇ ਤੱਥਾਂ ਤੋਂ ਬੇਹੱਦ ਪ੍ਰਭਾਵਿਤ ਹੁੰਦੀ ਹੈ ਤੇ ਜਲਦੀ ਤੋਂ ਜਲਦੀ ਸਾਰਾ ਲਿਖਤੀ ਖਰੜਾ ਭੇਜਣ ਦੀ ਤਾਕੀਦ ਕਰਦੀ ਹੈ। ਦੋਸਤਾਂ-ਮਿੱਤਰਾ ਦੇ ਸਾਂਝੇ ਯਤਨਾਂ ਸਦਕਾ ਉਸ ਦੀ ਬਦਲੀ ਦੁਬਾਰਾ ਕਲਕੱਤੇ ਹੋ ਜਾਂਦੀ ਹੈ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੈ। ਉਸ ਨੂੰ ਪਤਾ ਚਲਦਾ ਹੈ ਕਿ ਇਕ ਵੱਕਾਰੀ ਸੰਸਥਾ ਨੇ ਟੀਕਾ ਬਣਾਉਣ ਦੀ ਮਨਜ਼ੂਰੀ ਲੈਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ ਅਤੇ ਦੋ ਵਿਗਿਆਨੀਆਂ ਨੂੰ ਇਸ ਲਈ ਸਨਮਾਨਿਤ ਵੀ ਕੀਤਾ ਜਾ ਰਿਹਾ ਹੈ। ਦਿਲਚਸਪ ਤੱਥ ਇਹ ਹੁੰਦਾ ਹੈ ਕਿ ਟੀਕਾ ਵਿਕਸਤ ਕਰਨ ਦੀ ਪੂਰੀ ਪ੍ਰਕਿਰਿਆ ਡਾਕਟਰ ਰਾਏ ਵਾਲੀ ਹੀ ਹੈ। ਹੈਰਾਨੀ ਵਿਚ ਉਸ ਦੇ ਮੂੰਹੋਂ ਨਿਕਲਦਾ ਹੈ, "ਮੈਨੂੰ ਪਤਾ ਸੀ ਕਿ ਮੇਰੀ ਖੋਜ ਝੂਠ ਨਹੀਂ ਹੋ ਸਕਦੀ।" ਇਸ ਤਰ੍ਹਾਂ ਸਾਰਾ ਮੁਲਕ ਆਪਣੀ ਤੰਗ-ਦਿਲੀ ਨਾਲ ਆਪਣੀ ਹੀ ਪ੍ਰਤਿਭਾ ਦਾ ਕਤਲ ਕਰ ਲੈਂਦਾ ਹੈ।








ਫਿਲਮ 'ਇਕ ਡਾਕਟਰ ਦੀ ਮੌਤ' ਵਿਚ ਅਦਾਕਾਰ ਇਰਫਾਨ ਖਾਨ, ਸ਼ਬਾਨਾ ਆਜ਼ਮੀ ਅਤੇ ਪੰਕਜ ਕਪੂਰ।


REGULAR
2.09 9/10
Diesel EC Unleaded
8.88 9/10 2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080


HIGH QUALITY PICTURE
HD TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


Need Water? Tired of waiting in Line?
Are you looking for a drilling company to drill water well at your farm?
Hydrotech Solutions do best deep water drilling in shortest time and no one can beat our price.
Hydrotech convert pumps to solar too
Hydrotech Solutions LLC
One Stop Shop
844-486-9355
www.hydrotech4u.com
Meet us at C Street in C21 at Ag Show
Hydrotech Solutions LLC

ਧੰਨਵਾਦ! ਧੰਨਵਾਦ!! ਧੰਨਵਾਦ!!!

# ਪੰਜਾਬ ਦੇ ਲੋਕਾਂ ਦਾ ਧੰਨਵਾਦ!!!



ਮੁਕਤਸਰ ਦੇ ਮਾਘੀ ਮੇਲੇ 'ਤੇ ਪੰਜਾਬ ਨੂੰ ਉਸਾਰੂ ਬਦਲ ਦੇਣ ਦੇ ਆਸ਼ੇ ਨਾਲ ਆਮ ਆਦਮੀ ਪਾਰਟੀ (ਆਪ) ਦੀ ਰੈਲੀ ਵਿਚ ਵਹੀਰਾਂ ਘੱਤ ਕੇ ਪਹੁੰਚੇ ਪੰਜਾਬੀਆਂ ਦਾ ਧੰਨਵਾਦ, ਪਾਰਟੀ ਮੁਖੀ ਅਰਵਿੰਦ ਕੇਜਰੀਵਾਲ ਨੂੰ ਸੁਣਨ ਆਉਣ ਦੇ ਉਤਸ਼ਾਹ ਲਈ ਧੰਨਵਾਦ।





## ਆਸ ਬੱਝ ਗਈ ਹੈ ਕਿ...

ਪੰਜਾਬ ਦੇ ਉਸਾਰੂ ਸੋਚ ਵਾਲੇ ਲੋਕ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸਵਾਰਥੀ ਹਿਤਾਂ ਨਾਲ ਜੁੜੀਆਂ ਰਵਾਇਤੀ ਸਿਆਸੀ ਪਾਰਟੀਆਂ ਨੂੰ ਨਜ਼ਰਅੰਦਾਜ਼ ਕਰ ਕੇ ਆਮ ਆਦਮੀ ਪਾਰਟੀ ਨੂੰ ਪੰਜਾਬ ਦੀ ਵਾਗਡੋਰ ਸੰਭਾਲਣਗੇ।

ਵਲੋਂ

# Friends of AAP California

**Please join the Revolution by calling at Ph: 650-260-5061**